ਸ੍ਰੀ ਗੁਰੂ ਗ੍ਰੰਥ ਸਾਹਿਬ : ਚਿੰਤਨ ਅਤੇ ਵਿਚਾਰਧਾਰਾ

ਸ੍ਰੀ ਗੁਰੂ ਗ੍ਰੰਥ ਸਾਹਿਬ
ਚਿੰਤਨ ਅਤੇ ਵਿਚਾਰਧਾਰਾ

ਡਾ. ਪਰਮਵੀਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GURU GRANTH SAHIB : CHINTAN ATE VICHARDHARA *(Punjabi)*

by

PARAMVIR SINGH

ISBN 81-302-0237-9

2010
ਕਾਪੀਆਂ : 550
ਮੁੱਲ : 160.00

ਲੇਜ਼ਰ ਟਾਈਪ ਸੈਟਿੰਗ :
ਐਸ.ਐਮ. ਕੰਪਿਊਟਰ ਪ੍ਰਿੰਟਿੰਗ, 607-ਏ, ਗਲੀ ਨੰ: 6, ਗੁਰਬਖ਼ਸ਼ ਕਲੋਨੀ, ਪਟਿਆਲਾ

ਡਾ. ਐਸ. ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਅਤੇ
ਅਲਟ੍ਰੈਕਸ ਪ੍ਰਿੰਟ ਇੰਡਸਟਰੀ, ਪਟਿਆਲਾ, ਵਿਖੇ ਛਪੀ।

ਮੁੱਖ ਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਸਾਲ 2008 ਦੌਰਾਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਇਨ੍ਹਾਂ ਸਮਾਗਮਾਂ ਵਿਚ ਹਿੱਸਾ ਲੈਂਦੇ ਹੋਏ ਪੰਜਾਬੀ ਯੂਨੀਵਰਸਿਟੀ ਨੇ ਕੁਝ ਅਕਾਦਮਿਕ ਕਾਰਜ ਉਲੀਕੇ ਸਨ ਤਾਂ ਜੋ ਇਸ ਸ਼ਤਾਬਦੀ ਨਾਲ ਜੁੜੀਆਂ ਯਾਦਾਂ ਨੂੰ ਸਦੀਵੀ ਤੌਰ ਤੇ ਸੰਭਾਲ ਕੇ ਰੱਖਿਆ ਜਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾ ਨੂੰ ਅਕਾਦਮਿਕਤਾ ਰਾਹੀਂ ਦੂਰ ਦੁਰਾਡੇ ਇਲਾਕਿਆਂ ਤੱਕ ਲਿਜਾਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਨੇਬਰਹੁੱਡ ਕੈਂਪਸਾਂ ਅਤੇ ਕਾਲਜਾਂ ਵਿਚ ਸੈਮੀਨਾਰ ਆਯੋਜਿਤ ਕੀਤੇ ਗਏ ਹਨ। ਸੈਮੀਨਾਰਾਂ ਦੇ ਨਾਲ-ਨਾਲ ਵਿਭਾਗ ਨੇ ਕੁਝ ਮੋਨੋਗ੍ਰਾਫ ਲਿਖਵਾਉਣ ਦਾ ਟੀਚਾ ਵੀ ਰੱਖਿਆ ਸੀ ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਧਾਰਮਿਕ, ਦਾਰਸ਼ਨਿਕ, ਸਮਾਜਿਕ ਅਤੇ ਰਾਜਨੀਤਿਕ ਸੰਦੇਸ਼ ਨੂੰ ਸਦੀਵੀ ਤੌਰ ਤੇ ਸਾਂਭ ਕੇ ਪਾਠਕਾਂ ਤੱਕ ਪਹੁੰਚਾਇਆ ਜਾ ਸਕੇ। ਯੂਨੀਵਰਸਿਟੀ ਵਿਖੇ ਕਾਰਜ ਕਰ ਰਹੇ ਅਧਿਆਪਕ ਸਾਹਿਬਾਨ ਨੇ ਜਿੱਥੇ ਸੈਮੀਨਾਰਾਂ ਵਿਚ ਭਰਪੂਰ ਹਿੱਸਾ ਲਿਆ ਉਥੇ ਉਨ੍ਹਾਂ ਮੋਨੋਗ੍ਰਾਫ ਲਿਖਣ ਦਾ ਕਾਰਜ ਵੀ ਆਰੰਭ ਕੀਤਾ ਹੋਇਆ ਹੈ।

ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਕਸਿਤ ਕਰਨ ਲਈ ਹੋਂਦ ਵਿਚ ਆਈ ਇਹ ਯੂਨੀਵਰਸਿਟੀ ਸਿੱਖ ਅਧਿਐਨ ਦੀ ਖੋਜ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਵੱਖ-ਵੱਖ ਵਿਭਾਗਾਂ ਵਿਚ ਕਾਰਜ ਕਰ ਰਹੇ ਖੋਜਾਰਥੀ ਅਤੇ ਅਧਿਆਪਕ ਸਿੱਖ ਅਧਿਐਨ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਤਾਬਦੀ ਸਮਾਗਮਾਂ ਸਮੇਂ ਕੀਤੇ ਜਾ ਰਹੇ ਅਕਾਦਮਿਕ ਕਾਰਜਾਂ ਮੌਕੇ ਉਨ੍ਹਾਂ ਦੀ ਇਸ ਰੁਚੀ ਨੂੰ ਹੋਰ ਵਧੇਰੇ ਉਤਸ਼ਾਹ ਮਿਲਿਆ ਹੈ। ਸਿੱਖ ਧਰਮ ਵਿਸ਼ਵਕੋਸ਼ ਵਿਖੇ ਕਾਰਜ ਕਰ ਰਹੇ ਡਾ. ਪਰਮਵੀਰ ਸਿੰਘ ਨੇ ਆਪਣੀ ਇਸੇ ਭਾਵਨਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਸਰਲ, ਸੰਖੇਪ ਅਤੇ ਭਾਵਪੂਰਤ ਤਰੀਕੇ ਨਾਲ ਪਾਠਕਾਂ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਹੈ। ਮੈਨੂੰ ਆਸ ਹੈ ਕਿ ਪੁਸਤਕ ਰੂਪ ਵਿਚ ਉਨ੍ਹਾਂ ਦਾ ਇਹ ਕਾਰਜ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗਾ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਜਸਪਾਲ ਸਿੰਘ (ਡਾ.)
ਵਾਈਸ ਚਾਂਸਲਰ

ਦੋ ਸ਼ਬਦ

ਉਨ੍ਹੀਵੀਂ ਸਦੀ ਦੇ ਅਖੀਰਲੇ ਤਿੰਨ ਦਹਾਕਿਆਂ ਵਿਚ ਸਿੰਘ ਸਭਾ ਲਹਿਰ ਆਰੰਭ ਹੋਈ ਅਤੇ ਇਸ ਲਹਿਰ ਨੇ ਸਿੱਖ ਧਰਮ ਦੀ ਵਿਲੱਖਣਤਾ ਅਤੇ ਸਾਂਝੀਵਾਲਤਾ ਦਾ ਸਰੂਪ ਘੜਿਆ। ਭਾਈ ਕਾਨ੍ਹ ਸਿੰਘ ਨਾਭਾ, ਪ੍ਰੋਫੈਸਰ ਸਾਹਿਬ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਸ਼ੇਰ ਸਿੰਘ ਵਰਗੇ ਧਰਮ ਅਤੇ ਸਿੱਖ ਦਰਸ਼ਨ ਦੇ ਚਿੰਤਕਾਂ ਨੇ ਇਸ ਸਰੂਪ ਨੂੰ ਹੋਰ ਨਿਖਾਰਿਆ ਅਤੇ ਸਿੱਖ ਧਰਮ ਦੀ ਨੈਤਿਕਤਾ, ਫਿਲਾਸਫੀ ਨੂੰ ਖੁੱਲ੍ਹ ਕੇ ਸਾਹਮਣੇ ਲਿਆਂਦਾ ਜਿਸ ਨਾਲ ਸਿੱਖ ਧਰਮ ਨੇ ਵਿਸ਼ਵ ਪੱਧਰ ਤੇ ਆਪਣੀ ਪਛਾਣ ਬਣਾ ਕੇ ਦੁਨੀਆ ਭਰ ਦੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਭਾਰਤ ਭਰ ਦੀਆਂ ਕਈ ਯੂਨੀਵਰਸਿਟੀਆਂ ਵਿਚ ਕਈ ਥਾਂਵਾਂ ਤੇ ਗੁਰੂ ਨਾਨਕ ਚੇਅਰ ਦੀ ਸਥਾਪਨਾ ਹੋਈ ਤਾਂ ਕਿ ਵੱਖਰੇ-ਵੱਖਰੇ ਇਲਾਕਿਆਂ ਦੇ ਸੰਦਰਭ ਵਿਚ ਵੀ ਸਿੱਖ ਧਰਮ ਨੂੰ ਸਮਝਿਆ ਜਾ ਸਕੇ।

ਸਿੱਖ ਧਰਮ ਦਰਸ਼ਨ ਦੀ ਵਿਆਖਿਆਕਾਰੀ ਦੇ ਕੰਮ ਵਿਚ ਪੰਜਾਬੀ ਯੂਨੀਵਰਸਿਟੀ ਸਭ ਤੋਂ ਮੋਢੀ ਰਹੀ ਹੈ ਅਤੇ ਇਥੇ ਧਰਮ ਨਾਲ ਸੰਬੰਧਿਤ ਵਿਭਾਗਾਂ ਨੇ ਇਸ ਦਿਸ਼ਾ ਵਿਚ ਭਰਵਾਂ ਯੋਗਦਾਨ ਪਾ ਕੇ ਧਰਮ ਅਧਿਐਨ ਅਤੇ ਵਿਸ਼ੇਸ਼ ਤੌਰ ਤੇ ਸਿੱਖ ਧਰਮ ਅਧਿਐਨ ਲਈ ਲੋਕਾਂ ਦੇ ਮਨਾਂ ਵਿਚ ਹੋਰ ਡੂੰਘੀ ਖੋਜ ਅਤੇ ਅਧਿਐਨ ਲਈ ਉਤਸ਼ਾਹ ਪੈਦਾ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਸਾਹਿਬ ਨੇ ਸਰਬ ਸਾਂਝੀਵਾਲਤਾ ਦੇ ਮੁੱਦੇ ਨੂੰ ਆਧਾਰ ਬਣਾ ਕੇ ਜਿੱਥੇ ਮਾਲਵੇ ਦੇ ਦੂਰ-ਦੁਰੇਡੇ ਇਲਾਕਿਆਂ ਵਿਚ ਵਿਦਵਾਨਾਂ ਦੇ ਇਕੱਠ ਕਰਕੇ ਸਿੱਖ ਸਿਧਾਂਤਾਂ ਤੇ ਲੈਕਚਰ ਕਰਵਾਏ ਹਨ ਉਥੇ ਆਮ ਅਤੇ ਵਿਦਵਾਨ ਪਾਠਕਾਂ ਲਈ ਲਿਖਤਾਂ ਦੀ ਰਚਨਾ ਵੀ ਕਰਵਾਈ ਹੈ। ਇਸੇ ਕੜੀ ਵਿਚ ਸਿੱਖ ਧਰਮ ਵਿਸ਼ਵਕੋਸ਼ ਵਿਭਾਗ ਦੇ ਸਥਾਪਿਤ ਹੋ ਰਹੇ ਵਿਦਵਾਨ ਡਾ. ਪਰਮਵੀਰ ਸਿੰਘ ਦੀ ਇਹ ਰਚਨਾ ਸਿੱਖੀ ਦੇ ਮੁਢਲੇ ਆਧਾਰਾਂ ਤੋਂ ਲੈ ਕੇ ਸਿੱਖ ਧਰਮ ਦੇ ਆਦਰਸ਼ਾਂ ਅਤੇ ਸਿੱਖ ਧਰਮ ਦੇ ਵਿਸ਼ਵ ਭਾਈਚਾਰੇ ਦੀ ਵਾਰਤਾ ਨੂੰ ਅੱਗੇ ਤੋਰਦੀ ਹੈ। ਸਿੱਖ ਧਰਮ ਦੇ ਅੰਤਰ ਧਰਮ ਸੰਵਾਦ ਦੇ ਪਹਿਲੂ ਨੂੰ ਵਿਦਵਾਨ ਲੇਖਕ ਨੇ ਬੜੇ ਮੌਲਿਕ ਰੂਪ ਵਿਚ ਉਜਾਗਰ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਇਹ ਰਚਨਾ ਵਿਦਿਆਰਥੀਆਂ ਤੇ ਸਿੱਖ ਧਰਮ ਦੇ ਅਧਿਆਪਕਾਂ ਅਤੇ ਹੋਰ ਪਾਠਕਾਂ ਲਈ ਕਾਫੀ ਲਾਹੇਵੰਦ ਰਹੇਗੀ।

ਸਿੱਖ ਧਰਮ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੋਧ ਸਿੰਘ (ਡਾ.)
ਮੁੱਖ ਸੰਪਾਦਕ

ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਜੀਵਨ ਦਾ ਇਕ ਪ੍ਰਮੁਖ ਅਤੇ ਮਹੱਤਵਪੂਰਨ ਪ੍ਰੇਰਨਾ ਸਰੋਤ ਹੈ। ਇਸ ਵਿਚ ਅਜਿਹੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ ਜਿਨ੍ਹਾਂ ਤੋਂ ਸਮੁੱਚੀ ਮਾਨਵਤਾ ਅਗਵਾਈ ਹਾਸਲ ਕਰ ਸਕਦੀ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਇਸ ਧਰਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਅਤੇ ਗੁਰਗੱਦੀ ਪ੍ਰਦਾਨ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 1708 ਈਸਵੀ ਵਿਚ ਗੁਰਗੱਦੀ ਪ੍ਰਦਾਨ ਕੀਤੀ ਗਈ ਅਤੇ 2008 ਈਸਵੀ ਵਿਚ ਇਸ ਦੇ ਤਿੰਨ ਸੌ ਸਾਲ ਸੰਪੂਰਨ ਹੋ ਚੁੱਕੇ ਹਨ। ਮਨੁੱਖਤਾ ਦੇ ਇਤਿਹਾਸ ਵਿਚ ਇਹ ਇਕ ਅਹਿਮ ਘਟਨਾ ਹੈ ਜਦੋਂ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਗਟ ਕੀਤੇ ਸ਼ਬਦ-ਗੁਰੂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਵੀ ਤੌਰ ਤੇ ਪੰਥ ਦੀ ਅਗਵਾਈ ਲਈ ਸਥਾਪਤ ਕੀਤਾ ਸੀ। ਦੇਸ-ਵਿਦੇਸ ਵਿਚ ਵੱਸਦੀ ਸਮੁੱਚੀ ਸਿੱਖ ਕੌਮ ਨੇ ਇਹ ਵਰ੍ਹਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਪੰਜਾਬੀ ਯੂਨੀਵਰਸਿਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਆਪਣਾ ਯੋਗਦਾਨ ਪਾਉਂਦੇ ਹੋਏ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਹਨ।

ਯੂਨੀਵਰਸਿਟੀ ਵੱਲੋਂ ਧਰਮ ਅਧਿਐਨ ਅਤੇ ਸਿੱਖ ਅਧਿਐਨ ਦੇ ਚਲਾਏ ਜਾ ਰਹੇ ਕੋਰਸਾਂ ਤੋਂ ਇਲਾਵਾ ਹੋਰਨਾਂ ਵਿਭਾਗਾਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਿਸੇ ਨਾ ਕਿਸੇ ਰੂਪ ਵਿਚ ਚੱਲ ਰਿਹਾ ਹੈ; ਕਾਲਜਾਂ ਵਿਚ ਵੀ ਧਰਮ ਅਧਿਐਨ, ਸਾਹਿਤ ਅਤੇ ਇਤਿਹਾਸ ਦੇ ਵਿਸ਼ਿਆਂ ਵਿਚ ਇਸ ਧਰਮ ਗ੍ਰੰਥ ਦਾ ਅਧਿਐਨ ਕਰਾਇਆ ਜਾਂਦਾ ਹੈ। ਯੂਨੀਵਰਸਿਟੀ ਵਿਖੇ ਅਧਿਆਪਨ ਕਾਰਜ ਦੌਰਾਨ ਇਹ ਮਹਿਸੂਸ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਨੂੰ ਸੰਬੰਧਿਤ ਪਾਠ ਸਮੱਗਰੀ ਹਾਸਲ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਵਿਦਿਆਰਥੀਆਂ ਅਤੇ ਖੋਜਾਰਥੀਆਂ ਦੀ ਇਸ ਲੋੜ ਨੂੰ ਮੁੱਖ ਰੱਖ ਕੇ ਇਹ ਕਾਰਜ ਕਰਨ ਦਾ ਖਿਆਲ ਮਨ ਵਿਚ ਆਇਆ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਸੰਬੰਧਿਤ ਵਿਸ਼ੇ ਹੀ ਪ੍ਰਮੁਖ ਤੌਰ ਤੇ ਲਏ ਗਏ ਹਨ। ਇਨ੍ਹਾਂ ਵਿਸ਼ਿਆਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ, ਵਿਸ਼ਵਾਸਾਂ, ਆਦਰਸ਼ਾਂ ਅਤੇ ਕਾਵਿ-ਰੂਪਾਂ ਬਾਰੇ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਸ਼ਾਮਲ ਲੇਖ ਵੱਖ-ਵੱਖ ਸਮੇਂ ਤੇ ਕੀਤੇ ਗਏ ਭਾਸ਼ਣਾਂ ਦਾ ਹਿੱਸਾ ਰਹੇ ਹਨ। ਵਿਦਿਆਰਥੀਆਂ ਦੁਆਰਾ ਪੇਸ਼ ਕੀਤੀਆਂ ਗਈਆਂ ਪ੍ਰਤੀਕ੍ਰਿਆਵਾਂ ਨੂੰ ਧਿਆਨ ਵਿਚ ਰੱਖ ਕੇ ਇਨ੍ਹਾਂ ਦਾ ਮੌਜੂਦਾ ਸਰੂਪ ਤਿਆਰ ਕੀਤਾ ਗਿਆ ਹੈ। ਮੇਰੇ ਇਸ ਯਤਨ ਨੂੰ ਵਿਭਾਗ ਦੇ ਮੁੱਖ ਸੰਪਾਦਕ, ਡਾ. ਜੋਧ ਸਿੰਘ ਨੇ ਧਿਆਨ ਨਾਲ ਪੜ੍ਹਿਆ

ਹੈ ਅਤੇ ਯੋਗ ਸੁਝਾਅ ਦਿੱਤੇ ਹਨ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਖਰੜੇ ਦੀ ਪਰੂਫ ਰੀਡਿੰਗ ਕਰਨ ਲਈ ਸ੍ਰੀਮਤੀ ਮਨਜੀਤ ਕੌਰ ਦਾ ਅਤੇ ਪ੍ਰੈਸ ਕਾਪੀ ਤਿਆਰ ਕਰਨ ਲਈ ਸ੍ਰੀ ਨੀਰਜ ਖੰਨਾ ਦਾ ਧੰਨਵਾਦ ਹੈ। ਮੈਂ ਆਪਣੀ ਸੁਪਤ੍ਨੀ ਡਾ. ਨਰਿੰਦਰ ਕੌਰ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜੋ ਕਿ ਅਕਾਦਮਿਕ ਕੰਮਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਨਾਲ-ਨਾਲ ਮੈਨੂੰ ਘਰੇਲੂ ਜ਼ੁੰਮੇਵਾਰੀਆਂ ਤੋਂ ਮੁਕਤ ਕਰਦੇ ਰਹੇ ਹਨ।

ਸਿੱਖ ਅਧਿਐਨ ਵਿਚ ਰੁਚੀ ਰੱਖਣ ਵਾਲੇ ਖੋਜਾਰਥੀਆਂ, ਵਿਦਿਆਰਥੀਆਂ ਅਤੇ ਪਾਠਕਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਹਮੇਸ਼ਾਂ ਕੇਂਦਰ ਬਿੰਦੂ ਬਣਿਆ ਰਹਿੰਦਾ ਹੈ। ਆਸ ਹੈ ਕਿ ਪਾਠਕ ਇਸ ਨਿਮਾਣੇ ਜਿਹੇ ਯਤਨ ਨੂੰ ਪ੍ਰਵਾਨ ਕਰਨਗੇ। ਉਨ੍ਹਾਂ ਦੁਆਰਾ ਦਿੱਤੇ ਜਾਣ ਵਾਲੇ ਯੋਗ ਸੁਝਾਵਾਂ ਨੂੰ ਅਗਲੇ ਐਡੀਸ਼ਨ ਵਿਚ ਸ਼ਾਮਲ ਕਰ ਲਿਆ ਜਾਵੇਗਾ।

ਸਿੱਖ ਧਰਮ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਰਮਵੀਰ ਸਿੰਘ (ਡਾ.)

ਤਤਕਰਾ

ਸ੍ਰੀ ਗੁਰੂ ਗ੍ਰੰਥ ਸਾਹਿਬ - ਸੰਖੇਪ ਜਾਣ-ਪਛਾਣ

ਸਿੱਖ ਧਰਮ ਵਿਚ ਗ੍ਰੰਥ ਸਾਹਿਬ ਅਤੇ ਪੰਥ ਨੂੰ ਸਾਂਝੇ ਤੌਰ ਤੇ ਗੁਰੂ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਰਾਹੀਂ ਇਨ੍ਹਾਂ ਦੋਵਾਂ ਦੇ ਮਹੱਤਵ ਦਾ ਪ੍ਰਗਟਾਵਾ ਕਰਦੇ ਹੋਏ ਦੱਸਦੇ ਹਨ:

ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ॥[1]

ਗੁਰੂ ਨਾਨਕ ਦੇਵ ਜੀ ਸੰਗਤ ਦੇ ਗੁਰਮੁਖ ਸਰੂਪ ਦਾ ਪ੍ਰਗਟਾਵਾ ਕਰਦੇ ਹਨ ਜਿਸ ਦਾ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੇ ਰੂਪ ਵਿਚ ਦਰਸ਼ਨ ਕਰਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰਮੁਖ ਤੋਂ ਖਾਲਸੇ ਤੱਕ ਦਾ ਪੰਧ ਤੈਅ ਕਰਨ ਦਾ ਮਾਰਗ ਦਰਸਾਇਆ ਗਿਆ ਹੈ, ਇਸ ਕਰਕੇ ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਅਤੇ ਪੰਥ ਨੂੰ ਸਾਂਝੇ ਤੌਰ ਤੇ ਗੁਰਿਆਈ ਪ੍ਰਦਾਨ ਕੀਤੀ ਜਿਸ ਵਿਚ ਗੁਰੂ ਗ੍ਰੰਥ ਸ੍ਰੇਸ਼ਟ ਹੈ ਕਿਉਂਕਿ ਇਹ ਪੰਥ ਨੂੰ ਉੱਤਮ ਕਰਮ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਸ ਦਾ ਵਿਸਤਾਰ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਖਾਲਸਾ ਗੁਰੂ ਕੀ ਦੇਹ ਹੈ ਅਤੇ ਬਾਣੀ (ਗੁਰੂ ਗ੍ਰੰਥ ਸਾਹਿਬ) ਆਤਮਾ ਹੈ, ਬਾਣੀ ਦੇ ਆਧਾਰ ਵਿਹਾਰ ਪਰਮਾਰਥ ਸਿੱਧ ਕਰਨ ਵਾਲਾ ਪੰਥ ਪੂਰਣ ਗੁਰੂ ਰੂਪ ਹੈ। ਬਾਣੀ ਤੋਂ ਸੁਤੰਤਰ ਹੋ ਕੇ ਖਾਲਸਾ ਗੁਰੂ ਪਦਵੀ ਦਾ ਅਧਿਕਾਰੀ ਨਹੀਂ।"[2] ਗੁਰਬਾਣੀ ਗੁਰਮੁਖ ਪੰਥ ਧਾਰਨ ਕਰਨ ਵਾਲਿਆਂ ਦਾ ਮਾਰਗ-ਦਰਸ਼ਨ ਕਰਦੀ ਹੈ। ਪੰਥ ਕੀ ਹੈ? ਪੰਥ ਇਕ ਅਜਿਹੀ ਸਮੁੱਚੀ ਜੀਵਨਜਾਚ ਹੈ ਜਿਹੜੀ ਸਿੱਖ ਨੂੰ ਗੁਰੂ ਆਸ਼ੇ ਅਨੁਸਾਰ ਉਸਦੇ ਇਸ਼ਟ ਨਾਲ ਜੋੜਨ ਦਾ ਕਾਰਜ ਕਰਦੀ ਹੈ। ਸਿੱਖਾਂ ਦਾ ਇਸ਼ਟ ਅਕਾਲ ਪੁਰਖ ਹੈ। ਇਸ ਕਰਕੇ ਇਸ ਦੈਵੀ ਹਸਤੀ ਨਾਲ ਜੋੜਨ ਦਾ ਜੋ ਮਾਰਗ ਸਿੱਖ ਨੂੰ ਗੁਰੂ ਨੇ ਦੱਸਿਆ ਹੈ, ਸਿੱਖ ਲਈ ਉਹੀ ਪੰਥ (ਮਾਰਗ) ਸ੍ਰੇਸ਼ਟ ਹੈ। ਇਹ ਪੰਥ ਬਾਕੀ ਦੇ ਮਾਰਗਾਂ ਤੋਂ ਭਿੰਨ ਹੈ ਜਿਸ ਦਾ ਵਿਸਤਾਰ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ:

ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।[3]

ਗੁਰੂ ਪੰਥ ਦੀ ਵਿਲੱਖਣਤਾ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਕਿ ਸਮੁੱਚੇ ਪੰਥ ਦੀ ਜੀਵਨਜਾਚ ਦਾ ਮੂਲ ਧੁਰਾ ਹਨ। ਗੁਰੂ ਗ੍ਰੰਥ ਸਾਹਿਬ ਨੂੰ ਅੰਮ੍ਰਿਤ ਬਾਣੀ, ਧੁਰ ਕੀ ਬਾਣੀ, ਖਸਮ ਕੀ ਬਾਣੀ ਕਿਹਾ ਜਾਂਦਾ ਹੈ ਜੋ ਕਿ ਸਰਬੋਤਮ ਮਨੁੱਖੀ ਅਤੇ ਪਰ-ਮਨੁੱਖੀ ਗਿਆਨ ਦਾ ਪ੍ਰਗਟਾਵਾ ਕਰਦੀ ਹੈ। ਗੁਰੂਆਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਰਾਹੀਂ ਪ੍ਰਗਟ ਹੋਈ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਮੁੱਚੇ ਤੌਰ ਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦੀ ਹੈ। ਗੁਰੂ, ਪੰਥ ਦਾ ਮੁੱਢ ਬੰਨਦਾ ਹੈ[4] ਅਤੇ ਭਗਤ ਰਾਹੀਂ ਸੰਪਰਦਾ ਪੈਦਾ ਹੁੰਦੀ ਹੈ। ਇਸ ਸੰਬੰਧੀ ਸਪਸ਼ਟ ਕਰਦੇ ਹੋਏ ਡਾ. ਤਾਰਨ

ਸਿੰਘ ਦੱਸਦੇ ਹਨ, "ਪੰਥ ਸਤਿਗੁਰੂ ਚਲਾਂਦਾ ਹੈ, ਮਾਰਗ ਭਗਤ, ਸੰਤ ਜਾਂ ਆਚਾਰੀਆ ਚਲਾਉਂਦੇ ਹਨ। ਸਤਿਗੁਰੂ ਉਹ ਹੁੰਦਾ ਹੈ ਜੋ ਆਪ ਅਕਾਲ ਪੁਰਖ ਨਾਲ ਅਭੇਦ ਹੈ ਤੇ ਸਾਰੀ ਸ਼ਕਤੀ ਸਿੱਧੀ ਅਕਾਲ ਪੁਰਖ ਤੋਂ ਲੈਂਦਾ ਹੈ ਤੇ ਸ਼ਬਦ ਦੇ ਰੂਪ ਵਿਚ ਉਸ ਸ਼ਕਤੀ ਨੂੰ ਪ੍ਰਗਟ ਕਰਦਾ ਹੈ। ਭਗਤ ਕਿਸੇ ਸਤਿਗੁਰੂ ਦੀ ਦੱਸੀ ਸਾਧਨਾ ਅਨੁਸਾਰ ਭਗਤੀ, ਜਪ, ਤਪ ਕਰਦਾ ਹੈ ਤੇ ਆਦਰਸ਼ਕ ਜੀਵਨ ਵਾਲਾ ਬਣਦਾ ਹੈ, ਸੰਤ ਭੀ ਇਸੇ ਤਰ੍ਹਾਂ ਕਿਸੇ ਗੁਰੂ ਦੀ ਦੱਸੀ ਸਾਧਨਾ ਤੇ ਚੱਲ ਕੇ ਸ੍ਰੇਸ਼ਟ ਸਦਾਚਾਰ ਵਾਲਾ ਬਣਦਾ ਹੈ, ਆਚਾਰੀਆ ਭੀ ਕਿਸੇ ਗੁਰੂ ਦੇ ਦੱਸੇ ਆਚਾਰ ਸਿਧਾਂਤ ਦਾ ਪਾਬੰਦ ਹੋ ਕੇ ਸ੍ਰੇਸ਼ਟ ਵਿਅਕਤੀ ਬਣਦਾ ਹੈ। ਸਤਿਗੁਰੂ ਸਿੱਧਾ ਅਕਾਲ ਪੁਰਖ ਤੋਂ ਵਰੋਸਾਇਆ ਜਾਂਦਾ ਹੈ ਅਤੇ ਨਵਾਂ ਸੰਦੇਸ਼ ਜਾਂ ਫਲਸਫਾ ਸਾਹਮਣੇ ਲਿਆਉਂਦਾ ਹੈ, ਨਵੀਂ ਸਾਧਨਾ ਦਿੰਦਾ ਹੈ ਜੋ ਜੀਵ ਨੂੰ ਅਕਾਲ ਪੁਰਖ ਨਾਲ ਮਿਲਾਉਣ ਦੇ ਸਮਰੱਥ ਹੁੰਦੀ ਹੈ। ਸਤਿਗੁਰੂ ਕਿਸੇ ਪਹਿਲਾਂ ਹੋਏ ਹੋਰ ਗੁਰੂ ਨੂੰ ਇਸ਼ਟ ਧਾਰਨ ਕਰਕੇ ਨਹੀਂ ਤੁਰਦਾ, ਉਹ ਸਿੱਧਾ ਅਕਾਲ ਪੁਰਖ ਨੂੰ ਹੀ ਇਸ਼ਟ ਮੰਨਦਾ ਹੈ। ਸਤਿਗੁਰੂ ਕਿਸੇ ਆਪਣੇ ਤੋਂ ਪਹਿਲਾਂ ਦੇ ਗਰੰਥ ਤੇ ਆਪਣੇ ਫਲਸਫੇ ਜਾਂ ਦਰਸ਼ਨ ਦੀ ਨੀਂਹ ਨਹੀਂ ਰੱਖਦਾ, ਨਾ ਹੀ ਉਸ ਦੀ ਨਵੀਂ ਵਿਆਖਿਆ ਕਰਕੇ ਆਪਣਾ ਮੱਤ ਕਾਇਮ ਕਰਦਾ ਹੈ। ਉਹ ਨਵਾਂ ਗਰੰਥ ਪ੍ਰਗਟ ਕਰਦਾ ਹੈ ਜਿਸ ਦੀ ਵਿਆਖਿਆ ਮਗਰੋਂ ਆਉਣ ਵਾਲੇ ਭਗਤ, ਸੰਤ ਤੇ ਆਚਾਰੀਆ ਕਰਦੇ ਹਨ।"[5] ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਸੱਚ ਨਾਲ ਜੁੜੇ ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਿਉਂ ਕੀਤੀ ਇਸ ਦਾ ਵਰਨਨ ਕਰਦੇ ਹੋਏ ਕਿਹਾ ਗਿਆ ਹੈ, "ਗੁਰੂ ਅਰਜਨ ਸਾਹਿਬ ਜੀ ਨੇ ਵਿਚਾਰ ਕੀਤਾ ਕਿ ਦ੍ਰਿੜ੍ਹ ਜੜ੍ਹ ਪੇਡ ਦੇ ਆਸਰੇ ਬ੍ਰਿਛ ਦੇ ਅਧਿਕ ਫੈਲਣ ਵਾਂਙ, ਮਜ਼ਹਬ ਕੌਮ, ਧਰਮ ਪੁਸਤਕ ਦੇ ਆਸਰੇ ਫੈਲਦਾ ਹੈ ਤਾਂ ਹੀ ਪ੍ਰਤੇਕ ਮਜ਼ਹਬ ਦੇ ਆਚਾਰਯ ਨੇ ਇਕ ਇਕ ਧਰਮ ਪੁਸਤਕ ਪ੍ਰਮੇਸ਼ਰ ਵਲੋਂ ਥਾਪ ਕੇ, ਪ੍ਰਗਟ ਕਰ, ਆਪਣੀ ਸੰਪ੍ਰਦਾਯ ਨੂੰ ਓਸੇ ਦੇ ਹੁਕਮ ਅਨੁਸਾਰ ਪ੍ਰਵਿਰਤ ਕੀਤਾ ਹੈ ਅਤੇ ਲੋਗ ਭੀ ਉਸਨੂੰ ਈਸ਼ਵਰ ਦਾ ਹੁਕਮ ਸਮਝਕੇ ਪੂਜਦੇ ਹਨ, ਕਯੋਂਕਿ ਈਸ਼ਵਰ ਦਾ ਹੁਕਮ ਸਭ ਨੂੰ ਜ਼ਰੂਰ ਮੰਨਣਾ ਪੈਂਦਾ ਹੈ। ਦੇਖੋ ਬ੍ਰਹਮਾ ਨੇ ਹਿੰਦੂਆਂ ਲਈ ਵੇਦ, ਮੂਸਾ ਨੇ ਤੌਰੇਤ, ਈਸਾ ਨੇ ਅੰਜ਼ੀਲ, ਦਾਊਦ ਨੇ ਜ਼ੰਬੂਰ, ਮੁਹੰਮਦ ਨੇ ਕੁਰਾਨ ਪ੍ਰਗਟ ਕਰਿਆ ਹੈ। ਓਸੇ ਤਰ੍ਹਾਂ ਸਿੱਖ ਕੌਮ ਦਾ ਸਦਾ ਇਸਥਿਤੀ ਵਾਸਤੇ ਜੋ ਗੁਰੂ ਸਾਹਿਬਾਂ ਨੂੰ ਈਸ਼ਵਰ ਵਲੋਂ ਹੁਕਮ ਆਏ ਹੋਏ ਹਨ ਓਹ ਈਸ਼ਵਰੀ ਬਾਣੀ ਸੰਗ੍ਰਹਿ ਕਰਕੇ ਇਕ ਧਰਮ ਪੁਸਤਕ ਗ੍ਰੰਥ ਸਾਹਿਬ ਨਾਮ ਕਰੀਏ। ਏਹ ਵੀਚਾਰ ਕਿ ਗੁਰੂ ਸਾਹਿਬ ਨੇ ਸਭ ਦੇਸ ਦੇਸ਼ਾਂਤ੍ਰਾਂ ਦੇ ਸਿੱਖਾਂ ਨੂੰ ਹੁਕਮਨਾਮੇ ਲਿਖੇ ਕਿ ਜਿਸ ਕਿਸੇ ਪਾਸ ਕੋਈ ਗੁਰੂ ਕਾ ਸ਼ਬਦ ਹੈ ਸੋ ਸਭ ਲੈ ਆਵੇ।"[6] ਇਹ ਧਰਮ ਗ੍ਰੰਥ ਕਿਵੇਂ ਹੋਂਦ ਵਿਚ ਆਇਆ, ਇਸਦਾ ਲੰਮਾ ਇਤਿਹਾਸ ਹੈ ਇੱਥੇ ਕੇਵਲ ਸੰਕੇਤ ਮਾਤਰ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

ਸੰਪਾਦਨਾ

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਉਂ ਅਤੇ ਕਿਵੇਂ ਹੋਈ? ਇਹ ਇਕ ਲੰਮਾ-ਚੌੜਾ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸੰਦੇਸ਼ ਦੂਰ-ਦੁਰਾਡੇ

ਇਲਾਕਿਆਂ ਤੱਕ ਪਹੁੰਚਾਉਣ ਲਈ ਉਦਾਸੀਆਂ ਕੀਤੀਆਂ। ਉਦਾਸੀਆਂ ਸਮੇਂ ਉਹ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਨ੍ਹਾਂ ਵੱਲੋਂ ਵੱਖ-ਵੱਖ ਸਥਾਨਾਂ ਤੋਂ ਇਕੱਤਰ ਕੀਤੀ ਭਗਤਾਂ ਦੀ ਬਾਣੀ ਸ਼ਾਮਲ ਸੀ। ਇਸ ਪੋਥੀ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ:

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।[7]

ਪੋਥੀ ਰੂਪ ਵਿਚ ਇਕੱਤਰ ਕੀਤੀ ਬਾਣੀ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇਣ ਸਮੇਂ ਸੌਂਪ ਦਿੱਤੀ।[8] ਬਾਣੀ ਰਚਨਾ ਦਾ ਕਾਰਜ ਉਤਰਾਧਿਕਾਰੀ ਗੁਰੂ ਸਾਹਿਬਾਨ ਰਾਹੀਂ ਨਿਰੰਤਰ ਚਲਦਾ ਰਿਹਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸੌਂਪੀ ਪੋਥੀ ਸੰਭਾਲ ਕੇ ਆਪਣੇ ਪਾਸ ਰੱਖੀ ਅਤੇ ਇਸ ਵਿਚ ਅਪਣੀ ਬਾਣੀ ਵੀ ਦਰਜ ਕਰ ਦਿੱਤੀ। ਤੀਜੇ ਗੁਰੂ, ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਾਣੀ ਵੀ ਇਸ ਪੋਥੀ ਵਿਚ ਸ਼ਾਮਲ ਹੈ। ਇਨ੍ਹਾਂ ਦੀ ਸਭ ਤੋਂ ਪ੍ਰਮੁਖ ਬਾਣੀ 'ਅਨੰਦ' ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੇ ਸਮੇਂ ਹੀ ਕੱਚੀ ਬਾਣੀ ਬੋਲੀ-ਸੁਣੀ ਜਾਣੀ ਆਰੰਭ ਹੋ ਗਈ ਸੀ।[9] ਕੱਚੀ ਬਾਣੀ ਉਚਾਰਨ ਕਰਨ ਵਾਲਿਆਂ ਬਾਰੇ ਗੁਰੂ ਰਾਮਦਾਸ ਜੀ ਦੱਸਦੇ ਹਨ:

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥[10]

ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੇ ਸਮੇਂ ਕੱਚੀ ਬਾਣੀ ਦੀ ਰਚਨਾ ਆਰੰਭ ਹੋ ਗਈ ਸੀ ਜਿਸ ਦਾ ਵਰਨਨ ਕਰਦੇ ਹੋਏ ਕੇਸਰ ਸਿੰਘ ਛਿੱਬਰ ਦੱਸਦਾ ਹੈ:

ਮਿਹਰਵਾਨ ਪੁੱਤ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ, ਹਿੰਦਵੀ, ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤੁ ਬਣਾਈ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।

ਇੱਥੇ ਕਿਸੇ ਸਿੱਖ ਸ਼ਬਦ ਮਿਹਰਵਾਨ ਦਾ ਕੀਰਤਨ ਪੜ੍ਹਿਆ।
ਸੋ ਸਰਵਣੀਂ ਗੁਰੂ ਅਰਜਨ ਜੀ ਦੀ ਪਰਿਆ।
ਬਚਨ ਕੀਤਾ: ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ।
ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ।[11]

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦੀ ਸੰਪਾਦਨਾ ਇਕ ਗ੍ਰੰਥ ਵਿਚ ਕੀਤੀ, ਜਿਸ ਨੂੰ ਉਸ ਸਮੇਂ ਆਦਿ ਗ੍ਰੰਥ। ਕਿਹਾ ਜਾਂਦਾ ਸੀ। ਆਦਿ ਗ੍ਰੰਥ ਦੇ 30 ਰਾਗਾਂ ਵਿਚ 35 ਮਹਾਪੁਰਸ਼ਾਂ ਦੀ ਬਾਣੀ ਦਰਜ ਸੀ। ਗੁਰੂ ਜੀ ਨੇ ਅੰਮ੍ਰਿਤਸਰ ਵਿਖੇ ਰਾਮਸਰ ਦੇ ਸਥਾਨ ਤੇ ਇਹ ਕਾਰਜ ਸੰਪੂਰਨ ਕੀਤਾ। ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਤਾ ਗਿਆ। 1706 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਜੰਗਾਂ-ਯੁੱਧਾਂ ਉਪਰੰਤ ਤਲਵੰਡੀ ਸਾਬੋ, ਜ਼ਿਲਾ ਬਠਿੰਡਾ ਵਿਖੇ ਪੁੱਜੇ। ਇਸ ਸਥਾਨ ਤੇ ਗੁਰੂ ਜੀ ਨੇ (ਗੁਰੂ) ਗ੍ਰੰਥ

ਸਾਹਿਬ ਜੀ ਨੂੰ ਸੰਪੂਰਨ ਕਰਦੇ ਸਮੇਂ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰ ਦਿੱਤੀ ਜਿਸ ਨਾਲ ਰਾਗਾਂ ਦੀ ਗਿਣਤੀ 31 ਅਤੇ ਇਸ ਵਿਚ ਸ਼ਾਮਲ ਬ਼ਾਣੀਕਾਰਾਂ ਦੀ ਸੰਖਿਆ 36 ਹੋ ਗਈ। ਇਸ ਸਥਾਨ ਤੇ ਤਿਆਰ ਹੋਈ ਬੀੜ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਬਾਬਾ ਦੀਪ ਸਿੰਘ ਜੀ ਨੇ ਇਸ ਬੀੜ ਤੋਂ ਚਾਰ ਉਤਾਰੇ ਕਰਕੇ ਵੱਖ-ਵੱਖ ਸਥਾਨਾਂ ਤੇ ਭੇਜੇ ਸਨ ਜੋ ਕਿ ਸਮਾਂ ਪਾ ਕੇ ਤਖ਼ਤਾਂ ਦਾ ਰੂਪ ਧਾਰਨ ਕਰ ਗਏ। ਇਸ ਸੰਬੰਧੀ ਟਿੱਪਣੀ ਕਰਦੇ ਹੋਏ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਕਹਿੰਦੇ ਹਨ ਕਿ, "ਤਖ਼ਤਾਂ ਦੀ ਸਥਾਪਨਾ ਦੀ ਘੋਸ਼ਣਾ ਵੀ ਗੁਰੂ ਕਲਗੀਧਰ ਪਿਤਾ ਨੇ ਸੰਕੇਤਕ ਰੂਪ ਵਿਚ ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਭੇਜ ਕੇ ਕੀਤੀ ਹੈ। ਤਖ਼ਤ ਦਮਦਮਾ ਸਾਹਿਬ ਤੋਂ ਗੁਰੂ ਜੀ ਨੇ ਬੀੜਾਂ ਕੇਵਲ ਤਖ਼ਤਾਂ ਤੇ ਹੀ ਭੇਜੀਆਂ ਸਨ, ਬਾਕੀ ਸਥਾਨਾਂ ਤੇ ਨਹੀਂ।"[12] ਦਮਦਮਾ ਸਾਹਿਬ ਵਿਖੇ ਰਚਿਤ ਗ੍ਰੰਥ ਸਾਹਿਬ ਦੀ ਬੀੜ ਨੂੰ ਨਾਂਦੇੜ ਦੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦਾ ਦਰਜਾ ਦੇ ਕੇ ਸਦੀਵੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਕੀਤਾ। ਇਸ ਵਿਚ 5894 ਸ਼ਬਦ ਅਤੇ ਸਲੋਕ ਦਰਜ ਹਨ ਜਿਨ੍ਹਾਂ ਵਿਚੋਂ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਦੀ ਗਿਣਤੀ ਸਭ ਤੋਂ ਵਧੇਰੇ ਹੈ। ਅਜੋਕੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਮਾਣਿਕ ਬੀੜਾਂ ਦੇ 1430 ਪੰਨੇ ਹਨ। ਇਸ ਵਿਚ ਦਰਜ ਬਾਣੀਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਛੇ ਗੁਰੂ ਸਾਹਿਬਾਨ –

ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ।

2. ਪੰਦਰਾਂ ਭਗਤ ਸਾਹਿਬਾਨ –

ਕਬੀਰ, ਨਾਮਦੇਵ, ਰਵਿਦਾਸ, ਰਾਮਾਨੰਦ, ਜੈਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਣ, ਸਧਨਾ, ਪਰਮਾਨੰਦ, ਸੂਰਦਾਸ, ਬੇਨੀ, ਸ਼ੇਖ ਫ਼ਰੀਦ।

3. ਗਿਆਰਾਂ ਭੱਟ ਸਾਹਿਬਾਨ –

ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰਦ, ਮਥੁਰਾ ਅਤੇ ਹਰਬੰਸ।

4. ਚਾਰ ਗੁਰਸਿੱਖ –

ਮਰਦਾਨਾ, ਬਲਵੰਡ, ਸੱਤਾ ਅਤੇ ਸੁੰਦਰ।

ਗੁਰੂ ਸਾਹਿਬਾਨ ਤੋਂ ਇਲਾਵਾ ਜਿਨ੍ਹਾਂ ਬਾਣੀਕਾਰਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਵੱਖ-ਵੱਖ ਰੂਪ, ਰੰਗ, ਨਸਲ, ਵਰਣ, ਭੂਗੋਲਿਕ ਖਿੱਤੇ ਆਦਿ ਨਾਲ ਸੰਬੰਧਿਤ ਸਨ ਅਤੇ ਇਹ ਤੱਥ ਇਸ ਗੱਲ ਦਾ ਪ੍ਰਤੀਕ ਹੈ ਕਿ ਧਰਮ, ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਵਰਗ-ਵੰਡ ਦੇ ਅਧਾਰ ਤੇ ਕਿਸੇ ਨਾਲ ਵਿਤਕਰਾ ਕਰਨ ਵਾਲੇ ਦਾ ਇਸ ਧਰਮ ਵਿਚ ਕੋਈ ਸਥਾਨ ਨਹੀਂ। ਸਮੂਹ ਬਾਣੀਕਾਰਾਂ ਦੀ ਬਾਣੀ ਨੂੰ 'ਧੁਰ ਕੀ ਬਾਣੀ' ਮੰਨਿਆ ਗਿਆ ਹੈ ਜਿਸ ਵਿਚੋਂ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ' ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ।

ਰਾਗ

ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਹਨ। ਇਨ੍ਹਾਂ ਦੀ ਤਰਤੀਬ ਇਸ ਪ੍ਰਕਾਰ ਹੈ – ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ। ਇਹਨਾਂ ਰਾਗਾਂ ਵਿਚ ਜੋ ਸ਼ਬਦ ਰੂਪ ਮਿਲਦੇ ਹਨ ਉਹ ਇਸ ਪ੍ਰਕਾਰ ਹਨ ਦੁਪਦੇ, ਤਿਪਦੇ, ਚਉਪਦੇ, ਅਸਟਪਦੀਆਂ, ਲੰਮੀਆਂ ਬਾਣੀਆਂ, ਛੰਦ, ਵਾਰਾਂ ਅਤੇ ਭਗਤਾਂ ਦੀ ਬਾਣੀ। ਇਸ ਦੇ ਨਾਲ ਹੀ ਪ੍ਰਚਲਿਤ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਦਾ ਵਰਨਨ ਕੀਤਾ ਵੀ ਮਿਲਦਾ ਹੈ ਜਿਵੇਂ ਘੋੜੀਆਂ, ਅਲਾਹੁਣੀਆਂ, ਛੰਦ, ਪਉੜੀ, ਸਦ, ਆਰਤੀ ਆਦਿ। ਇਹਨਾਂ ਦੇ ਲੋਕ ਸੰਗੀਤ ਰੂਪ ਨੂੰ ਗੁਰੂ ਸਾਹਿਬਾਨ ਨੇ ਅਧਿਆਤਮਿਕ ਵਿਕਾਸ ਲਈ ਵਰਤਿਆ ਹੈ।

ਪ੍ਰਮੁਖ ਵਿਸ਼ੇ (ਸਰੋਕਾਰ)

ਸਿੱਖ ਦੇ ਮਨ ਵਿਚ ਅਧਿਆਤਮਿਕ ਵਿਕਾਸ ਦੀ ਚਿਣਗ ਪੈਦਾ ਕਰਨੀ ਅਤੇ ਉਸ ਨੂੰ ਸਚਿਆਰੇ ਮਾਰਗ ਦਾ ਧਾਰਨੀ ਬਣਾਉਣਾ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮੁਖ ਵਿਸ਼ਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਚਿਆਰੇ ਮਾਰਗ ਦਾ ਪੰਧ ਇਕ ਅਕਾਲ ਪੁਰਖ ਤੋਂ ਆਰੰਭ ਹੁੰਦਾ ਹੈ ਜੋ ਕਿ ਸ਼ੁਭ ਵਿਚਾਰਾਂ ਅਤੇ ਗੁਰਮੁਖਾਂ ਦੀ ਸੰਗਤ ਰਾਹੀਂ ਸੱਚਖੰਡ ਤੱਕ ਜਾ ਪੁੱਜਦਾ ਹੈ। ਇਸ ਵਿਚ ਧਰਮ, ਦਰਸ਼ਨ, ਇਤਿਹਾਸ, ਰਾਜਨੀਤੀ, ਸਮਾਜ-ਸ਼ਾਸਤਰ, ਸਾਹਿਤ, ਸੰਗੀਤ, ਮਨੋਵਿਗਿਆਨ ਆਦਿਕ ਵਿਸ਼ਿਆਂ ਨਾਲ ਸੰਬੰਧਿਤ ਅੰਸ਼ ਛੁਪੇ ਹੋਏ ਹਨ, ਸਾਧਕ ਆਪਣੀ ਰੁਚੀ ਅਨੁਸਾਰ ਇਨ੍ਹਾਂ ਤੋਂ ਸਹਾਇਤਾ ਪ੍ਰਾਪਤ ਕਰਦੇ ਹਨ। ਬੌਧਿਕਤਾ ਪ੍ਰਧਾਨ ਸਮਾਜ ਵਿਚ ਜਿੰਨੇ ਵੀ ਦੁਨਿਆਵੀ ਵਿਸ਼ੇ ਸਮੇਂ-ਸਮੇਂ ਉਜਾਗਰ ਹੁੰਦੇ ਹਨ, ਸਭ ਦੀ ਵਿਆਖਿਆ ਲਈ ਗੁਰੂ ਗ੍ਰੰਥ ਸਾਹਿਬ ਦਾ ਸਹਾਰਾ ਲਿਆ ਜਾਂਦਾ ਹੈ। ਵੱਖ-ਵੱਖ ਭਾਸ਼ਾਵਾਂ, ਸੱਭਿਆਚਾਰਾਂ ਅਤੇ ਵਾਤਾਵਰਣ ਦੀਆਂ ਸਮੱਸਿਆਵਾਂ ਨਾਲ ਉਲਝਿਆ ਮਨੁੱਖ ਇਸ ਧਰਮ ਗ੍ਰੰਥ ਤੋਂ ਅਗਵਾਈ ਲੈ ਸਕਦਾ ਹੈ। ਇਸ ਧਰਮ ਗ੍ਰੰਥ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਵੱਖ-ਵੱਖ ਸਮੇਂ ਹੋਏ ਗੁਰੂਆਂ, ਭਗਤਾਂ ਅਤੇ ਹੋਰਨਾਂ ਮਹਾਂਪੁਰਖਾਂ ਦੀ ਬਾਣੀ ਦਰਜ ਹੈ ਜਿਨ੍ਹਾਂ ਦਾ ਸਮਾਂ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਹ ਧਰਮ ਗ੍ਰੰਥ ਪੰਜ ਸਦੀਆਂ ਦੀਆਂ ਪਰੰਪਰਾਵਾਂ, ਸਮਾਜਿਕ ਸਮੱਸਿਆਵਾਂ, ਧਾਰਮਿਕ ਵੱਖਰੇਵਿਆਂ, ਰਾਜਨੀਤਿਕ ਸਮੱਸਿਆਵਾਂ, ਆਪਸੀ ਭੇਦਭਾਵ, ਖਿੱਚੋਤਾਣ, ਬਾਹਰੀ ਹਮਲਿਆਂ, ਆਦਿ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਮਾਨਵਤਾ ਦੀ ਭਲਾਈ ਅਤੇ ਪਰਮਾਤਮਾ ਦੀ ਏਕਤਾ ਨੂੰ ਪ੍ਰਮੁਖਤਾ ਨਾਲ ਉਜਾਗਰ ਕਰਦਾ ਹੈ। ਇਸ ਧਰਮ ਗ੍ਰੰਥ ਵਿਚ ਜੋ ਬਾਣੀ ਦਰਜ ਕੀਤੀ ਗਈ ਹੈ ਉਹ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਦਾ ਪ੍ਰਗਟਾਵਾ ਕਰਦੀ ਹੋਈ ਮਨੁੱਖਤਾ ਨੂੰ ਤੰਗ ਦਿਲੀ ਤੋਂ ਉੱਪਰ ਉੱਠ ਕੇ ਪ੍ਰਭੂ ਲੜ ਲਾਉਂਦੀ ਹੈ, ਇਸ ਕਰਕੇ ਇਸਨੂੰ 'ਬਾਣੀਆਂ ਸਿਰ ਬਾਣੀ' ਕਿਹਾ ਗਿਆ ਹੈ ਜੋ 'ਇਸ ਜਗ ਮ੍ਹਿ ਚਾਨਣੁ'

ਦਾ ਕਾਰਜ ਕਰਦੀ ਹੈ। ਸਿੱਖ ਇਸ ਗਿਆਨ ਸਰੂਪ ਚਾਨਣ ਦੀ ਅਗਵਾਈ ਵਿਚ ਆਪਣਾ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਉਸ ਤੱਕ ਪਹੁੰਚਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ।

ਹਵਾਲੇ

1. *ਵਾਰਾਂ ਭਾਈ ਗੁਰਦਾਸ*, ਵਾਰ 1.42.
2. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਪੰਨਾ 366.
3. *ਵਾਰਾਂ ਭਾਈ ਗੁਰਦਾਸ*, ਵਾਰ 3.5.
4. ਮਾਰਿਆ ਸਿਕਾ ਜਗਤਿ੍ ਵਿਚਿ ਨਾਨਕ ਨਿਰਮਲ ਪੰਥ ਚਲਾਇਆ। *ਵਾਰਾਂ ਭਾਈ ਗੁਰਦਾਸ*, ਵਾਰ 1.45.
5. ਡਾ. ਤਾਰਨ ਸਿੰਘ, 'ਅੰਮ੍ਰਿਤ ਬਾਣੀ ਤਤੁ ਵਖਾਣੀ', *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ-ਦਸੰਬਰ 1980, ਸੰਪਾਦਕ ਡਾ. ਤਾਰਨ ਸਿੰਘ, ਪੰਨਾ 153.
6. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 417.
7. *ਵਾਰਾਂ ਭਾਈ ਗੁਰਦਾਸ*, ਵਾਰ 1.32.
8. 'ਤਿਤੁ ਮਹਿਲ ਜੋ ਸਬਦ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ'। *ਪੁਰਾਤਨ ਜਨਮ ਸਾਖੀ*, ਸੰਪਾਦਕ ਭਾਈ ਵੀਰ ਸਿੰਘ, ਪੰਨਾ 208.
9. ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥ ਗੁਰੂ ਗ੍ਰੰਥ ਸਾਹਿਬ, ਪੰਨਾ 920.
10. ਗੁਰੂ ਗ੍ਰੰਥ ਸਾਹਿਬ, ਪੰਨਾ 304.
11. ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾਦਕ ਪਿਆਰਾ ਸਿੰਘ ਪਦਮ, ਪੰਜਵਾਂ ਚਰਣ 87, 92-93.
12. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਪੰਨਾ 33.

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਢਲੇ ਆਧਾਰ

ਪਰਮਾਤਮਾ : ਪਰਮਾਤਮਾ ਦੀ ਹਸਤੀ ਮਨੁੱਖੀ ਵਿਸ਼ਵਾਸ ਦਾ ਹਿੱਸਾ ਹੈ। ਪਰਮਾਤਮਾ ਦੀ ਹਸਤੀ ਬਾਰੇ ਧਾਰਮਿਕ ਪੈਗੰਬਰਾਂ ਨੇ ਜੋ ਵਿਚਾਰ ਪੇਸ਼ ਕੀਤੇ ਉਨ੍ਹਾਂ ਉਤੇ ਮਨੁੱਖ ਨੇ, ਸੀਮਿਤ ਬੁੱਧੀ ਦੀ ਧਾਰਨਾ ਕਰਕੇ, ਵਿਸ਼ਵਾਸ ਕਰਨਾ ਹੀ ਯੋਗ ਸਮਝਿਆ। ਪਰਮਾਤਮਾ ਨੂੰ ਵੱਖ-ਵੱਖ ਧਰਮਾਂ ਵਿਚ ਭਿੰਨ-ਭਿੰਨ ਨਾਵਾਂ ਨਾਲ ਸੰਬੋਧਨ ਕੀਤਾ ਗਿਆ। ਇਸਲਾਮ ਵਿਚ ਅੱਲਾਹ, ਈਸਾਈ ਧਰਮ ਵਿਚ ਈਸ਼ਵਰ, ਯਹੂਦੀ ਧਰਮ ਵਿਚ ਯਹੋਵਾ ਅਤੇ ਸਿੱਖ ਧਰਮ ਵਿਚ ਇਸਨੂੰ ਵਾਹਿਗੁਰੂ ਦੇ ਨਾਮ ਨਾਲ ਸੰਬੋਧਨ ਕੀਤਾ ਗਿਆ। ਸਿੱਖ ਧਰਮ ਵਿਚ ਪਰਮਾਤਮਾ ਨੂੰ ਵਾਹਿਗੁਰੂ ਦੇ ਨਾਲ-ਨਾਲ ਰਾਮ, ਕ੍ਰਿਸ਼ਨ, ਮੁਰਾਰੀ, ਮੀਰ, ਬੀਰ, ਸ਼ਾਹ, ਪਾਤਸ਼ਾਹ ਆਦਿ ਅਨੇਕਾਂ ਹੋਰ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਗੁਰਬਾਣੀ ਵਿਚ ਪਰਮਾਤਮਾ ਨੂੰ ਇਕ ਕਰਕੇ ਜਾਣਿਆ ਜਾਂਦਾ ਹੈ। ਪਰਮਾਤਮਾ ਦੀ ਇੱਕਤਾ ਨੂੰ ਹੀ ਸ੍ਰਿਸ਼ਟੀ ਅਤੇ ਸਮਾਜ ਵਿਚਲੀ ਏਕਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਜੇਕਰ ਪਰਮਾਤਮਾ ਦਵੈਤ ਰੂਪ ਹੈ ਤਾਂ ਸ੍ਰਿਸ਼ਟੀ ਦੇ ਵੀ ਇਕ ਤੋਂ ਵਧੇਰੇ ਰਚਨਹਾਰੇ ਸਾਹਮਣੇ ਆ ਸਕਦੇ ਹਨ ਅਤੇ ਸਮਾਜ ਵਿਚ ਦੋ ਇਕਾਈਆਂ ਬਣ ਜਾਣਗੀਆਂ। ਸਮਾਜ ਵਿਚ ਦਵੈਤ ਦੀ ਭਾਵਨਾ ਮਨੁੱਖੀ ਏਕਤਾ ਕਾਇਮ ਨਹੀਂ ਕਰ ਸਕਦੀ। ਗੁਰੂ ਨਾਨਕ ਦੇਵ ਜੀ ਨੇ ਦਵੈਤ ਦੀ ਭਾਵਨਾ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹੋਏ ਸਪਸ਼ਟ ਸ਼ਬਦਾਂ ਵਿਚ ਕਿਹਾ :

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥[1]

ਇਸ ਤੋਂ ਇਲਾਵਾ ਗੁਰੂ ਜੀ ਨੇ ਕੇਵਲ ਇਕ ਪਰਮਾਤਮਾ ਨੂੰ ਹੀ ਆਪਣਾ ਇਸ਼ਟ ਮੰਨਦੇ ਹੋਏ ਸਪਸ਼ਟ ਕੀਤਾ:

ਸਾਹਿਬੁ ਮੇਰਾ ਏਕੋ ਹੈ ॥
ਏਕੋ ਹੈ ਭਾਈ ਏਕੋ ਹੈ ।[2]

ਪਰਮਾਤਮਾ ਦੀ ਇੱਕਤਾ ਦਾ ਜੋ ਸੰਦੇਸ਼ ਗੁਰੂ ਜੀ ਨੇ ਦਿੱਤਾ ਉਸਨੂੰ ਉਨ੍ਹਾਂ ਨੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੀ ਧਾਰਮਿਕ, ਸਮਾਜਿਕ ਅਤੇ ਦਾਰਸ਼ਨਿਕ ਚੇਤਨਾ ਦਾ ਆਧਾਰ ਬਣਾਇਆ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦਾ ਜੋ ਸਰੂਪ ਅਨੁਭਵ ਕੀਤਾ ਉਸਨੂੰ ਵਿਸ਼ੇਸ਼ਤਾਵਾਂ ਸਹਿਤ ਆਪਣੀ ਬਾਣੀ ਵਿਚ ਦਰਜ ਕੀਤਾ। ਗੁਰੂ ਗ੍ਰੰਥ ਸਾਹਿਬ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਅਤੇ ਪ੍ਰਮੁਖ ਬਾਣੀ 'ਜਪੁ' ਨਾਲ ਹੁੰਦਾ ਹੈ ਜਿਸ ਦੇ ਮੁੱਢ ਵਿਚ ਹੀ ਪਰਮਾਤਮਾ ਦਾ ਸਰੂਪ ਵਰਨਨ ਕੀਤਾ ਗਿਆ ਹੈ। ਇਸ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ ਅਤੇ ਇਹੀ ਮੰਗਲਾਚਰਣ ਵੀ ਮੰਨਿਆ ਗਿਆ ਹੈ। ਮੂਲ ਮੰਤਰ ਵਿਚ ਦਰਸਾਏ ਗਏ ਪਰਮਾਤਮਾ ਦੇ ਸਰੂਪ ਨੂੰ ਸਮੁੱਚੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਮੰਨਿਆ ਜਾਂਦਾ ਹੈ। ਇੱਥੇ ਪਰਮਾਤਮਾ ਦੇ ਮੂਲ ਮੰਤਰ ਵਿਚ ਆਏ ਸਰੂਪ ਬਾਰੇ ਸੰਖੇਪ

ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਕ (1) : ਇਕ ਮਨੁੱਖੀ ਬੁੱਧੀ ਦੀ ਘਾੜਤ ਹੈ। ਇਸਨੂੰ ਗਣਿਤ ਵਿਦਿਆ ਦਾ ਹਿੱਸਾ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਕਿਸੇ ਵੀ ਦੁਨਿਆਵੀ ਵਸਤੂ ਜਾਂ ਹਸਤੀ ਦੇ ਸੰਬੰਧ ਵਿਚ ਗਿਣਤੀਆਂ ਮਿਣਤੀਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਪ੍ਰਚਲਿਤ ਹਿੰਦੂ ਧਰਮ ਵਿਚ ਚਾਰ ਖਾਣੀਆਂ, ਚਾਰ ਬਾਣੀਆਂ, ਸ੍ਰਿਸ਼ਟੀ ਦੇ ਤਿੰਨ ਪ੍ਰਮੁਖ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਆਦਿ ਦਾ ਜ਼ਿਕਰ ਮਿਲਦਾ ਹੈ ਜੋ ਕਿ ਕਿਸੇ ਨਾ ਕਿਸੇ ਤਰ੍ਹਾਂ ਗਣਿਤ ਵਿਦਿਆ ਦੀ ਸੰਖਿਆ ਪ੍ਰਣਾਲੀ ਨਾਲ ਸੰਬੋਧਨ ਕੀਤੇ ਗਏ, ਪਰ ਗੁਰਬਾਣੀ ਗਿਣਤੀਆਂ ਮਿਣਤੀਆਂ ਤੋਂ ਪਰੇ ਅਨੇਕਾਂ ਵਸਤਾਂ ਅਤੇ ਹਸਤੀਆਂ ਦੀ ਹੋਂਦ ਦੀ ਗੱਲ ਕਰਦੀ ਹੈ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।[3]

ਪਰ ਜਦੋਂ ਦੁਨਿਆਵੀ ਹਸਤੀ ਤੋਂ ਪਰੇ ਗੁਰੂ ਜੀ ਪਰਮ ਹਸਤੀ ਦੀ ਗੱਲ ਕਰਦੇ ਹਨ ਤਾਂ ਗਣਿਤ ਵਿਦਿਆ ਦਾ ਪ੍ਰਯੋਗ ਕਰਦੇ ਹਨ। ਗੁਰੂ ਸਾਹਿਬ ਨੇ ਜਿੱਥੇ ਦਵੈਤ ਵਿਚ ਅਵਿਸ਼ਵਾਸ ਪ੍ਰਗਟ ਕੀਤਾ ਉਥੇ ਉਨ੍ਹਾਂ ਆਪਣੇ ਸਿੱਖਾਂ ਨੂੰ ਦਵੈਤ ਤੋਂ ਦੂਰ ਰਹਿਣ ਦਾ ਆਦੇਸ਼ ਵੀ ਕੀਤਾ। ਗੁਰੂ ਜੀ ਨੇ ਸਪਸ਼ਟ ਕੀਤਾ ਕਿ ਦਵੈਤ ਭਾਵ ਨਾਲ ਅਦਵੈਤ ਨੂੰ ਉਜਾਗਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਸਮਾਜ ਵਿਚਲੀ ਏਕਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਗੁਰੂ ਜੀ ਪਰਮਾਤਮਾ ਨੂੰ ਇਕ ਮੰਨਦੇ ਹੋਏ ਕੇਵਲ ਉਸੇ ਨੂੰ ਨਮਸਕਾਰ ਕਰਦੇ ਹੋਏ ਕਹਿੰਦੇ ਹਨ :

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।[4]

ਭਾਈ ਗੁਰਦਾਸ ਜੀ ਪਰਮਾਤਮਾ ਦੀ ਏਕਤਾ ਤੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ :

ਏਕਾ ਏਕੰਕਾਰੁ ਲਿਖਿ ਦੇਖਾਲਿਆ।[5]

ਓਅੰਕਾਰ : ਓਅੰਕਾਰ ਦਾ ਭਾਵ ਹੈ ਕਿ ਅਕਾਲ ਪੁਰਖ ਸਭ ਵਿਚ ਇਕ ਰਸ ਵਿਆਪਕ ਹੈ। ਹਰ ਵਸਤੂ ਅਤੇ ਮਨੁੱਖ ਅੰਦਰ ਕੋਈ ਨਾ ਕੋਈ ਐਸੀ ਹਸਤੀ ਮੌਜੂਦ ਮੰਨੀ ਗਈ ਹੈ ਜੋ ਕਿ ਉਸਨੂੰ ਚਲਾਉਣ ਦਾ ਕੰਮ ਕਰਦੀ ਹੈ। ਜਿਸ ਵੀ ਵਸਤੂ ਜਾਂ ਮਨੁੱਖ ਨੂੰ ਸਜੀਵ ਮੰਨਿਆ ਜਾਂਦਾ ਹੈ ਉਸ ਅੰਦਰ ਇਹ ਹਸਤੀ ਵਿਦਮਾਨ ਮੰਨੀ ਗਈ ਹੈ। ਪੱਛਮੀ ਦਾਰਸ਼ਨਿਕ ਲਾਇਬਨੀਜ਼ ਇਸ ਹਸਤੀ ਨੂੰ ਮੋਨੇਡ (Monad) ਦਾ ਨਾਂ ਦਿੰਦਾ ਹੈ। ਜਿਉਂ-ਜਿਉਂ ਇੰਦਰੀਆਂ ਦੀ ਜਾਣਨ ਦੀ ਸ਼ਕਤੀ ਵਧਦੀ ਜਾਂਦੀ ਹੈ ਤਿਉਂ-ਤਿਉਂ ਚੇਤਨ ਸ਼ਕਤੀ ਵਿਚ ਵਾਧਾ ਹੁੰਦਾ ਜਾਂਦਾ ਹੈ ਜਿਸ ਨਾਲ ਪਰਮ ਮੋਨੇਡ ਭਾਵ ਪਰਮਾਤਮਾ ਦੀ ਹਸਤੀ ਦਾ ਅਨੁਭਵ ਹੋਣ ਲੱਗਦਾ ਹੈ। ਕਹਿਣ ਦਾ ਭਾਵ ਕਿ ਇਹ ਹਸਤੀ ਸਮੂਹ ਪ੍ਰਣਾਲੀਆਂ ਵਿਚ ਇਕ ਰਸ ਮੌਜੂਦ ਹੁੰਦੀ ਹੈ। ਗੁਰਬਾਣੀ ਵਿਚ ਇਸ ਪਰਮ ਸ਼ਕਤੀ ਨੂੰ ਅਕਾਲ ਪੁਰਖ ਕਿਹਾ ਗਿਆ ਹੈ ਜੋ ਕਿ ਨਾ ਕੇਵਲ ਸਮੂਹ ਵਸਤਾਂ ਵਿਚ ਵਿਦਮਾਨ ਹੈ

ਬਲਕਿ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਵੀ ਉਸੇ ਨੂੰ ਮੰਨਿਆ ਜਾਂਦਾ ਹੈ :

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥[6]

\- -

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥[7]

ਸਤਿ : ਸਤਿ ਦਾ ਭਾਵ ਹੈ ਸੱਚ ਅਤੇ ਜੋ ਸੱਚ ਹੈ ਉਹ ਝੂਠ ਦਾ ਵਿਰੋਧੀ ਹੈ। ਗੁਰਬਾਣੀ ਵਿਚ ਝੂਠ ਨੂੰ ਨਾਸ਼ਮਾਨਤਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸਦਾ ਅਰਥ ਹੈ ਕਿ ਜੋ ਵੀ ਵਸਤੂ ਜਾਂ ਹਸਤੀ ਦ੍ਰਿਸ਼ਟਮਾਨ ਜਗਤ ਦਾ ਹਿੱਸਾ ਹੈ ਉਹ ਨਾਸ਼ਮਾਨ ਹੈ, ਜਿਵੇਂ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ :

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ॥[8]

ਗੁਰਬਾਣੀ ਵਿਚ ਕੇਵਲ ਉਸ ਹਸਤੀ ਨੂੰ ਹੀ ਸੱਚ ਮੰਨਿਆ ਗਿਆ ਹੈ ਜੋ ਸਦੀਵੀ ਹੈ। ਇਹ ਨਾਸ਼ਮਾਨ ਜਗਤ ਵੀ ਉਸੇ ਦੀ ਰਚਨਾ ਹੈ। ਉਹ ਜਦੋਂ ਚਾਹੇ ਜਗਤ ਪੈਦਾ ਕਰ ਸਕਦਾ ਹੈ ਅਤੇ ਜਦੋਂ ਉਸਦਾ ਹੁਕਮ ਹੁੰਦਾ ਹੈ ਇਸਦਾ ਅੰਤ ਹੋ ਜਾਂਦਾ ਹੈ। ਸ੍ਰਿਸ਼ਟੀ ਵਿਚਲੀ ਹਰ ਇਕ ਸ਼ੈ.. ਦਾ ਕਰਤਾ ਹੋਣ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਉਹ ਇਸ ਜਗਤ ਤੋਂ ਪਹਿਲਾਂ ਵੀ ਸੀ, ਇਸ ਜਗਤ ਵਿਚ ਵੀ ਮੌਜੂਦ ਹੈ ਅਤੇ ਇਸ ਜਗਤ ਤੋਂ ਬਾਅਦ ਵੀ ਕੇਵਲ ਉਸੇ ਦੀ ਹਸਤੀ ਹੀ ਮੌਜੂਦ ਰਹੇਗੀ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਉਸਨੂੰ ਸਦੀਵੀ ਸੱਚ ਦਾ ਨਾਮ ਦਿੱਤਾ ਹੈ :

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[9]

ਨਾਮੁ : ਨਾਮੁ ਸ਼ਬਦ ਸੰਸਕ੍ਰਿਤ ਦੇ 'ਨਾਮਨ' ਧਾਤੂ ਤੋਂ ਉਤਪੰਨ ਹੋਇਆ ਹੈ। ਇਕ ਪੁਰਾਤਨ ਪ੍ਰਥਾ ਅਨੁਸਾਰ ਇਸਨੂੰ 'ਣਮ-' ਧਾਤੂ ਦਾ ਰੂਪ ਵੀ ਮੰਨਿਆ ਜਾਂਦਾ ਹੈ। 'ਨਮੋ' ਸ਼ਬਦ ਦਾ ਪ੍ਰਯੋਗ ਜੈਨ ਪਰੰਪਰਾ ਵਿਚ ਵੇਖਣ ਨੂੰ ਮਿਲਦਾ ਹੈ। ਜੈਨੀ ਆਪਣੀ ਪ੍ਰਾਰਥਨਾ ਦੇ ਮੂਲਮੰਤਰ ਵਿਚ ਇਸਦੀ ਵਰਤੋਂ ਕਰਦੇ ਹੋਏ ਕਹਿੰਦੇ ਹਨ :

ਨਮੋ ਅਰਿਹੰਤਾਣੰ। ਨਮੋ ਸਿਧਾਣੰ। ਨਮੋ ਆਯਾਰਿਆਣੰ।
ਨਮੋ ਉਭਝਾਯਾਣੰ। ਨਮੋ ਲੋਏ ਸੋਬ ਸਾਹੂੰਣੰ।[10]

ਇੱਥੇ ਨਮੋ ਦਾ ਭਾਵ ਹੈ ਨਮਸਕਾਰ ਕਰਨਾ, ਕਿਸੇ ਅੱਗੇ ਝੁਕਣਾ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਨਾਮ ਨੂੰ ਹੀ ਅਸਲ ਅਤੇ ਸਦੀਵੀ ਮੰਨਿਆ ਹੈ। ਬਾਕੀ ਸਭ ਦੁਨਿਆਵੀ ਨਾਵਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ–ਅੰਸਖ ਨਾਵ ਅਸੰਖ

ਥਾਵ ।। ਪਰ ਨਾਲ ਹੀ ਗੁਰੂ ਜੀ ਇਹ ਵੀ ਦੱਸਦੇ ਹਨ ਕਿ ਅਨੇਕਾਂ ਦੁਨਿਆਵੀ ਨਾਮ ਉਸ ਇਕ ਸਦੀਵੀ ਨਾਮ ਦੀ ਹੀ ਰਚਨਾ ਹਨ-ਜੇਤਾ ਕੀਤਾ ਤੇਤਾ ਨਾਉ।। ਦੁਨਿਆਵੀ ਨਾਮ ਪਰਮਾਤਮਾ ਤੱਕ ਪਹੁੰਚਣ ਵਿਚ ਸਹਾਇਕ ਹਨ। ਦੁਨਿਆਵੀ ਨਾਵਾਂ ਨਾਲ ਪਰਮਾਤਮਾ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ ਅਖਰੀ ਨਾਮੁ ਅਖਰੀ ਸਾਲਾਹ।। ਜਗਤ ਵਿਚ ਮਨੁੱਖ ਪਰਮਾਤਮਾ ਦੀ ਉਸਤਤ ਕਰਨ ਲਈ ਉਸਦੇ 'ਕਿਰਤਮ' ਨਾਵਾਂ ਦਾ ਸਹਾਰਾ ਲੈਂਦਾ ਹੈ ਪਰ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦਾ ਨਾਮ 'ਸਤਿ' ਦੱਸਿਆ ਹੈ ਸਤਿਨਾਮੁ ਤੇਰਾ ਪਰਾ ਪੂਰਬਲਾ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਇਹ ਨਾਮ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਜਪਾਇਆ :

ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।।[11]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਜਾਪ ਕਰਨ ਨਾਲ ਸਮੂਹ ਪਾਪਾਂ ਦਾ ਨਾਸ ਹੋ ਜਾਂਦਾ ਹੈ ਅਤੇ ਵਿਅਕਤੀ ਦਾ ਮਨ ਸ਼ੁੱਧ ਹੋ ਜਾਂਦਾ ਹੈ - ਭਰੀਐ ਮਤਿ ਪਾਪਾ ਕੈ ਸੰਗਿ।। ਓਹੁ ਧੋਪੈ ਨਾਵੈ ਕੈ ਰੰਗਿ।। ਮੂਲ ਮੰਤਰ ਵਿਚ ਪਰਮਾਤਮਾ ਨੂੰ ਸਤਿਨਾਮੁ ਕਹਿਣ ਤੋਂ ਬਾਅਦ ਉਸਦੇ ਗੁਣਾਂ ਦਾ ਵਰਨਨ ਕੀਤਾ ਗਿਆ ਹੈ।

ਕਰਤਾ ਪੁਰਖੁ : ਕਰਤਾ ਦਾ ਭਾਵ ਹੈ ਰਚਨਹਾਰ ਅਤੇ ਪੁਰਖੁ ਦਾ ਭਾਵ ਹੈ ਉਹ ਹਸਤੀ ਜੋ ਕਿ ਘਟਿ-ਘਟਿ ਵਿਚ ਰਮੀ ਹੋਈ ਹੈ। ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਕਰਤਾ ਪੁਰਖੁ ਮੰਨ ਕੇ ਆਸਾ ਦੀ ਵਾਰ ਵਿਚ ਕਹਿੰਦੇ ਹਨ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।।[12]

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ :

ਆਪੇ ਆਪਿ ਉਪਾਇ ਕੈ ਆਪੇ ਅਪਣਾ ਨਾਉ ਧਰਾਇਆ।।[13]

ਕਰਤਾ ਪੁਰਖੁ ਗੁਣ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ ਦਾ ਪ੍ਰਤੀਕ ਹੈ। ਇਸ ਦਾ ਇਹ ਭਾਵ ਵੀ ਲਿਆ ਜਾ ਸਕਦਾ ਹੈ ਕਿ ਅਜਿਹੀ ਸ਼ਕਤੀ ਕਿਸੇ ਹੋਰ ਹਸਤੀ ਕੋਲ ਮੌਜੂਦ ਨਹੀਂ ਜਿਵੇਂ ਕਿ ਗੁਰੂ ਰਾਮਦਾਸ ਜੀ ਦੱਸਦੇ ਹਨ :

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ।।
ਤੁਧੁ ਬਿਨੁ ਦੂਜਾ ਅਵਰੁ ਨ ਕੋਇ।।[14]

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਕਰਤਾ ਪੁਰਖੁ ਵਿਸ਼ੇਸ਼ਣ ਦਾ ਜ਼ਿਕਰ ਇਸ ਲਈ ਕੀਤਾ ਤਾਂ ਕਿ ਸ੍ਰਿਸ਼ਟੀ ਦੀ ਕਿਸੇ ਵੀ ਵਸਤੂ ਜਾਂ ਜੀਵ ਦਾ ਉਸਤੋਂ ਬਾਹਰ ਵਰਨਨ ਨਾ ਕੀਤਾ ਜਾ ਸਕੇ।

ਨਿਰਭਉ : ਨਿਰਭਉ ਤੋਂ ਭਾਵ ਹੈ ਜਿਸਨੂੰ ਕਿਸੇ ਦਾ ਡਰ ਜਾਂ ਭੈਅ ਨਾ ਹੋਵੇ। ਇਸ ਜਗਤ ਵਿਚ ਕੇਵਲ ਉਸੇ ਨੂੰ ਨਿਰਭਉ ਮੰਨਿਆ ਗਿਆ ਹੈ ਜੋ ਜਨਮ-ਮਰਨ ਤੋਂ ਰਹਿਤ ਹੋਵੇ। ਵਿਅਕਤੀ ਦਾ ਇਸ ਜਗਤ ਵਿਚ ਜਨਮ ਲੈਣਾ ਵੀ ਮੌਤ ਤੱਕ ਦਾ ਸਫਰ ਤੈਅ ਕਰਨ ਵੱਲ ਚੁੱਕਿਆ ਗਿਆ ਕਦਮ ਹੈ ਅਤੇ ਵਿਅਕਤੀ ਦਾ ਅੰਤ ਵੀ ਅਗਲੇ ਜੀਵਨ ਦੀਆਂ ਕਠਿਨਾਈਆਂ ਵੱਲ ਸੰਕੇਤ ਕਰਦਾ ਹੈ। ਬੁੱਧ ਨੇ ਜਨਮ ਅਤੇ ਮੌਤ ਦੋਵਾਂ ਨੂੰ ਹੀ

ਵਿਅਕਤੀ ਦੇ ਦੁੱਖਾਂ ਦਾ ਕਾਰਣ ਮੰਨਿਆ ਹੈ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਜੋ ਹੋਂਦਪੂਰਕ ਜੀਵਨ ਸ਼ਕਤੀ ਹੈ ਜਾਂ ਜਿਸ ਦਾ ਅੰਤ ਹੈ ਉਹ ਨਿਰਭਉ ਨਹੀਂ ਹੋ ਸਕਦੀ। ਪਰ ਜੋ ਹਸਤੀ ਜਨਮ ਅਤੇ ਮੌਤ ਦੇ ਬੰਧਨ ਤੋਂ ਮੁਕਤ ਹੈ, ਉਹ ਨਿਰਭਉ ਹੈ। ਗੁਰੂ ਅਰਜਨ ਦੇਵ ਜੀ ਨਿਰਭਉ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ :

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥[15]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਕਾਲ ਪੁਰਖ ਸਰਵਸ਼ਕਤੀਮਾਨ ਹੈ, ਸਾਰੀ ਸ੍ਰਿਸ਼ਟੀ ਉਸ ਦੇ ਅਧੀਨ ਹੈ ਅਤੇ ਉਸ ਦੇ ਭੈਅ ਵਿਚ ਰਹਿੰਦੀ ਹੈ। ਪਰਮਾਤਮਾ ਸ੍ਰਿਸ਼ਟੀ ਦਾ ਮਾਲਕ ਹੋਣ ਕਰਕੇ ਸਦੀਵੀ ਅਤੇ ਸੱਚ ਹੈ, ਉਸਨੂੰ ਕਿਸੇ ਦਾ ਭੈਅ ਨਹੀਂ:

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥[16]

ਜੋ ਮਨੁੱਖ ਨਿਰੰਕਾਰ ਦੀ ਬੰਦਗੀ ਕਰਦੇ ਹਨ ਉਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ, ਉਹ ਭੈਅ ਮੁਕਤ ਹੋ ਜਾਂਦੇ ਹਨ :

ਨਿਰਭਉ ਜਪੈ ਸਗਲ ਭਉ ਮਿਟੈ॥[17]

ਗੁਰੂ ਤੇਗ ਬਹਾਦਰ ਜੀ ਸੰਕੇਤ ਕਰਦੇ ਹਨ ਕਿ ਅਕਾਲ ਪੁਰਖ ਦੀ ਬੰਦਗੀ ਕਰਨ ਨਾਲ ਮਨੁੱਖ ਦੇ ਮਨ ਵਿਚ ਨਿਰਭਉ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[18]

ਨਿਰਵੈਰ : ਪਰਮਾਤਮਾ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਜੋ ਸਰਬ-ਸ੍ਰੇਸ਼ਟ ਹੈ, ਨਿਰੰਕਾਰ ਹੈ, ਨਿਰਭਉ ਹੈ, ਸੱਚਾ ਹੈ, ਉਹ ਵੈਰ ਵਿਰੋਧ ਦੀ ਭਾਵਨਾ ਤੋਂ ਵੀ ਮੁਕਤ ਹੈ। ਜਿਸਦਾ ਕੋਈ ਸਰੀਰ ਨਹੀਂ, ਜਿਸਦੀ ਕਿਸੇ ਨਾਲ ਬਰਾਬਰੀ ਨਹੀਂ, ਜਿਸਤੋਂ ਅੱਗੇ ਲੰਘਣ ਦੀ ਕਿਸੇ ਅੰਦਰ ਤਾਕਤ ਨਹੀਂ, ਜੋ ਸਾਰਿਆਂ ਦ' ਕਰਤਾ ਹੋਣ ਕਰਕੇ ਪਿਤਾ ਸਰੂਪ ਹੈ, ਉਸਦਾ ਕਿਸੇ ਨਾਲ ਕੀ ਵੈਰ ਹੋ ਸਕਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ :

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥[19]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰਮੁਖ ਮਨੁੱਖ ਨਿਰਵੈਰ ਸਰੂਪ ਪਰਮਾਤਮਾ ਦੀ ਬੰਦਗੀ ਕਰਦਾ ਹੈ ਉਹ ਆਪ ਵੀ ਵੈਰ ਮੁਕਤ ਹੋ ਜਾਂਦਾ ਹੈ - ਗੁਰਮੁਖਿ ਵੈਰ ਵਿਰੋਧ ਗਵਾਵੈ॥[20]

ਅਕਾਲ ਮੂਰਤਿ : ਪਰਮਾਤਮਾ ਕਾਲ ਰਹਿਤ ਹਸਤੀ ਹੈ ਭਾਵ ਉਹ ਦੁਨਿਆਵੀ ਬੰਧਨਾਂ ਤੋਂ ਮੁਕਤ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਕਾਲ ਨੂੰ ਸਮਾਂ ਦੱਸਿਆ ਹੈ ਜਿਸਦਾ ਭਾਵ ਇਹ ਲਿਆ ਜਾਂਦਾ ਹੈ ਕਿ ਜੋ ਵੀ ਵਸਤੂ ਸਮੇਂ ਅਤੇ ਸਥਾਨ ਵਿਚ ਮੌਜੂਦ ਹੈ ਉਸਦਾ ਅੰਤ ਵੀ ਜ਼ਰੂਰ ਹੁੰਦਾ ਹੈ। 'ਅ' ਸ਼ਬਦ ਨਾਂਹਵਾਚਕ ਦੇ ਤੌਰ ਤੇ ਕਾਲ ਦੇ ਅਗੇਤਰ ਲਾਇਆ ਗਿਆ ਹੈ ਅਤੇ ਬਣਿਆ ਹੈ ਅਕਾਲ, ਭਾਵ ਜਿਸ ਉਤੇ ਸਮੇਂ ਅਤੇ ਸਥਾਨ ਦਾ ਕੋਈ ਪ੍ਰਭਾਵ ਨਹੀਂ। ਪਰਮਾਤਮਾ ਨੂੰ ਇਕ ਅਜਿਹੀ ਹਸਤੀ ਮੰਨਿਆ ਗਿਆ ਹੈ ਜਿਸ ਉਤੇ ਕਾਲ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦਾ ਇਸ ਲਈ ਉਸਨੂੰ ਅਕਾਲ ਕਿਹਾ ਗਿਆ ਹੈ। ਭਾਈ ਵੀਰ ਸਿੰਘ ਨੇ ਮੂਰਤਿ ਦਾ ਅਰਥ ਲਿਆ ਹੈ ਵਜੂਦ, ਸਰੂਪ, ਹੋਂਦ, ਹਸਤੀ। ਇਸ ਤਰ੍ਹਾਂ ਅਕਾਲ ਮੂਰਤਿ ਉਸ ਹਸਤੀ ਨੂੰ ਕਿਹਾ ਗਿਆ ਹੈ ਜਿਸਦਾ ਕਦੇ

ਅੰਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਦੱਸਦੇ ਹਨ – ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।।[21] ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ – ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।।[22]

ਅਜੂਨੀ : ਅਜੂਨੀ ਤੋਂ ਭਾਵ ਹੈ ਜੂਨ ਰਹਿਤ। ਸਮੂਹ ਦੁਨਿਆਵੀ ਹਸਤੀਆਂ ਜਨਮ ਲੈਂਦੀਆਂ ਹਨ। ਚਾਰ ਖਾਣੀਆਂ (ਅੰਡਜ-ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰਜ-ਪੇਟ ਤੋਂ ਪੈਦਾ ਹੋਣ ਵਾਲੇ, ਸੇਤਜ-ਪਸੀਨੇ ਤੋਂ ਪੈਦਾ ਹੋਣ ਵਾਲੇ ਅਤੇ ਉਤਭੁਜ-ਧਰਤੀ ਵਿਚੋਂ ਪੈਦਾ ਹੋਣ ਵਾਲੇ ਜੀਵ ਅਤੇ ਬਨਸਪਤੀ) ਸ੍ਰਿਸ਼ਟੀ ਰਚਨਾ ਦਾ ਅੰਗ ਹਨ। ਜੋ ਵੀ ਵਸਤੂ ਜਾਂ ਹਸਤੀ ਪੈਦਾ ਹੁੰਦੀ ਹੈ ਉਸਦਾ ਨਾਸ਼ ਹੋ ਜਾਂਦਾ ਹੈ। ਗੁਰਬਾਣੀ ਮੰਨਦੀ ਹੈ ਕਿ ਪਰਮਾਤਮਾ ਇਸ ਸ੍ਰਿਸ਼ਟੀ ਨੂੰ ਪੈਦਾ ਕਰਕੇ ਇਸ ਵਿਚ ਵਿਦਮਾਨ ਹੋ ਗਿਆ। ਪਰਮਾਤਮਾ ਦੀ ਇਸ ਸ੍ਰਿਸ਼ਟੀ ਵਿਚ ਹੋਂਦ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਸਮਾਜ ਵਿਚ ਸਦਾਚਾਰ ਕਾਇਮ ਰਹੇ। ਹੁਣ ਜਦੋਂ ਗੁਰਬਾਣੀ ਦੱਸਦੀ ਹੈ ਕਿ ਪਰਮਾਤਮਾ ਇਸ ਜਗਤ ਦਾ ਹਿੱਸਾ ਹੈ ਤਾਂ ਨਾਲ ਹੀ ਨਾਲ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਜੋ ਹਸਤੀ ਇਸ ਦੁਨਿਆਵੀ ਜਗਤ ਦਾ ਹਿੱਸਾ ਹੈ ਉਹ ਨਾਸ਼ਵਾਨ ਹੈ। ਵੇਖਣ ਨੂੰ ਇਹ ਦਵੰਦ ਪ੍ਰਤੀਤ ਹੁੰਦਾ ਹੈ ਪਰ ਅਜਿਹਾ ਨਹੀਂ ਹੈ। ਪਰਮਾਤਮਾ ਦੀ ਇਸ ਜਗਤ ਵਿਚ ਹੋਂਦ ਨੂੰ ਸਦੀਵੀ ਮੰਨਦੇ ਹੋਏ ਉਸਨੂੰ ਅਜੂਨੀ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ – ਜਨਮ ਮਰਣ ਤੇ ਰਹਤ ਨਾਰਾਇਣ।।[23] ਇਸ ਦੇ ਨਾਲ ਹੀ ਗੁਰੂ ਜੀ ਪਰਮਾਤਮਾ ਨੂੰ ਅਜੂਨੀ ਦ੍ਰਿੜ ਕਰਾਉਣ ਲਈ ਤੀਖਣ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹੋਏ ਕਹਿੰਦੇ ਹਨ – ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।।[24]

ਸੈਭੰ : ਸੈਭੰ ਸ਼ਬਦ ਸੰਸਕ੍ਰਿਤ ਦੇ ਸ੍ਵੈ ਅਤੇ ਭੂ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਜਿਸਦਾ ਅਰਥ ਹੈ ਆਪਣੇ ਆਪ ਤੋਂ ਪੈਦਾ ਹੋਇਆ। ਇਸ ਤਰ੍ਹਾਂ ਇਹ ਕਿਹਾ ਜਾਂਦਾ ਹੈ ਕਿ ਜਿਸਦਾ ਪ੍ਰਕਾਸ਼ ਆਪਣੇ ਆਪ ਤੋਂ ਹੀ ਹੋਇਆ ਹੈ ਜਾਂ ਜਿਸਦੀ ਹੋਂਦ ਲਈ ਕੋਈ ਹੋਰ ਕਾਰਣ ਜ਼ੁੰਮੇਵਾਰ ਨਹੀਂ ਹੈ, ਉਸ (ਪਰਮਾਤਮਾ) ਨੂੰ ਸੈਭੰ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਪਰਮਾਤਮਾ ਲਈ ਇਸ ਸ਼ਬਦ ਦਾ ਵਿਸਤਾਰ ਕਰਦੇ ਹੋਏ ਕਹਿੰਦੇ ਹਨ – ਥਾਪਿਆ ਨ ਜਾਇ ਕੀਤਾ ਨ ਹੋਇ।। ਆਪੇ ਆਪਿ ਨਿਰੰਜਨੁ ਸੋਇ।।[25]

ਪਰਮਾਤਮਾ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਉਸਦਾ ਇਹ ਪ੍ਰਕਾਸ਼ ਉਸ ਦੇ ਆਪੇ ਤੱਕ ਹੀ ਸੀਮਿਤ ਨਹੀਂ ਹੈ ਬਲਕਿ ਉਸਦੇ ਪ੍ਰਕਾਸ਼ ਨਾਲ ਦੂਜੇ ਜੀਵ ਵੀ ਪ੍ਰਕਾਸ਼ਮਾਨ ਹੁੰਦੇ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।।[26]

ਸਮੂਹ ਜੀਵਾਂ ਵਿਚ ਪਰਮਾਤਮਾ ਦਾ ਪ੍ਰਕਾਸ਼ ਹੋਣ ਕਰਕੇ ਉਸਨੂੰ ਚੇਤੰਨ ਹਸਤੀ ਵੀ ਕਿਹਾ ਜਾਂਦਾ ਹੈ। ਸਮੁੱਚੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਇਹ ਹਸਤੀ ਸੱਚੇ ਨਾਮ ਦੀ ਲਖਾਇਕ ਹੈ। ਪਰਮਾਤਮਾ ਦਾ ਨਾਮ ਉਸਦੇ ਸਰਗੁਣ ਸਰੂਪ ਦਾ ਵਰਨਨ ਕਰਦਾ ਹੈ ਭਾਵ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਵੀ ਪਰਮਾਤਮਾ ਆਪਣੀ ਇੱਛਾ ਅਨੁਸਾਰ ਹੀ ਵਿਚਰਦਾ ਹੈ – ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।[27]

ਗੁਰ ਪ੍ਰਸਾਦਿ : ਗੁਰ ਦਾ ਭਾਵ ਹੈ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਅਤੇ ਪ੍ਰਸਾਦਿ ਦਾ ਅਰਥ ਹੈ ਕਿਰਪਾ, ਬਖਸ਼ਿਸ਼ ਆਦਿ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੇਸ਼ਟ ਗਿਆਨ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿਚ ਪਰਮਾਤਮਾ ਦੇ ਗਿਆਨ ਨੂੰ ਹੀ ਸ੍ਰੇਸ਼ਟ ਮੰਨਿਆ ਗਿਆ ਹੈ ਇਸ ਲਈ ਇਹ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ – ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।।[28] ਗੁਰ ਪ੍ਰਸਾਦਿ ਨਾਲ ਜਿੱਥੇ ਮਨੁੱਖ ਪਰਮਾਤਮਾ ਦਾ ਗਿਆਨ ਹਾਸਲ ਕਰਦਾ ਹੈ ਉਥੇ ਨਾਲ ਹੀ ਮਨੁੱਖ ਦੇ ਮਨ ਦੀਆਂ ਸਮੂਹ ਬੁਰਾਈਆਂ ਵੀ ਦੂਰ ਹੋ ਜਾਂਦੀਆਂ ਹਨ – ਗੁਰ ਪ੍ਰਸਾਦਿ ਬਿਖਿਆ ਪਰਹਰੈ।।[29]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖੁ ਦਾ ਜੋ ਵਰਨਨ ਕੀਤਾ ਹੈ ਉਸਦਾ ਵਿਸਤਾਰ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਪਰ ਸਾਰ ਰੂਪ ਵਿਚ ਉਸਦੀ ਸੰਕੇਤਕ ਵਿਆਖਿਆ ਮੂਲ ਮੰਤਰ ਵਿਚ ਕੀਤੀ ਗਈ ਹੈ।

ਨਾਮ

ਗੁਰਬਾਣੀ ਵਿਚ ਨਾਮ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਿਆ ਗਿਆ ਹੈ। ਮਨੁੱਖੀ ਜੀਵਨ ਵਿਚ ਕੀਤੇ ਜਾਣ ਵਾਲੇ ਪੁੰਨ, ਦਾਨ, ਜਪ, ਤਪ ਆਦਿ ਕਰਮਾਂ ਤੋਂ ਸ੍ਰੇਸ਼ਟ ਨਾਮ ਨੂੰ ਦੱਸਿਆ ਗਿਆ ਹੈ – ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ।।[30] ਗੁਰਮਤਿ ਵਿਚ ਨਾਮ ਨੂੰ ਉੱਤਮ ਮੰਨਿਆ ਗਿਆ ਹੈ। ਇੰਨਾ ਹੀ ਨਹੀਂ ਜਿਸ ਧਰਮ ਵਿਚ ਵੀ ਨਾਮ ਦੀ ਗੱਲ ਕੀਤੀ ਗਈ ਹੈ ਉਥੇ ਨਾਮ ਦੀ ਵਡਿਆਈ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਗਿਆ। ਗੁਰੂ ਅਮਰਦਾਸ ਜੀ ਕਹਿੰਦੇ ਹਨ – ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।।[31] ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਨਾਮ ਤੋਂ ਬਗੈਰ ਮਨੁੱਖੀ ਜੂਨ ਪਸ਼ੂਆਂ ਵਾਂਗ ਹੈ – ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।।[32]

ਨਾਮ ਦੀ ਸੱਤਾ ਸਰਬ-ਵਿਆਪਕ ਹੈ, ਇਹ ਜਗਤ ਦੇ ਜੀਵਾਂ ਅਤੇ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ। ਭਾਵੇਂ ਕਿ ਪਰਮਾਤਮਾ ਨੂੰ ਵੱਖ-ਵੱਖ ਕਿਰਤਮ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ, ਜਿਵੇਂ ਰਾਮ, ਕ੍ਰਿਸ਼ਨ, ਮੁਰਾਰੀ, ਭਗਵੰਤ, ਭਗਵਾਨ, ਗੋਬਿੰਦ, ਗੋਪਾਲ, ਅੱਲਾਹ, ਰੱਬ, ਰਹੀਮ ਆਦਿ, ਪਰ ਉਸਦਾ ਸਦੀਵੀ ਨਾਮ 'ਸਤਿ' ਹੈ। ਹਰ ਦੇਸ ਅਤੇ ਭੂਗੋਲਿਕ ਪ੍ਰਸਥਿਤੀਆਂ ਵਿਚ ਰਹਿਣ ਵਾਲੇ ਲੋਕ ਉਸਨੂੰ ਆਪੋ-ਆਪਣੇ ਨਾਵਾਂ ਨਾਲ ਯਾਦ ਕਰਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਣ ਵਾਲਾ ਪਰਮਾਤਮਾ ਸੱਚੇ ਨਾਮ ਦੇ ਰੂਪ ਵਿਚ ਸਭ ਥਾਵਾਂ ਤੇ ਇਕੋ ਜਿਹਾ ਵਿਆਪਕ ਹੈ :

ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ।।[33]

ਪਰਮਾਤਮਾ ਦੀ ਮੌਜੂਦਗੀ ਦਾ ਹਰ ਥਾਂ ਅਹਿਸਾਸ ਕਰਨਾ, ਉਸਨੂੰ ਯਾਦ ਰੱਖਣਾ ਅਤੇ ਉਸਦੇ ਗੁਣ ਗਾਇਨ ਕਰਨੇ ਨਾਮ ਸਿਮਰਨ ਕਹਾਉਂਦਾ ਹੈ। ਭਾਈ ਜੋਧ ਸਿੰਘ ਕਹਿੰਦੇ ਹਨ, "ਨਾਮ ਦਾ ਜਾਪ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਦਾ ਕਾਰਣ ਬਣਦਾ ਹੈ। ਮਨ ਵਿਚ ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ। ਘੜੀ-ਘੜੀ ਜਪੁ ਕਰਨਾ ਉਸ ਖਿਆਲ ਨੂੰ ਮਨ ਵਿਚ ਢੇਰ ਚਿਰ ਕਾਇਮ ਰੱਖਣ ਦਾ

ਯਤਨ ਹੈ।"[34] ਪਰਮਾਤਮਾ ਦਾ ਨਾਮ ਸਿਮਰਨ ਉਸਨੂੰ ਮਨ ਵਿਚ ਵਸਾਉਣ ਦਾ ਇਕ ਸਾਧਨ ਹੈ। ਨਾਮ ਮਨੁੱਖ ਦੇ ਮਨ ਵਿਚ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ, ਉਸਨੂੰ ਉਜਾਗਰ ਕਰਨ ਲਈ ਉਸਦਾ ਵਾਰ-ਵਾਰ ਸਿਮਰਨ ਕਰਨਾ ਪੈਂਦਾ ਹੈ ਅਤੇ ਸਿਮਰਨ ਦਾ ਮਾਰਗ ਗੁਰੂ ਰਾਹੀਂ ਪ੍ਰਗਟ ਹੁੰਦਾ ਹੈ :

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ।[35]

ਨਾਮ ਸਿਮਰਨ ਨੂੰ ਗੁਣਾਂ ਦਾ ਖਜਾਨਾਂ ਮੰਨਿਆ ਗਿਆ ਹੈ ਜਿਸ ਨਾਲ ਜਿੱਥੇ ਮਨੁੱਖ ਦੇ ਮਨ ਵਿਚ ਗੁਣਾਂ ਦਾ ਸੰਚਾਰ ਹੁੰਦਾ ਹੈ ਉਥੇ ਨਾਲ ਹੀ ਔਗੁਣਾਂ ਦਾ ਵਿਨਾਸ਼ ਵੀ ਹੋ ਜਾਂਦਾ ਹੈ। ਨਾਮ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਦਾਨ ਕਰਨ ਦੇ ਨਾਲ-ਨਾਲ ਸਮੂਹ ਦੁੱਖਾਂ ਤੋਂ ਨਿਜਾਤ ਦਿਵਾਉਂਦਾ ਹੈ। ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਭਾਵ ਇਹ ਨਹੀਂ ਕਿ ਦੁੱਖ ਮਨੁੱਖ ਨੂੰ ਲੱਗਦੇ ਹੀ ਨਹੀਂ, ਬਲਕਿ ਨਾਮ ਸਿਮਰਨ ਨਾਲ ਦੁਨਿਆਵੀ ਦੁੱਖਾਂ ਨੂੰ ਮਨੁੱਖ ਅੱਖੋਂ ਪਰੋਖੇ ਕਰ ਦਿੰਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਾਈ ਮਨੀ ਸਿੰਘ ਅਤੇ ਬੰਦਾ ਸਿੰਘ ਬਹਾਦਰ ਆਦਿਕ ਸਿੱਖਾਂ ਦੀਆਂ ਸ਼ਹਾਦਤਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਨੇ ਨਾਮ ਦੀ ਬਰਕਤ ਨਾਲ ਦੁਨਿਆਵੀ ਦੁੱਖਾਂ ਨੂੰ ਵੇਖ ਕੇ ਅਣਡਿੱਠ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।[36]

ਮਨੁੱਖ ਦੁਆਰਾ ਧਰਮ ਦੇ ਧਾਰਨ ਕੀਤੇ ਚਿੰਨ੍ਹ ਉਸਦੇ ਧਾਰਮਿਕ ਅਤੇ ਸਦਾਚਾਰੀ ਹੋਣ ਦਾ ਸੰਕੇਤ ਕਰਦੇ ਹਨ। ਇਹ ਬਾਹਰੀ ਚਿੰਨ੍ਹ ਅਤੇ ਭੇਖ ਵਿਅਕਤੀ ਦੇ ਦੁਨਿਆਵੀ ਧਾਰਮਿਕ ਮਾਰਗ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਇਹ ਬਾਹਰੀ ਭੇਖ ਵਿਅਕਤੀ ਦੇ ਅੰਦਰੂਨੀ ਜੀਵਨ ਨੂੰ ਬਦਲਣ ਜਾਂ ਮਨ ਨੂੰ ਸ਼ੁੱਧ ਕਰਨ ਵਿਚ ਕੋਈ ਯੋਗਦਾਨ ਨਹੀਂ ਪਾ ਸਕਦੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ, ਵਚਨ ਅਤੇ ਕਰਮ ਨਾਲ ਸਿਮਰਨ ਕਰਨ ਨਾਲ ਹੀ ਮਨੁੱਖ ਪਰਮਸਤਿ ਦੇ ਮਾਰਗ ਦਾ ਪਾਂਧੀ ਹੋ ਸਕਦਾ ਹੈ, ਕੇਵਲ ਬਾਹਰੀ ਦਿਖਾਵੇ ਵਿਅਰਥ ਸਾਬਤ ਹੁੰਦੇ ਹਨ - ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥[37] ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਭ ਦੁਨਿਆਵੀ ਕਰਮਾਂ ਤੋਂ ਉੱਪਰ ਨਾਮ ਦਾ ਵਿਹਾਰ ਹੈ - ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥[38]

ਨਾਮ ਦਾ ਸਿਮਰਨ ਅਤੇ ਨਾਮ ਦੀ ਵਿਚਾਰ ਮਨੁੱਖ ਨੂੰ ਗੁਰਮੁਖ ਬਣਾਉਂਦੀ ਹੈ ਪਰ ਕਈ ਵਾਰ ਅਨੁਭਵਹੀਨ ਵਿਅਕਤੀ ਇਸ ਉਤੇ ਕਿੰਤੂ ਕਰਦੇ ਹਨ। ਅਜਿਹੇ ਵਿਅਕਤੀਆਂ ਦਾ ਅਨੁਭਵ ਦੁਨਿਆਵੀ ਵਿਸ਼ਿਆਂ ਤੱਕ ਹੀ ਸੀਮਿਤ ਹੁੰਦਾ ਹੈ ਅਤੇ ਅਧਿਆਤਮਿਕ ਅਨੁਭਵ ਦੇ ਮਾਰਗ ਤੇ ਨਾ ਤਾਂ ਆਪ ਚੱਲਦੇ ਹਨ ਅਤੇ ਨਾ ਹੀ ਅਧਿਆਤਮਵਾਦੀਆਂ ਦੀ ਗੱਲ ਮੰਨਣ ਨੂੰ ਤਿਆਰ ਹੁੰਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਮਨੁੱਖ ਜਦੋਂ ਗੁਰਮੁਖਤਾਈ ਦਾ ਪਾਂਧੀ ਬਣਦਾ ਹੈ ਤਾਂ ਉਸਨੂੰ ਨਾਮ ਦੀ ਸਮਝ ਪੈ ਜਾਂਦੀ ਹੈ - ਸਤਿਗੁਰੁ ਸਚਾ ਨਾਉ ਗੁਰਮੁਖਿ ਜਾਣੀਐ॥[39]

ਗੁਰਬਾਣੀ ਵਿਚ ਨਾਮ ਵਿਹੂਣੇ ਵਿਅਕਤੀਆਂ ਨੂੰ ਮਨਮੁਖ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਨਾਮ ਵਿਹੂਣੇ ਮਨੁੱਖਾਂ ਦਾ ਜਨਮ ਅਤੇ ਕਰਮ ਦੋਵੇਂ ਹੀ ਨਿੰਦਾਯੋਗ ਹਨ – ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ।।[40]

ਇਸ ਤਰ੍ਹਾਂ ਸਪਸ਼ਟ ਹੈ ਕਿ ਨਾਮ ਮਨੁੱਖੀ ਜੀਵਨ ਦਾ ਆਧਾਰ ਹੈ ਅਤੇ ਨਾਮ ਨੂੰ ਆਧਾਰ ਨਾ ਮੰਨ ਕੇ ਕੀਤੇ ਕਰਮ ਮਨੁੱਖ ਨੂੰ ਕੁਰਾਹੇ ਪਾ ਸਕਦੇ ਹਨ। ਮਨੁੱਖੀ ਜੀਵਨ ਦਾ ਲੋਕ ਅਤੇ ਪ੍ਰਲੋਕ ਦਾ ਉਦੇਸ਼ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਨਾਮ ਨੂੰ ਜੀਵਨ ਦਾ ਅੰਗ ਮੰਨ ਕੇ ਦੁਨਿਆਵੀ ਕਾਰ ਵਿਹਾਰ ਕੀਤੇ ਜਾਣ।

ਗੁਰੂ

ਗੁਰੂ ਦਾ ਮਹੱਤਵ : ਗੁਰੂ ਗਿਆਨ ਦਾ ਪ੍ਰਕਾਸ਼ ਕਰਦਾ ਹੈ ਅਤੇ ਜੋ ਵੀ ਮਨੁੱਖ ਗੁਰੂ ਦੇ ਚਰਨੀਂ ਲੱਗਦਾ ਹੈ ਉਸਨੂੰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਮਨੁੱਖ ਦਾ ਅਧਿਆਤਮਿਕ ਵਿਕਾਸ ਕਰਕੇ ਉਸਨੂੰ ਆਮ ਵਿਅਕਤੀਆਂ ਤੋਂ ਸ੍ਰੇਸ਼ਟ ਬਣਾ ਦਿੰਦਾ ਹੈ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।[41]

ਗੁਰੂ ਮਨੁੱਖ ਦੇ ਜੀਵਨ ਵਿਚ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਮਨੁੱਖ ਦਾ ਅਸਲ ਮਨੋਰਥ ਆਪਣੇ ਮੂਲ ਵੱਲ ਮੁੜਨਾ ਹੈ ਅਤੇ ਗੁਰੂ ਮਨੁੱਖ ਦੇ ਜੀਵਨ ਉਦੇਸ਼ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ – ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ।।[42]

ਗੁਰੂ ਤੋਂ ਬਗੈਰ : ਗੁਰੂ ਤੋਂ ਬਗੈਰ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਰਹਿੰਦਾ ਹੈ। ਇਸ ਦੁਨਿਆਵੀ ਭਵਸਾਗਰ ਵਿਚ ਮਨੁੱਖ ਚੱਪੂਆਂ ਤੋਂ ਬਗੈਰ ਕਿਸ਼ਤੀ ਵਾਂਗ ਹੈ ਜੋ ਕਿਸੇ ਕਿਨਾਰੇ ਨਹੀਂ ਲੱਗ ਸਕਦੀ। ਜਿਵੇਂ ਕਿਸ਼ਤੀ ਨੂੰ ਕਿਨਾਰੇ ਲਾਉਣ ਲਈ ਚੱਪੂਆਂ ਦੀ ਲੋੜ ਪੈਂਦੀ ਹੈ ਉਸੇ ਤਰ੍ਹਾਂ ਮਨੁੱਖ ਨੂੰ ਜੀਵਨ ਉਦੇਸ਼ ਹਾਸਲ ਕਰਨ ਲਈ ਗੁਰੂ ਦੀ ਲੋੜ ਪੈਂਦੀ ਹੈ। ਦੁਨਿਆਵੀ ਚਾਨਣ ਰਾਤ ਦੇ ਹਨੇਰੇ ਨੂੰ ਤਾਂ ਦੂਰ ਕਰ ਸਕਦਾ ਹੈ ਪਰ ਅਗਿਆਨ ਦਾ ਹਨੇਰਾ ਦੂਰ ਕਰਨਾ ਇਸ ਦੇ ਵਸ ਨਹੀਂ ਜਿਵੇਂ ਗੁਰੂ ਅੰਗਦ ਦੇਵ ਜੀ ਸਪਸ਼ਟ ਕਰਦੇ ਹਨ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।।[43]

ਗੁਰਮਤਿ ਅਨੁਸਾਰ ਮਨੁੱਖ ਦਾ ਜੀਵਨ ਉਦੇਸ਼ ਪ੍ਰਭੂ ਚਰਨਾਂ ਦੀ ਪ੍ਰੀਤ ਹਾਸਲ ਕਰਨਾ ਹੈ, ਪਰ ਮਨੁੱਖੀ ਜੀਵਨ ਦੇ ਵਿਕਾਰ ਉਸਦੇ ਰਾਹ ਵਿਚ ਰੁਕਾਵਟ ਪਾਉਂਦੇ ਹਨ। ਜੀਵਨ ਦੀਆਂ ਵਿਕਾਰਾਂ ਰੂਪੀ ਰੁਕਾਵਟਾਂ ਨੂੰ ਗੁਰੂ ਦੀ ਅਗਵਾਈ ਤੋਂ ਬਗੈਰ ਪਾਰ ਕਰਨਾ ਮੁਸ਼ਕਲ ਹੀ ਨਹੀਂ, ਅਸੰਭਵ ਵੀ ਜਾਪਦਾ ਹੈ। ਭੱਟ ਕਹਿੰਦੇ ਹਨ :

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ।।
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ।।[44]

ਭਾਈ ਗੁਰਦਾਸ ਜੀ ਕਹਿੰਦੇ ਹਨ ਗੁਰੂ ਤੋਂ ਬਗੈਰ ਮਨੁੱਖ ਕੁਰਾਹੇ ਪਿਆ ਰਹਿੰਦਾ

ਹੈ ਅਤੇ ਉਸਦੀ ਹਉਮੈ ਵਧਦੀ ਜਾਂਦੀ ਹੈ - ਬਿਨੁ ਗੁਰ ਕੋਇ ਨ ਸਿਝਈ ਹਉਮੈਂ ਵਧਦੀ ਜਾਇ ਵਧੇਰੇ ॥[45]

ਅਖੌਤੀ ਗੁਰੂ : ਗੁਰੂ ਤੋਂ ਬਗੈਰ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ, ਪਰ ਜੇਕਰ ਗੁਰੂ ਧਾਰਨ ਕਰ ਲਿਆ ਜਾਵੇ ਤਾਂ ਵੀ ਵਿਕਾਰਾਂ ਤੋਂ ਮੁਕਤੀ ਨਾ ਮਿਲੇ ਤਾਂ ਸਮਝੋ ਗੁਰੂ ਪੂਰਾ ਨਹੀਂ। ਅਜਿਹੇ ਗੁਰੂਆਂ ਨੂੰ ਦੰਭੀ ਜਾਂ ਅਖੌਤੀ ਗੁਰੂ ਕਿਹਾ ਜਾਂਦਾ ਹੈ। ਅਜਿਹੇ ਅਖੌਤੀ ਗੁਰੂ ਨਾ ਤਾਂ ਆਪ ਤਰ ਸਕਦੇ ਹਨ ਅਤੇ ਨਾ ਕਿਸੇ ਹੋਰ ਨੂੰ ਤਾਰਨ ਦੇ ਸਮਰੱਥ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਜਿਹੇ ਅਖੌਤੀ ਆਗੂ ਝੱਲੇ ਹਨ ਅਤੇ ਉਨ੍ਹਾਂ ਪਿੱਛੇ ਲੱਗਣ ਵਾਲੇ ਚੇਲੇ ਬੇਸ਼ਰਮ ਹਨ :

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥[46]

ਜਿਹੜੇ ਵਿਅਕਤੀਆਂ ਨੇ ਆਪ ਗੁਰੂ ਧਾਰਨ ਨਹੀਂ ਕੀਤਾ, ਆਪ ਕਦੇ ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਜੁਗਤ ਨਹੀਂ ਸਮਝੀ, ਅਜਿਹੇ ਮਨੁੱਖ ਜਦੋਂ ਆਪ ਗੁਰੂ ਬਣ ਬੈਠਦੇ ਹਨ ਤਾਂ ਕਿਸੇ ਨੂੰ ਤਾਰਨ ਦੇ ਸਮਰੱਥ ਨਹੀਂ ਹੁੰਦੇ। ਬੱਚੇ ਕਾਗਜ਼ਾਂ ਦੇ ਰੁਪਏ ਬਣਾ ਕੇ ਖੇਡਦੇ ਹਨ, ਸਭ ਨੂੰ ਪਤਾ ਹੁੰਦਾ ਹੈ ਕਿ ਇਹ ਰੁਪਏ ਬਜ਼ਾਰ ਵਿਚ ਨਹੀਂ ਚੱਲ ਸਕਦੇ, ਪਰ ਜਦੋਂ ਕੋਈ ਮਨੁੱਖ ਇਹ ਨਕਲੀ ਰੁਪਏ ਲੈ ਕੇ ਬਜ਼ਾਰ ਜਾਵੇ ਤਾਂ ਲੋਕ ਉਸਨੂੰ ਮੂਰਖ ਹੀ ਸਮਝਣਗੇ। ਇਸ ਤੋਂ ਇਲਾਵਾ ਅਜਿਹੇ ਨੋਟ ਵੀ ਬਜ਼ਾਰ ਵਿਚ ਮੌਜੂਦ ਹਨ ਜੋ ਅਸਲੀ ਹੋਣ ਦਾ ਭੁਲੇਖਾ ਪਾਉਂਦੇ ਹਨ। ਆਮ ਜਨ ਸਾਧਾਰਨ ਨੂੰ ਅਜਿਹੇ ਨੋਟਾਂ ਰਾਹੀਂ ਠੱਗਿਆ ਜਾਂਦਾ ਹੈ, ਪਰ ਜਦੋਂ ਇਹ ਨੋਟ ਬੈਂਕ ਵਾਲਿਆਂ ਕੋਲ ਜਾਂਦੇ ਹਨ ਤਾਂ ਸਹੀ ਗਲਤ ਦੀ ਪਛਾਣ ਹੋ ਜਾਂਦੀ ਹੈ ਜੋ ਕਿ ਸ਼ਰਮਿੰਦਗੀ ਅਤੇ ਸਜਾ ਦਾ ਕਾਰਣ ਬਣਦੀ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਖੌਤੀ ਆਗੂਆਂ ਨੂੰ ਸਮਾਂ ਆਉਣ ਤੇ ਸ਼ਰਮਸਾਰ ਹੋਣਾ ਪੈਂਦਾ ਹੈ :

ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥[47]

ਭਾਈ ਗੁਰਦਾਸ ਜੀ ਵੀ ਕਹਿੰਦੇ ਹਨ ਕਿ ਅਖੌਤੀ ਆਗੂ ਆਪ ਵੀ ਡੁੱਬਦਾ ਹੈ ਅਤੇ ਆਪਣੇ ਸਾਥੀਆਂ ਨੂੰ ਵੀ ਡੋਬਦਾ ਹੈ -ਅੰਨਾ ਆਗੂ ਸਾਥ ਮੁਹਾਏ॥[48]

ਸਤਿਗੁਰੂ : ਸਤਿਗੁਰੂ ਕੌਣ ਹੈ? ਸਤਿਗੁਰੂ ਦੀ ਪਛਾਣ ਕਿਵੇਂ ਹੋਵੇ? ਸਤਿਗੁਰੂ ਦੀ ਸ਼ਰਨ ਦਾ ਕੀ ਲਾਭ ਹੈ? ਇਸਦਾ ਉੱਤਰ ਦਿੰਦੇ ਹੋਏ ਗੁਰੂ ਸਾਹਿਬਾਨ ਦੱਸਦੇ ਹਨ ਕਿ ਸਤਿਗੁਰੂ ਉਹ ਹੈ ਜਿਸਨੇ ਅਕਾਲ ਪੁਰਖ ਨੂੰ ਜਾਣ ਲਿਆ ਹੈ, ਅਕਾਲ ਪੁਰਖ ਨਾਲ ਲਿਵ ਜੋੜ ਲਈ ਹੈ ਅਤੇ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਬਣ ਗਿਆ ਹੈ। ਗੁਰੂ ਨਾਨਕ ਦੇਵ ਜੀ ਉਤੇ ਉਦਾਸੀਆਂ ਤੇ ਜਾਣ ਤੋਂ ਪਹਿਲਾਂ ਪਰਮਾਤਮਾ ਦੀ ਬਖਸ਼ਿਸ਼ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ - ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋਦੇ ਫਿਰਿ ਘਾਲਿ ਕਮਾਈ॥[49]

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸੱਚਾ ਗੁਰੂ ਉਹ ਹੈ ਜਿਸਨੇ ਪਰਮਾਤਮਾ

ਦੇ ਦਰ ਤੋਂ ਬਖਸ਼ਿਸ਼ ਪ੍ਰਾਪਤ ਕਰ ਲਈ ਹੈ, ਜਿਸ ਦੀ ਸੰਗਤ ਕਰਨ ਨਾਲ ਮਨੁੱਖ ਜਾਤੀ ਦਾ ਭਲਾ ਹੁੰਦਾ ਹੈ ਅਤੇ ਜਿਸਦੇ ਸਾਥ ਨਾਲ ਮਨੁੱਖ ਵਿਕਾਰਾਂ ਤੋਂ ਮੁਕਤੀ ਪਾ ਲੈਂਦਾ ਹੈ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿਗੁਨ ਗਾਉ।[50]

ਵਿਅਕਤੀ ਦਾ ਮਨ ਉਸਨੂੰ ਬੇਚੈਨ ਅਤੇ ਅਸ਼ਾਂਤ ਕਰਦਾ ਹੈ। ਕਈ ਵਿਅਕਤੀ ਅਕਸਰ ਇਹ ਗੱਲ ਕਰਦੇ ਵੇਖੇ ਜਾਂਦੇ ਹਨ ਕਿ ਪਾਠ ਕਰਨ ਨਾਲ ਵੀ ਮਨ ਭਟਕਣ ਵਿਚ ਰਹਿੰਦਾ ਹੈ ਜਾਂ ਪਾਠ ਕਰਦੇ ਸਮੇਂ ਮਨ ਹੋਰ ਥਾਵਾਂ ਤੇ ਤੁਰਿਆ ਫਿਰਦਾ ਹੈ। ਕਲਾਸ ਵਿਚ ਅਧਿਆਪਕ ਪੜ੍ਹਾਉਣ ਤੋਂ ਬਾਅਦ ਵਿਦਿਆਰਥੀ ਨੂੰ ਸਵਾਲ ਪੁੱਛਦਾ ਹੈ ਤਾਂ ਵਿਦਿਆਰਥੀ ਉੱਤਰ ਦੇਣ ਤੋਂ ਅਸਮਰੱਥ ਹੋ ਜਾਂਦਾ ਹੈ ਕਿਉਂਕਿ ਉਸਨੇ ਧਿਆਨ ਨਾਲ ਆਪਣੇ ਅਧਿਆਪਕ ਦੀ ਗੱਲ ਸੁਣੀ ਹੀ ਨਹੀਂ ਹੁੰਦੀ। ਇਸੇ ਤਰ੍ਹਾਂ ਜੇਕਰ ਗੁਰੂ ਦੀ ਗੱਲ ਨੂੰ ਚੰਗੀ ਤਰ੍ਹਾਂ ਸੁਣਿਆ ਨਹੀਂ ਅਤੇ ਜੇਕਰ ਸੁਣਿਆ ਹੈ ਤਾਂ ਸੁਣ ਕੇ ਉਸ ਤੇ ਅਮਲ ਨਹੀਂ ਕੀਤਾ ਤਾਂ ਫਿਰ ਜੀਵਨ ਕਿਵੇਂ ਬਦਲ ਸਕਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਸੱਚੇ ਗੁਰੂ ਦੇ ਸਾਥ ਨਾਲ ਮਨੁੱਖ ਦਾ ਕੇਵਲ ਜੀਵਨ ਹੀ ਨਹੀਂ ਬਦਲਦਾ ਬਲਕਿ ਸਧਾਰਨ ਮਨੁੱਖ ਆਪ ਗੁਰੂ ਸਮਾਨ ਹੋ ਜਾਂਦਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾਲਣ ਅਤੇ ਸਾਥ ਨਾਲ ਲਹਿਣਾ ਜੀ ਗੁਰੂ ਅੰਗਦ ਬਣ ਗਏ। ਗੁਰੂ ਦੇ ਗੁਣ ਅਤੇ ਮਹੱਤਵ ਨੂੰ ਸਪਸ਼ਟ ਕਰਨ ਲਈ ਗੁਰੂ ਜੀ ਇਕ ਮਿਥਹਾਸਿਕ ਪੱਥਰ ਪਾਰਸ ਦੀ ਉਦਾਹਰਣ ਦਿੰਦੇ ਹਨ ਜਿਸਦੀ ਛੋਹ ਨਾਲ ਲੋਹਾ ਸੋਨਾ ਬਣ ਜਾਂਦਾ ਹੈ, ਪਰ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਅਜਿਹਾ ਪਾਰਸ ਹੈ ਜਿਸ ਦੀ ਬਖਸ਼ਿਸ਼ ਨਾਲ ਸਿੱਖ ਗੁਰੂ ਸਮਾਨ ਹੋ ਜਾਂਦਾ ਹੈ – ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ॥[51]

ਮਨ ਦੀ ਸ਼ਾਂਤੀ ਅਤੇ ਮਨ ਦੀ ਮੈਲ ਦੂਰ ਕਰਨ ਲਈ ਲੋਕੀ ਯੱਗ ਅਤੇ ਬਲੀ ਦਾ ਸਹਾਰਾ ਲੈਂਦੇ ਹਨ, ਤੀਰਥਾਂ ਤੇ ਜਾਂਦੇ ਅਤੇ ਵਰਤ, ਨੇਮ ਆਦਿ ਕਰਦੇ ਹਨ। ਤੀਰਥਾਂ ਤੇ ਜਾ ਕੇ ਵਿਸ਼ੇਸ਼ ਦਿਨ ਇਸ਼ਨਾਨ ਕਰਨ ਨਾਲ ਨਾ ਤਾਂ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਨਾ ਹੀ ਮਨ ਵਿਚੋਂ ਹਉਮੈ ਦੂਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਤੱਕ ਮਨ ਦੀ ਮੈਲ ਦੂਰ ਨਹੀਂ ਹੁੰਦੀ ਉਦੋਂ ਤੱਕ ਤੀਰਥਾਂ ਤੇ ਇਸ਼ਨਾਨ ਕਰਨ ਦਾ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਤੀਰਥਾਂ ਤੇ ਨਾਉਣ ਨਾਲ ਹਉਮੈ ਦੂਰ ਨਹੀਂ ਹੁੰਦੀ ਬਲਕਿ ਹੋਰ ਵੱਧ ਜਾਂਦੀ ਹੈ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।[52]

ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸਮੂਹ ਤੀਰਥਾਂ ਦੇ ਇਸ਼ਨਾਨ ਦਾ ਫਲ ਗੁਰੂ ਤੋਂ ਮਿਲਦਾ ਹੈ। ਗੁਰੂ ਤੋਂ ਵੱਡਾ ਹੋਰ ਕੋਈ ਤੀਰਥ ਨਹੀਂ। ਗੁਰੂ ਦੇ ਧਿਆਨ ਰੂਪੀ ਸਰੋਵਰ ਵਿਚ ਮਨ ਦਾ ਇਸ਼ਨਾਨ ਹੁੰਦਾ ਹੈ। ਗੁਰੂ ਦੀ ਸਿੱਖਿਆ ਵਿਚ ਅਨਮੋਲ ਖਜਾਨੇ ਹੁੰਦੇ ਹਨ ਜਿਸ ਨੂੰ ਧਾਰਨ ਕਰਨ ਨਾਲ ਮਨੁੱਖ ਦਾ ਜੀਵਨ ਬਦਲ ਜਾਂਦਾ ਹੈ, ਅਗਿਆਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਗਿਆਨ ਦੇ ਪ੍ਰਕਾਸ਼ ਨਾਲ ਮਨ ਪਵਿੱਤ੍ਰ ਹੋ ਜਾਂਦਾ ਹੈ

ਭਾਵ ਗੁਰੂ ਦੀ ਸੰਗਤ ਅਤੇ ਸਿੱਖਿਆ ਵਿਚੋਂ ਲੱਭੇ ਗਿਆਨ ਵਿਚ ਸਮੂਹ ਤੀਰਥਾਂ ਦਾ ਇਸ਼ਨਾਨ ਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਤੋਂ ਵੱਡਾ ਕੋਈ ਤੀਰਥ ਨਹੀਂ, ਉਸਦੀ ਸਿੱਖਿਆ ਤੇ ਅਮਲ ਕਰਨ ਨਾਲ ਸ਼ਾਂਤੀ ਅਤੇ ਪਰਮ ਉਦੇਸ਼ ਦੀ ਪ੍ਰਾਪਤੀ ਹੁੰਦੀ ਹੈ :

ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥[53]

ਮਨਮੁਖ ਵਿਅਕਤੀ ਗੁਰੂ ਦੀ ਸਿੱਖਿਆ ਤੋਂ ਦੂਰ ਰਹਿ ਕੇ ਆਲੋਚਨਾਮਈ ਭਾਸ਼ਾ ਬੋਲਦੇ ਹਨ, ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਸਮਝ ਨਹੀਂ ਪੈਂਦਾ। ਗੁਰੂ ਸਾਹਿਬਾਨ ਨੇ ਅਜਿਹੇ ਵਿਅਕਤੀਆਂ ਦੀ ਤੁਲਨਾ ਕਾਂ ਨਾਲ ਕੀਤੀ ਹੈ ਜਿਸਨੂੰ ਜਿਨ੍ਹਾਂ ਮਰਜੀ ਵਧੀਆ ਭੋਜਨ ਦੇਵੋ ਪਰ ਉਹ ਗੰਦ ਖਾ ਕੇ ਹੀ ਪ੍ਰਸੰਨ ਹੁੰਦਾ ਹੈ। ਇਸਦੇ ਉਲਟ ਚੰਗੇ ਅਤੇ ਗਿਆਨਵਾਨ ਮਨੁੱਖਾਂ ਦੀ ਤੁਲਨਾ ਹੰਸ ਨਾਲ ਕੀਤੀ ਗਈ ਹੈ ਜੋ ਕਿ ਮੋਤੀ ਖਾ ਕੇ ਖੁਸ਼ ਹੁੰਦਾ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਕਾਂ ਰੂਪੀ ਬਿਰਤੀ ਵਾਲੇ ਮਨੁੱਖ ਗੁਰੂ ਦੇ ਗਿਆਨ ਨੂੰ ਪ੍ਰਾਪਤ ਕਰ ਲੈਣ ਤੋਂ ਬਾਅਦ ਹੰਸ ਰੂਪੀ ਮਨੁੱਖ ਬਣ ਜਾਂਦੇ ਹਨ, ਭਾਵ ਗੁਰੂ ਦਾ ਗਿਆਨ ਰੂਪੀ ਅੰਮ੍ਰਿਤ ਮਨੁੱਖ ਦੇ ਮਨ ਵਿਚੋਂ ਬੁਰਾਈਆਂ ਕੱਢ ਦਿੰਦਾ ਹੈ – ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥[54]

ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਅਜਿਹੀ ਹਸਤੀ ਹੈ ਜੋ ਮਨੁੱਖ ਨੂੰ ਗਿਆਨ ਰੂਪੀ ਚਾਨਣ ਪ੍ਰਦਾਨ ਕਰਦੀ ਹੈ ਅਤੇ ਪਰਮ ਉਦੇਸ਼ ਦੀ ਪ੍ਰਾਪਤੀ ਦਾ ਮਾਰਗ ਦਰਸਾਉਂਦੀ ਹੈ।

ਸ਼ਬਦ

ਸਿੱਖ ਧਰਮ ਵਿਚ ਸ਼ਬਦ ਨੂੰ ਹੀ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਸਮੁੱਚੇ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਦਰਜਾ ਦੇਣ ਤੋਂ ਪਹਿਲਾਂ ਇਹ ਸੰਕੇਤ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਪਸ਼ਟ ਤੌਰ ਤੇ ਵੇਖਣ ਨੂੰ ਮਿਲਦਾ ਹੈ ਕਿ ਸ਼ਬਦ ਹੀ ਉਨ੍ਹਾਂ ਦਾ ਗੁਰੂ ਸੀ – ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[55]

ਸ਼ਬਦ ਦਾ ਵਿਚਾਰ ਸਿੱਖ ਧਰਮ ਤੋਂ ਇਲਾਵਾ ਦੂਜੇ ਧਰਮਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ। ਯਹੂਦੀ ਧਰਮ ਵਿਚ ਇਹ ਮੰਨਿਆ ਗਿਆ ਹੈ ਕਿ ਪਰਮਾਤਮਾ ਦੇ ਸ਼ਬਦ ਨਾਲ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ : "ਪਰਮੇਸ਼ੁਰ ਨੇ ਆਖਿਆ ਕਿ ਚਾਨਣ ਹੋਵੇ ਤਾਂ ਚਾਨਣ ਹੋ ਗਿਆ।"[56] ਈਸਾਈ ਧਰਮ ਵਿਚ ਕਿਹਾ ਗਿਆ ਕਿ "ਆਦ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸੁਰ ਸੀ। ਸਭੋ ਕੁਝ ਉਸਤੋਂ ਰਚਿਆ ਗਿਆ ਅਤੇ ਰਚਨਾ ਵਿਚੋਂ ਇਕ ਵਸਤੂ ਭੀ ਉਸਤੋਂ ਬਿਨਾ ਨਹੀਂ ਰਚੀ ਗਈ।"[57] ਇਸਲਾਮ ਵਿਚ ਵੀ ਅੱਲਾਹ ਦੇ ਸ਼ਬਦ ਰਾਹੀਂ ਹੀ ਸਾਰੀ ਕਾਇਨਾਤ ਦੀ ਹੋਂਦ ਮੰਨੀ ਗਈ ਹੈ, ਇਸ ਸੰਬੰਧੀ ਇਕ ਸ਼ਬਦ 'ਕੁੰਨ' ਦਾ ਉਲੇਖ ਕੀਤਾ ਗਿਆ ਹੈ ਜਿਸਦਾ ਅਰਥ ਹੈ 'ਹੋ ਜਾ'। ਕੁਰਾਨ ਵਿਚ ਦੱਸਿਆ ਗਿਆ ਹੈ, "ਅੱਲਾਹ ਜਦੋਂ ਕਿਸੇ ਕੰਮ ਨੂੰ ਕਰਨ ਦਾ ਨਿਰਣਾ ਕਰ ਲੈਂਦਾ ਹੈ ਤਾਂ ਕੇਵਲ ਇੰਨਾਂ ਆਖਦਾ ਹੈ ਕਿ 'ਹੋ ਜਾ' ਅਤੇ ਉਹ ਹੋ ਜਾਂਦਾ ਹੈ।"[58]

ਗੁਰਬਾਣੀ ਵਿਚ ਵੀ ਸ਼ਬਦ ਨੂੰ ਹੀ ਇਸ ਜਗਤ ਦੀ ਉਤਪਤੀ ਅਤੇ ਵਿਨਾਸ਼ ਦਾ ਕਾਰਨ ਮੰਨਿਆ ਗਿਆ ਹੈ। ਪਰਮਾਤਮਾ ਦਾ ਸ਼ਬਦ ਹੀ ਇਸ ਸ੍ਰਿਸ਼ਟੀ ਦਾ ਮੂਲ ਹੈ ਜਿਸਦਾ ਉਲੇਖ ਕਰਦੇ ਹੋਏ ਗੁਰੂ ਅਮਰਦਾਸ ਜੀ ਕਹਿੰਦੇ ਹਨ :

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥[59]

ਸ਼ਬਦ ਨੂੰ ਜਗਤ ਰੂਪੀ ਭਵਸਾਗਰ ਪਾਰ ਕਰਨ ਦਾ ਸਾਧਨ ਮੰਨਿਆ ਗਿਆ ਹੈ। ਸ਼ਬਦ ਦਾ ਸਥਾਨ ਸਰੀਰ ਵਿਚ ਮੰਨਦੇ ਹੋਏ ਜੋਗੀ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ ਕਿ ਸੰਸਾਰ ਸਾਗਰ ਨੂੰ ਪਾਰ ਕਰਾਉਣ ਵਾਲਾ ਸ਼ਬਦ ਕਿੱਥੇ ਵੱਸਦਾ ਹੈ – ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥[60] ਗੁਰੂ ਜੀ ਸ਼ਬਦ ਰੂਪੀ ਪਰਮਾਤਮਾ ਦੀ ਹੋਂਦ ਸਰਵ ਵਿਆਪਕ ਮੰਨਦੇ ਹੋਏ ਉੱਤਰ ਦਿੰਦੇ ਹਨ – ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥[61]

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਧਾਰਮਿਕ ਆਗੂਆਂ ਨੂੰ ਮਿਲੇ ਜਿਨ੍ਹਾਂ ਦੀ ਜੀਵਨਜਾਚ ਵਿਚ ਗੁਰੂ ਜੀ ਨੂੰ ਸੱਚ ਦੀ ਕਿਰਨ ਦਿਖਾਈ ਨਹੀਂ ਦਿੱਤੀ। ਮੁਸਲਮਾਨਾਂ ਨਾਲ ਨਮਾਜ਼ ਪੜ੍ਹਨ ਗਏ ਗੁਰੂ ਜੀ ਨੇ ਉਨ੍ਹਾਂ ਦੇ ਮਨ ਪੜ੍ਹ ਲਏ, ਬ੍ਰਾਹਮਣਾਂ ਨਾਲ ਆਰਤੀ ਦੀ ਰਸਮ ਸਮੇਂ ਉਨ੍ਹਾਂ ਦੁਆਰਾ ਕੀਤੇ ਜਾਂਦੇ ਕਰਮਕਾਂਡ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕੀਤਾ ਤਾਂ ਕਿਤੇ ਵੀ ਸੱਚ ਦੀ ਜੋਤ ਦਿਖਾਈ ਨਹੀਂ ਦਿੱਤੀ ਜੋ ਮਨੁੱਖ ਨੂੰ ਸਹੀ ਮਾਰਗ ਵੱਲ ਲੈ ਕੇ ਜਾਂਦੀ ਹੋਵੇ। ਜੋਗੀਆਂ ਨਾਲ ਗੋਸ਼ਟ ਸਮੇਂ ਇਹ ਅਨੁਭਵ ਕੀਤਾ ਕਿ ਇਹ ਜੋਗੀ ਥਾਂ-ਥਾਂ ਫਿਰਦੇ ਰਹਿੰਦੇ ਹਨ ਪਰ ਮਨ ਦੀ ਭਟਕਣ ਖਤਮ ਨਹੀਂ ਹੋਈ। ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਸੱਚੇ ਸ਼ਬਦ ਵਾਲੇ ਮਾਰਗ 'ਤੇ ਚੱਲੇ ਬਗੈਰ ਮੁਕਤੀ ਨਹੀਂ ਹੋ ਸਕਦੀ :

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥[62]

ਸੱਚੇ ਸ਼ਬਦ ਵਾਲੇ ਮਾਰਗ ਤੇ ਚੱਲਣ ਨਾਲ ਅੰਦਰੂਨੀ ਅਤੇ ਬਾਹਰੀ ਭਟਕਣ ਖਤਮ ਹੋ ਜਾਂਦੀ ਹੈ, ਜਿਸ ਨਾਲ ਬਾਹਰੀ ਰੂਪ ਵਿਚ ਕੀਤੇ ਜਾਂਦੇ ਤੀਰਥ ਇਸ਼ਨਾਨ, ਯੱਗ, ਬਲੀ, ਹਠੀ ਸਾਧਨਾਵਾਂ ਅਤੇ ਹੋਰਨਾਂ ਅਜਿਹੇ ਕਰਮਕਾਂਡਾਂ ਦੀ ਜ਼ਰੂਰਤ ਨਹੀਂ ਪੈਂਦੀ ਅਤੇ ਅੰਦਰੂਨੀ ਤੌਰ ਤੇ ਵਿਕਾਰਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਸ਼ਬਦ ਤੋਂ ਬਗੈਰ ਮਨੁੱਖੀ ਜੀਵਨ ਸ਼ਾਂਤ ਨਹੀਂ ਹੋ ਸਕਦਾ ਹੈ ਅਤੇ ਹਮੇਸ਼ਾਂ ਭਟਕਣ ਵਿਚ ਪਿਆ ਰਹਿੰਦਾ ਹੈ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥[63]
ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥[64]

ਸ਼ਬਦ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਿਆ ਗਿਆ ਹੈ ਜੋ ਕਿ ਮਨੁੱਖੀ ਜੀਵਨ ਵਿਚਲੀਆਂ ਸਮੱਸਿਆਵਾਂ ਨੂੰ ਦੂਰ ਕਰਨ ਦਾ ਸਾਧਨ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਵੇਂ ਕਿਸੇ ਇਮਾਰਤ ਨੂੰ ਥੰਮ ਦੇ ਸਹਾਰੇ ਖੜਾ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਮਨੁੱਖ ਦੇ ਮਨ ਨੂੰ ਸ਼ਬਦ ਦੁਆਰਾ ਭਟਕਣ ਤੋਂ ਰੋਕਿਆ ਜਾ ਸਕਦਾ ਹੈ – ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥[65]

ਇਸ ਤਰ੍ਹਾਂ ਸਪਸ਼ਟ ਹੈ ਕਿ ਸ਼ਬਦ ਇਸ ਜਗਤ ਦਾ ਆਧਾਰ ਹੈ ਜੋ ਕਿ ਮਨੁੱਖ ਦੇ ਮਨ ਨੂੰ ਟਿਕਾਉ ਅਤੇ ਅਨੰਦ ਦੀ ਅਵਸਥਾ ਪ੍ਰਦਾਨ ਕਰਕੇ ਉਸਨੂੰ ਜੀਵਨ ਉਦੇਸ਼ ਹਾਸਲ ਕਰਨ ਵਿਚ ਸਹਾਇਤਾ ਕਰਦਾ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 1291.
2. ਉਹੀ, ਪੰਨਾ 350.
3. ਉਹੀ, ਪੰਨਾ 7.
4. ਉਹੀ, ਪੰਨਾ 6.
5. *ਵਾਰਾਂ ਭਾਈ ਗੁਰਦਾਸ*, ਵਾਰ 3.15.
6. ਗੁਰੂ ਗ੍ਰੰਥ ਸਾਹਿਬ, ਪੰਨਾ 296.
7. ਉਹੀ, ਪੰਨਾ 929.
8. ਉਹੀ, ਪੰਨਾ 1429.
9. ਉਹੀ, ਪੰਨਾ 1.
10. ਮੁਨੀ ਪੁਨਿਯਵਿਜਯ (ਸੰਪਾ.), *ਪੁੱਣਵਣਸੁਤੰ, ਜੈਨ ਆਗਮ ਗ੍ਰੰਥਮਾਲਾ: ਗ੍ਰੰਥ 9*, ਭਾਗ 1, ਪੰਨਾ 1.
11. *ਵਾਰਾਂ ਭਾਈ ਗੁਰਦਾਸ*, ਵਾਰ 24.1.
12. ਗੁਰੂ ਗ੍ਰੰਥ ਸਾਹਿਬ, ਪੰਨਾ 463.
13. *ਵਾਰਾਂ ਭਾਈ ਗੁਰਦਾਸ*, ਵਾਰ 18.7.
14. ਗੁਰੂ ਗ੍ਰੰਥ ਸਾਹਿਬ, ਪੰਨਾ 12.
15. ਉਹੀ, ਪੰਨਾ 999.
16. ਉਹੀ, ਪੰਨਾ 464.
17. ਉਹੀ, ਪੰਨਾ 293.
18. ਉਹੀ, ਪੰਨਾ 1427.
19. ਉਹੀ, ਪੰਨਾ 592.
20. ਉਹੀ, ਪੰਨਾ 942.
21. ਉਹੀ, ਪੰਨਾ 1038.
22. ਉਹੀ, ਪੰਨਾ 1082.
23. ਉਹੀ, ਪੰਨਾ 1136.
24. ਉਹੀ, ਪੰਨਾ 1136.
25. ਉਹੀ, ਪੰਨਾ 2.
26. ਉਹੀ, ਪੰਨਾ 663.
27. ਉਹੀ, ਪੰਨਾ 463.
28. ਉਹੀ, ਪੰਨਾ 599.
29. ਉਹੀ, ਪੰਨਾ 274.
30. ਉਹੀ, ਪੰਨਾ 401.
31. ਉਹੀ, ਪੰਨਾ 919.

32. ਉਹੀ, ਪੰਨਾ 239.
33. ਉਹੀ, ਪੰਨਾ 1242.
34. ਭਾਈ ਜੋਧ ਸਿੰਘ, *ਗੁਰਮਤਿ ਨਿਰਣਯ*, ਪੰਨਾ 168.
35. ਗੁਰੂ ਗ੍ਰੰਥ ਸਾਹਿਬ, ਪੰਨਾ 1334.
36. ਉਹੀ, ਪੰਨਾ 358.
37. ਉਹੀ, ਪੰਨਾ 467.
38. ਉਹੀ, ਪੰਨਾ 405.
39. *ਵਾਰਾਂ ਭਾਈ ਗੁਰਦਾਸ*, ਵਾਰ 14.1.
40. ਗੁਰੂ ਗ੍ਰੰਥ ਸਾਹਿਬ, ਪੰਨਾ 489.
41. ਉਹੀ, ਪੰਨੇ 462 63.
42. ਉਹੀ, ਪੰਨਾ 424.
43. ਉਹੀ, ਪੰਨਾ 463.
44. ਉਹੀ, ਪੰਨਾ 1401.
45. *ਵਾਰਾਂ ਭਾਈ ਗੁਰਦਾਸ*, ਵਾਰ 40.8.
46. ਗੁਰੂ ਗ੍ਰੰਥ ਸਾਹਿਬ, ਪੰਨਾ 1286.
47. ਉਹੀ, ਪੰਨਾ 140.
48. *ਵਾਰਾਂ ਭਾਈ ਗੁਰਦਾਸ*, ਵਾਰ 37.28.
49. ਉਹੀ, ਵਾਰ 1.24.
50. ਗੁਰੂ ਗ੍ਰੰਥ ਸਾਹਿਬ, ਪੰਨਾ 286.
51. ਉਹੀ, ਪੰਨਾ 1172.
52. ਉਹੀ, ਪੰਨਾ 789.
53. ਉਹੀ, ਪੰਨੇ 1328-29.
54. ਉਹੀ, ਪੰਨਾ 493.
55. ਉਹੀ, ਪੰਨਾ 943.
56. ਬਾਈਬਲ, ਪੁਰਾਣਾ ਅਹਿਦਨਾਮਾ, ਉਤਪਤੀ 1.3.
57. ਉਹੀ, ਨਵਾਂ ਅਹਿਦਨਾਮਾ, ਯਹੂੰਨਾ ਦੀ ਇੰਜੀਲ, 1.3.
58. ਕੁਰਾਨ, ਆਲੇ-ਇਮਰਾਨ 48.
59. ਗੁਰੂ ਗ੍ਰੰਥ ਸਾਹਿਬ, ਪੰਨਾ 117.
60. ਉਹੀ, ਪੰਨਾ 944.
61. ਉਹੀ, ਪੰਨਾ 944.
62. ਉਹੀ, ਪੰਨਾ 938.
63. ਉਹੀ, ਪੰਨਾ 635.
64. ਉਹੀ, ਪੰਨਾ 601.
65. ਉਹੀ, ਪੰਨਾ 282.

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ

ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਸਦੀਵੀ ਧਰਮ ਗ੍ਰੰਥ ਹੈ ਜੋ ਕਿ ਹਰ ਸਿੱਖ ਲਈ ਕੇਂਦਰੀ ਧੁਰੇ ਵਜੋਂ ਕਾਰਜ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 'ਰੱਬੀ ਬਾਣੀ' ਜਾਂ 'ਧੁਰ ਕੀ ਬਾਣੀ' ਕਿਹਾ ਜਾਂਦਾ ਹੈ ਜੋ ਸਦੀਵੀਂ ਗੁਰੂ ਵਜੋਂ ਜਾਣੀ ਜਾਂਦੀ ਹੈ। ਆਮ ਲੋਕਾਂ ਦੀ ਭਾਸ਼ਾ ਵਿਚ ਰਚਿਤ ਇਸ ਗ੍ਰੰਥ ਦੇ ਅਨੁਸਾਰ ਹਰ ਇਕ ਸਿੱਖ ਆਪਣੀ ਜੀਵਨਜਾਚ ਨਿਰਧਾਰਤ ਕਰਦਾ ਹੈ। ਦੇਵ ਭਾਸ਼ਾ ਮੰਨੀ ਜਾਂਦੀ ਸੰਸਕ੍ਰਿਤ ਦੇ ਪੈਰੋਕਾਰਾਂ ਨੇ ਗੁਰੂ ਗ੍ਰੰਥ ਸਾਹਿਬ ਰਾਹੀਂ ਰੱਬੀ ਸੰਦੇਸ਼ ਦੇਣ ਦਾ ਵਿਰੋਧ ਕੀਤਾ। ਸਿੱਖਾਂ ਦੀ ਭਗਤਮਾਲਾ ਵਿਚ ਦੱਸਿਆ ਗਿਆ ਹੈ ਕਿ ਕਸ਼ਮੀਰ ਦੇ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਥੋਂ ਦੇ ਬ੍ਰਾਹਮਣ ਸਿੱਖਾਂ ਨੂੰ ਗੁਰੂ ਜੀ ਦੀ ਬਾਣੀ ਪੜ੍ਹਨ ਨਹੀਂ ਦਿੰਦੇ। ਉਹ ਕਹਿੰਦੇ ਹਨ ਕਿ ਸੰਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਨੁੱਖ ਬਾਣੀ ਹੈ। ਉਹ ਸਾਨੂੰ ਸਿੱਖੀ ਕਾਰਜ ਵੀ ਨਹੀਂ ਕਰਨ ਦਿੰਦੇ। ਗੁਰੂ ਜੀ ਨੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰਦੇ ਹੋਏ ਮਾਧੋ ਸੋਢੀ ਨੂੰ ਕਸ਼ਮੀਰ ਵਿਚ ਸਿੱਖੀ ਪ੍ਰਚਾਰ ਲਈ ਭੇਜਿਆ, ਉਸ ਨੂੰ ਗੁਰੂ ਸਾਹਿਬਾਨ ਦੀ ਬਾਣੀ ਦਾ ਗਹਿਨ ਅਧਿਐਨ ਸੀ। ਉਸਨੇ ਉਥੇ ਜਾ ਕੇ ਗੁਰਬਾਣੀ ਦੀ ਕਥਾ ਆਰੰਭ ਕਰ ਦਿੱਤੀ ਤਾਂ ਪੰਡਤਾਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਭਾਖਿਆ ਨੂੰ ਬਾਣੀ ਨਹੀਂ ਮੰਨਦੇ। ਮਾਧੋ ਨੇ ਸਮਝਾਇਆ ਕਿ ਘਿਉ ਭਾਵੇਂ ਧਾਤ ਦੇ ਭਾਂਡੇ ਵਿਚ ਹੋਵੇ ਭਾਵੇਂ ਮਿੱਟੀ ਦੇ ਭਾਂਡੇ ਵਿਚ। ਘਿਉ ਦੇ ਗੁਣਾਂ ਵਿਚ ਪਰਿਵਰਤਨ ਨਹੀਂ ਹੁੰਦਾ। ਇਸ ਤਰ੍ਹਾਂ ਆਤਮ ਗਿਆਨ ਭਾਵੇਂ ਸੰਸਕ੍ਰਿਤ ਭਾਸ਼ਾ ਵਿਚ ਹੋਵੇ ਜਾਂ ਭਾਖਾ ਵਿਚ, ਇਹ ਸਰਬ ਕਲਿਆਣਕਾਰੀ ਹੁੰਦਾ ਹੈ। ਮਾਧੋ ਨੇ ਕਿਹਾ ਕਿ ਗੁਰੂ ਜੀ ਨੇ ਜਨ-ਸਾਧਾਰਨ ਨੂੰ ਸਮਝਾਉਣ ਲਈ ਭਾਖਾ ਬਾਣੀ ਦੀ ਵਰਤੋਂ ਕੀਤੀ ਹੈ। ਇਸ ਬਿਰਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਆਮ ਲੋਕਾਂ ਦੇ ਉੱਧਾਰ ਲਈ ਗੁਰਮੁਖੀ ਭਾਸ਼ਾ ਵਿਚ ਉੱਤਮ ਬਾਣੀ ਦੀ ਰਚਨਾ ਕੀਤੀ ਹੈ ਜੋ ਕਿ ਨਿੰਰਕਾਰ ਵਿਚ ਸੰਸਾਰ ਦੀ ਅਭੇਦਤਾ ਨੂੰ ਸਾਕਾਰ ਰੂਪ ਪ੍ਰਦਾਨ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਇਸ ਦੀ ਸੰਪਾਦਨਾ ਗੁਰੂ ਸਾਹਿਬਾਨ ਨੇ ਆਪਣੇ ਹੱਥਾਂ ਨਾਲ ਕਰਕੇ ਇਸ ਨੂੰ ਸੰਪੂਰਨ ਤੌਰ ਤੇ ਪ੍ਰਮਾਣਿਕਤਾ ਪ੍ਰਦਾਨ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਬਾਣੀ ਇਕੱਤਰ ਕਰਨ ਦਾ ਕਾਰਜ ਆਰੰਭ ਕਰ ਲਿਆ ਸੀ। ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਹਮਣੇ ਆਈ। ਇਸ ਬਾਣੀ ਵਿਚ ਤਿੰਨ ਪ੍ਰਮੁਖ ਸਿਧਾਂਤ ਵੇਖਣ ਨੂੰ ਮਿਲਦੇ ਹਨ - ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ। ਇਹ ਤਿੰਨੇ ਸਿਧਾਂਤ ਸਿੱਖ ਨੂੰ ਜਿੱਥੇ ਆਦਰਸ਼ ਮਾਰਗ ਤੇ ਚੱਲਣ ਦੇ ਪ੍ਰੇਰਣਾ ਸਰੋਤ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ ਉਥੇ ਨੈਤਿਕ ਜੀਵਨਜਾਚ ਵੀ ਨਿਰਧਾਰਤ ਕਰਦੇ ਹਨ। ਇਨ੍ਹਾਂ ਮੂਲ

ਸਿਧਾਂਤਾਂ ਬਾਰੇ ਸੰਖੇਪ ਤੌਰ ਤੇ ਇੱਥੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨਾਮ ਜਪਣਾ

ਨਾਮ ਜਪਣਾ ਦੋ ਸ਼ਬਦਾਂ ਦੇ ਸੁਮੇਲ ਦਾ ਪ੍ਰਗਟਾਵਾ ਕਰਦਾ ਹੈ - ਨਾਮ ਅਤੇ ਜਾਪ। ਨਾਮ ਸ਼ਬਦ ਦੋ ਰੂਪਾਂ ਵਿਚ ਸਾਹਮਣੇ ਆਇਆ ਹੈ ਇਕ ਹੈ ਵਸਤੂਵਾਚਕ ਜਿਵੇਂ ਮਨੁੱਖ, ਬੈਲ, ਪਹਾੜ ਆਦਿ ਅਤੇ ਦੂਜਾ ਹੈ ਭਾਵਵਾਚਕ ਜਿਵੇਂ ਸੁੰਦਰਤਾ, ਕਠੋਰਤਾ, ਭਲਮਨਸਊ, ਭਰੱਪਣ ਆਦਿ। ਗੁਰਬਾਣੀ ਵਿਚ ਨਾਮ ਕਰਤਾਰ ਅਤੇ ਉਸਦਾ ਹੁਕਮ-ਬੋਧਕ ਸ਼ਬਦ ਵੀ ਹੈ[1] ਜਿਸ ਰਾਹੀਂ ਉਸ ਦੇ ਸਰੂਪ ਦਾ ਵਰਨਨ ਕਰਨ ਦੇ ਨਾਲ-ਨਾਲ ਉਸਦੀ ਮਹਿਮਾ ਦਾ ਗਾਇਨ ਕੀਤਾ ਜਾਂਦਾ ਹੈ। ਏਸੇ ਤਰ੍ਹਾਂ 'ਜਪ' ਸ਼ਬਦ ਦਾ ਭਾਵ ਹੈ ਕਿਸੇ ਨੂੰ ਯਾਦ ਕਰਨਾ ਜਾਂ ਮਨ ਵਿਚ ਚੇਤੇ ਰੱਖਣਾ। ਗੁਰਬਾਣੀ ਪਰਮਾਤਮਾ ਦਾ ਨਾਮ ਯਾਦ ਰੱਖਣ ਤੇ ਜ਼ੋਰ ਦਿੰਦੀ ਹੈ ਜੋ ਕਿ ਮਨੁੱਖ ਨੂੰ ਅਧਿਆਤਮਿਕ ਅਤੇ ਸਦਾਚਾਰਕ ਮਾਰਗ ਦਾ ਧਾਰਨੀ ਬਣਾਉਣ ਦਾ ਕਾਰਜ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ' ਸਿੱਧੇ ਤੌਰ ਤੇ ਪਰਮਾਤਮਾ ਦਾ ਨਾਮ ਜਪਣ ਅਤੇ ਸਦਾਚਾਰਕ ਜੀਵਨ ਦਾ ਧਾਰਨੀ ਹੋਣ ਤੇ ਜ਼ੋਰ ਦਿੰਦੀਆਂ ਹਨ।

ਨਾਮ ਸਿਮਰਨ ਵਿਅਕਤੀ ਦੀ ਰੋਜ਼ਾਨਾ ਜੀਵਨਜਾਚ ਵਿਚ ਸ਼ੁੱਧੀ ਪ੍ਰਦਾਨ ਕਰਨ ਦਾ ਕਾਰਜ ਕਰਦਾ ਹੈ। ਇਹ ਜਿੱਥੇ ਇਕ ਪਾਸੇ ਪਰਮਾਤਮਾ ਨਾਲ ਜੋੜੀ ਰੱਖਣ ਵਿਚ ਸਹਾਈ ਹੁੰਦਾ ਹੈ ਉਥੇ ਜੀਵਨ ਵਿਚ ਸੱਚਾਈ ਅਤੇ ਇਮਾਨਦਾਰੀ ਦੇ ਕਾਰਜ ਕਰਨ ਦਾ ਉੱਦਮ ਵੀ ਪ੍ਰਦਾਨ ਕਰਦਾ ਹੈ। ਨਾਮ ਸਿਮਰਨ ਦੀਆਂ "ਪੰਜ ਅਵਸਥਾਵਾਂ ਹਨ: ਪਹਿਲੀ ਨਾਮ ਦਾ ਭਾਵ 'ਵਾਹਿਗੁਰੂ' ਸ਼ਬਦ ਦਾ ਮੂੰਹ ਨਾਲ ਲਗਾਤਾਰ ਜਾਪ। ਦੂਜੀ, ਨਾਮ ਦਾ ਮਨ ਵਿਚ ਵਸ ਜਾਣਾ। ਤੀਜੀ ਪ੍ਰਭੂ ਦੇ ਮਿਲਾਪ ਲਈ ਤਾਂਘ- ਜਿਵੇਂ ਕਿ ਇਕ ਪਤਨੀ ਆਪਣੇ ਪ੍ਰਿਆ ਦੀ ਉਡੀਕ ਕਰਦੀ ਹੈ। ਚੌਥੀ, ਸਭ ਥਾਈਂ 'ਵਾਹਿਗੁਰੂ' ਜੀ ਦੇ ਦੀਦਾਰ ਕਰਨੇ। ਆਖਰੀ ਅਵਸਥਾ ਹੈ ਸਰਬ-ਸ਼ਕਤੀਮਾਨ ਪਰਮਾਤਮਾ ਨਾਲ ਇਕ-ਮਿਕ ਹੋ ਜਾਣਾ।"[2]

ਸਿੱਖ ਰਹਿਤ ਮਰਯਾਦਾ ਹਰ ਇਕ ਸਿੱਖ ਲਈ ਜੀਵਨਜਾਚ ਨਿਰਧਾਰਤ ਕਰਨ ਵਾਲੀ ਸੇਧ ਪ੍ਰਦਾਨ ਕਰਦੀ ਹੈ, ਜਿਸ ਵਿਚ ਕਿਹਾ ਗਿਆ ਹੈ "ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ।"[3] ਇਸ ਤੋਂ ਇਲਾਵਾ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਦਾ ਵਿਧਾਨ ਹੈ। ਇਕਾਂਤ ਅਤੇ ਸ਼ਾਂਤ ਅਵਸਥਾ ਵਿਚ ਇਸ ਕਾਰਜ ਨੂੰ ਕਰਨ ਉਪਰੰਤ ਸੰਗਤ ਵਿਚ ਜੁੜ ਕੇ ਗੁਰਬਾਣੀ ਦੇ ਅਭਿਆਸ ਦੀ ਤਾਕੀਦ ਕੀਤੀ ਗਈ ਹੈ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ "ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ, ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।"[4] ਗੁਰਦੁਆਰਿਆਂ ਵਿਚ ਆਮ ਤੌਰ ਤੇ ਸਵੇਰ ਦੀ ਸਭਾ ਸਮੇਂ ਆਸਾ ਦੀ ਵਾਰ ਗਾਇਨ ਕਰਨ ਦਾ ਵਿਧਾਨ ਪ੍ਰਚਲਿਤ ਹੈ।[5] ਇਸ ਤਰ੍ਹਾਂ ਗੁਰਮਤਿ ਵਿਚ ਨਾਮ ਸਿਮਰਨ ਦੇ ਦੋ ਪਹਿਲੂ ਉਘੜ ਕੇ ਸਾਹਮਣੇ ਆਉਂਦੇ ਹਨ, ਇਕ ਹੈ ਇਕਾਂਤ

ਵਿਚ ਨਾਮ ਦਾ ਜਾਪ ਅਤੇ ਦੂਜਾ ਹੈ ਸੰਗਤ ਵਿਚ ਇਸ ਦਾ ਅਭਿਆਸ ਕਰਨਾ ਤਾਂ ਕਿ ਮਾਇਆ ਵਿਚ ਉਦਾਸ ਵਾਲਾ ਜੀਵਨ ਆਦਰਸ਼ ਕਾਇਮ ਰੱਖਿਆ ਜਾ ਸਕੇ।

ਨਾਮ ਸਿਮਰਨ ਦਾ ਅਭਿਆਸ ਸਿੱਖ ਨੂੰ ਜੀਵਨ ਦੇ ਹਰ ਮੋੜ ਤੇ ਪ੍ਰਭੂ-ਮੁਖੀ ਬਣਾਈ ਰੱਖਣ ਦਾ ਕਾਰਜ ਕਰਦਾ ਹੈ। ਸਿੱਖ ਧਰਮ ਦੇ ਉਦਗਮ ਸਮੇਂ ਭਾਰਤ ਵਿਚ ਹਿੰਦੂ ਪਰੰਪਰਾਵਾਂ ਦਾ ਬੋਲਬਾਲਾ ਸੀ ਜਿੱਥੇ ਮਨੁੱਖੀ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਵੇਖਿਆ ਜਾਂਦਾ ਸੀ – ਬ੍ਰਹਮਚਰਯ, ਗ੍ਰਹਿਸਤ, ਵਨਪ੍ਰਸਥ ਅਤੇ ਸੰਨਿਆਸ। ਜੀਵਨ ਦੇ ਪਹਿਲੇ ਹਿੱਸੇ ਵਿਚ ਵਿਦਿਆ ਗ੍ਰਹਿਣ ਕਰਨ ਦਾ, ਦੂਜੇ ਹਿੱਸੇ ਵਿਚ ਦੁਨੀਆਦਾਰੀ ਨਿਭਾਉਣ ਦਾ, ਤੀਜੇ ਹਿੱਸੇ ਵਿਚ ਧਾਰਮਿਕ ਕਾਰਜਾਂ ਪ੍ਰਤੀ ਰੁਚੀ ਧਾਰਨ ਕਰਨ ਦਾ ਅਤੇ ਚੌਥੇ ਹਿੱਸੇ ਵਿਚ ਇਕਾਂਤਵਾਸ ਹੋ ਕੇ ਧਰਮ ਦਾ ਮਾਰਗ ਧਾਰਨ ਕਰਨ ਦਾ ਵਿਧਾਨ ਆਮ ਤੌਰ ਪ੍ਰਚਲਿਤ ਸੀ। ਸਿੱਖ ਧਰਮ ਵਿਚ ਇਨ੍ਹਾਂ ਚਾਰ ਆਸ਼ਰਮਾਂ ਦਾ ਕੋਈ ਸਥਾਨ ਨਾ ਮੰਨਦੇ ਹੋਏ ਜੀਵਨ ਦੇ ਆਰੰਭ ਤੋਂ ਹੀ ਧਾਰਮਿਕ ਮਾਰਗ ਅਪਣਾਉਣ ਤੇ ਜ਼ੋਰ ਦਿੱਤਾ ਗਿਆ ਅਤੇ ਇਸ ਵਿਚ ਪ੍ਰਭੂ ਦੇ ਨਾਮ ਸਿਮਰਨ ਦੁਆਲੇ ਸਮੁੱਚੀ ਜੀਵਨਜਾਚ ਨਿਰਧਾਰਤ ਕਰਨ ਦਾ ਮਾਰਗ ਦਰਸਾਇਆ ਗਿਆ। ਇਨ੍ਹਾਂ ਅਰਥਾਂ ਵਿਚ ਨਾਮ ਸਿਮਰਨ ਜਿੱਥੇ ਮਨੁੱਖ ਨੂੰ ਪ੍ਰਭੂ ਨਾਲ ਜੋੜ ਕੇ ਅਧਿਆਤਮਿਕ ਵਿਕਾਸ ਦਾ ਕਾਰਜ ਕਰਦਾ ਹੈ ਉਥੇ ਜੀਵਨ ਦੇ ਹਰ ਮੋੜ ਤੇ ਮਨੁੱਖੀ ਮਨ ਨੂੰ ਬੇਕਾਬੂ ਹੋਣ ਤੋਂ ਰੋਕ ਕੇ ਸਦਾਚਾਰਕ ਜੀਵਨ ਦਾ ਧਾਰਨੀ ਬਣਾਉਂਦਾ ਹੈ ਜਿਸ ਨਾਲ ਸਮੁੱਚਾ ਜੀਵਨਪੰਧ ਇਕੋ ਜਿਹੇ ਸਮਤਲ ਪੱਧਰ ਦਾ ਅਧਿਕਾਰੀ ਬਣਦਾ ਹੈ ਜਿਸਨੂੰ ਨਾ ਤਾਂ ਦੁਨਿਆਵੀ ਚਕਾਚੌਂਧ ਪ੍ਰਭਾਵਤ ਕਰਦੀ ਹੈ ਅਤੇ ਨਾ ਹੀ ਮਨ ਵਿਚ ਭਟਕਣ ਪੈਦਾ ਹੁੰਦੀ ਹੈ।

ਨਾਮ ਸਿਮਰਨ ਇਕ ਅਜਿਹੀ ਨਿਰੰਤਰ ਪ੍ਰਕ੍ਰਿਆ ਹੈ ਜੋ ਹਰ ਵੇਲੇ ਮਨੁੱਖ ਨੂੰ ਪਰਮਾਤਮਾ ਦੀ ਹੋਂਦ ਮਨ ਵਿਚ ਵਸਾਈ ਰੱਖਣ ਦਾ ਕਾਰਜ ਕਰਦੀ ਹੈ। ਕਿਸੇ ਵੀ ਵਸਤੂ ਜਾਂ ਹਸਤੀ ਦੀ ਚੇਸ਼ਟਾ ਉਸ ਪ੍ਰਤੀ ਗਿਆਨ ਹਾਸਲ ਕਰਨ ਦੀ ਰੁਚੀ ਉਜਾਗਰ ਕਰਦੀ ਹੈ। ਨਾਮ ਸਿਮਰਨ ਸਿੱਖ ਦੇ ਜੀਵਨ ਦਾ ਕੇਂਦਰੀ ਧੁਰਾ ਹੈ। ਕਈ ਵਾਰ ਸਾਧਕ ਦੇ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਜਿਹੜਾ ਕਾਰਜ ਜੀਵਨ ਦੇ ਧੁਰੇ ਵਜੋਂ ਕੀਤਾ ਜਾ ਰਿਹਾ ਹੈ, ਉਸ ਦੇ ਹੋਰ ਪਹਿਲੂਆਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਨਾਮ ਜਪਣ ਵਾਲੇ ਸਾਧਕ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਨਾਮ ਕੀ ਹੈ? ਜਾਂ ਨਾਮ ਜਪਣ ਦਾ ਸਹੀ ਤੇ ਸੁਯੋਗ ਤਰੀਕਾ ਕੀ ਹੋ ਸਕਦਾ ਹੈ? ਸਿੱਖ ਸਾਧਕ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਗੁਰਬਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਤੱਕ ਇਸ ਬਾਰੇ ਜੋ ਵੀ ਖੋਜ ਵਿਚਾਰ ਸਾਹਮਣੇ ਆਈ ਹੈ ਉਸ ਅਨੁਸਾਰ ਕਿਹਾ ਗਿਆ ਹੈ ਕਿ "ਨਾਮ ਗਿਆਨ ਇੰਦਰੀਆਂ ਦਾ ਵਿਸ਼ਾ ਨਹੀਂ, ਨਾਮ ਇਕ ਅਨੁਭਵੀ ਤਜ਼ਰਬਾ ਹੈ, ਇਹ ਇਕ ਅਹਿਸਾਸ ਹੈ, ਸੁਆਦ ਹੈ। ਇਸ ਲਈ ਇਸ ਨੂੰ ਅੱਖਰਾਂ ਵਿਚ ਨਹੀਂ ਦੱਸਿਆ ਜਾ ਸਕਦਾ ਹੈ।"[6] ਨਾਮ ਸ੍ਰਿਸ਼ਟੀ ਦੇ ਜ਼ਰ੍ਹੇ-ਜ਼ਰ੍ਹੇ ਵਿਚ ਮੌਜੂਦ ਹੈ ਜਿਸਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਜੋ ਵੀ ਵਸਤੂ ਜਾਂ ਹਸਤੀ ਇਸ ਦੁਨਿਆਵੀ ਜਗਤ ਦਾ ਹਿੱਸਾ ਬਣਦੀ ਹੈ ਉਹ ਕਿਸੇ ਨਾ ਕਿਸੇ ਨਾਮ ਵਾਲੀ ਹੋ ਜਾਂਦੀ ਹੈ ਅਰਥਾਤ ਉਸਦੇ ਆਧਾਰ ਵਿਚ ਕੋਈ ਨਾ ਕੋਈ ਗੁਣਵਾਚਕ ਨਾਮ ਹੁੰਦਾ ਹੈ – ਜੇਤਾ ਕੀਤਾ ਤੇਤਾ ਨਾਉ॥

ਵਿਣੁ ਨਾਵੈ ਨਾਹੀ ਕੋ ਥਾਉ॥[7]

ਗੁਰੂ ਗ੍ਰੰਥ ਸਾਹਿਬ ਵਿਚ ਨਾਮ ਨੂੰ ਪ੍ਰਭੂ ਹੋਂਦ ਦਾ ਸੂਚਕ ਮੰਨਿਆ ਗਿਆ ਹੈ ਜੋ ਕਿ ਸ੍ਰਿਸ਼ਟੀ ਵਿਚ ਇਕ ਰਸ ਵਿਆਪਕ ਹੈ। ਪਰਮਾਤਮਾ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਅਤੇ ਉਹ ਸ੍ਰਿਸ਼ਟੀ ਸਿਰਜਣ ਉਪਰੰਤ ਇਸੇ ਵਿਚ ਵਿਦਮਾਨ ਹੋ ਗਿਆ ਹੈ।[8] ਪਰਮਾਤਮਾ ਸ੍ਰਿਸ਼ਟੀ ਦੇ ਜ਼ਰ੍ਹੇ-ਜ਼ਰ੍ਹੇ ਵਿਚ ਮੌਜੂਦ ਹੈ ਅਤੇ ਉਸਦੇ ਸਿਮਰਨ ਰਾਹੀਂ ਉਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਅਜਿਹਾ ਨਹੀਂ ਕਿ ਕੇਵਲ ਮਨੁੱਖੀ ਜੀਵ ਹੀ ਇਹ ਕਾਰਜ ਕਰ ਸਕਦੇ ਹਨ ਬਲਕਿ ਸ੍ਰਿਸ਼ਟੀ ਦੀ ਹਰ ਇਕ ਵਸਤੂ ਪਹਿਲਾਂ ਹੀ ਇਸ ਕਾਰਜ ਵਿਚ ਲੱਗੀ ਹੋਈ ਹੈ:

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮੁ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥[9]

ਗੁਰੂ ਰਾਮਦਾਸ ਜੀ ਦੁਆਰਾ ਉਚਰਿਤ ਇਹ ਸ਼ਬਦ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਦੀ ਪ੍ਰੇਰਣਾ ਕਰਦਾ ਹੈ ਕਿਉਂਕਿ ਪਰਮਾਤਮਾ ਦੇ ਨਾਮ ਨੂੰ ਹੀ ਸੱਚਾ ਤੇ ਸ੍ਰੇਸ਼ਟ ਮੰਨਿਆ ਗਿਆ ਹੈ ਜੋ ਕਿ ਸਿੱਖ ਨੂੰ ਦੁਨਿਆਵੀ ਭਵਸਾਗਰ ਵਿਚੋਂ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਕਿਵੇਂ ਕੀਤਾ ਜਾਵੇ ਇਹ ਵੀ ਹੁਣ ਤੱਕ ਵਿਚਾਰ ਦਾ ਵਿਸ਼ਾ ਬਣਿਆ ਹੋਇਆ ਹੈ। ਵੱਖ-ਵੱਖ ਪਹਿਲੂਆਂ ਤੋਂ ਨਾਮ ਸਿਮਰਨ ਦੇ ਅਭਿਆਸ ਦੀ ਵਿਧੀ ਦਾ ਵਿਖਿਆਨ ਕੀਤਾ ਜਾਂਦਾ ਹੈ। ਮਾਲਾ ਫੇਰਨੀ, ਇਕਾਂਤਵਾਸ ਹੋ ਕੇ ਪ੍ਰਭੂ-ਬੰਦਗੀ ਕਰਨੀ, ਲਗਾਤਾਰ ਪ੍ਰਭੂ ਦਾ ਨਾਮ ਲੈਂਦੇ ਰਹਿਣਾ ਆਦਿ ਕਿਸੇ ਨਾ ਕਿਸੇ ਰੂਪ ਵਿਚ ਨਾਮ ਸਿਮਰਨ ਦੇ ਅਭਿਆਸ ਦੇ ਧਾਰਨ ਕੀਤੇ ਮਾਰਗ ਵੇਖਣ-ਸੁਣਨ ਨੂੰ ਮਿਲਦੇ ਹਨ। ਗੁਰਮਤਿ ਵਿਚ ਇਨ੍ਹਾਂ ਵਿਚੋਂ ਕੋਈ ਵੀ ਮਾਰਗ ਪ੍ਰਵਾਨ ਕੀਤਾ ਨਹੀਂ ਮਿਲਦਾ ਕਿਉਂਕਿ ਨਾਮ ਦੇ ਸਿਮਰਨ ਨੂੰ ਤੋਤਾ ਰਟਨੀ ਨਹੀਂ ਮੰਨਿਆ ਜਾਂਦਾ ਜਿਸ ਵਿਚ ਜਿਸ ਵੀ ਵਸਤੂ ਜਾਂ ਹਸਤੀ ਦਾ ਨਾਮ ਲਿਆ ਜਾਵੇ ਉਹ ਪ੍ਰਗਟ ਹੋ ਜਾਂਦੀ ਹੈ। ਇਹ ਗੁਰੂ ਦੀ ਬਖਸ਼ਿਸ਼[10] ਅਤੇ ਹਿਰਦੇ ਵਿਚ ਨਾਮ ਵਸਾਉਣ[11] ਰਾਹੀਂ ਸੰਭਵ ਹੈ।

ਗੁਰਮਤਿ ਵਿਚ ਸਮਾਜਿਕ ਜੀਵਨ ਦੀ ਹੋਂਦ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਸਮਾਜਿਕ ਕਾਰਜ ਕਰਦੇ ਹੋਏ ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਦੀ ਤਾਕੀਦ ਕੀਤੀ ਗਈ। ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਲਈ ਨਾਮ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ।[12] ਸਮਾਜਿਕ ਜੀਵਨ ਵਿਚ ਮਨੁੱਖ ਕਈ ਤਰ੍ਹਾਂ ਦੇ ਕਾਰਜ ਕਰਦਾ ਹੈ। ਇਹ ਦੁਨਿਆਵੀ ਕਾਰਜ ਮਨੁੱਖ ਦੇ ਸਮਾਜਿਕ ਜੀਵਨ ਦਾ ਵਸੀਲਾ ਬਣਦੇ ਹਨ। ਦੁਨਿਆਵੀ ਕਾਰਜ ਕਰਦੇ ਹੋਏ ਵਿਅਕਤੀ ਆਪਣਾ ਜੀਵਨ ਉਦੇਸ਼ ਯਾਦ ਰੱਖੇ ਅਤੇ ਉਸ ਤੱਕ ਪਹੁੰਚਣ ਲਈ ਲਗਾਤਾਰ ਕਾਰਜ ਕਰਦਾ ਰਹੇ, ਇਸ ਲਈ ਨਾਮ ਦਾ ਜਾਪ ਜੀਵਨ ਦੇ ਜ਼ਰੂਰੀ ਅੰਗ ਵਜੋਂ ਸਹਾਇਤਾ ਕਰਦਾ ਹੈ। ਪਰਮਾਤਮਾ ਦਾ ਜਾਪ ਮਨੁੱਖੀ ਜੀਵਨ ਵਿਚ ਪਰਮਾਤਮਾ ਦੀ ਸੋਝੀ ਦ੍ਰਿੜ ਕਰਾਉਣ ਦਾ ਕਾਰਜ ਕਰਦਾ ਹੈ। ਭਾਈ ਜੋਧ ਸਿੰਘ ਕਹਿੰਦੇ ਹਨ, "ਨਾਮ ਦਾ ਜਾਪ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਦਾ ਕਾਰਣ ਬਣਦਾ ਹੈ। ਮਨ ਵਿਚ

ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ। ਘੜੀ ਘੜੀ ਜਪੁ ਕਰਨਾ ਉਸ ਖਿਆਲ ਨੂੰ ਮਨ ਵਿਚ ਢੇਰ ਚਿਰ ਕਾਇਮ ਰੱਖਣ ਦਾ ਯਤਨ ਹੈ।"[13] ਨਾਮ ਮਨੁੱਖ ਦੇ ਮਨ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ, ਉਸਨੂੰ ਉਜਾਗਰ ਕਰਨ ਲਈ ਉਸਦਾ ਵਾਰ-ਵਾਰ ਸਿਮਰਨ ਕਰਨਾ ਪੈਂਦਾ ਹੈ।

ਨਾਮ ਸਿਮਰਨ ਨੂੰ ਗੁਣਾਂ ਦਾ ਖਜ਼ਾਨਾ ਮੰਨਿਆ ਗਿਆ ਹੈ ਇਸ ਨਾਲ ਜਿੱਥੇ ਮਨੁੱਖ ਦੇ ਮਨ ਵਿਚ ਗੁਣਾਂ ਦਾ ਸੰਚਾਰ ਹੁੰਦਾ ਹੈ ਉਥੇ ਨਾਲ ਹੀ ਔਗੁਣਾਂ ਦਾ ਵਿਨਾਸ਼ ਵੀ ਹੋ ਜਾਂਦਾ ਹੈ। ਨਾਮ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਦਾਨ ਕਰਨ ਦੇ ਨਾਲ-ਨਾਲ ਸਮੂਹ ਦੁੱਖਾਂ ਤੋਂ ਨਿਜਾਤ ਦਿਵਾਉਂਦਾ ਹੈ। ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਭਾਵ ਇਹ ਨਹੀਂ ਕਿ ਦੁੱਖ ਮਨੁੱਖ ਨੂੰ ਲੱਗਦੇ ਹੀ ਨਹੀਂ, ਬਲਕਿ ਨਾਮ ਸਿਮਰਨ ਨਾਲ ਦੁਨਿਆਵੀ ਦੁੱਖ ਮਨੁੱਖ ਦੇ ਮਨ ਨੂੰ ਪ੍ਰਭਾਵਤ ਨਹੀਂ ਕਰ ਸਕਦੇ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਾਈ ਮਨੀ ਸਿੰਘ ਜੀ ਅਤੇ ਬੰਦਾ ਸਿੰਘ ਬਹਾਦਰ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਨੇ ਨਾਮ ਦੀ ਬਰਕਤ ਨਾਲ ਦੁਨਿਆਵੀ ਦੁੱਖਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਪਰ ਧਾਰਮਿਕ ਅਤੇ ਸਮਾਜਿਕ ਉਦੇਸ਼ ਦੀ ਦ੍ਰਿੜਤਾ ਕਾਇਮ ਰੱਖੀ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥[14]

ਮਨੁੱਖ ਦੁਆਰਾ ਧਰਮ ਦੇ ਧਾਰਨ ਕੀਤੇ ਚਿੰਨ੍ਹ ਉਸਦੇ ਧਾਰਮਿਕ ਅਤੇ ਸਦਾਚਾਰੀ ਹੋਣ ਦਾ ਸੰਕੇਤ ਕਰਦੇ ਹਨ। ਇਹ ਬਾਹਰੀ ਚਿੰਨ੍ਹ ਅਤੇ ਭੇਖ ਵਿਅਕਤੀ ਦੇ ਦੁਨਿਆਵੀ ਧਾਰਮਿਕ ਮਾਰਗ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਇਹ ਬਾਹਰੀ ਭੇਖ ਵਿਅਕਤੀ ਦੇ ਅੰਦਰੂਨੀ ਜੀਵਨ ਨੂੰ ਬਦਲਣ ਜਾਂ ਮਨ ਨੂੰ ਸ਼ੁੱਧ ਕਰਨ ਵਿਚ ਕੋਈ ਯੋਗਦਾਨ ਪਾ ਸਕਦੇ ਹਨ, ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ, ਵਚਨ ਅਤੇ ਕਰਮ ਰਾਹੀਂ ਸਿਮਰਨ ਨਾਲ ਜੁੜ ਕੇ ਹੀ ਮਨੁੱਖ ਪਰਮਗਤਿ ਦੇ ਮਾਰਗ ਦਾ ਪਾਂਧੀ ਹੋ ਸਕਦਾ ਹੈ, ਕੇਵਲ ਬਾਹਰੀ ਦਿਖਾਵੇ ਵਿਅਰਥ ਸਾਬਤ ਹੁੰਦੇ ਹਨ:

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥[15]

ਨਾਮ ਸਿਮਰਨ ਕਰਨ ਵਾਲੇ ਸਿੱਖ ਨੂੰ ਗੁਰਮੁਖ ਕਿਹਾ ਜਾਂਦਾ ਹੈ ਅਤੇ ਨਾਮ-ਵਿਹੂਣੇ ਦੀ ਤੁਲਨਾ ਮਨਮੁਖ ਨਾਲ ਕੀਤੀ ਜਾਂਦੀ ਹੈ। ਨਾਮ ਸਿਮਰਨ ਦਾ ਸਿਧਾਂਤ ਸਿੱਖ ਦੇ ਜੀਵਨ ਦੀਆਂ ਅਗਲੀਆਂ ਪਉੜੀਆਂ ਨੂੰ ਪ੍ਰਭਾਵਤ ਕਰਦਾ ਹੈ ਜਿਨ੍ਹਾਂ ਵਿਚੋਂ ਕਿਰਤ ਕਰਨ ਅਤੇ ਵੰਡ ਛਕਣ ਦੀ ਪਰੰਪਰਾ ਨੂੰ ਸੇਧ ਮਿਲਦੀ ਹੈ।

ਕਿਰਤ ਕਰਨੀ

ਨਾਮ ਇਸ ਲਈ ਜਪਿਆ ਜਾਂਦਾ ਹੈ ਤਾਂ ਕਿ ਮਨ ਪਰਮਾਤਮਾ ਨਾਲ ਜੁੜਿਆ ਰਹੇ ਅਤੇ ਕਿਰਤ ਇਸ ਲਈ ਕੀਤੀ ਜਾਂਦੀ ਹੈ ਤਾਂ ਕਿ ਮਨ ਵਿਚ ਸਮਾਜਿਕ ਕਾਰਜਾਂ ਪ੍ਰਤੀ ਰੁਚੀ ਪੈਦਾ ਹੋਵੇ ਅਤੇ ਜੀਵਨ ਗੁਜ਼ਾਰਨ ਦਾ ਸਾਧਨ ਕਾਇਮ ਰਹਿ ਸਕੇ। ਕਿਹਾ ਜਾਂਦਾ ਹੈ ਕਿ ਅਰੋਗ ਸਰੀਰ ਵਿਚ ਹੀ ਅਰੋਗ ਮਨ ਨਿਵਾਸ ਕਰਦਾ ਹੈ। ਇਸ ਲਈ

ਜ਼ਰੂਰੀ ਹੈ ਕਿ ਨਾਮ ਜਪਣ ਵਾਲਾ ਸਰੀਰ ਚੁਸਤ-ਦਰੁਸਤ ਅਤੇ ਤੰਦਰੁਸਤ ਹੋਵੇ। ਨਾਮ ਸਿਮਰਨ ਮਨ ਨੂੰ ਨਿਰੋਗ ਕਰਦਾ ਹੈ ਅਤੇ ਵਿਅਕਤੀ ਦੀਆਂ ਸਰੀਰਕ ਕ੍ਰਿਆਵਾਂ ਸਰੀਰ ਨੂੰ ਰੋਗ-ਮੁਕਤ ਕਰਨ ਵਿਚ ਸਹਾਈ ਹੁੰਦੀਆਂ ਹਨ। ਸਿੱਖ ਕੌਮ ਕਿਰਤੀਆਂ ਦੀ ਕੌਮ ਹੈ ਇਸ ਵਿਚ ਕਿਸਾਨ, ਲੁਹਾਰ, ਤਰਖਾਣ, ਹਲਵਾਈ, ਦਰਜੀ ਆਦਿ ਸਭ ਤਰ੍ਹਾਂ ਦੇ ਮਿਹਨਤੀ ਲੋਕਾਂ ਦੀ ਭਰਮਾਰ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਆਸ਼ਰਮ ਵਿਵਸਥਾ ਵਿਚ ਕੇਵਲ ਗ੍ਰਹਿਸਤੀ ਹੀ ਕਿਰਤ ਕਰਦਾ ਸੀ ਜੋ ਕਿ ਜੀਵਨ ਦੇ ਕੇਵਲ 25 ਪ੍ਰਤੀਤ ਹਿੱਸੇ ਨਾਲ ਸੰਬੰਧਿਤ ਸੀ ਅਤੇ ਜੀਵਨ ਦਾ 75 ਪ੍ਰਤੀਸ਼ਤ ਸਮਾਂ ਕਿਰਤ ਰਹਿਤ ਸੀ। ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਆਖਰੀ ਸਮੇਂ ਵਿਚ ਧਾਰਮਿਕ ਕ੍ਰਿਆਵਾਂ ਕਰਨ ਦੀ ਥਾਂ ਜੀਵਨ ਦੇ ਹਰ ਮੋੜ ਤੇ ਧਾਰਮਿਕ ਜੀਵਨ ਜਿਊਂਣ ਦੀ ਪ੍ਰੇਰਣਾ ਕੀਤੀ। ਜਿਹੜਾ ਸਮਾਂ ਜੀਵਨ ਵਿਚ ਧਰਮ ਕਮਾਉਣ ਦਾ ਮੰਨਿਆ ਗਿਆ, ਉਸ ਸਮੇਂ ਗੁਰੂ ਜੀ ਨੇ ਕਰਤਾਰਪੁਰ ਵਿਖੇ ਆ ਕੇ ਖੇਤੀ ਦਾ ਕਾਰਜ ਕੀਤਾ। ਕਿਰਤ ਨੂੰ ਧਾਰਮਿਕ ਜੀਵਨ ਨਾਲ ਜੋੜ ਕੇ ਸਮਾਜ ਨੂੰ ਸੰਤੁਲਿਤ ਦਿਸ਼ਾ ਵੱਲ ਮੋੜਿਆ ਗਿਆ ਜਿਸ ਨਾਲ ਵਿਅਕਤੀ ਜੀਵਨ ਦੇ ਹਰ ਮੋੜ ਤੇ ਧਰਮ-ਕਰਮ ਦੇ ਨਿਯਮ ਨੂੰ ਕਾਇਮ ਰੱਖ ਸਕੇ। ਸਮਾਜ ਵਿਚ ਰਹਿੰਦੇ ਹੋਏ ਕਿਰਤ ਕਰਨ ਦਾ ਜੋ ਮਾਡਲ ਗੁਰੂ ਸਾਹਿਬਾਨ ਨੇ ਪੇਸ਼ ਕੀਤਾ ਉਹ ਪ੍ਰਚਲਿਤ ਸਮਾਜਿਕ ਪਰੰਪਰਾਵਾਂ ਨਾਲੋਂ ਬਿਲਕੁਲ ਭਿੰਨ ਸੀ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤਿੰਨ ਭਾਰਤੀ ਪਰੰਪਰਾਵਾਂ ਪ੍ਰਚਲਿਤ ਸਨ – ਹਿੰਦੂ, ਜੈਨ ਅਤੇ ਬੁੱਧ। ਹਿੰਦੂ ਧਰਮ ਵਿਚ ਇਕ ਪਾਸੇ ਬ੍ਰਾਹਮਣ ਧਾਰਮਿਕ ਸ਼੍ਰੇਣੀ ਦਾ ਬੋਲਬਾਲਾ ਸੀ ਜੋ ਕੇਵਲ ਦਿੱਤੇ ਜਾਣ ਵਾਲੇ ਦਾਨ ਨਾਲ ਨਿਰਵਾਹ ਕਰਦੀ ਸੀ, ਅਤੇ ਦੂਜੇ ਪਾਸੇ ਜੋਗੀਆਂ ਅਤੇ ਹੋਰ ਸਿਧ-ਸਾਧਕਾਂ ਦੀ ਸ਼੍ਰੇਣੀ ਨੇ ਸਮਾਜ ਵਿਚ ਪੈਰ ਪਸਾਰੇ ਹੋਏ ਸਨ। ਇਨ੍ਹਾਂ ਜੋਗੀਆਂ ਦਾ ਗੁਜਰ-ਬਸਰ ਗ੍ਰਹਿਸਤੀਆਂ ਤੇ ਨਿਰਭਰ ਸੀ ਅਤੇ ਇਹ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਵੱਲ ਰੁਚਿਤ ਹੋਣ ਕਰਕੇ ਹੋਰ ਕੋਈ ਕਾਰਜ ਨਹੀਂ ਸਨ ਕਰਦੇ। ਹਿੰਦੂ ਧਰਮ ਦੇ ਬਰਾਬਰ ਹੀ ਜੈਨ ਅਤੇ ਬੁੱਧ ਧਰਮ ਦੀਆਂ ਪਰੰਪਰਾਵਾਂ ਮੌਜੂਦ ਸਨ ਜਿਨ੍ਹਾਂ ਦੀ ਪ੍ਰਮੁਖ ਧਾਰਮਿਕ ਸ਼੍ਰੇਣੀ ਨੂੰ ਭਿਖੂ ਕਿਹਾ ਜਾਂਦਾ ਸੀ। ਇਹ ਕੋਈ ਵੀ ਕਿਰਤ ਨਹੀਂ ਸਨ ਕਰਦੇ ਅਤੇ ਗ੍ਰਹਿਸਤੀ ਸ਼੍ਰਾਵਕਾਂ ਤੇ ਨਿਰਭਰ ਕਰਦੇ ਸਨ।

ਸਮਾਜ ਵਿਚ ਪ੍ਰਚਲਿਤ ਕਾਰਜ ਪ੍ਰਣਾਲੀ ਭ੍ਰਿਸ਼ਟ ਹੋ ਚੁੱਕੀ ਸੀ ਅਤੇ ਨਿਆਂ ਦੇਣ ਵਾਲੇ ਅਧਿਕਾਰੀ ਲੁੱਟ-ਖਸੁੱਟ ਦੇ ਕੰਮ ਵਿਚ ਲੱਗੇ ਹੋਏ ਸਨ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਵਿਚ ਜਿੱਥੇ ਰਾਜੇ ਤੇ ਉਨ੍ਹਾਂ ਦੇ ਅਧਿਕਾਰੀ ਲੋਕਾਂ ਦੀ ਲੁੱਟ-ਖਸੁੱਟ ਕਰ ਰਹੇ ਸਨ ਉਥੇ ਨਾਲ ਹੀ ਬਾਹਰੀ ਹਮਲੇ ਵੀ ਲਗਾਤਾਰ ਹੋ ਰਹੇ ਸਨ। ਹਮਲਾਵਰਾਂ ਦਾ ਟੀਚਾ ਵੀ ਲੁੱਟ-ਖਸੁੱਟ ਤੱਕ ਸੀਮਿਤ ਸੀ ਅਤੇ ਇੱਥੋਂ ਲੁੱਟੇ ਹੋਏ ਧਨ-ਦੌਲਤ ਨਾਲ ਵਾਪਸ ਆਪਣੇ ਮੁਲਕ ਵਿਚ ਜਾ ਕੇ ਐਸ਼ੋਇਸ਼ਰਤ ਦਾ ਰੁਝਾਨ ਪ੍ਰਚਲਿਤ ਸੀ। ਸਮਾਜ ਵਿਚੋਂ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਉੱਡ ਚੁੱਕੀਆਂ ਸਨ, ਔਰਤਾਂ ਦੀ ਬੇਪਤੀ ਹੋ ਰਹੀ ਸੀ ਅਤੇ ਕੂੜ ਦਾ ਬੋਲਬਾਲਾ ਸੀ। ਇਕ ਆਮ ਕਹਾਵਤ ਹੈ ਕਿ "ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ' ਜਿਸ ਦਾ ਭਾਵ ਹੈ ਬਗੈਰ ਮਿਹਨਤ ਅਤੇ ਲੁੱਟ-ਖਸੁੱਟ ਰਾਹੀਂ ਹਾਸਲ ਕੀਤੀ ਵਸਤੂ ਦੀ ਨਾ ਤਾਂ ਕੋਈ ਕਦਰ ਹੁੰਦੀ ਹੈ ਅਤੇ ਨਾ ਹੀ ਉਸ ਤੋਂ ਮਾਨਸਿਕ

ਸੰਤੁਸ਼ਟੀ ਮਿਲਦੀ ਹੈ। ਅਜਿਹੀ ਪ੍ਰਚਲਿਤ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਨੇ ਆਮ ਲੋਕਾਂ ਦਾ ਜਿਊਂਣਾ ਮੁਸ਼ਕਲ ਕੀਤਾ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਲੁੱਟ-ਖਸੁੱਟ ਅਤੇ ਭ੍ਰਿਸ਼ਟਾਚਾਰ ਵਿਰੁਧ ਆਵਾਜ਼ ਬੁਲੰਦ ਕਰਦੇ ਹੋਏ ਕਿਹਾ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥[16]

ਧਰਮ ਹਰ ਇਕ ਮਨੁੱਖ ਦੇ ਜੀਵਨ ਦਾ ਅਹਿਮ ਅੰਗ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਵਿਅਕਤੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਕਰਦਾ ਹੈ। ਵਿਅਕਤੀ ਦੁਆਰਾ ਕੀਤੀਆਂ ਜਾਂਦੀਆਂ ਧਾਰਮਿਕ ਕ੍ਰਿਆਵਾਂ ਸਮਾਜਿਕ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ ਜੇਕਰ ਸਮਾਜ ਵਿਚ ਬੁਰਾਈਆਂ ਧਾਰਮਿਕ ਕ੍ਰਿਆਵਾਂ ਕਾਰਨ ਪੈਦਾ ਹੋਣ ਤਾਂ ਇਨ੍ਹਾਂ ਨੂੰ ਦੂਰ ਵੀ ਧਾਰਮਿਕ ਚੇਤਨਾ ਦੁਆਰਾ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਸਮਾਜ ਵਿਚ ਧਾਰਮਿਕ ਆਗੂਆਂ ਦੁਆਰਾ ਕੀਤੇ ਜਾ ਰਹੇ ਕਾਰਜ ਨਿਰਾਰਥਕ ਸਿੱਧ ਹੋ ਰਹੇ ਸਨ ਜੋ ਕਿ ਸਮਾਜ ਨੂੰ ਸਹੀ ਧਾਰਮਿਕ ਚੇਤਨਾ ਤੋਂ ਜਾਣੂ ਕਰਾਉਣ ਦੀ ਬਜਾਏ ਵਹਿਮਾਂ-ਭਰਮਾਂ ਵਿਚ ਪਾ ਕੇ ਆਪਣੇ ਵੱਲ ਮੋੜਨ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਦਾ ਕਾਰਜ ਕਰ ਰਹੇ ਸਨ। ਸਮਾਜ ਵਿਚਲੇ ਅਜਿਹੇ ਧਾਰਮਿਕ ਆਗੂਆਂ ਦੀ ਅਸਲੀਅਤ ਲੋਕਾਂ ਸਾਹਮਣੇ ਉਜਾਗਰ ਕਰਦੇ ਹੋਏ ਗੁਰੂ ਜੀ ਨੇ ਕਿਹਾ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥[17]

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਕਿਰਤ ਕਰਨ ਦਾ ਰੁਝਾਨ ਪੈਦਾ ਕੀਤਾ। ਉਦਾਸੀਆਂ ਉਪਰੰਤ ਕਰਤਾਰਪੁਰ ਵਿਖੇ ਖੇਤੀ ਦਾ ਕਾਰਜ ਆਰੰਭਿਆ ਅਤੇ ਧਰਮੀ ਕਿਰਤ ਦੇ ਨਿਯਮ ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਇਸ ਵਿਚ ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਕਰ ਦਿੱਤੀ। ਸਮੁੱਚੀ ਬਾਣੀ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਨਿਯਮ ਨੂੰ ਦ੍ਰਿੜ ਕਰਾਉਂਦੀ ਹੈ। ਧਰਮ-ਕਿਰਤ ਜਿੱਥੇ ਵਿਅਕਤੀ ਦੇ ਮਨ ਨੂੰ ਅਧਿਆਤਮਿਕ ਵਿਕਾਸ ਦੀ ਦਿਸ਼ਾ ਪ੍ਰਦਾਨ ਕਰਦੀ ਹੈ ਉਥੇ ਸੰਜਮ ਦੀ ਭਾਵਨਾ ਵੀ ਉਜਾਗਰ ਕਰਦੀ ਹੈ। ਲੁੱਟ-ਖਸੁੱਟ ਰਾਹੀਂ ਬਹੁਤ ਸਾਰੀਆਂ ਵਸਤਾਂ ਇਕੋ ਹੱਲੇ ਹਾਸਲ ਕੀਤੀਆਂ ਜਾ ਸਕਦੀਆਂ ਹਨ, ਪਰ ਧਰਮ-ਕਿਰਤ ਰਾਹੀਂ ਜੀਵਨ ਦੀਆਂ ਲੋੜਾਂ ਹੌਲੀ-ਹੌਲੀ ਹਾਸਲ ਹੁੰਦੀਆਂ ਹਨ। ਫਰਕ ਕੇਵਲ ਇਤਨਾ ਹੈ ਕਿ ਲੁੱਟ-ਖਸੁੱਟ ਨਾਲ ਨਾ ਤਾਂ ਮਨ ਨੂੰ ਸ਼ਾਂਤੀ ਹਾਸਲ ਹੋ ਸਕਦੀ ਹੈ ਅਤੇ ਨਾ ਹੀ ਜੀਵਨ ਵਿਚ ਸੰਜਮ ਪ੍ਰਫੁਲਿਤ ਹੋ ਸਕਦਾ ਹੈ। ਗੁਰਬਾਣੀ ਵਿਚ ਧਰਮ-ਕਿਰਤ ਦਾ ਜੋ ਮਾਡਲ ਪੇਸ਼ ਕੀਤਾ ਗਿਆ ਹੈ ਉਹ ਜਿੱਥੇ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ ਉਥੇ ਆਦਰਸ਼ ਸਮਾਜ ਦੀਆਂ ਜੜ੍ਹਾਂ ਮਜ਼ਬੂਤ ਅਤੇ ਪ੍ਰਫੁਲਿਤ ਕਰਨ ਵਿਚ ਸਹਾਈ ਹੁੰਦਾ ਹੈ। ਭਗਤ ਕਬੀਰ ਜੀ ਧਰਮ-ਕਿਰਤ ਪ੍ਰਤੀ ਚੇਤਨਾ ਉਜਾਗਰ ਕਰਦੇ ਹੋਏ ਕਹਿੰਦੇ ਹਨ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥[18]

ਆਪਣੀਆਂ ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੇ ਘਰ ਗਏ ਜੋ ਕਿ ਤਰਖਾਣ ਦਾ ਕੰਮ ਕਰਦਾ ਸੀ। ਉਥੇ ਰਹਿੰਦੇ ਹੋਏ ਗੁਰੂ ਜੀ ਨੂੰ ਮਲਕ ਭਾਗੋ ਵੱਲੋਂ ਬ੍ਰਹਮ ਭੋਜ ਦਾ ਸੱਦਾ ਗਿਆ। ਗੁਰੂ ਜੀ ਮਲਕ ਭਾਗੋ ਦੇ ਘਰ ਨਾ ਗਏ, ਦੁਬਾਰਾ ਬੁਲਾਉਣ ਤੇ ਜਦੋਂ ਗੁਰੂ ਜੀ ਉਸ ਕੋਲ ਗਏ ਤਾਂ ਉਸ ਨੇ ਗੁਰੂ ਜੀ ਨੂੰ ਬ੍ਰਹਮ-ਭੋਜ ਤੇ ਨਾ ਆਉਣ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਤੇਰੇ ਪਕਵਾਨ ਗਰੀਬਾਂ ਦੀ ਖ਼ੂਨ-ਪਸੀਨੇ ਦੀ ਕਮਾਈ ਦੀ ਲੁੱਟ-ਖਸੁੱਟ ਨਾਲ ਤਿਆਰ ਕੀਤੇ ਹੋਏ ਹਨ। ਜਿਨ੍ਹਾਂ ਵਿਚੋਂ ਲਹੂ ਨਜ਼ਰੀਂ ਪੈਂਦਾ ਹੈ। ਦੂਜੇ ਪਾਸੇ ਭਾਈ ਲਾਲੋ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਵਿਚੋਂ ਸਾਨੂੰ ਜੋ ਛਕਾਉਂਦਾ ਹੈ ਉਹ ਦੁੱਧ ਸਮਾਨ ਲੱਗਦਾ ਹੈ। ਇਸ ਸਾਖੀ ਤੋਂ ਸਪਸ਼ਟ ਹੈ ਕਿ ਗੁਰੂ ਜੀ ਅਮੀਰ-ਗਰੀਬ ਵਿਚ ਫਰਕ ਨਹੀਂ ਸਨ ਸਮਝਦੇ, ਫਰਕ ਕੇਵਲ ਇਤਨਾ ਹੈ ਕਿ ਧਨ-ਦੌਲਤ ਗਰੀਬਾਂ ਅਤੇ ਕਮਜ਼ੋਰਾਂ ਨੂੰ ਦਬਾ ਕੇ ਹਾਸਲ ਨਾ ਕੀਤੀ ਹੋਵੇ। ਗੁਰੂ ਜੀ ਲਈ ਹਰ ਕਿਸੇ ਵੱਲੋਂ ਪਰੋਸਿਆ ਉਹ ਭੋਜਨ ਵਧੀਆ ਹੈ ਜੋ ਧਰਮ-ਕਿਰਤ ਰਾਹੀਂ ਤਿਆਰ ਕੀਤਾ ਗਿਆ ਹੋਏ।

ਗੁਰੂ ਸਾਹਿਬਾਨ ਦੁਆਰਾ ਦਰਸਾਏ ਕਿਰਤ ਦੇ ਸਿਧਾਂਤ ਨੇ ਸਮਾਜ ਦੀ ਆਰਥਿਕਤਾ ਨੂੰ ਪ੍ਰਫੁਲਿਤ ਕਰਨ ਅਤੇ ਆਮ ਲੋਕਾਂ ਦਾ ਮਨੋਬਲ ਉੱਚਾ ਚੁੱਕਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਕਿਰਤ ਦਾ ਸਿਧਾਂਤ ਉਨ੍ਹਾਂ ਸਮੂਹ ਸੰਤਾਂ, ਮਹਾਤਮਾਵਾਂ, ਭਗਤਾਂ, ਫਕੀਰਾਂ, ਰਿਸ਼ੀਆਂ, ਮੁਨੀਆਂ ਆਦਿ ਲਈ ਵੰਗਾਰ ਸੀ ਜੋ ਗ੍ਰਹਿਸਤੀ ਜੀਵਨ ਵਿਚ ਪ੍ਰਭੂ-ਭਗਤੀ ਅਤੇ ਪ੍ਰਭੂ-ਪ੍ਰਾਪਤੀ ਨੂੰ ਅਸੰਭਵ ਮੰਨਦੇ ਸਨ। ਗ੍ਰਹਿਸਤੀ ਜੀਵਨ ਤੋਂ ਦੂਰ ਰਹਿ ਕੇ ਇਕਾਂਤਵਾਸ ਹੋ ਕੇ ਭਗਤੀ ਕਰਦੇ ਹੋਏ ਪੇਟ-ਪੂਰਤੀ ਲਈ ਗ੍ਰਹਿਸਤੀਆਂ ਦਾ ਦਰ ਫੜ੍ਹਨ ਵਾਲਿਆਂ ਨੂੰ ਵੰਗਾਰਦੇ ਹੋਏ ਕਿਹਾ ਗਿਆ ਹੈ:

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ।।[19]

ਗ੍ਰਹਿਸਤੀ ਜੀਵਨ ਵਿਕਾਸਮੁਖੀ ਪੰਧ ਦਾ ਧੁਰਾ ਹੈ ਜਿਸ ਵਿਚ ਵਿਅਕਤੀ ਸਰੀਰਕ ਅਤੇ ਮਾਨਸਿਕ ਵਿਕਾਸ ਕਰਦਾ ਹੋਇਆ ਜੀਵਨ ਉਦੇਸ਼ ਹਾਸਲ ਕਰ ਸਕਦਾ ਹੈ। ਗੁਰਬਾਣੀ ਦੱਸਦੀ ਹੈ ਕਿ ਦੁਨਿਆਵੀ ਭਵਸਾਗਰ ਨੂੰ ਗੁਰਮੁਖ ਸਹਿਜੇ ਹੀ ਪਾਰ ਕਰ ਸਕਦਾ ਹੈ। ਉਸਦੇ ਪਾਰ ਹੋਣ ਦਾ ਤਰੀਕਾ ਗ੍ਰਹਿਸਤ-ਮਹਿ-ਉਦਾਸ ਵਾਲੀ ਜੀਵਨਜਾਚ ਨੂੰ ਮੰਨਿਆ ਗਿਆ ਹੈ। ਮੁਰਗਾਬੀ ਦੇ ਪਾਣੀ ਵਿਚ ਰਹਿਣ ਦੇ ਬਾਵਜੂਦ ਵੀ ਇਸਤੋਂ ਨਿਰਲੇਪ ਰਹਿਣ ਵਾਂਗ ਧਾਰਨ ਕੀਤੀ ਜੀਵਨਜਾਚ ਸਿੱਖ ਨੂੰ ਗ੍ਰਹਿਸਤੀ ਜੀਵਨ ਵਿਚ ਰਹਿੰਦੇ ਹੋਏ ਪ੍ਰਭੂ ਨਾਲ ਜੋੜਨ ਦਾ ਕਾਰਜ ਕਰਦੀ ਹੈ। ਗ੍ਰਹਿਸਤੀ ਜੀਵਨ ਵਿਚ ਪ੍ਰਭੂ-ਪ੍ਰੇਮ ਉਜਾਗਰ ਕਰਨ ਅਤੇ ਉਸ ਵਿਚ ਲੀਨ ਰਹਿਣ ਦੀ ਸਰਵੋਤਮ ਮਿਸਾਲ ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਜੀ ਦੇ ਵਾਰਤਾਲਾਪ ਰਾਹੀਂ ਦਰਸਾਈ ਗਈ ਹੈ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ।।
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ।।
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।[20]

ਗੁਰਬਾਣੀ ਵਿਚ ਧਰਮ ਦੀ ਕਿਰਤ ਪ੍ਰਭੂ-ਪ੍ਰਾਪਤੀ ਦੇ ਮਾਰਗ ਦਾ ਸਾਧਨ ਹੈ।

ਧਰਮ ਦੀ ਕਿਰਤ ਕਿਸ ਤਰ੍ਹਾਂ ਦੀ ਹੋਵੇ ਇਸ ਸੰਬੰਧੀ ਸਪਸ਼ਟ ਕਰਦੇ ਹੋਏ ਦੱਸਿਆ ਗਿਆ ਹੈ, "ਸਭ ਤੇ ਉਤਮ ਕਿਰਤ ਸਉਦਾਗਰੀ ਹੈ। ਉਸ ਤੇ ਉਤਰ ਕੇ ਖੇਤੀ ਹੈ। ਕਿਰਤ ਰੁਜ਼ਗਾਰ ਇਹ ਕਰੈ। ਅਰੁ ਜੋ ਚਾਕਰੀ ਕਰੈ, ਤਉ ਸਿਪਾਂਹਗਰੀ ਕਰੈ। ਕੈਸੀ ਕਰੈ? ਜੋ ਬੇਪ੍ਰਵਾਹ ਰਹੈ। ਅਰੁ ਜੋ ਮਹੀਨਾ ਹੋਵੈ। ਉਸ ਉਪਰਿ ਸੰਤੋਖ ਕਰੈ। ਅਰੁ ਜਿਸ ਦਾ ਚਾਕਰ ਹੋਵੈ, ਕਹੀਂ ਭੇਜੈ ਲੜਾਈ ਨੂ; ਤਾਂ ਉਸ ਸਮੈ ਆਪਣੀ ਮੁਰਾਦ ਨੂੰ ਬੁੱਝੈ, ਜਾਨੈ। ਸੂਰਬੀਰ ਹੋਇ ਰਹੈ। ਅਰੁ ਜੋ ਲੜਾਈ ਹੋਇ; ਤਾਂ ਲੁੱਟੈ ਨਾਹੀ। ਕਿਸੀ ਦੇ ਮਾਲ ਦੀ ਵਲਿ ਨਦਰਿ ਨ ਕਰੈ। ਅਰੁ ਜੋ ਕਿਛੁ ਖਾਵੰਦ ਕਾਰ ਫੁਰਮਾਵੈ, ਸੋ ਸਿਰ ਮਾਥੇ ਊਪਰ ਮਾਨੈ।"[21] ਕਿਸੇ ਕਿਸਮ ਦੀ ਲੁੱਟ-ਰਹਿਤ ਧਰਮ ਦੀ ਕਿਰਤ ਸਿੱਖੀ ਵਿਚ ਪ੍ਰਵਾਨ ਹੈ ਜਿਵੇਂ ਕਿ ਭਾਈ ਦੇਸਾ ਸਿੰਘ ਆਪਣੇ ਰਹਿਤਨਾਮੇ ਵਿਚ ਦੱਸਦੇ ਹਨ:

ਖੇਤੀ ਵਣਜ ਵ ਸਿਲਪ ਬਣਾਵੈ। ਔਰ ਟਹਿਲ ਜੋ ਮਨ ਮੋ ਭਾਵੈ।
ਦ੍ਰਿੜ੍ਹ ਹੁਈ ਸੋਇ ਕਾਰ ਕਮਾਵੈ। ਚੋਰੀ ਡਾਕੇ ਕਬਹਿ ਨ ਜਾਵੈ।[22]

ਸਿੱਖੀ ਵਿਚ ਦਰਸਾਈ ਧਰਮ ਦੀ ਕਿਰਤ ਪ੍ਰਭੂ-ਮੁਖੀ ਇਕਾਗਰਤਾ ਅਤੇ ਇਕਸੁਰਤਾ ਕਾਇਮ ਕਰਦੀ ਹੈ ਜਿਸ ਨਾਲ ਲੋਕ ਅਤੇ ਪ੍ਰਲੋਕ ਦੇ ਕਾਰਜ ਸਫਲ ਹੁੰਦੇ ਹਨ।

ਵੰਡ ਛਕਣਾ

ਮਨੁੱਖ ਜਿਸ ਸਮਾਜ ਦਾ ਹਿੱਸਾ ਹੈ ਉਥੇ ਅਮੀਰ-ਗਰੀਬ ਦੋਵੇਂ ਤਰ੍ਹਾਂ ਦੇ ਲੋਕ ਵੇਖਣ ਨੂੰ ਮਿਲਦੇ ਹਨ। ਹਰ ਦੇਸ ਅਤੇ ਕੌਮ ਵਿਚ ਇਹ ਵਰਗਵੰਡ ਸਪਸ਼ਟ ਵੇਖਣ ਨੂੰ ਮਿਲਦੀ ਹੈ। ਆਧੁਨਿਕ ਸਮਾਜ ਵਿਚ ਤਰੱਕੀ ਦੇ ਨਾਮ ਤੇ ਜੋ ਨਿਯਮ ਘੜੇ ਜਾ ਰਹੇ ਹਨ ਉਨ੍ਹਾਂ ਵਿਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਅਮੀਰ ਦੇਸਾਂ ਨੂੰ ਵਿਕਸਤ ਅਤੇ ਤਰੱਕੀ ਕਰ ਰਹੇ ਮੁਲਕਾਂ ਨੂੰ ਵਿਕਾਸਸ਼ੀਲ ਦੇਸ ਕਿਹਾ ਜਾਂਦਾ ਹੈ। ਵਿਕਸਤ ਦੇਸ ਵਿਕਾਸਸ਼ੀਲ ਮੁਲਕਾਂ ਵਿਚੋਂ ਧਨ ਕਮਾ ਕੇ ਹੋਰ ਅਮੀਰ ਹੋ ਰਹੇ ਹਨ ਅਤੇ ਵਿਕਾਸਸ਼ੀਲ ਦੇਸ ਗਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅਮੀਰ-ਗਰੀਬ ਵਿਚ ਪਾੜਾ ਘਟਣ ਦੀ ਬਜਾਏ ਵੱਧ ਰਿਹਾ ਹੈ। ਅਜਿਹਾ ਰੁਝਾਨ ਦੇਸਾਂ ਵਿਚ ਹੀ ਨਹੀਂ ਬਲਕਿ ਆਮ ਲੋਕਾਂ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ। ਮਲਕ ਭਾਗੋ ਅਤੇ ਭਾਈ ਲਾਲੋ ਦੇ ਪ੍ਰਤੀਨਿਧ ਅਜੋਕੇ ਸਮਾਜ ਵਿਚ ਆਮ ਵੇਖਣ ਨੂੰ ਮਿਲ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਵੱਧ ਰਹੇ ਇਸ ਪਾੜੇ ਨੂੰ ਘਟਾਉਣ ਦਾ ਯਤਨ ਕੀਤਾ ਜਿੱਥੇ ਸਮਾਜ ਦੇ ਦੋਵੇਂ ਪ੍ਰਮੁਖ ਵਰਗਾਂ ਨੂੰ ਕਿਰਤ ਕਰਨ ਦਾ ਸੰਦੇਸ਼ ਦਿੱਤਾ ਉਥੇ ਧਰਮ-ਕਿਰਤ ਵਿਚੋਂ ਗਰੀਬਾਂ ਅਤੇ ਲੋੜਵੰਦਾਂ ਲਈ ਵੰਡ ਕੇ ਛਕਣ ਦਾ ਵਿਧਾਨ ਕਾਇਮ ਕੀਤਾ – ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[23]

ਗੁਰਮਤਿ ਫਿਲਾਸਫੀ ਪਰਮਾਤਮਾ ਦੇ ਕੇਂਦਰੀ ਧੁਰੇ ਦੁਆਲੇ ਘੁੰਮਦੀ ਹੈ। ਸਿੱਖਾਂ ਦੇ ਸਭ ਤੋਂ ਪਹਿਲੇ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਪ੍ਰਮੁਖ ਰਚਨਾ 'ਜਪੁ' ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਦਰਜ ਕੀਤੀ ਗਈ ਹੈ, ਜੋ ਕਿ ਨਿਤਨੇਮ ਅਤੇ ਅੰਮ੍ਰਿਤ ਛਕਾਉਣ ਦੀਆਂ ਬਾਣੀਆਂ ਵਿਚ ਵੀ ਪਹਿਲੇ ਸਥਾਨ ਤੇ ਹੈ, ਦੇ ਆਰੰਭ ਵਿਚ ਜੋ ਮੂਲ ਮੰਤਰ ਦਰਜ ਕੀਤਾ ਮਿਲਦਾ ਹੈ ਉਹ ਪਰਮਾਤਮਾ ਦੇ ਗੁਣ ਬਿਆਨ ਕਰਦਾ ਹੈ। ਮੂਲ੍ਹ

ਮੰਤਰ ਨੂੰ 'ਜਪੁ' ਬਾਣੀ ਦਾ ਸਾਰ ਮੰਨਿਆ ਜਾਂਦਾ ਹੈ ਅਤੇ ਇਸ ਬਾਣੀ ਵਿਚਲੇ ਵਿਖਿਆਨ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਨੂੰ ਪਰਿਭਾਸ਼ਤ ਕਰਨ ਵਾਲੇ ਹਨ। ਇਸ ਤਰ੍ਹਾਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚਲੇ ਦਰਸ਼ਨ ਦਾ ਧੁਰਾ ਪਰਮਾਤਮਾ ਨੂੰ ਮੰਨਿਆ ਗਿਆ ਹੈ ਜੋ ਕਿ ਜੀਵਨ ਦਾ ਆਧਾਰ ਹੈ। ਜੀਵਨ ਦੇ ਇਸ ਆਧਾਰ ਨੂੰ ਪ੍ਰਫੁਲਿਤ ਅਤੇ ਕਾਇਮ ਰੱਖਣ ਲਈ ਪ੍ਰਮੁਖ ਸਿਧਾਤਾਂ ਵਿਚ ਇਸ ਦਾ ਜਾਪ ਕਰਨ ਦੀ ਪ੍ਰੇਰਣਾ ਪੈਦਾ ਕੀਤੀ ਗਈ ਹੈ। ਪਰਮਾਤਮਾ ਦਾ ਨਾਮ ਸਿਮਰਨ ਮਨੁੱਖ ਦੇ ਅੰਤਰੀਵੀ ਵਿਕਾਸ ਨਾਲ ਸੰਬੰਧਿਤ ਹੈ ਅਤੇ ਬਾਕੀ ਦੋ ਨਿਯਮ ਬਾਹਰੀ ਤੌਰ ਤੇ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਦੀ ਦਿਸ਼ਾ ਅੰਤਰੀਵੀ ਅਧਿਆਤਮਿਕ ਵਿਕਾਸ ਨੂੰ ਵਿਕਸਤ ਕਰਨ ਵਾਲੀ ਹੋਣੀ ਚਾਹੀਦੀ ਹੈ।

ਮਨੁੱਖ ਜਿਸ ਸਮਾਜ ਵਿਚ ਰਹਿੰਦਾ ਹੈ ਉਸ ਤੋਂ ਉਹ ਪ੍ਰਭਾਵਤ ਹੋਏ ਬਗੈਰ ਨਹੀਂ ਰਹਿ ਸਕਦਾ। ਜੇਕਰ ਸਮਾਜ ਵਿਚ ਆਲੇ-ਦੁਆਲੇ ਦੇ ਲੋਕ ਅਮੀਰ ਸ਼੍ਰੇਣੀ ਨਾਲ ਸੰਬੰਧਿਤ ਹੋਣ ਤਾਂ ਉਸਦਾ ਮਨ ਵੀ ਉਹੋ ਜਿਹਾ ਹੋਵੇਗਾ, ਉਸਨੂੰ ਨਾ ਤਾਂ ਗਰੀਬ ਸ਼੍ਰੇਣੀ ਦਾ ਬਹੁਤਾ ਗਿਆਨ ਹੋਵੇਗਾ ਅਤੇ ਨਾ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਕੋਈ ਜਾਣਕਾਰੀ ਹੀ ਹੋਵੇਗੀ। ਉਸ ਨੂੰ ਤਾਂ ਸਮਾਜ ਦਾ ਹਰ ਵਿਅਕਤੀ ਚੰਗੇ ਘਰਾਣੇ ਨਾਲ ਸੰਬੰਧਿਤ ਅਤੇ ਖਾਂਦਾ-ਪੀਂਦਾ ਨਜ਼ਰ ਆਵੇਗਾ। ਇਸਦੇ ਉਲਟ ਜਿਹੜਾ ਵਿਅਕਤੀ ਗਰੀਬ ਵਰਗ ਨਾਲ ਸੰਬੰਧਿਤ ਹੈ ਉਸ ਲਈ ਤਾਂ ਜੀਵਨ ਦੀਆਂ ਮੁਢਲੀਆਂ ਲੋੜਾਂ ਗ੍ਰਹਿਣ ਕਰਨਾ ਵੀ ਦੂਰ ਦੀ ਗੱਲ ਹੁੰਦੀ ਹੈ। ਨਾ ਤਾਂ ਅਮੀਰ ਵਿਅਕਤੀ ਗਰੀਬ ਮਨੁੱਖ ਦੀਆਂ ਲੋੜਾਂ ਪ੍ਰਤੀ ਚੇਤੰਨ ਹੁੰਦਾ ਹੈ ਅਤੇ ਨਾ ਹੀ ਗਰੀਬ ਮਨੁੱਖ ਅਮੀਰ ਵਿਅਕਤੀ ਦੀਆਂ ਭਾਵਨਾਵਾਂ ਤੋਂ ਜਾਣੂ ਹੁੰਦਾ ਹੈ। ਜਦੋਂ ਤੱਕ ਦੋਵੇਂ ਵਰਗ ਇਕ ਦੂਜੇ ਦੇ ਨੇੜੇ ਨਹੀਂ ਆਉਂਦੇ, ਸਮਾਜ ਵਿਕਾਸ ਨਹੀਂ ਕਰ ਸਕਦਾ। ਗੁਰੂ ਸਾਹਿਬਾਨ ਨੇ ਦੋਵੇਂ ਵਰਗਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਦਾ ਕਾਰਜ ਕੀਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਹੋਏ ਦੋਵਾਂ ਨੂੰ ਇਕ ਪਰਮਾਤਮਾ ਦੀ ਅੰਸ਼ ਦੱਸਿਆ। ਜੇਕਰ ਸਮਾਜ ਦਾ ਵਿਕਾਸ ਕਰਨਾ ਹੈ ਤਾਂ ਦੋਵੇਂ ਵਰਗਾਂ ਨੂੰ ਮਿਲਜੁਲ ਕੇ ਰਹਿਣਾ ਅਤੇ ਕਾਰਜ ਕਰਨਾ ਪਵੇਗਾ। ਗੁਰੂ ਸਾਹਿਬਾਨ ਨੇ ਸ਼ਖਸੀ ਜੀਵਨ ਦੀ ਥਾਂ ਭਾਈਚਾਰਕ ਜੀਵਨ ਨੂੰ ਪ੍ਰਮੁਖਤਾ ਪ੍ਰਦਾਨ ਕੀਤੀ ਜਿਸ ਵਿਚ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਕਾਇਮ ਕੀਤੀ ਗਈ ਜਿੱਥੇ ਸਭ ਨੂੰ ਵੰਡ ਕੇ ਛਕਣ ਲਈ ਪ੍ਰੇਰਿਤ ਕੀਤਾ ਗਿਆ - ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥[24]

ਅਮੀਰ ਅਤੇ ਗਰੀਬ ਦੋਵੇਂ ਇਕੋ ਕਾਰਜ ਲਈ ਵੰਡ ਛਕਣ ਦੇ ਵਿਧਾਨ ਨੂੰ ਅਪਣਾਉਣ ਲੱਗੇ ਤਾਂ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਦੋਵੇਂ ਵਰਗਾਂ ਵਿਚ ਵਿਥ ਬਹੁਤ ਜ਼ਿਆਦਾ ਹੈ ਇਸ ਲਈ ਕੌਣ ਕਿੰਨਾ ਦਾਨ ਦੇਵੇ? ਇਸ ਕਾਰਜ ਲਈ ਗੁਰੂ ਅਰਜਨ ਦੇਵ ਜੀ ਨੇ ਜੋ ਵਿਧਾਨ ਪ੍ਰਚਲਿਤ ਕੀਤਾ ਉਸ ਅਨੁਸਾਰ ਹਰ ਇਕ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੀ ਧਰਮ-ਕਿਰਤ ਦਾ ਦਸਵਾਂ ਹਿੱਸਾ ਗੁਰੂ-ਘਰ ਭੇਟ ਕਰੇ ਤਾਂ ਕਿ ਸਮਾਜਿਕ ਵਿਕਾਸ ਦੇ ਕਾਰਜਾਂ ਵਿਚ ਹਰ ਕੋਈ ਯੋਗਦਾਨ ਪਾ ਸਕੇ ਅਤੇ ਸਰਬਤ ਦੇ ਭਲੇ ਹਿਤ ਆਰੰਭ ਕੀਤੇ ਕਾਰਜ ਨਿਰਵਿਘਨ ਅਤੇ ਨਿਰੰਤਰ ਜਾਰੀ ਰੱਖੇ ਜਾ ਸਕਣ।

ਵੰਡ ਛਕਣ ਦੇ ਸਿਧਾਂਤ ਨੂੰ ਪ੍ਰਮੁਖਤਾ ਪ੍ਰਦਾਨ ਕਰਦੇ ਹੋਏ ਗਰੀਬਾਂ ਅਤੇ ਲੋੜਵੰਦਾਂ ਲਈ ਧਰਮਸਾਲਾਵਾਂ ਕਾਇਮ ਕੀਤੀਆਂ ਗਈਆਂ, ਹਸਪਤਾਲ ਖੋਲ੍ਹੇ ਗਏ, ਲੰਗਰ ਚਲਾਏ ਗਏ, ਮੁਫਤ ਨਿਵਾਸ ਦਾ ਪ੍ਰਬੰਧ ਕੀਤਾ ਗਿਆ, ਅੱਖਰਦਾਨ ਲਈ ਵਿਦਿਅਕ ਅਦਾਰੇ ਕਾਇਮ ਕੀਤੇ ਗਏ। ਸੰਗਤੀ ਧਰਮ ਵਿਚ 'ਆਪਿ ਤਰੈ ਸੰਗਤਿ ਸਭ ਉਧਰੈ' ਦੇ ਸੰਦੇਸ਼ ਅਨੁਸਾਰ ਹਰ ਇਕ ਵਿਅਕਤੀਆਂ ਨੂੰ ਉੱਚਾ ਚੁੱਕਣ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਯਤਨ ਕੀਤੇ ਗਏ। ਵਿਅਕਤੀਗਤ ਪ੍ਰਮੁਖਤਾ ਵਾਲੀਆਂ ਸਾਰੀਆਂ ਸੰਭਾਵਨਾਵਾਂ ਰੱਦ ਕਰ ਦਿੱਤੀਆਂ ਗਈਆਂ ਅਤੇ 'ਸਬਦ' ਨੂੰ 'ਗੁਰ' ਦਾ ਦਰਜਾ ਪ੍ਰਦਾਨ ਕਰਕੇ ਇਸਨੂੰ ਸਰਬਸਾਂਝੀ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਅਤੇ ਪ੍ਰਚਾਰਿਤ ਕੀਤਾ ਗਿਆ। ਗੁਰੂ ਅੱਗੇ ਅਰਪਿਤ ਕੀਤੀ ਭੇਟਾ ਸਮੁੱਚੀ ਲੋਕਾਈ ਦੇ ਭਲੇ ਹਿਤ ਰਾਖਵੀਂ ਕਰ ਦਿੱਤੀ ਗਈ।

ਅਜਿਹਾ ਨਹੀਂ ਕਿ ਵੰਡ ਦੇ ਛਕਣ ਦਾ ਕਾਰਜ ਸਭ ਤੋਂ ਪਹਿਲਾਂ ਗੁਰਮਤਿ ਵਿਚ ਹੀ ਵੇਖਣ ਨੂੰ ਮਿਲਦਾ ਹੈ। ਸਿੱਖ ਧਰਮ ਤੋਂ ਪਹਿਲਾਂ ਵੀ ਦਾਨ ਦੇਣ ਦੀ ਪ੍ਰਥਾ ਪ੍ਰਚਲਿਤ ਸੀ ਅਤੇ ਇਹ ਨਿਰੰਤਰ ਅੱਜ ਤੱਕ ਵੀ ਜਾਰੀ ਹੈ। ਪਹਿਲਾਂ ਦਾਨ ਦੇਣ ਦਾ ਕਾਰਜ ਵੱਡੇ-ਵੱਡੇ ਅਮੀਰ ਲੋਕ ਜਾਂ ਰਾਜੇ-ਮਹਾਰਾਜੇ ਕਰਿਆ ਕਰਦੇ ਸਨ। ਆਪਣੇ ਪਿੱਤਰਾਂ ਨੂੰ ਖੁਸ਼ ਕਰਨ ਲਈ ਵੀ ਦਾਨ ਦਿੱਤਾ ਜਾਂਦਾ ਸੀ, ਜੋ ਕਿ ਅੱਜ ਵੀ ਵੇਖਣ ਨੂੰ ਮਿਲ ਜਾਂਦਾ ਹੈ। ਸਮਾਜ ਵਿਚ ਅੱਜ ਵੀ ਗਰੀਬਾਂ ਅਤੇ ਭੁੱਖਿਆਂ ਨੂੰ ਦਾਨ ਦੇਣ ਦਾ ਕਾਰਜ ਚੱਲ ਰਿਹਾ ਹੈ। ਦਾਨ ਦੇਣ ਦਾ ਜੋ ਸਰੂਪ ਗੁਰਬਾਣੀ ਵਿਚ ਵੇਖਣ ਨੂੰ ਮਿਲਦਾ ਹੈ ਉਹ ਵਿਅਕਤੀਗਤ ਤੌਰ ਤੇ ਜਾਂ ਕਿਸੇ ਨੂੰ ਖੁਸ਼ ਕਰਨ ਲਈ ਦਾਨ ਦਿੱਤੇ ਜਾਣ ਨਾਲੋਂ ਭਿੰਨਤਾ ਰੱਖਦਾ ਹੈ। ਵਿਅਕਤੀਗਤ ਤੌਰ ਤੇ ਦਿੱਤੇ ਗਏ ਦਾਨ ਸਮੇਂ ਲੈਣ ਅਤੇ ਦੇਣ ਵਾਲੇ ਵਿਚਕਾਰ ਸੰਪਰਕ ਸਥਾਪਤ ਹੋ ਜਾਂਦਾ ਹੈ ਜਿਸ ਨਾਲ ਦਾਨ ਦੇਣ ਵਾਲੇ ਦੇ ਮਨ ਵਿਚ ਹਉਮੈ ਅਤੇ ਦਾਨ ਲੈਣ ਵਾਲੇ ਦੇ ਮਨ ਵਿਚ ਹੀਨ-ਭਾਵਨਾ ਪੈਦਾ ਹੋ ਜਾਂਦੀ ਹੈ। ਸਿੱਖ ਧਰਮ ਵਿਚ ਗੁਰੂ ਅੱਗੇ ਕੀਤੀ ਭੇਟਾ ਵਿਚ ਲੈਣ ਅਤੇ ਦੇਣ ਵਾਲੇ ਵਿਚਕਾਰ ਕਦੇ ਵੀ ਸੰਬੰਧ ਸਥਾਪਤ ਨਹੀਂ ਹੋ ਸਕਦਾ। ਪਤਾ ਨਹੀਂ ਲੱਗਦਾ ਕਿ ਭੇਟ ਕੀਤੀ ਮਾਇਆ ਪਿੰਗਲਵਾੜੇ ਜਾ ਰਹੀ ਹੈ, ਭੂਚਾਲ ਪੀੜਤਾਂ ਲਈ ਵੰਡੀ ਜਾ ਰਹੀ ਹੈ, ਲੰਗਰ ਚਲਾਇਆ ਜਾ ਰਿਹਾ ਹੈ, ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ, ਦਵਾਈਆਂ ਵੰਡਣ ਤੇ ਖਰਚ ਕੀਤੀ ਜਾ ਰਹੀ ਹੈ ਜਾਂ ਕਿਸੇ ਹੋਰ ਕਾਰਜ ਲਈ ਵਰਤੀ ਜਾ ਰਹੀ ਹੈ। ਗੁਰੂ-ਘਰ ਹਰ ਅਮੀਰ-ਗਰੀਬ ਆਪਣੀ ਧਰਮ-ਕਿਰਤ ਵਿਚੋਂ ਦਸਵੰਧ ਗੁਰੂ ਅੱਗੇ ਭੇਟ ਕਰਕੇ ਨਿਮਰਤਾ ਹਾਸਲ ਕਰਦਾ ਹੈ। ਦਸਵੰਧ ਨਾ ਦੇਣ ਵਾਲੇ ਲਈ ਸਿੱਖੀ ਵਿਚ ਕੋਈ ਸਥਾਨ ਨਹੀਂ ਮੰਨਿਆ ਗਿਆ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਨੰਦ ਲਾਲ ਜੀ ਕਹਿੰਦੇ ਹਨ:

ਦਸਵੰਧ ਗੁਰੁ ਨਹਿ ਦੇਵੈ ਝੂਠ ਬੋਲ ਜੋ ਖਾਇ।।
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ।।[25]

ਸਿੱਖ ਹਰ ਤਰ੍ਹਾਂ ਦੀ ਕਿਰਤ ਕਮਾਈ ਗੁਰੂ ਦੀ ਬਖ਼ਸ਼ਿਸ਼ ਵਜੋਂ ਵੇਖਦੇ ਹਨ ਅਤੇ ਇਸ ਧਰਮ-ਕਿਰਤ ਵਿਚੋਂ ਦਸਵੰਧ ਦੇਣਾ ਆਪਣਾ ਧਾਰਮਿਕ ਫਰਜ਼ ਸਮਝਦੇ ਹਨ। ਸਿੱਖਾਂ ਵਿਚ ਇਹ ਗੱਲ ਆਮ ਪ੍ਰਚਲਿਤ ਹੋ ਗਈ ਕਿ 'ਦਾਣਾ ਪਾਣੀ ਗੁਰੂ ਦਾ ਟਹਿਲ

ਸਿੱਖਾਂ ਦੀ' ਅਤੇ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ'। ਇਹ ਪ੍ਰੇਰਣਾਮਈ ਵਾਕ ਸਿੱਖ ਨੂੰ ਸੇਵਾ-ਭੇਟਾ ਕਰਨ ਲਈ ਪ੍ਰੇਰਿਤ ਕਰਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਧਰਮ-ਕਿਰਤ ਵਿਚੋਂ ਵੰਡ ਕੇ ਛਕਣਾ ਹੀ ਭਲਾ ਕਾਰਜ ਹੈ - ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥[26]

ਵੰਡ ਛਕਣ ਦੀ ਬਿਰਤੀ ਮਨੁੱਖ ਦੇ ਮਨ ਵਿਚ ਲੋਭ ਅਤੇ ਹੰਕਾਰ ਪੈਦਾ ਨਹੀਂ ਹੋਣ ਦਿੰਦੀ, ਦੂਜੇ ਮਨੁੱਖਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਕਰਦੀ ਹੈ, ਅਮੀਰ ਅਤੇ ਗਰੀਬ ਵਿਚ ਪਾੜ੍ਹਾ ਘਟਾਉਂਦੀ ਹੈ, ਮਨ ਵਿਚ ਸੇਵਾ ਅਤੇ ਨਿਮਰਤਾ ਦਾ ਅਹਿਸਾਸ ਜਗਾਉਂਦੀ ਹੈ, ਵਿਅਕਤੀਗਤ ਬਿਰਤੀਆਂ ਨੂੰ ਖ਼ਤਮ ਕਰਕੇ ਸੰਗਤ ਵਿਚ ਰਹਿਣ ਦੀ ਪ੍ਰੇਰਣਾ ਪੈਦਾ ਕਰਦੀ ਹੈ ਅਤੇ ਅਧਿਆਤਮਿਕ ਵਿਕਾਸ ਦੀ ਦਿਸ਼ਾ ਨਿਰਧਾਰਤ ਕਰਦੀ ਹੈ।

ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਤ੍ਰਿਵੇਣੀ ਸਿਧਾਂਤ ਗੁਰਮਤਿ ਦਾ ਮੂਲਾਧਾਰ ਹੈ। ਇਨ੍ਹਾਂ ਤਿੰਨਾਂ ਦੀ ਹੋਂਦ ਭਾਵੇਂ ਵੱਖ-ਵੱਖ ਰੂਪਾਂ ਵਿਚ ਨਜ਼ਰ ਆਉਂਦੀ ਹੈ ਪਰ ਇਹ ਆਪਸ ਵਿਚ ਘੁਲੇ-ਮਿਲੇ ਅਤੇ ਇਕ ਦੂਜੇ ਦੇ ਪੂਰਕ ਹਨ। ਇਹ ਤਿੰਨੇ ਇਕੱਠੇ ਮਿਲ ਕੇ ਕਾਰਜ ਕਰਨ ਤਾਂ ਹੀ ਆਦਰਸ਼ ਸਮਾਜ ਦੀ ਸਿਰਜਣਾ ਕਾਇਮ ਰਹਿ ਸਕਦੀ ਹੈ।

ਹਵਾਲੇ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼*, ਪੰਨਾ 697.
2. ਗੋਬਿੰਦ ਸਿੰਘ ਮਨਸੁਖਾਨੀ, *ਗੁਰਸਿੱਖੀ ਕੀ ਹੈ?*, ਪੰਨਾ 120.
3. *ਸਿੱਖ ਰਹਿਤ ਮਰਯਾਦਾ*, ਪੰਨਾ 9.
4. ਗੁਰੂ ਗ੍ਰੰਥ ਸਾਹਿਬ, ਪੰਨਾ 12.
   ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥
5. Harbans Singh, (ed.), *The Encyclopaedia of Sikhism*, Vol. 1, pp. 377-78.
6. ਸ਼ੇਰ ਸਿੰਘ ਗਿਆਨੀ, *ਗੁਰਮਤਿ ਦਰਸ਼ਨ*, ਪੰਨੇ 377-78.
7. ਗੁਰੂ ਗ੍ਰੰਥ ਸਾਹਿਬ, ਪੰਨਾ 4.
8. ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਗੁਰੂ ਗ੍ਰੰਥ ਸਾਹਿਬ, ਪੰਨਾ 463-540.
9. ਗੁਰੂ ਗ੍ਰੰਥ ਸਾਹਿਬ, ਪੰਨਾ 540.
10. ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
    ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥ ਗੁਰੂ ਗ੍ਰੰਥ ਸਾਹਿਬ, ਪੰਨਾ 491.
11. ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
    ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ॥ ਗੁਰੂ ਗ੍ਰੰਥ ਸਾਹਿਬ, ਪੰਨਾ 565.
12. ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ ਗੁਰੂ ਗ੍ਰੰਥ ਸਾਹਿਬ, ਪੰਨਾ 4.
    ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥
    ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਗੁਰੂ ਗ੍ਰੰਥ ਸਾਹਿਬ, ਪੰਨੇ 1375-76.
13. ਭਾਈ ਜੋਧ ਸਿੰਘ, *ਗੁਰਮਤਿ ਨਿਰਣਯ*, ਪੰਨਾ 168.
14. ਗੁਰੂ ਗ੍ਰੰਥ ਸਾਹਿਬ, ਪੰਨਾ 358.

15. ਉਹੀ, ਪੰਨਾ 467.
16. ਉਹੀ, ਪੰਨਾ 141.
17. ਉਹੀ, ਪੰਨਾ 662..
18. ਉਹੀ, ਪੰਨਾ 1374.
19. *ਵਾਰਾਂ ਭਾਈ ਗੁਰਦਾਸ*, ਵਾਰ 1.40.
20. ਗੁਰੂ ਗ੍ਰੰਥ ਸਾਹਿਬ, ਪੰਨੇ 1375-76.
21. ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ ਗ੍ਰੰਥ*, ਪੰਨਾ 46
22. ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ*, ਰਹਿਤਨਾਮਾ ਭਾਈ ਦੇਸਾ ਸਿੰਘ, ਬੰਦ 24.
23. ਉਹੀ, ਪੰਨਾ 1245.
24. ਉਹੀ, ਪੰਨਾ 186.
25. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਤਨਖਾਹਨਾਮਾ 24.
26. *ਵਾਰਾਂ ਭਾਈ ਗੁਰਦਾਸ ਜੀ*, ਵਾਰ 6.12.

ਸਤਿ ਅਤੇ ਸਚਿਆਰ

ਸਤਿ ਅਤੇ ਸਚਿਆਰ ਸ਼ਬਦ ਵਿਅਕਤੀ ਦੇ ਅਧਿਆਤਮਿਕ ਅਤੇ ਵਿਹਾਰਕ ਪੱਖ ਨਾਲ ਸੰਬੰਧਿਤ ਹਨ। ਸਤਿ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਸਤ' ਤੋਂ ਉਤਪੰਨ ਹੋਇਆ ਹੈ। ਜਿਸਦੇ ਅਰਥਾਂ ਦਾ ਵਿਸਤਾਰ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਸਤਿ ਸ਼ਬਦ "ਸੱਚ, ਪਵਿੱਤਰ, ਪਰਮਾਤਮਾ, ਆਦਰ , ਸਤੋਗੁਣ, ਸਾਧੁ, ਪੂਜਯ" ਆਦਿ ਅਨੇਕਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸਤਿ ਸ਼ਬਦ ਨੂੰ ਸਤਯ ਰੂਪ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ, ਭਾਈ ਕਾਨ੍ਹ ਸਿੰਘ ਨਾਭਾ ਨੇ ਇਸਦੇ ਵੱਖ-ਵੱਖ ਅਰਥ ਕੀਤੇ ਹਨ ਜਿਵੇਂ "ਸਤਯ ਰੂਪ ਪਾਰਬ੍ਰਹਮ, ਮਿਥਯ ਦਾ ਵਿਰੋਧੀ, ਸ਼ਰਧਾ ਜਾਂ ਵਿਸ਼ਵਾਸ, ਉੱਤਮ, ਸੱਤਾ ਸ਼ਕਤੀ, ਯਥਾਰਥ ਗਿਆਨ, ਸਹੀ ਜਾਂ ਠੀਕ" ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਸੱਚ ਨੂੰ ਪਰਮਾਤਮਾ ਦਾ ਲਖਾਇਕ ਮੰਨਿਆ ਗਿਆ ਹੈ, ਜਿਵੇਂ ਮੂਲ ਮੰਤਰ ਵਿਚ ਪਰਮਾਤਮਾ ਦੇ 'ਸਤਿ' ਸਰੂਪ ਦਾ ਵਰਨਨ ਕਰਦੇ ਹੋਏ ਕਿਹਾ ਗਿਆ ਹੈ ੧ ੴ ਸਤਿਨਾਮੁ, ਇਸਦਾ ਭਾਵ ਹੈ ਕਿ ਪਰਮਾਤਮਾ ਇਕ ਹੈ ਅਤੇ ਉਸਦਾ ਨਾਮ ਸੱਚ ਹੈ। ਇਸਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਜਪੁ' ਦੇ ਪਹਿਲੇ ਸਲੋਕ ਵਿਚ ਉਸਦੇ ਸਦੀਵੀ ਸੁਭਾਅ ਅਤੇ ਸਰੂਪ ਦਾ ਵਰਨਨ ਕੀਤਾ ਹੈ:

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥[1]

ਇਸ ਸਲੋਕ ਦੇ ਅਰਥ ਬੜੇ ਹੀ ਸਰਲ ਅਤੇ ਸਪਸ਼ਟ ਹਨ ਕਿ ਪਰਮਾਤਮਾ ਭੂਤ, ਵਰਤਮਾਨ ਅਤੇ ਭਵਿੱਖ ਵਿੱਚ ਸੱਚ ਸਰੂਪ ਹੈ। ਗੁਰੂ ਅਮਰਦਾਸ ਜੀ ਇਸ ਸੱਚ ਸਰੂਪ ਪਰਮਾਤਮਾ ਨੂੰ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਮੰਨਦੇ ਹੋਏ ਕਹਿੰਦੇ ਹਨ – ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥[2]

ਸੱਚ ਕੀ ਹੈ? ਕੀ ਇਸ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ? ਇਹ ਦੋਵੇਂ ਪ੍ਰਸ਼ਨ ਸੱਚ ਦੇ ਕਿਸੇ ਇਕ ਸਰੂਪ ਦਾ ਤਾਂ ਵਿਖਿਆਨ ਕਰ ਸਕਦੇ ਹਨ ਪਰ ਸਮੁੱਚੇ ਤੌਰ ਤੇ ਸੱਚ ਬਾਰੇ ਇਕ ਪਰਿਭਾਸ਼ਾ ਦੇਣੀ ਅਸੰਭਵ ਹੈ। ਸੱਚ ਦੇ ਸਰੂਪ ਬਾਰੇ ਗੁਰਮਤਿ ਵਿਚ ਜੋ ਦੱਸਿਆ ਗਿਆ ਹੈ ਉਸ ਅਨੁਸਾਰ ਤਾਂ ਸੱਚ ਕੇਵਲ ਇਕ ਹੈ, ਉਹ ਸਦੀਵੀ ਹੈ, ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ ਵੀ ਸੱਚ ਦੀ ਹੋਂਦ ਸੀ ਅਤੇ ਸ੍ਰਿਸ਼ਟੀ ਦੇ ਖਾਤਮੇ ਤੋਂ ਬਾਅਦ ਵੀ ਕੇਵਲ ਸੱਚ ਹੀ ਬਾਕੀ ਰਹਿ ਜਾਵੇਗਾ। ਸੱਚ ਦੇ ਇਸ ਸਰੂਪ ਨੂੰ ਪਰਮਸਤਿ ਦਾ ਨਾਮ ਦਿੱਤਾ ਗਿਆ ਹੈ।

ਪਰਮਸਤਿ ਦੇ ਨਾਮ : ਪਰਮਸਤਿ ਦੇ ਬਹੁਤ ਸਾਰੇ ਨਾਵਾਂ ਦਾ ਵਿਖਿਆਨ ਵੱਖ-ਵੱਖ ਵਿਦਵਾਨਾਂ ਨੇ ਕੀਤਾ ਹੈ। ਸ੍ਰਿਸ਼ਟੀ ਵਿਚ ਜਿੰਨੇ ਵੀ ਪਰਮਾਤਮਾ ਦੇ ਨਾਮ ਆਏ ਹਨ ਇਹ ਵੀ ਸਭ ਉਸਦੇ ਕਿਸੇ ਗੁਣ ਦੇ ਇਕ ਪੱਖ ਨੂੰ ਉਜਾਗਰ ਕਰਨ ਵਾਲੇ ਹਨ। ਜਿਵੇਂ

ਅਸਿਕੇਤ, ਖੜਗਕੇਤ, ਸਰਬਲੋਹ ਪਰਮਾਤਮਾ ਦੇ ਬੀਰ ਰਸ ਪੈਦਾ ਕਰਨ ਵਾਲੇ ਨਾਮ ਹਨ; ਕਿਸਾਨ, ਬਾਣੀਆ, ਸ਼ਾਹ ਆਦਿ ਪਰਮਾਤਮਾ ਦੇ ਸੱਚ ਤੋਲਣ ਵਾਲੇ ਨਾਵਾਂ ਦੇ ਲਖਾਇਕ ਹਨ; ਮਿੱਤਰ, ਮੀਤ, ਪ੍ਰੀਤਮ, ਪਿਆਰਾ ਪਰਮਾਤਮਾ ਨੂੰ ਸਖਾ ਭਾਵ ਵਿਚ ਪ੍ਰਗਟ ਕਰਦੇ ਹਨ, ਆਦਿ। ਇਸੇ ਤਰ੍ਹਾਂ ਗੁਰਬਾਣੀ ਵਿਚ ਵੱਖ-ਵੱਖ ਧਰਮਾਂ ਵਿਚ ਵਰਤੇ ਪਰਮਾਤਮਾ ਦੇ ਵੱਖਰੇ-ਵੱਖਰੇ ਨਾਵਾਂ ਦਾ ਵੀ ਜ਼ਿਕਰ ਮਿਲਦਾ ਹੈ ਜਿਨ੍ਹਾਂ ਦਾ ਉਲੇਖ ਕਰਦੇ ਹੋਏ ਸਰਦੂਲ ਸਿੰਘ ਕਵੀਸ਼ਰ ਦੱਸਦੇ ਹਨ, "ਗੁਰੂ ਸਾਹਿਬਾਨ ਨੇ ਪਰਮਾਤਮਾ ਦੇ ਲਗਪਗ ਸਾਰੇ ਹੀ ਪ੍ਰਚਲਿਤ ਨਾਮ ਜਿਹੜੇ ਹਿੰਦ ਦੇ ਉਸ ਸਮੇਂ ਦੇ ਵਸਨੀਕ ਅਰਥਾਤ ਹਿੰਦੁਸਤਾਨੀ, ਈਰਾਨੀ ਤੇ ਅਰਬ ਵਾਸੀ ਵਰਤਦੇ ਸਨ, ਵਰਤੋਂ ਵਿਚ ਲਿਆਂਦੇ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਵਿਚ ਪ੍ਰਚਲਿਤ ਨਾਮ ਜਿਵੇਂ ਰਾਮ, ਮਾਧੋ, ਮੁਰਾਰੀ, ਪਰਮੇਸ਼ਰ, ਕੇਸ਼ੋ, ਹਰੀ, ਗੋਪਾਲ, ਰਘੁਨਾਥ, ਵਾਸਦੇਵ, ਨਾਰਾਇਣ, ਗੋਵਿੰਦ ਤੇ ਮੁਸਲਮਾਨਾਂ ਵਿਚ ਪ੍ਰਚਲਿਤ ਨਾਮ ਰਹੀਮ, ਖੁਦਾ, ਅੱਲਾਹ, ਖਾਲਕ-ਖੁੱਲ੍ਹੇ ਡੁੱਲ੍ਹੇ ਵਰਤੇ ਹਨ।"[3]

ਪਰਮਸਤਿ ਨੂੰ ਹਿੰਦੂ ਧਰਮ ਵਿਚ ਸਤਿ, ਚਿਤ ਅਤੇ ਅਨੰਦ ਕਿਹਾ ਗਿਆ ਹੈ। ਪਰਮਸਤਿ ਦੇ ਇਹ ਤਿੰਨ ਨਾਮ ਤਿੰਨ ਗੁਣਾਂ ਦਾ ਵਿਖਿਆਨ ਕਰਦੇ ਹਨ। ਇਹ ਤਿੰਨ ਗੁਣ ਸਿੱਖ ਧਰਮ ਵਿਚ ਵੀ ਦਰਸਾਏ ਗਏ ਹਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਵਿਚ "ਸਦਾ ਸਚਦਾਨੰਦ ਸਤ੍ਰੰ ਪ੍ਰਣਾਸੀ" ਕਿਹਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ ਇਸਨੂੰ "ਸਤਿ ਸੁਹਾਣੁ ਸਦਾ ਮਨਿ ਚਾਉ" ਕਹਿ ਕੇ ਸੰਬੋਧਨ ਕੀਤਾ ਹੈ। ਇਹ ਸਭ ਗੁਣ ਪਰਮਾਤਮਾ ਦੇ ਕੀਤੇ ਕੰਮਾਂ ਵਿਚੋਂ ਉਜਾਗਰ ਹੋਏ ਹਨ, ਅਤੇ ਪਰਮਾਤਮਾ ਦਾ ਸਭ ਤੋਂ ਮੁਢਲਾ ਨਾਮ 'ਸਤਿਨਾਮੁ' ਹੈ, ਜਿਸਦੇ ਕਿਰਤਮ ਨਾਵਾਂ ਦਾ ਵਖਿਆਨ ਕੀਤਾ ਜਾਂਦਾ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥[4]

ਪਰਮਸਤਿ ਦੀ ਹੋਂਦ : ਦੁਨੀਆ ਵਿਚ ਸੱਚ ਹਮੇਸ਼ਾਂ ਨਵਾਂ ਨਕੋਰ ਹੋ ਕੇ ਵਿਚਰਦਾ ਹੈ, ਸਮੇਂ ਦੀ ਮੈਲ ਇਸਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਇਹ ਸ਼ੁੱਧ ਸੋਨੇ ਵਾਂਗ ਹਮੇਸ਼ਾਂ ਸ਼ੁੱਧ ਹੀ ਰਹੇਗਾ। ਸੋਨੇ ਤੇ ਚੜ੍ਹੀ ਮੈਲ ਅੱਗ ਵਿਚ ਪੈਣ ਨਾਲ ਲੱਥ ਜਾਂਦੀ ਹੈ ਅਤੇ ਸ਼ੁੱਧ ਸੋਨਾ ਬਾਕੀ ਰਹਿ ਜਾਂਦਾ ਹੈ। ਸੱਚ ਉਤੇ ਵੀ ਝੂਠ ਦੀ ਮੈਲ ਲੱਗਦੀ ਰਹਿੰਦੀ ਹੈ ਪਰ ਇਹ ਨਾ ਤਾਂ ਚਿਰ ਸਥਾਈ ਸੱਚ ਤੇ ਪ੍ਰਭਾਵ ਪਾ ਸਕਦੀ ਹੈ ਅਤੇ ਨਾ ਹੀ ਸੱਚ ਨੂੰ ਖਤਮ ਕਰ ਸਕਦੀ ਹੈ। ਸੱਚ ਉਤੇ ਲੱਗੀ ਹੋਈ ਝੂਠ ਦੀ ਮੈਲ ਨੂੰ ਉਤਾਰਨ ਦਾ ਜੋ ਤਰੀਕਾ ਗੁਰਮਤਿ ਵਿਚ ਦੱਸਿਆ ਗਿਆ ਹੈ ਉਸਨੂੰ 'ਨਾਮ ਸਿਮਰਨ' ਕਿਹਾ ਜਾਂਦਾ ਹੈ। ਜਿਵੇਂ ਕੱਪੜੇ ਨੂੰ ਸਾਬਣ ਨਾਲ ਧੋ ਕੇ ਸਾਫ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਮਨ ਉਤੇ ਝੂਠ ਰੂਪੀ ਪਾਪਾਂ ਦੀ ਲੱਗੀ ਮੈਲ ਨੂੰ ਪਰਮਾਤਮਾ ਦੇ ਨਾਮ ਨਾਲ ਸਾਫ ਕਰਨ ਦਾ ਮਾਰਗ ਦੱਸਿਆ ਗਿਆ ਹੈ, ਤਾਂ ਕਿ ਮਨ ਹਮੇਸ਼ਾਂ ਸਤਿ ਸਰੂਪ ਪਰਮਾਤਮਾ ਨਾਲ ਜੁੜਿਆ ਰਹੇ। ਸੱਚ ਸਦੀਵੀ ਹੈ, ਇਹ ਨਾ ਤਾਂ ਕਦੇ ਪੁਰਾਣਾ ਹੁੰਦਾ ਹੈ ਅਤੇ ਨਾ ਹੀ ਇਸਨੂੰ ਕੋਈ ਖਰਾਬ ਕਰ ਸਕਦਾ ਹੈ, ਅਤੇ ਜਦੋਂ ਤੱਕ ਜੀਵ ਪਰਮਾਤਮਾ ਦਾ ਨਾਮ ਜਪਦਾ ਹੈ ਉਦੋਂ ਤੱਕ ਸੱਚ ਨੂੰ

ਅਨੁਭਵ ਕਰਦਾ ਰਹਿੰਦਾ ਹੈ:

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥[5]

ਸੱਚ ਨੂੰ ਪ੍ਰਾਪਤ ਕਿਵੇਂ ਕੀਤਾ ਜਾ ਸਕਦਾ ਹੈ? ਜਾਂ ਸੱਚ ਨੂੰ ਮਨ ਵਿਚ ਕਿਵੇਂ ਵਸਾਇਆ ਜਾ ਸਕਦਾ ਹੈ? ਇਹ ਸਮਝਾਉਣ ਹਿਤ ਗੁਰਬਾਣੀ ਵਿਚ ਸਰੀਰ ਰੂਪੀ ਭਾਂਡੇ ਦੀ ਉਦਾਹਰਣ ਦਿੱਤੀ ਗਈ ਹੈ ਕਿ ਸਰੀਰ ਰੂਪੀ ਭਾਂਡੇ ਵਿਚ ਅਨੇਕਾਂ ਪ੍ਰਕਾਰ ਦੀ ਵਿਕਾਰਾਂ ਰੂਪੀ ਵਾਸਨਾ ਜਮਾਂ ਹੈ ਜਿਸਨੇ ਮਨ ਰੂਪੀ ਖੇਤ ਨੂੰ ਬੰਜਰ ਕਰ ਦਿੱਤਾ ਹੈ। ਇਸ ਕਰਕੇ ਮਨ ਵਿਚ ਨਾ ਤਾਂ ਸਦਾਚਾਰਕ ਵਿਚਾਰ ਉਤਪੰਨ ਹੁੰਦੇ ਹਨ ਅਤੇ ਨਾ ਹੀ ਦੁੱਧ ਰੂਪੀ ਸੱਚ ਉਸ ਵਿਚ ਟਿਕ ਸਕਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਂਡਾ ਧੋ ਕੇ ਉਸ ਨੂੰ ਧੂਪ ਦੇਵੋ ਤਾਂ ਉਸ ਵਿਚ ਦੁੱਧ ਲੈਣ ਜਾਓ, ਭਾਵ ਮਨ ਨੂੰ ਸ਼ੁੱਧ, ਪਵਿੱਤਰ ਕਰੋ ਤਾਂ ਹੀ ਸਤਿ ਸਰੂਪ ਪਰਮਾਤਮਾ ਉਸ ਵਿਚ ਟਿਕਦਾ ਹੈ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥[6]

ਸੱਚ ਜਦੋਂ ਮਨ ਵਿਚ ਵਸ ਗਿਆ ਤਾਂ ਵਿਕਾਰ ਵਿਅਕਤੀ ਉਤੇ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਇਸ ਕਰਕੇ ਸੱਚ ਨੂੰ ਸਭਨਾਂ ਰੋਗਾਂ ਦਾ ਦਾਰੂ ਕਿਹਾ ਗਿਆ ਹੈ – ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥[7]

ਹੁਣ ਜਦੋਂ ਸੱਚ ਨੂੰ ਸਭ ਰੋਗਾਂ ਦਾ ਦਾਰੂ ਮੰਨ ਲਿਆ ਗਿਆ ਹੈ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਰੋਗ-ਮੁਕਤ ਕਰਨ ਵਾਲੇ ਦਾਰੂ ਨੂੰ ਆਪਣੇ ਮਨ ਵਿਚ ਵਸਾ ਤਾਂ ਹੀ ਇਸ ਜੀਵਨ ਵਿਚ ਪਾਰ-ਉਤਾਰਾ ਹੋ ਸਕਦਾ ਹੈ, ਭਾਵ ਪ੍ਰਭੂ-ਚਰਨਾਂ ਨਾਲ ਪ੍ਰੀਤ ਪੈ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਮਨ ਦੀ ਮੈਲ ਸਾਫ ਕਰਨ ਅਤੇ ਸੱਚੇ ਮਨੁੱਖ ਬਣਨ ਲਈ ਤੀਰਥ ਇਸ਼ਨਾਨ ਕਰਨ ਦੀ ਪ੍ਰਥਾ ਪ੍ਰਚਲਿਤ ਸੀ। ਇਹ ਸਮਝਿਆ ਜਾਂਦਾ ਸੀ ਕਿ ਗੰਗਾ ਇਕ ਪਵਿੱਤਰ ਨਦੀ ਹੈ ਅਤੇ ਇਸ ਵਿਚ ਇਸ਼ਨਾਨ ਕਰਨ ਨਾਲ ਮਨ ਦੇ ਸਭ ਪਾਪ ਸਾਫ ਹੋ ਜਾਂਦੇ ਹਨ। ਇਸ ਕਰਕੇ ਗੰਗਾ ਕਿਨਾਰੇ ਵਸੇ ਧਾਰਮਿਕ ਸਥਾਨਾਂ ਤੇ ਵਿਸ਼ੇਸ਼ ਮੇਲੇ ਲੱਗਦੇ ਸਨ ਅਤੇ ਭਾਰੀ ਗਿਣਤੀ ਵਿਚ ਲੋਕ ਵਿਸ਼ੇਸ਼ ਦਿਨ ਇਕੱਤਰ ਹੋ ਕੇ ਇਨ੍ਹਾਂ ਸਥਾਨਾਂ ਤੇ ਇਸ਼ਨਾਨ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੂੰ ਇਹ ਸਭ ਕਰਮ ਕਾਂਡ ਲੱਗ ਰਿਹਾ ਸੀ। ਉਨ੍ਹਾਂ ਨੇ ਲੋਕਾਂ ਨੂੰ ਇਸ ਕਰਮਕਾਂਡ ਤੋਂ ਨਿਜਾਤ ਦਿਵਾਉਣ ਲਈ ਕੇਵਲ ਇਕ ਸੱਚ ਦੀ ਗੱਲ ਕੀਤੀ ਅਤੇ ਕਿਹਾ ਕਿ ਇਹ ਇਕ ਸੱਚ ਸਮੂਹ ਜੁਗਾਂ ਵਿਚ ਸਮਾਇਆ ਹੋਇਆ ਹੈ ਅਤੇ ਜੋ ਇਸ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਗੁਰਮੁਖ ਹੈ :

ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥[8]

ਇਸਦੇ ਨਾਲ ਗੁਰੂ ਸਾਹਿਬ ਨੇ ਇਹ ਸਪਸ਼ਟ ਕੀਤਾ ਕਿ ਤੀਰਥ ਅਸਥਾਨਾਂ ਤੇ ਜਾ ਕੇ ਸਰੀਰ ਸਾਫ ਕਰਨ ਨਾਲ ਮਨ ਸਾਫ ਨਹੀਂ ਹੋ ਸਕਦਾ। ਜਿਨ੍ਹਾਂ ਵਿਅਕਤੀਆਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਵਸਿਆ ਹੋਇਆ ਹੈ, ਉਹੀ ਵਿਅਕਤੀ ਸੱਚੇ ਹਨ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।[9]

ਪ੍ਰਕ੍ਰਿਤੀ ਦੇ ਤਿੰਨ ਗੁਣ ਮੰਨੇ ਗਏ ਹਨ-ਸਤਵ, ਰਜਸ ਅਤੇ ਤਮਸ। ਇਹ ਤਿੰਨੇ ਗੁਣ ਪ੍ਰਕ੍ਰਿਤੀ ਦਾ ਹਿੱਸਾ ਹੋਣ ਕਰਕੇ ਹਰ ਮਨੁੱਖ ਵਿਚ ਵੀ ਵਿਦਮਾਨ ਹਨ। ਸਤਵ ਗੁਣ ਵਿਅਕਤੀ ਦੇ ਮਨ ਵਿਚ ਅਧਿਆਤਮਿਕ ਵਿਚਾਰ ਉਤਪੰਨ ਕਰਦੇ ਹਨ, ਰਜਸ ਗੁਣ ਵਿਅਕਤੀ ਦੇ ਮਨ ਨੂੰ ਸਮਾਜ ਸੇਵਾ ਅਤੇ ਵਿਕਾਸ ਦੇ ਮਾਰਗ ਤੇ ਪਾਉਂਦੇ ਹਨ ਅਤੇ ਤਾਮਸਿਕ ਗੁਣ ਵਿਅਕਤੀ ਦੇ ਮਨ ਨੂੰ ਵਿਸ਼ੇ-ਵਿਕਾਰਾਂ ਵਿਚ ਫਸਾ ਦਿੰਦੇ ਹਨ। ਗੁਰੂ ਸਾਹਿਬਾਨ ਪਰਮਾਤਮਾ ਨੂੰ ਇਨ੍ਹਾਂ ਤਿੰਨਾਂ ਗੁਣਾਂ ਤੋਂ ਉੱਪਰ ਮੰਨਦੇ ਹੋਏ ਕਹਿੰਦੇ ਹਨ:

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।।[10]

ਰੂਪ ਅਤੇ ਅਕਾਰ ਤੋਂ ਰਹਿਤ ਪਰਮਾਤਮਾ ਸ੍ਰਿਸ਼ਟੀ ਦੇ ਜ਼ਰ੍ਹੇ-ਜ਼ਰ੍ਹੇ ਵਿਚ ਵਿਦਮਾਨ ਹੈ। ਇਸਦੀ ਹੋਂਦ ਸਮੂਹ ਜੀਵਾਂ ਅਤੇ ਦਿਸ਼ਾਵਾਂ ਵਿਚ ਮਹਿਸੂਸ ਕਰਦੇ ਹੋਏ ਇਸਨੂੰ ਗੁਰੂ ਨਾਨਕ ਦੇਵ ਜੀ ਨੇ "ਸਭ ਮਹਿ ਜੋਤਿ ਜੋਤਿ ਹੈ ਸੋਇ।। ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ" ਅਤੇ ਗੁਰੂ ਗੋਬਿੰਦ ਸਿੰਘ ਜੀ ਨੇ "ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ" ਕਿਹਾ ਹੈ।

ਸਚਿਆਰ : ਸਚਿਆਰ ਤੋਂ ਭਾਵ ਸੱਚ ਨੂੰ ਧਾਰਨ ਕਰਨ ਤੋਂ ਹੈ ਜੋ ਮਨੁੱਖ ਸੱਚ ਨੂੰ ਧਾਰਨ ਕਰਦਾ ਹੈ ਉਸਨੂੰ ਸਚਿਆਰਾ ਕਿਹਾ ਜਾਂਦਾ ਹੈ। ਸਚਿਆਰੇ ਮਨੁੱਖਾਂ ਦਾ ਸਮਾਜ ਸਿਰਜਣਾ ਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਮੁਖ ਉਦੇਸ਼ ਸੀ। ਅਜਿਹੇ ਮਨੁੱਖਾਂ ਨੂੰ ਸਮਾਜ ਦਾ ਹਿੱਸਾ ਬਣਾਉਣ ਅਤੇ ਸਮਾਜ ਵਿਚ ਅਜਿਹੇ ਮਨੁੱਖ ਪੈਦਾ ਕਰਨ ਦੇ ਉਦੇਸ਼ ਨਾਲ ਹੀ ਗੁਰੂ ਸਾਹਿਬ ਨੇ ਚਾਰ ਉਦਾਸੀਆ ਕੀਤੀਆਂ। ਇਨ੍ਹਾਂ ਉਦਾਸੀਆਂ ਸਮੇਂ ਆਪਣੇ ਮਿਸ਼ਨ ਦਾ ਖੁਲਾਸਾ ਗੁਰੂ ਜੀ ਜੋਗੀਆਂ ਸਾਹਮਣੇ ਕਰਦੇ ਹੋਏ ਕਹਿੰਦੇ ਹਨ ਕਿ "ਗੁਰਮੁਖਿ ਖੋਜਤ ਭਏ ਉਦਾਸੀ"। ਗੁਰੂ ਸਾਹਿਬ ਇਹ ਜਾਣਦੇ ਸਨ ਕਿ ਝੂਠ, ਫਰੇਬ ਅਤੇ ਭਰਮਾਂ ਨਾਲ ਭਰੇ ਸਮਾਜ ਨੂੰ ਸੱਚੇ ਅਤੇ ਗੁਰਮੁਖ ਵਿਅਕਤੀਆਂ ਦੀ ਅਗਵਾਈ ਦੀ ਲੋੜ ਹੈ ਅਤੇ ਇਨ੍ਹਾਂ ਰਾਹੀਂ ਹੀ ਸਮਾਜ ਵਿਚ ਸਦਾਚਾਰ ਕਾਇਮ ਰਹਿ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਸਚਿਆਰੇ ਮਨੁੱਖ ਦੀ ਜੋ ਕਲਪਨਾ ਕੀਤੀ ਉਸਦਾ ਆਪਣੀਆਂ ਰਚਨਾਵਾਂ ਵਿਚ ਵਿਸਤਾਰ ਪੂਰਵਕ ਵਰਨਨ ਵੀ ਕੀਤਾ ਹੈ। ਗੁਰੂ ਸਾਹਿਬ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਹਿਲੀ ਬਾਣੀ 'ਜਪੁ' ਵਿਚ ਹੀ ਸਚਿਆਰੇ ਮਨੁੱਖ ਦੀ ਕਲਪਨਾ ਕਰਦੇ ਹੋਏ ਇਹ ਪ੍ਰਸ਼ਨ ਕੀਤਾ ਗਿਆ ਹੈ ਕਿ ਸਚਿਆਰਾ ਮਨੁੱਖ ਕਿਵੇਂ ਬਣਨਾ ਹੈ -
ਕਿਵ ਸਚਿਆਰਾ ਹੋਇਐ ਕਿਵ ਕੂੜੇ ਤੁਟੈ ਪਾਲਿ।।

'ਜਪੁ' ਬਾਣੀ ਸਮੁੱਚੇ ਸਮਾਜ ਦਾ ਜ਼ਿਕਰ ਕਰਦੀ ਹੈ ਕਿ ਇੱਥੇ ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ ਹੋ ਰਹੀ ਹੈ, ਇੱਥੇ ਅਨੇਕਾਂ ਹੀ ਬੁਰੇ ਤੋਂ ਬੁਰੇ ਵਿਅਕਤੀ ਮੌਜੂਦ ਹਨ, ਇੱਥੇ ਵਿਅਕਤੀ ਸੱਚ ਦੇ ਮਾਰਗ ਤੇ ਚੱਲਣ ਤੋਂ ਗੁਰੇਜ਼ ਕਰ ਰਹੇ ਹਨ। ਅਜਿਹੇ ਸਮਾਜ ਦੀ ਅਗਵਾਈ ਇਕ ਸਚਿਆਰਾ ਮਨੁੱਖ ਕਰੇ ਤਾਂ ਹੀ ਸਮਾਜ ਉਸਾਰੂ ਦਿਸ਼ਾ ਵੱਲ ਜਾ ਸਕੇਗਾ। ਸਚਿਆਰਾ ਮਨੁੱਖ ਬਣਨ ਲਈ ਗੁਰੂ ਜੀ ਨੇ ਜੋ ਮਾਰਗ ਦੱਸਿਆ ਹੈ

ਉਸ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਸਮਾਜ ਵਿਚ ਸਚਿਆਰਾ ਬਣਨ ਦੇ ਪ੍ਰਚਲਿਤ ਤਰੀਕਿਆਂ ਬਾਰੇ ਜਾਣਨਾ ਵੀ ਘੱਟ-ਮਹੱਤਵਪੂਰਨ ਨਹੀਂ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਸਚਿਆਰਾ ਮਨੁੱਖ ਬਣਨ ਲਈ ਹੇਠ ਲਿਖੇ ਤਰੀਕੇ ਪ੍ਰਚਲਿਤ ਸਨ :

(1) ਤੀਰਥ ਇਸ਼ਨਾਨ ਦਾ ਸਹਾਰਾ ਲਿਆ ਜਾਂਦਾ ਸੀ।
(2) ਸਮਾਧੀ ਲਾਉਣੀ ਅਤੇ ਵੱਖ-ਵੱਖ ਹਠੀ ਤਰੀਕੇ ਅਪਣਾਏ ਜਾਂਦੇ ਸਨ।
(3) ਯੱਗ ਅਤੇ ਬਲੀ ਦਾ ਰਿਵਾਜ਼ ਪ੍ਰਚਲਿਤ ਸੀ।
(4) ਮੂਰਤੀ ਪੂਜਾ ਕੀਤੀ ਜਾਂਦੀ ਸੀ।
(5) ਵਰਤ ਆਦਿ ਰੱਖਣ ਨੂੰ ਤਰਜੀਹ ਦਿੱਤੀ ਜਾਂਦੀ ਸੀ।

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਮੂਹ ਪ੍ਰਚਲਿਤ ਕਰਮਕਾਂਡਾਂ ਨੂੰ ਰੱਦ ਕਰਦੇ ਹੋਏ ਪਰਮਸਤਿ ਦੇ ਮਾਰਗ ਤੇ ਚੱਲਣ ਦਾ ਰਾਹ ਵਿਖਾਇਆ।

ਸਚਿਆਰਾ ਪਦ ਕਿਉਂ : ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਸਚਿਆਰੇ ਮਾਰਗ ਤੇ ਤੁਰਨ ਦੀ ਲੋੜ ਕੀ ਹੈ ? ਸਮਾਜ ਵਿਚ ਰਹਿੰਦੇ ਕਈ ਵਾਰ ਇੰਝ ਲੱਗਦਾ ਹੈ ਕਿ ਜੋ ਬੇਈਮਾਨ ਹਨ ਉਹ ਸਚਿਆਰੇ ਮਨੁੱਖਾਂ ਤੋਂ ਅੱਗੇ ਲੰਘ ਗਏ ਹਨ ਫਿਰ ਸਮਾਜ ਵਿਚ ਸੱਚ ਦੇ ਮਾਰਗ ਤੇ ਚੱਲਣ ਅਤੇ ਸਦਾਚਾਰਕ ਜੀਵਨ ਬਿਤਾਉਣ ਦਾ ਕੀ ਫਾਇਦਾ? ਗੁਰਮਤਿ ਮਨੁੱਖ ਦੇ ਹਰ ਪ੍ਰਸ਼ਨ ਦਾ ਜਵਾਬ ਦਿੰਦੀ ਹੈ। ਗੁਰਮਤਿ ਅਨੁਸਾਰ ਮਨੁੱਖ ਲਈ ਧਰਤੀ 'ਧਰਮ' ਕਮਾਉਣ ਦਾ ਸਥਾਨ ਹੈ ਅਤੇ ਇੱਥੇ ਮਨੁੱਖ ਦੀ ਹੋਂਦ ਸਦੀਵੀ ਨਹੀਂ ਹੋ ਸਕਦੀ। ਮਨੁੱਖੀ ਸਰੀਰ ਉਸ ਮੋਮਬਤੀ ਵਾਂਗ ਹੈ ਜਿਸ ਨੇ ਕਦੇ ਨਾ ਕਦੇ ਨਾਸ਼ ਹੋ ਜਾਣਾ ਹੈ। ਇਸ ਕਰਕੇ ਧਰਤੀ ਨੂੰ ਮਨੁੱਖ ਦੀ ਧਰਮਸਾਲ ਭਾਵ ਧਰਮ ਕਮਾਉਣ ਦਾ ਸਥਾਨ ਕਿਹਾ ਗਿਆ ਹੈ। ਮਨੁੱਖ ਦਾ ਜੀਵਨ ਉਦੇਸ਼ ਕੁਝ ਹੋਰ ਹੈ। ਮਨੁੱਖੀ ਜੀਵਨ ਦਾ ਜੋ ਉਦੇਸ਼ ਗੁਰਮਤਿ ਵਿਚ ਦੱਸਿਆ ਗਿਆ ਹੈ ਉਸ ਅਨੁਸਾਰ ਮਨੁੱਖ ਨੇ ਦੁਨਿਆਵੀ ਰਾਜ-ਭਾਗ ਅਤੇ ਇੱਥੋਂ ਤੱਕ ਕਿ ਪ੍ਰਚਲਿਤ ਧਰਮਾਂ ਵਾਂਗ ਜੀਵਨ ਮੁਕਤੀ ਦੇ ਮਨੋਰਥ ਨੂੰ ਅੱਖੋਂ ਪਰੋਖੇ ਕਰਦੇ ਹੋਏ "ਮਨਿ ਪ੍ਰੀਤਿ ਚਰਨ ਕਮਲਾਰੇ" ਦੇ ਜੀਵਨ ਉਦੇਸ਼ ਨੂੰ ਹਾਸਲ ਕਰਨਾ ਹੈ ਭਾਵ ਪ੍ਰਭੂ ਚਰਨਾਂ ਨਾਲ ਪ੍ਰੀਤ ਲਾਉਣੀ ਹੈ। ਇਸਦੇ ਨਾਲ ਹੀ ਗੁਰਮਤਿ ਇਹ ਵੀ ਦੱਸਦੀ ਹੈ ਕਿ ਜੇਕਰ ਦੁਨਿਆਵੀ ਕਾਰ-ਵਿਹਾਰ ਪਰਮਸਤਿ ਦੇ ਮਾਰਗ ਤੇ ਲੈ ਕੇ ਜਾਂਦੇ ਹਨ ਤਾਂ ਹੀ ਮਨੁੱਖ ਦੇ ਕਰਮ ਸਕਾਰਥੇ ਹਨ ਤੇ ਜੇਕਰ ਮਨੁੱਖੀ ਕਰਮ ਇਸ ਮਾਰਗ ਤੇ ਨਹੀਂ ਜਾਂਦੇ ਤਾਂ ਮਨੁੱਖ ਭਟਕਣ ਵਿਚ ਪਿਆ ਰਹਿੰਦਾ ਹੈ। ਇਸ ਕਰਕੇ ਅਜਿਹੇ ਦੁਨਿਆਵੀ ਕਰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੋ ਨੈਤਿਕਤਾ ਅਤੇ ਸਦਾਚਾਰ ਦੇ ਮਾਰਗ ਤੇ ਜਾਂਦੇ ਹਨ ਅਤੇ ਪਰਮਸਤਿ ਦੀ ਪ੍ਰਾਪਤੀ ਲਈ ਸਹਾਇਕ ਹੁੰਦੇ ਹਨ। ਦੁਨੀਆ ਵਿਚ ਕੀਤੀ ਗਈ ਬੇਈਮਾਨੀ, ਝੂਠ, ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਇੱਥੇ ਕੁਝ ਸਮੇਂ ਲਈ ਤਾਂ ਮਨੁੱਖ ਨੂੰ ਪਦਾਰਥਕ ਸੁੱਖ ਪ੍ਰਦਾਨ ਕਰ ਸਕਦੇ ਹਨ ਪਰ ਜਿੱਥੇ ਨਿਬੇੜਾ ਸੱਚ ਅਤੇ ਸਦਾਚਾਰਕ ਗੁਣਾਂ ਦੇ ਆਧਾਰ ਤੇ ਹੋਣਾ ਹੈ ਉਥੇ ਇਹ ਸਭ ਕਰਮ ਮਨੁੱਖ ਨੂੰ ਕੋਈ ਵੀ ਰਾਹਤ ਨਹੀਂ ਪਹੁੰਚਾ ਸਕਦੇ, ਜਿਵੇਂ ਗੁਰੂ ਨਾਨਕ ਜੀ ਸਪਸ਼ਟ ਕਰਦੇ ਹੋਏ ਦੱਸਦੇ ਹਨ:

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥[11]

ਗੁਰੂ ਸਾਹਿਬਾਨ ਨੇ ਸਮਾਜ ਵਿਚ ਰਹਿੰਦੇ ਹੋਏ ਜਿਨ੍ਹਾਂ ਸਮਾਜਿਕ ਮੁਸ਼ਕਿਲਾਂ ਨੂੰ ਵੇਖਿਆ ਅਤੇ ਅਨੁਭਵ ਕੀਤਾ ਉਨ੍ਹਾਂ ਦੇ ਹੱਲ ਲਈ ਇਕ ਮਾਰਗ ਦਰਸ਼ਨ ਦਿੱਤਾ ਜਿਸ ਉਤੇ ਚੱਲ ਕੇ ਮਨੁੱਖ ਆਪਣੀਆਂ ਦੁਨਿਆਵੀ ਮੁਸ਼ਕਿਲਾਂ ਨੂੰ ਜਾਂ ਤਾਂ ਹੱਲ ਕਰ ਲੈਣ ਜਾਂ ਫਿਰ ਇੰਨੀ ਉੱਚੀ ਅਵਸਥਾ ਵਿਚ ਪਹੁੰਚ ਜਾਣ ਕਿ ਇਸ ਮਾਰਗ ਤੇ ਚੱਲ ਕੇ ਉਨ੍ਹਾਂ ਨੂੰ ਇਨ੍ਹਾਂ ਮੁਸ਼ਕਲਾਂ ਦਾ ਅਹਿਸਾਸ ਹੀ ਨਾ ਰਹੇ। 'ਅੰਜਨ ਮਾਹਿ ਨਿਰੰਜਨ' ਵਾਲੀ ਜੀਵਨ ਜੁਗਤ ਮਨੁੱਖ ਨੂੰ ਸਚਿਆਰੇ ਪਦ ਵੱਲ ਲਿਜਾ ਸਕਦੀ ਹੈ। ਸਮਾਜ ਵਿਚ ਮਨੁੱਖ ਦੇ ਕਾਰਜ ਹੀ ਜਿੱਥੇ ਉਸ ਲਈ ਭਲੇ ਅਤੇ ਬੁਰੇ ਮਾਰਗ ਦੇ ਰਾਹ ਖੋਲਦੇ ਹਨ ਉਥੇ ਨਾਲ ਹੀ ਉਸ ਦੁਆਰਾ ਕੀਤੇ ਕਰਮ ਦੂਜੇ ਮਨੁੱਖਾਂ ਨੂੰ ਵੀ ਅਜਿਹੇ ਮਾਰਗ ਤੇ ਚੱਲਣ ਲਈ ਉਕਸਾਉਂਦੇ ਹਨ। ਜੇਕਰ ਮਨੁੱਖ ਬੇਈਮਾਨੀ ਅਤੇ ਅਨੈਤਿਕਤਾ ਦੇ ਮਾਰਗ ਤੇ ਚੱਲੇਗਾ ਤਾਂ ਕਈ ਦੂਜੇ ਮਨੁੱਖ ਵੀ ਉਸ ਦੀ ਦੇਖਾ-ਦੇਖੀ ਉਸੇ ਮਾਰਗ ਤੇ ਚੱਲ ਪੈਂਦੇ ਹਨ। ਪਰ ਜੇਕਰ ਮਨੁੱਖ ਧਰਮ ਅਤੇ ਸੱਚ ਦੇ ਮਾਰਗ ਤੇ ਚੱਲੇ ਤਾਂ ਬਹੁਤ ਸਾਰੇ ਮਨੁੱਖ ਉਸ ਦੇ ਪਿੱਛੇ ਚੱਲਣ ਲਈ ਵੀ ਤਿਆਰ ਹੋ ਜਾਣਗੇ। ਇਸ ਲਈ ਗੁਰੂ ਸਾਹਿਬ ਨੇ ਸਮਾਜ ਵਿਚ ਸੱਚ ਅਤੇ ਸਦਾਚਾਰ ਦੇ ਮਾਰਗ ਤੇ ਚੱਲਣ ਨੂੰ ਇਕ ਸੰਘਰਸ਼ ਦਾ ਨਾਂ ਦਿੱਤਾ ਹੈ ਜੋ ਕਿ ਹਮੇਸ਼ਾਂ ਹੀ ਮਨੁੱਖ ਦੇ ਜੀਵਨ ਵਿਚ ਚਲਦਾ ਰਹਿੰਦਾ ਹੈ। ਇਹ ਸੰਘਰਸ਼ ਮਨੁੱਖ ਦਾ ਮਨੁੱਖ ਨਾਲ ਚਲਦਾ ਹੈ ਜਿਸ ਵਿਚ ਭਾਵੇਂ ਪਰਿਵਾਰਕ ਮੈਂਬਰ, ਦੋਸਤ, ਰਿਸ਼ਤੇਦਾਰ ਅਤੇ ਹੋਰ ਕੋਈ ਵੀ ਸਮਾਜਿਕ ਵਿਅਕਤੀ ਸਾਮਲ ਹੋਵੇ, ਇਹ ਨਿਰੰਤਰ ਜਾਰੀ ਰਹਿੰਦਾ ਹੈ। ਮਨੁੱਖਾਂ ਤੋਂ ਇਲਾਵਾ ਇਹ ਸੰਘਰਸ਼ ਵਿਅਕਤੀ ਦਾ ਆਪੇ ਨਾਲ ਵੀ ਚਲਦਾ ਰਹਿੰਦਾ ਹੈ। ਪਰਮਸਤਿ ਦੀ ਪ੍ਰਾਪਤੀ ਦਾ ਮਾਰਗ ਸਮਾਜ ਵਿਚਲੇ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਸਦਾਚਾਰਕ ਜੀਵਨ ਰਾਹੀਂ ਸੰਭਵ ਹੋ ਸਕਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਸਦਾਚਾਰਕ ਜੀਵਨ ਨੂੰ ਸੱਚ ਤੋਂ ਵੀ ਉੱਪਰ ਮੰਨਿਆ ਹੈ:

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥[12]

ਸਚਿਆਰਾ ਪਦ ਦੀ ਪ੍ਰਾਪਤੀ ਵਿਚ ਰੁਕਾਵਟਾਂ : ਗੁਰੂ ਸਾਹਿਬਾਨ ਕਹਿੰਦੇ ਹਨ ਕਿ ਸਮਾਜ ਵਿਚ ਸਦਾਚਾਰਕ ਜੀਵਨ ਬਿਤਾਉਣ ਨਾਲ ਮਨੁੱਖ ਸਚਿਆਰਾ ਬਣ ਸਕਦਾ ਹੈ। ਜਿਸ ਰਾਹੀਂ ਪਰਮਸਤਿ ਦੀ ਪ੍ਰਾਪਤੀ ਸੰਭਵ ਹੈ। ਪਰ ਸਮਾਜ ਵਿਚ ਮਨੁੱਖ ਦੇ ਸਚਿਆਰਾ ਬਣਨ ਵਿਚ ਕੁਝ ਰੁਕਾਵਟਾਂ ਆਉਂਦੀਆਂ ਹਨ। ਜੋ ਕਿ ਮਨੁੱਖ ਨੂੰ ਉਸਦੇ ਜੀਵਨ ਉਦੇਸ਼ ਦੀ ਪ੍ਰਾਪਤੀ ਤੋਂ ਭਟਕਾ ਦਿੰਦੀਆਂ ਹਨ। ਇਹ ਰੁਕਾਵਟਾਂ ਮਨੁੱਖ ਦੇ ਮਨ ਵਿਚ ਉਜਾਗਰ ਹੁੰਦੀਆਂ ਹਨ ਅਤੇ ਸਮਾਜ ਵਿਚ ਇਹ ਮਨੁੱਖ ਰਾਹੀਂ ਗਤੀਸ਼ੀਲ ਬਣੀਆਂ ਰਹਿੰਦੀਆਂ ਹਨ। ਜੇਕਰ ਮਨ ਵਿਚ ਉਜਾਗਰ ਹੋਈਆਂ ਇਨ੍ਹਾਂ ਗਤੀਸ਼ੀਲ ਰੁਕਾਵਟਾਂ ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਮਨੁੱਖ ਨੂੰ ਕੁਰਾਹੇ ਪਾ ਦਿੰਦੀਆਂ ਹਨ। ਇਨ੍ਹਾਂ ਰੁਕਾਵਟਾਂ ਨੂੰ ਪੰਜ ਵਿਕਾਰ-ਕਾਮ, ਕਰੋਧ, ਲੋਭ, ਮੋਹ, ਹੰਕਾਰ ਕਿਹਾ ਗਿਆ ਹੈ। ਇਹ ਪੰਜ ਵਿਕਰ ਮਨੁੱਖ ਨੂੰ ਭਟਕਾਉਂਦੇ ਰਹਿੰਦੇ ਹਨ ਅਤੇ ਨਾਲ ਹੀ ਬੰਧਨ ਵਿਚ ਵੀ ਜਕੜ

ਲੈਂਦੇ ਹਨ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮਨਮੁਖ ਇਸ ਨੂੰ ਬੁੱਝ ਨਹੀਂ ਸਕਦੇ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥[13]

ਇਹ ਪੰਜ ਵਿਕਾਰ ਕੇਵਲ ਮਨੁੱਖਾਂ ਦਾ ਹੀ ਨਹੀਂ ਬਲਕਿ ਸਮੁੱਚੀ ਸ੍ਰਿਸ਼ਟੀ ਦਾ ਅੰਗ ਹਨ। ਸ੍ਰਿਸ਼ਟੀ ਦਾ ਅੰਗ ਹੋਣ ਕਰਕੇ ਇਹ ਵਿਕਾਰ ਹਰ ਜੀਵ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੇ ਹਨ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਹਿਰਨ, ਮੱਛੀ, ਭੌਰਾ, ਪਤੰਗਾ ਅਤੇ ਹਾਥੀ ਇਕ-ਇਕ ਵਿਕਾਰ ਕਰਕੇ ਤਬਾਹ ਹੋ ਜਾਂਦੇ ਹਨ - ਭਾਵ ਹਿਰਨ ਕੰਨਾਂ ਦੇ ਰਸ, ਮੱਛੀ ਪਾਣੀ ਦੇ ਸੁਆਦ, ਭੌਰਾ ਸੁੰਘਣ ਦੀ ਵਾਸ਼ਨਾ ਦੀ ਆਦਤ, ਪਤੰਗਾ ਦੀਵੇ ਦੀ ਲਾਟ ਦੇ ਸ਼ੌਕ ਅਤੇ ਹਾਥੀ ਕਾਮ ਦੇ ਰਸ ਕਰਕੇ ਦੁਖੀ ਹੁੰਦਾ ਹੋਇਆ ਖਤਮ ਹੋ ਜਾਂਦਾ ਹੈ। ਮਨੁੱਖ ਅੰਦਰ ਪੰਜ ਵਿਕਾਰ ਇਕੱਠੇ ਹੀ ਮੌਜੂਦ ਹਨ ਇਸ ਕਰਕੇ ਭਗਤ ਜੀ ਮਨੁੱਖ ਬਾਰੇ ਚਿੰਤਤ ਹੁੰਦੇ ਹੋਏ ਕਹਿੰਦੇ ਹਨ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥[14]

ਗੁਰਬਾਣੀ ਵਿਚ ਇਨ੍ਹਾਂ ਪੰਜ ਵਿਕਾਰਾਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ ਹੈ। ਇੱਥੇ ਗੁਰਬਾਣੀ ਦੇ ਅਧਾਰ ਤੇ ਇਨ੍ਹਾਂ ਬਾਰੇ ਸੰਖੇਪ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

(i) ਕਾਮ : ਸਮਾਜ ਵਿਚ ਕਾਮ ਨੂੰ ਦੋ ਰੂਪਾਂ ਵਿਚ ਵੇਖਿਆ ਜਾਂਦਾ ਹੈ। ਇਸਨੂੰ ਇਕ ਅਰਥ ਵਿਚ ਵਾਸਨਾ ਨਾਲ ਜੋੜਿਆ ਜਾਂਦਾ ਹੈ ਅਤੇ ਦੂਜੇ ਅਰਥਾਂ ਵਿਚ ਇਸਨੂੰ ਕਾਮਨਾਵਾਂ ਜਾਂ ਇਛਾਵਾਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸ਼੍ਰਮਣਿਕ ਪਰੰਪਰਾ ਵਿਚ ਕਾਮ ਦੇ ਇਨ੍ਹਾਂ ਦੋਵੇਂ ਰੂਪਾਂ ਦਾ ਵਿਸਤਾਰ ਵੇਖਣ ਨੂੰ ਮਿਲਦਾ ਹੈ। ਸ਼੍ਰਮਣਿਕ ਪਰੰਪਰਾ ਦੇ ਧਰਮਾਂ, ਜੈਨ ਅਤੇ ਬੁੱਧ ਵਿਚ ਕਾਮ ਦੇ ਵਾਸਨਾ ਰੂਪ ਨੂੰ ਨਕਾਰਿਆ ਗਿਆ ਹੈ ਅਤੇ ਇਨ੍ਹਾਂ ਦੋਵੇਂ ਧਰਮਾਂ ਵਿਚ ਅਜਿਹੀ ਸਾਧੂ ਪਰੰਪਰਾ ਤੇ ਜ਼ੋਰ ਦਿੱਤਾ ਗਿਆ ਹੈ ਜੋ ਭਿੱਖੂ ਜੀਵਨ ਬਤੀਤ ਕਰਦੇ ਅਤੇ ਗ੍ਰਿਹਸਤ ਧਰਮ ਤੋਂ ਦੂਰ ਰਹਿੰਦੇ। ਕਾਮਨਾਵਾਂ ਅਤੇ ਇਛਾਵਾਂ ਬੁੱਧ ਧਰਮ ਦੀ ਕੇਂਦਰੀ ਵਿਚਾਰਧਾਰਾ ਨਾਲ ਸੰਬੰਧਿਤ ਹਨ ਜਿਸ ਵਿਚ ਇਨ੍ਹਾਂ ਨੂੰ ਦੁੱਖਾਂ ਦਾ ਮੁੱਖ ਕਾਰਨ ਮੰਨਦੇ ਹੋਏ, ਇਨ੍ਹਾਂ ਤੋਂ ਨਿਜਾਤ ਪਾਉਣ ਲਈ, ਮੱਧ ਮਾਰਗ ਤੇ ਚੱਲਣ ਦਾ ਰਾਹ ਦਰਸਾਇਆ ਗਿਆ ਹੈ। ਹਿੰਦੂ ਧਰਮ ਦੇ ਗ੍ਰੰਥਾਂ ਵਿਚ ਕਾਮ ਨੂੰ ਸਮੂਹ ਬੁਰਾਈਆਂ ਦੀ ਜੜ੍ਹ ਮੰਨਿਆ ਗਿਆ ਹੈ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜੋ ਵਿਅਕਤੀ ਇਸ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਉਹੀ ਸ੍ਰੇਸ਼ਟ ਹੈ। ਹਵਾਲੇ ਮਾਤਰ ਇੱਥੇ ਕੇਵਲ ਮਹਾਂਭਾਰਤ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਜਿਸ ਵਿਚ ਮਹਾਂਰਿਸ਼ੀ ਵਿਆਸ ਆਪਣੇ ਪੁੱਤਰ ਸ਼ੁਕਦੇਵ ਨੂੰ ਕਾਮ ਦੇ ਬੰਧਨ ਤੋਂ ਮੁਕਤ ਹੋਣ ਦਾ ਫਲ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਲੋਕ ਵਿਚ ਕਾਮਨਾ ਹੀ ਪ੍ਰਧਾਨ ਹੈ, ਇਸ ਤੋਂ ਵਧੇਰੇ ਹੋਰ ਕੋਈ ਬੰਧਨ ਨਹੀਂ; ਜਿਸਨੇ ਇਸ ਕਾਮ ਬੰਧਨ ਤੋਂ ਛੁਟਕਾਰਾ ਪਾ ਲਿਆ ਸਮਝੋ ਉਸਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ।[15]

ਸਿੱਖ ਧਰਮ ਵਿਚ ਕਾਮ ਦੀ ਉਤਪਤੀ ਪਰਮਾਤਮਾ ਤੋਂ ਮੰਨੀ ਜਾਂਦੀ ਹੈ। ਇਹ

ਕਿਹਾ ਜਾਂਦਾ ਹੈ ਕਿ ਜਦੋਂ ਨਾ ਧਰਤੀ ਸੀ, ਨਾ ਅਗਨੀ, ਨਾ ਹਵਾ ਸੀ, ਨਾ ਪਾਣੀ ਸੀ, ਨਾ ਅਕਾਸ਼ ਸੀ ਭਾਵ ਇਸ ਸ੍ਰਿਸ਼ਟੀ ਦੀ ਹੋਂਦ ਨਹੀ ਸੀ ਤਾਂ 'ਅਰਬਦ ਨਰਬਦ ਧੁੰਧੂਕਾਰਾ' ਵਾਲੀ ਸਥਿਤੀ ਸੀ। ਉਸ ਸਮੇਂ ਪਰਮਾਤਮਾ ਸੁੰਨ ਸਮਾਧ ਦੀ ਅਵਸਥਾ ਵਿਚ ਮੌਜੂਦ ਸੀ, ਜਿਸਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦੇ ਤੌਰ 'ਤੇ ਮੰਨਿਆ ਗਿਆ ਹੈ। ਨਿਰਗੁਣ ਤੋਂ ਸਰਗੁਣ ਸਰੂਪ ਵਿਚ ਆ ਕੇ ਪਰਮਾਤਮਾ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ: ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਪਰਮਾਤਮਾ ਦਾ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਪ੍ਰਵਰਿਤ ਹੋਣਾ ਹੀ ਉਸਦੇ ਕਾਮ ਦਾ ਪ੍ਰਤੀਕ ਹੈ। ਸ੍ਰਿਸ਼ਟੀ ਦਾ ਨਿਯਮ ਹੈ ਕਿ ਜੋ ਗੁਣ ਕਿਸੇ ਬੀਜ ਵਿਚ ਮੌਜੂਦ ਹੈ ਉਹ ਗੁਣ ਉਸਦੇ ਫਲ ਵਿਚ ਆਪਣੇ ਆਪ ਆ ਜਾਵੇਗਾ, ਜਿਵੇਂ ਸੰਤਰੇ ਦੇ ਬੀਜ ਦਾ ਗੁਣ ਸੰਤਰੇ ਵਿਚ ਆ ਜਾਂਦਾ ਹੈ ਇਸੇ ਤਰ੍ਹਾਂ ਸ੍ਰਿਸ਼ਟੀ ਦਾ ਮੂਲ ਪਰਮਾਤਮਾ ਹੈ ਅਤੇ ਉਸ ਵਿਚ ਉਪਜਿਆ ਕਾਮ ਸ੍ਰਿਸ਼ਟੀ ਦੀ ਹਰ ਵਸਤੂ ਵਿਚ ਵਿਦਮਾਨ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ – ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥[16] ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੱਸਦੇ ਹਨ – ਕਾਮੁ ਕ੍ਰੋਧੁ ਪਸਰਿਆ ਸੰਸਾਰੇ ॥[17] ਕਾਮ ਨੂੰ ਮਾਰਨ ਹਿਤ ਬਹੁਤ ਵੱਡੇ-ਵੱਡੇ ਜੋਗੀਆਂ, ਜਪੀਆਂ, ਤਪੀਆਂ, ਸੰਨਿਆਸੀਆਂ ਨੇ ਜ਼ੋਰ ਲਾਇਆ। ਕਾਮ ਨੂੰ ਮਾਰਨ ਲਈ ਇਨ੍ਹਾਂ ਨੇ ਕਠੋਰ ਯੌਗਿਕ ਕ੍ਰਿਆਵਾਂ ਅਤੇ ਤਪ ਕੀਤੇ, ਜੰਗਲਾਂ ਵਿਚ ਜਾ ਕੇ ਇਕਾਂਤ ਵਿਚ ਨਿਵਾਸ ਕਰਨ ਦੀ ਪਿਰਤ ਪਾਈ, ਪਰ ਸਭ ਅਸਫਲ ਰਹੇ। ਕਾਮ ਕ੍ਰਿਆਵਾਂ ਨੂੰ ਮਾਰਨ ਵਾਸਤੇ ਅੱਕ-ਧਤੂਰੇ ਆਦਿ ਨਸ਼ਿਆਂ ਦਾ ਸੇਵਨ ਕੀਤਾ ਜਾਣ ਲੱਗਾ, ਪਰ ਇਨ੍ਹਾਂ ਬਿਰਤੀਆਂ ਤੇ ਕਾਬੂ ਪਾਉਣਾ ਸੰਭਵ ਨਾ ਹੋ ਸਕਿਆ। ਇਸ ਤਰ੍ਹਾਂ ਕਾਮ ਨੂੰ ਮਾਰਨ ਦੇ ਸਭ ਯਤਨ ਅਸਫਲ ਰਹੇ।

ਸਿੱਖ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਕਾਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਪਰ ਅਜਿਹੇ ਪ੍ਰਬੰਧ ਕੀਤੇ ਜਾ ਸਕਦੇ ਹਨ ਕਿ ਕਾਮ ਕਾਬੂ ਵਿਚ ਰਹੇ। ਇਸ ਦੀ ਦਿਸ਼ਾ ਵਿਅਕਤੀ ਆਪਣੀ ਮਰਜ਼ੀ ਨਾਲ ਨਿਰਧਾਰਿਤ ਕਰ ਸਕੇ। ਕਾਮ ਵਿਅਕਤੀ ਉਤੇ ਭਾਰੂ ਨਹੀਂ ਹੋਣਾ ਚਾਹੀਦਾ ਬਲਕਿ ਵਿਅਕਤੀ ਕਾਮ ਦੀ ਦਿਸ਼ਾ ਨਿਰਧਾਰਿਤ ਕਰਨ ਦੇ ਦ੍ਰਿੜ ਹੋਣਾ ਚਾਹੀਦਾ ਹੈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮੈਂ ਉਸ ਸਿੱਖ ਤੋਂ ਬਲਿਹਾਰ ਜਾਂਦਾ ਹਾਂ ਜੋ ਪਰਾਈ ਇਸਤਰੀ ਦੇ ਨੇੜੇ ਨਹੀਂ ਜਾਂਦੇ:

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥[18]

ਹਿੰਦੂ ਧਰਮ ਵਿਚ ਸੂਤਕ ਦਾ ਜ਼ਿਕਰ ਕਈ ਥਾਈਂ ਆਇਆ ਹੈ , ਇਸ ਨੂੰ ਅਸ਼ੁੱਧਤਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸਤਰੀ ਦੇ ਬੱਚਾ ਜੰਮਣ ਸਮੇਂ ਇਹ ਅਸ਼ੁੱਧੀ ਚਾਲੀ ਦਿਨ ਬਾਅਦ ਤੱਕ ਮੰਨੀ ਜਾਂਦੀ ਹੈ। ਜੇਕਰ ਗਾਂ ਦੇ ਗੋਹੇ ਨਾਲ ਲਿੱਪੀ ਹੋਈ ਰਸੋਈ ਵਿਚ ਕੀੜੇ ਆ ਜਾਣ ਤਾਂ ਅਸ਼ੁੱਧ ਹੋ ਜਾਂਦੀ ਹੈ, ਜੇਕਰ ਕਾਫ਼ਰ ਦਾ ਕਿਸੇ ਸ਼ੁੱਧ ਵਸਤੂ ਨੂੰ ਹੱਥ ਲੱਗ ਜਾਵੇ ਤਾਂ ਉਹ ਵੀ ਅਸ਼ੁੱਧ ਹੋ ਜਾਂਦੀ ਹੈ। ਪਰ ਗੁਰੂ ਨਾਨਕ ਦੇਵ ਜੀ ਅਜਿਹੀ ਸੂਤਕ ਰੂਪੀ ਅਸ਼ੁੱਧੀ ਨੂੰ ਰੱਦ ਕਰਦੇ ਹੋਏ ਪਰਾਈ ਇਸਤਰੀ ਅਤੇ ਪਰਾਏ ਧਨ ਨੂੰ ਵੇਖਣਾ ਸੂਤਕ ਮੰਨਦੇ ਹਨ – ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥[19]

ਕਾਮ ਨੂੰ ਕਾਬੂ ਕਰਨ ਲਈ ਇਸਨੂੰ ਉਤਪਤੀ ਤੱਕ ਸੀਮਿਤ ਕਰਕੇ ਆਪਣੀਆਂ ਕਾਮਨਾਵਾਂ ਨੂੰ ਸਰਬੱਤ ਦੇ ਭਲੇ ਹਿਤ ਲਾਉਣਾ ਹੀ ਗੁਰਮਤਿ ਉਦੇਸ਼ ਅਤੇ ਉਪਦੇਸ਼ ਹੈ।

(ii) **ਕਰੋਧ** : ਕਰੋਧ ਨੂੰ ਵੀ ਕਾਮ ਵਾਂਗ ਵਿਕਾਰਾਂ ਦੇ ਰੂਪ ਵਿਚ ਵੇਖਿਆ ਗਿਆ ਹੈ ਜੋ ਕਿ ਮਨੁੱਖ ਨੂੰ ਮਨੁੱਖ ਨਾਲ ਲੜਾਉਣ ਅਤੇ ਮਨ ਵਿਚ ਈਰਖਾ, ਦਵੈਸ਼ ਪੈਦਾ ਕਰਨ ਦਾ ਕੰਮ ਕਰਦਾ ਹੈ। ਕਰੋਧ ਮਨੁੱਖ ਵਿਚ ਅਗਿਆਨ ਦੀ ਭਾਵਨਾ ਪੈਦਾ ਕਰਦਾ ਹੈ। ਇਹ ਮਨੁੱਖ ਨੂੰ ਅੱਖਾਂ ਦੇ ਹੁੰਦੇ ਅੰਨਾ ਅਤੇ ਕੰਨਾਂ ਦੇ ਹੁੰਦੇ ਬੋਲਾ ਬਣਾ ਦਿੰਦਾ ਹੈ। ਕਰੋਧ ਸ਼ਾਂਤੀ ਅਤੇ ਖੁਸ਼ੀ ਦਾ ਵੈਰੀ ਹੈ ਅਤੇ ਮਨੁੱਖ ਵਿਚ ਕਈ ਤਰ੍ਹਾਂ ਦੇ ਹੋਰ ਵਿਕਾਰ ਪੈਦਾ ਕਰਨ ਲਈ ਜ਼ੁੰਮੇਵਾਰ ਹੈ। ਇਸ ਲਈ ਗੁਰੂ ਸਾਹਿਬਾਨ ਨੇ ਕਰੋਧ ਨੂੰ ਚੰਡਾਲ ਕਹਿੰਦੇ ਹੋਏ ਇਹ ਸਮਝਾਇਆ ਹੈ ਕਿ ਜਿਵੇਂ ਸੋਨੇ ਨੂੰ ਖਾਰ ਜਾ ਸੋਹਾਗਾ ਪਿਘਲਾ ਦਿੰਦਾ ਹੈ ਉਸੇ ਤਰ੍ਹਾਂ ਕਾਮ ਅਤੇ ਕਰੋਧ ਸਰੀਰ ਨੂੰ ਖਤਮ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਸਮਝਾਉਂਦੇ ਹੋਏ ਕਹਿੰਦੇ ਹਨ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥[20]

ਕਰੋਧ ਜਿੱਥੇ ਵੀ ਉਪਜਦਾ ਹੈ ਉਥੇ ਦੁੱਖ ਅਤੇ ਅਸ਼ਾਂਤੀ ਪੈਦਾ ਕਰ ਦਿੰਦਾ ਹੈ। ਭਾਵੇਂ ਕਿ ਇਹ ਸ੍ਰਿਸ਼ਟੀ ਦਾ ਅੰਗ ਹੋਣ ਕਰਕੇ ਸਮੂਹ ਮਨੁੱਖਾਂ ਦੇ ਜੀਵਨ ਦਾ ਹਿੱਸਾ ਹੈ ਪਰ ਇਸਦਾ ਮਨੁੱਖ ਤੇ ਪਇਆ ਪ੍ਰਭਾਵ ਮਨੁੱਖ ਅਤੇ ਉਸਦੇ ਆਲੇ ਦੁਆਲੇ ਨੂੰ ਪ੍ਰਭਾਵਤ ਕਰਦਾ ਹੈ। ਜਿਸ ਨਾਲ ਸਮੁੱਚੇ ਸਮਾਜ ਵਿਚ ਹੀ ਬੇਗਾਨਗੀ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ ਅਤੇ ਸਮਾਜ ਦਾ ਵਿਕਾਸ ਰੁਕ ਜਾਂਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਉਨ੍ਹਾਂ ਮਨੁੱਖਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਦੇ ਮਨ ਨੂੰ ਕਰੋਧ ਨੇ ਕਾਬੂ ਕੀਤਾ ਹੋਇਆ ਹੈ – ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।[21]

ਗੁਰਬਾਣੀ ਵਿ- ਕਰੋਧ ਨੂੰ ਕਾਬੂ ਕਰਨ ਲਈ ਆਤਮ ਵਿਚਾਰ ਦੀ ਗੱਲ ਸਮਝਾਈ ਗਈ ਹੈ ਅਤੇ ਕਿਹਾ ਗਿਆ ਹੈ ਕਿ ਜੋ ਮਨੁੱਖ ਦੂਜਿਆਂ ਅੰਦਰ ਔਗੁਣ ਵੇਖਣ ਅਤੇ ਵਿਚਾਰਨ ਦੀ ਗੱਲ ਕਰਦਾ ਹੈ, ਉਸਨੂੰ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਨ ਅੰਦਰ ਝਾਤ ਮਾਰ ਕੇ ਵੇਖਣ ਦੀ ਲੋੜ ਹੈ ਕਿ ਕਿਤੇ ਜਿਹੜੇ ਔਗੁਣਾਂ ਕਰਕੇ ਉਹ ਦੂਜਿਆਂ ਨਾਲ ਝਗੜ ਰਿਹਾ ਹੈ, ਉਨ੍ਹਾਂ ਨੂੰ ਬੁਰਾ ਕਹਿ ਰਿਹਾ ਹੈ, ਕਿਤੇ ਉਹ ਉਸਦੇ ਆਪਣੇ ਮਨ ਦੇ ਅੰਦਰ ਵੀ ਮੌਜੂਦ ਤਾਂ ਨਹੀਂ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਆਪ ਨਾਲ ਵਿਚਾਰ ਕਰਦਾ ਹੈ ਉਹ ਸਮਾਜ ਵਿਚ ਨਿਮਰਤਾ ਧਾਰਨ ਕਰਦਾ ਹੈ ਅਤੇ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਦਾ ਹੈ:

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥[22]

ਇਸੇ ਤਰ੍ਹਾਂ ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਹੇ ਮਨੁੱਖ! ਜੇਕਰ ਤੂੰ ਸੋਝੀ ਰੱਖਦਾ ਹੈਂ ਤਾਂ ਦੂਜਿਆਂ ਦਾ ਬੁਰਾ ਨਾ ਸੋਚ ਅਤੇ ਜੇਕਰ ਤੂੰ ਅਜਿਹਾ ਕਰਨ ਲਈ ਮਨ ਬਣਾ ਲਿਆ ਹੈ ਤਾਂ ਪਹਿਲਾਂ ਆਪਣੇ ਮਨ ਵਿਚ ਝਾਤੀ ਮਾਰ। ਜਿਹੜੇ ਔਗੁਣਾਂ ਕਰਕੇ ਦੂਜਿਆਂ ਦਾ ਬੁਰਾ ਚਿਤਵ ਰਿਹਾ ਉਹ ਔਗੁਣ ਤੇਰੇ ਅੰਦਰ ਵੀ ਮੌਜੂਦ ਤਾਂ ਨਹੀਂ। ਇਹ ਕਰੋਧ ਰੂਪੀ ਔਗੁਣ ਮਨੁੱਖ ਨੂੰ ਇਕ ਰੋਗ ਵਾਂਗ ਚੰਬੜਿਆ ਹੋਇਆ ਹੈ। ਜਿਸ ਤੋਂ ਦੂਰ

ਰਹਿਣ ਨਾਲ ਹੀ ਸਭ ਗੁਣਾਂ ਰੂਪੀ ਖਜ਼ਾਨਿਆ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥[3]

ਕਰੋਧ ਦੀ ਵਰਤੋਂ ਸਮਾਜ ਦੇ ਗੁਣਾਂ ਨੂੰ ਖੀਨ ਕਰਨ ਲਈ ਨਹੀਂ ਹੋਣੀ ਚਾਹੀਦੀ ਬਲਕਿ ਇਸਦੀ ਵਰਤੋਂ ਜ਼ੁਲਮ ਦਾ ਖਾਤਮਾ ਕਰਨ ਅਤੇ ਔਗੁਣਾਂ ਨੂੰ ਦੂਰ ਭਜਾਉਣ ਲਈ ਹੋਣੀ ਚਾਹੀਦੀ ਹੈ। ਮਾਨਵਤਾ ਦੀ ਰਾਖੀ ਅਤੇ ਸਵੈਮਾਨ ਦੀ ਬਹਾਲੀ ਇਸਦਾ ਕਾਰਜ ਖੇਤਰ ਹੋਣਾ ਚਾਹੀਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ: ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ॥

(iii) ਲੋਭ : ਜਦੋਂ ਕਿਸੇ ਵਸਤੂ ਦੀ ਪ੍ਰਾਪਤੀ ਲਈ ਮਨੁੱਖ ਸਮਾਜ ਦੇ ਸਮੂਹ ਨੈਤਿਕ ਨਿਯਮ ਛਿੱਕੇ ਟੰਗ ਦੇਵੇ ਤਾਂ ਉਸਨੂੰ ਲੋਭ ਕਿਹਾ ਜਾਂਦਾ ਹੈ। ਇਸ ਵਿਚ ਕਿਸੇ ਅਪ੍ਰਾਪਤ ਵਸਤੂ ਦੀ ਪ੍ਰਾਪਤੀ ਲਈ, ਅਤੇ ਜੇ ਵਸਤੂ ਕੋਲ ਹੈ ਤਾਂ ਉਸ ਵਿਚ ਹੋਰ ਵਾਧੇ ਲਈ ਯੋਗ ਅਤੇ ਅਯੋਗ ਯਤਨ ਕੀਤੇ ਜਾਂਦੇ ਹਨ। ਧਨ-ਪਦਾਰਥਾਂ ਦਾ ਭੰਡਾਰ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਵੀ ਲੋਭ ਕਿਹਾ ਜਾਂਦਾ ਹੈ। ਅਜਿਹੇ ਮਨੁੱਖ ਦੀ ਤੁਲਨਾ ਉਸ ਹਲਕਾਏ ਕੁੱਤੇ ਨਾਲ ਕੀਤੀ ਗਈ ਹੈ ਜੋ ਲੋਭ ਵਿਚ ਆ ਕੇ ਸਭ ਤਰ੍ਹਾਂ ਦੀ ਚੰਗੀ-ਮੰਦੀ ਵਸਤੂ ਖਾਣ ਵਿਚ ਲੱਗਾ ਰਹਿੰਦਾ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥[4]

ਲੋਭ ਵਿਚ ਇਕੱਤਰ ਕੀਤੀ ਵਸਤੂ ਵਿਅਕਤੀ ਦੇ ਮਨ ਨੂੰ ਸ਼ਾਂਤ ਰੱਖਣ ਦੀ ਥਾਂ ਹੋਰ ਭਟਕਾ ਦਿੰਦੀ ਹੈ। ਇਕੱਤਰ ਕੀਤੀ ਵਸਤੂ ਨੂੰ ਸੰਭਾਲ ਕੇ ਰੱਖਣਾ, ਉਸਦੀ ਰਾਖੀ ਕਰਨੀ ਅਤੇ ਉਸ ਵਿਚ ਹੋਰ ਵਾਧਾ ਕਰਨ ਦੀ ਇੱਛਾ ਮਨੁੱਖ ਨੂੰ ਚੈਨ ਨਾਲ ਨਹੀਂ ਬਹਿਣ ਦਿੰਦੀ। ਇਸ ਤਰ੍ਹਾਂ ਕਰਨ ਨਾਲ ਇੰਝ ਲੱਗਦਾ ਹੈ ਕਿ ਜਿਵੇਂ ਕੋਈ ਪਦਾਰਥ ਮਿੱਠਾ ਸਮਝ ਕੇ ਮੂੰਹ ਵਿਚ ਪਾਇਆ ਹੋਵੇ ਪਰ ਉਸਦਾ ਸੁਆਦ ਕੌੜਾ ਨਿਕਲੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਦੇ ਮਨ ਵਿਚਲਾ ਲੋਭ ਉਸਨੂੰ ਟਿਕ ਕੇ ਨਹੀਂ ਬੈਠਣ ਦਿੰਦਾ ਅਤੇ ਵਿਅਕਤੀ ਦੇ ਮਨ ਵਿਚ ਭਟਕਣ ਬਣੀ ਰਹਿੰਦੀ ਹੈ :

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥[5]

ਲੋਭ ਨਾਲ ਇਕੱਤਰ ਕੀਤੇ ਧਨ-ਪਦਾਰਥ ਦੁਨੀਆ ਦਾ ਹਿੱਸਾ ਹਨ ਅਤੇ ਮਨੁੱਖ ਨੇ ਇਨ੍ਹਾਂ ਦਾ ਸਾਧਨ ਮਾਤਰ ਇਸਤੇਮਾਲ ਕਰਨਾ ਹੈ ਨਾ ਕਿ ਇਨ੍ਹਾਂ ਵਿਚ ਖਚਿਤ ਹੋ ਕੇ ਆਪਣਾ ਜੀਵਨ ਕੁਰਾਹੇ ਪਾਉਣਾ ਹੈ। ਗੁਰਬਾਣੀ ਹਲਤ ਅਤੇ ਪਲਤ ਦੀ ਗੱਲ ਕਰਦੀ ਹੈ। ਜਿਸ ਦਾ ਭਾਵ ਹੈ ਕਿ ਹਲਤ (ਇਸ ਦੁਨੀਆ) ਵਿਚ ਰਹਿੰਦੇ ਹੋਏ ਸਦਾਚਾਰਕ ਜੀਵਨ ਰਾਹੀਂ ਅਗਲੇ ਜੀਵਨ ਭਾਵ ਪਲਤ (ਅਗਲੀ ਦੁਨੀਆ) ਦੀ ਤਿਆਰੀ ਕਰਨੀ ਹੈ ਤਾਂ ਕਿ ਉਥੇ ਜਾ ਕੇ ਆਪਣੇ ਕੀਤੇ ਮੰਦੇ ਕਰਮਾਂ ਕਾਰਨ ਸ਼ਰਮਿੰਦਾ ਨਾ ਹੋਣਾ ਪਵੇ। ਇਸ ਲਈ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਦਰਗਾਹ ਵਿਚ ਚੰਗੇ ਅਮਲਾਂ ਨੇ ਕੰਮ ਆਉਣਾ ਹੈ ਨਾ ਕਿ ਲੋਭ ਵਸ ਇਸ ਦੁਨੀਆ ਵਿਚ ਇਕੱਤਰ ਕੀਤੀ

ਮਾਇਆ ਨੇ ਸਾਥ ਦੇਣਾ ਹੈ - ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[26]

ਗੁਰਮਤਿ ਨੇ ਲੋਭ ਦੇ ਵਿਕਾਰ ਤੋਂ ਬਚਣ ਲਈ ਮਨੁੱਖ ਨੂੰ ਸੰਜਮ ਵਿਚ ਰਹਿਣ ਦਾ ਮਾਰਗ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਤਿੰਨ ਪ੍ਰਮੁਖ ਅਸੂਲਾਂ -ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਰਾਹੀਂ ਸਮਾਜ ਨੂੰ ਇਕ ਸੇਧ ਦਿੱਤੀ ਹੈ ਕਿ ਪਾਪਾਂ ਨਾਲ ਕੋਈ ਵੀ ਵਸਤੂ ਇਕੱਤਰ ਕਰਨ ਦੀ ਥਾਂ ਤੇ ਉਸਨੂੰ ਪ੍ਰਾਪਤ ਕਰਨ ਲਈ ਮਿਹਨਤ ਅਤੇ ਇਮਾਨਦਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਇਮਾਨਦਾਰੀ ਵਾਲੀ ਕਮਾਈ ਨੂੰ ਆਪਣੇ ਤੱਕ ਹੀ ਸੀਮਿਤ ਨਹੀਂ ਰੱਖਣਾ ਬਲਕਿ ਵੰਡ ਕੇ ਛਕਣਾ ਹੈ। ਗੁਰੂ ਸਾਹਿਬ ਨੇ ਇਸ ਮਾਰਗ ਦੀ ਪ੍ਰੋੜਤਾ ਕਰਦੇ ਹੋਏ ਕਿਹਾ - ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[27]

(iv) ਮੋਹ : ਜਦੋਂ ਕਿਸੇ ਵਸਤੂ ਦੀ ਪਕੜ ਵਿਚ ਮਨ ਆ ਜਾਂਦਾ ਹੈ ਅਤੇ ਉਸ ਵਸਤੂ ਦੇ ਵਿਸਰਨ ਨਾਲ ਮਨ ਨੂੰ ਦੁੱਖ ਪੁੱਜਦਾ ਹੈ, ਤਾਂ ਉਸਨੂੰ ਮੋਹ ਕਿਹਾ ਜਾਂਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮੋਹ ਕਰਕੇ ਹੀ ਪਰਮਾਤਮਾ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ - ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥[28]

ਜੀਵਨ ਦਾ ਅੰਗ ਹੋਣ ਕਰਕੇ ਮਨੁੱਖ ਸ੍ਰਿਸ਼ਟੀ ਦੀ ਹਰ ਵਸਤੂ ਨਾਲ ਮੋਹ ਕਰਦਾ ਹੈ। ਘਰ ਵਿਚ ਮਾਤਾ-ਪਿਤਾ, ਪਤਨੀ ਅਤੇ ਬੱਚਿਆ ਨਾਲ; ਆਲੇ-ਦੁਆਲੇ ਵਿਚ ਦੋਸਤਾਂ, ਮਿੱਤਰਾਂ, ਗੁਆਂਢੀਆਂ ਨਾਲ; ਪ੍ਰਕਿਰਤੀ ਵਿਚ ਫਲ, ਫੁੱਲ, ਬੂਟੇ, ਦਰੱਖਤਾਂ ਨਾਲ; ਪਿੰਡ ਵਿਚ ਰਹਿਣ ਵਾਲੇ ਵਿਅਕਤੀਆਂ ਦਾ ਆਪਣੀ ਫਸਲ ਅਤੇ ਜਾਨਵਰਾਂ ਨਾਲ ਮੋਹ ਆਮ ਵੇਖਣ ਨੂੰ ਮਿਲਦਾ ਹੈ ਇਸੇ ਕਰਕੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ - ਏਤੁ ਮੋਹਿ ਡੂਬਾ ਸੰਸਾਰੁ॥ ਅਤੇ ਗੁਰੂ ਦੇ ਸ਼ਬਦ ਨਾਲ ਜੁੜਿਆ ਕੋਈ ਵਿਰਲਾ ਹੀ ਇਸ ਤੋਂ ਨਿਰਲੇਪ ਰਹਿ ਸਕਦਾ ਹੈ - ਗੁਰਮੁਖਿ ਕੋਇ ਉਤਰੈ ਪਾਰਿ॥[29]

ਗੁਰੂ ਸਾਹਿਬਾਨ ਕਹਿੰਦੇ ਹਨ ਕਿ ਮਨੁੱਖ ਇਸ ਝੂਠੇ ਮੋਹ ਵਿਚ ਫਸਕੇ ਆਪਣੇ ਜੀਵਨ ਉਦੇਸ਼ ਤੋਂ ਭਟਕ ਜਾਂਦਾ ਹੈ। ਦੁਨੀਆ ਵਿਚ ਵਿਅਕਤੀ ਦਾ ਮੋਹ ਜਿਨ੍ਹਾਂ ਵਧਦਾ ਜਾਂਦਾ ਹੈ ਉਨਾ ਹੀ ਵਿਅਕਤੀ ਬੰਧਨ ਵਿਚ ਫਸਦਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਮੋਹ ਵਿਚ ਸਮੁੱਚਾ ਜਗਤ ਫਸਿਆ ਹੋਇਆ ਹੈ ਅਤੇ ਸੱਚ ਨੂੰ ਸਮਝਣ ਤੋਂ ਅਸਮਰੱਥ ਹੈ :

ਜੇਤਾ ਮੋਹੁ ਪਰੀਤਿ ਸੁਆਦ॥
ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥
ਦਰਗਹ ਬੈਸਣ ਨਾਹੀ ਜਾਇ॥[30]

ਗੁਰਬਾਣੀ ਦੁਨਿਆਵੀ ਮੋਹ ਦੀ ਥਾਂ ਸੱਚੇ ਪ੍ਰੇਮ ਤੇ ਜ਼ੋਰ ਦਿੰਦੀ ਹੈ ਇਸਦਾ ਇਹ ਅਰਥ ਨਹੀਂ ਕਿ ਦੁਨਿਆਵੀ ਵਸਤਾਂ ਵੱਲ ਧਿਆਨ ਹੀ ਨਹੀਂ ਦੇਣਾ। ਦੁਨਿਆਵੀ ਵਸਤਾਂ ਮਨੁੱਖ ਲਈ ਹੀ ਹਨ ਪਰ ਇਨ੍ਹਾਂ ਦੀ ਸੁਯੋਗ ਵਰਤੋਂ ਕਰਨੀ ਹੈ। ਦੁਨਿਆਵੀ ਵਸਤਾਂ ਦੇ ਮੋਹ ਵਿਚੋਂ ਹੀ ਇਨ੍ਹਾਂ ਦੇ ਕਰਤਾ ਨਾਲ ਪ੍ਰੇਮ ਵੱਲ ਰੁਚਿਤ ਹੋਣਾ ਹੈ, ਇਹੀ ਗੁਰਬਾਣੀ ਦਾ ਉਦੇਸ਼ ਹੈ। ਇਸ ਉਦੇਸ਼ ਦੀ ਵਿਆਖਿਆ ਕਰਦੇ ਹੋਏ ਗੁਰੂ ਨਾਨਕ ਦੇਵ

ਜੀ ਕਹਿੰਦੇ ਹਨ:

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥[31]

ਸਿੱਖ ਧਰਮ ਵਿਚ ਸੇਵਾ, ਪਰਉਪਕਾਰ ਅਤੇ ਮਾਨਵਤਾ ਦੀ ਰੱਖਿਆ ਲਈ ਕੁਰਬਾਨੀ ਦੀ ਭਾਵਨਾ ਪੈਦਾ ਕਰਨਾ ਹੀ ਦੁਨਿਆਵੀ ਮੋਹ ਵਿਚ ਖਚਿਤ ਹੋਣ ਤੋਂ ਬਚਣ ਦਾ ਮਾਰਗ ਹੈ। ਭਾਈ ਘਨੱਈਆ ਜੀ ਦੁਆਰਾ ਬਿਨਾਂ ਭੇਦਭਾਵ ਦੁਸ਼ਮਣ ਦੀਆਂ ਫ਼ੌਜਾਂ ਨੂੰ ਪਾਣੀ ਪਿਲਾਉਣਾ ਅਤੇ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਵੱਲੋਂ ਆਮ ਲੋਕਾਂ ਦੀ ਰੱਖਿਆ ਲਈ ਕੀਤੀਆਂ ਕੁਰਬਾਨੀਆਂ ਦੁਨਿਆਵੀ ਮੋਹ ਤੋਂ ਬਚਣ ਦਾ ਪ੍ਰੇਰਣਾ ਸਰੋਤ ਹਨ।

(v) **ਹੰਕਾਰ** : ਹੰਕਾਰ ਨੂੰ ਸਮੂਹ ਵਿਕਾਰਾਂ ਦੀ ਜੜ੍ਹ ਮੰਨਿਆ ਜਾਂਦਾ ਹੈ। ਜਿਉਂ-ਜਿਉਂ ਮਨੁੱਖ ਵਿਚ ਚੇਤਨਾ ਦਾ ਵਿਕਾਸ ਹੁੰਦਾ ਰਹਿੰਦਾ ਹੈ ਤਿਉਂ-ਤਿਉਂ ਮਨੁੱਖ ਦੀ ਹਉਮੈ ਵਧਦੀ ਜਾਂਦੀ ਹੈ। ਇਸਦਾ ਭਾਵ ਹੈ ਕਿ ਚੇਤਨਾ ਵਸ ਹੀ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਦੀ ਸੋਝੀ ਹੁੰਦੀ ਹੈ ਅਤੇ ਜਿਉਂ ਹੀ ਇਹ ਸੋਝੀ ਵਧਦੀ ਹੈ ਮਨੁੱਖ ਇਨ੍ਹਾਂ ਪਦਾਰਥਾਂ ਨੂੰ ਇਕੱਤਰ ਕਰਨ ਵੱਲ ਰੁਚਿਤ ਹੋ ਜਾਂਦਾ, ਅਤੇ ਜਿਵੇਂ ਹੀ ਉਸ ਕੋਲ ਇਨ੍ਹਾਂ ਪਦਾਰਥਾਂ ਦਾ ਭੰਡਾਰ ਦੂਜਿਆਂ ਨਾਲੋਂ ਵਧਦਾ ਹੈ ਤਿਵੇਂ ਹੀ ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਸ੍ਰੇਸ਼ਟ ਸਮਝਣ ਲੱਗ ਪੈਂਦਾ ਹੈ। ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਟ ਸਮਝਣਾ ਹੀ ਵਿਅਕਤੀ ਦੀ ਹਉਮੈ ਦਾ ਪ੍ਰਤੀਕ ਹੈ।

ਸਮਾਜ ਵਿਚ ਵਿਅਕਤੀ ਸੇਵਾ ਕਰਦਾ ਹੈ, ਭਾਵ ਦੂਜਿਆਂ ਦੀ ਭਲਾਈ ਕਰਦਾ ਹੈ। ਅਜਿਹਾ ਕਰਦੇ ਮਨ ਵਿਚ ਇਹ ਵਿਚਾਰ ਉਤਪੰਨ ਹੋ ਜਾਵੇ ਕਿ ਮੈਂ ਦੂਜਿਆਂ ਤੋਂ ਵਧੇਰੇ ਸੇਵਾ ਅਤੇ ਪਰਉਪਕਾਰ ਦੇ ਕੰਮ ਕੀਤੇ ਹਨ ਤਾਂ ਸਮਝੋ ਹਉਮੈ ਨੇ ਡੇਰਾ ਪਾ ਲਿਆ। ਭਗਤੀ ਕਰਦਿਆਂ ਮਨ ਵਿਚ ਇਹ ਖਿਆਲ ਆ ਜਾਵੇ ਕਿ ਮੈਂ ਦੂਜਿਆਂ ਤੋਂ ਵਧੇਰੇ ਭਗਤੀ ਕੀਤੀ ਹੈ, ਤਾਂ ਇਸਦਾ ਭਾਵ ਹਉਮੈ ਬੋਲ ਰਹੀ ਹੈ। ਬੁੱਧੀ ਦੀ ਵਰਤੋਂ ਕਰਦਿਆਂ ਕੋਈ ਚੀਜ ਖੋਜ ਲਈ ਜਾਂ ਕਿਸੇ ਤਕਨੀਕ ਵਿਚ ਵਧੇਰੇ ਮੁਹਾਰਤ ਹਾਸਲ ਕਰਕੇ ਇਹ ਜਿਤਾਉਣ ਦੀ ਕੋਸ਼ਿਸ਼ ਕੀਤੀ ਤਾਂ ਸਮਝੋ ਹਉਮੈ ਨੇ ਪ੍ਰਭਾਵ ਪਾ ਲਿਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਤੱਕ ਹਉਮੈ ਪ੍ਰਗਟ ਹੁੰਦੀ ਹੈ, ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ। ਜਦੋਂ ਹਉਮੈ ਚਲੀ ਜਾਂਦੀ ਹੈ ਤਾਂ ਪ੍ਰਭੂ-ਪ੍ਰੀਤ ਦਾ ਦਰ ਖੁੱਲ੍ਹ ਜਾਂਦਾ ਹੈ – ਹਉਮੈ ਜਾਈ ਤਾ ਕੰਤ ਸਮਾਈ॥[32]

ਵਿਅਕਤੀ ਸਮਾਜ ਵਿਚ ਰਹਿੰਦਾ ਹੈ ਗੁਰੂ ਦੇ ਦਰਸਾਏ ਮਾਰਗ ਤੇ ਚਲਦਾ ਹੈ, ਸੰਗਤ, ਲੰਗਰ, ਸੇਵਾ ਦੀ ਪ੍ਰਥਾ ਨੂੰ ਅਪਣਾਉਂਦਾ ਹੈ, ਪਰ ਮਨ ਵਿਚ ਨਿਮਰਤਾ ਨਹੀਂ ਆਈ ਤਾਂ ਅਜਿਹੇ ਮਨੁੱਖ ਦੀ ਤੁਲਨਾ ਉਸ ਬਾਂਸ ਨਾਲ ਕੀਤੀ ਜਾਂ ਸਕਦੀ ਹੈ ਜੋ ਚੰਦਨ ਦੇ ਕੋਲ ਵੱਸਦਾ ਹੈ ਪਰ ਉਸ ਵਿਚ ਸੁਗੰਧੀ ਉਤਪੰਨ ਨਹੀਂ ਹੁੰਦੀ। ਅਜਿਹਾ ਕਿਉਂ ਹੁੰਦਾ ਹੈ? ਹਉਮੈ ਕਿੱਥੋਂ ਉਤਪੰਨ ਹੁੰਦੀ ਹੈ? ਇਸਤੇ ਕਾਬੂ ਕਿਵੇਂ ਪਾਇਆ ਜਾ ਸਕਦਾ ਹੈ? ਇਨ੍ਹਾਂ ਪ੍ਰਸ਼ਨਾਂ ਦੀ ਵਿਸਤਾਰ ਪੂਰਵਕ ਚਰਚਾ ਗੁਰਬਾਣੀ ਵਿਚ ਕੀਤੀ ਗਈ ਹੈ। ਇੱਥੇ ਕੇਵਲ ਇੰਨਾ ਜਾਣ ਲੈਣਾ ਹੀ ਕਾਫੀ ਹੈ ਕਿ ਹਉਮੈ ਦੀ ਉਤਪਤੀ ਪਰਮਾਤਮਾ ਤੋਂ ਮੰਨੀ ਗਈ ਹੈ ਅਤੇ ਇਸ ਤੇ ਕਾਬੂ ਪਾਉਣ ਵਾਲੇ ਨਾਮ ਦੀ ਅਣਹੋਂਦ ਕਾਰਨ ਮਨੁੱਖ ਦੁਖੀ ਹੁੰਦਾ ਹੈ। ਨਾਮ ਸਿਮਰਨ ਤੋਂ ਬਗੈਰ ਜਿੰਨੇ ਮਰਜ਼ੀ ਤੀਰਥ ਇਸ਼ਨਾਨ ਕਰ ਲਏ ਜਾਣ,

ਵਰਤ ਰੱਖ ਲਏ ਜਾਣ, ਯਾਤਰਾਵਾਂ ਕਰ ਲਈਆਂ ਜਾਣ, ਸਭ ਵਿਅਰਥ ਹਨ ਇਨ੍ਹਾਂ ਦਿਖਾਵਿਆਂ ਨਾਲ ਮਨ ਵਿਚ ਹਉਮੈ ਪੈਦਾ ਹੁੰਦੀ ਹੈ, ਪਰਮਾਤਮਾ ਦੀ ਸੋਝੀ ਨਹੀਂ ਪੈਂਦੀ, ਜਿਵੇਂ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥[33]

ਸਮਾਜ ਵਿਚ ਰਹਿੰਦੇ ਪ੍ਰਭੂ ਦੁਆਰਾ ਉਪਜੀ ਹਉਮੈ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਤੋਂ ਦੂਰ ਭੱਜਿਆ ਜਾ ਸਕਦਾ ਹੈ, ਪਰ ਇਸਤੇ ਕਾਬੂ ਪਾ ਕੇ ਇਸਨੂੰ ਸਹੀ ਦਿਸ਼ਾ ਵੱਲ ਲਾਇਆ ਜਾ ਸਕਦਾ ਹੈ। ਵਿਅਕਤੀ ਦੂਜਿਆਂ ਤੇ ਕਬਜਾ ਕਰਨ ਦੀ ਬਿਰਤੀ ਨੂੰ ਛੱਡਦੇ ਹੋਏ ਸਵੈਮਾਨ ਦੀ ਰਾਖੀ ਤੇ ਲੋਕ ਭਲਾਈ ਲਈ ਜੀਵਨ ਉਦੇਸ਼ ਨਿਰਧਾਰਤ ਕਰਕੇ ਆਪਣੀ ਹਉਮੈ ਨੂੰ ਨਿਮਰਤਾ ਸਹਿਤ ਸਮਾਜ ਸੁਧਾਰ ਵੱਲ ਲਾ ਕੇ ਅਧਿਆਤਮਿਕ ਵਿਕਾਸ ਵਿਚ ਯੋਗਦਾਨ ਪਾ ਸਕਦਾ ਹੈ।

ਵਿਕਾਰਾਂ ਤੇ ਕਾਬੂ ਪਾਉਣ ਦੇ ਸਾਧਨ : ਵਿਕਾਰ ਮਨੁੱਖ ਦੇ ਅਧਿਆਤਮਿਕ ਵਿਕਾਸ ਵਿਚ ਰੁਕਾਵਟਾਂ ਹਨ। ਇਨ੍ਹਾਂ ਵਿਕਾਰਾਂ ਨੂੰ ਜੇਕਰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਵੇ ਤਾਂ ਇਹ ਉਸਾਰੂ ਦਿਸ਼ਾ ਵੱਲ ਲਿਜਾਣ ਵਿਚ ਸਹਾਇਤਾ ਕਰਦੇ ਹਨ। ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰਨ ਅਤੇ ਇਨ੍ਹਾਂ ਤੋਂ ਮੁਕਤ ਹੋਣ ਦੇ ਜੋ ਪ੍ਰਮੁਖ ਸਾਧਨ ਗੁਰਬਾਣੀ ਵਿਚ ਦਰਸਾਏ ਗਏ ਹਨ, ਉਨ੍ਹਾਂ ਦਾ ਸੰਖੇਪ ਵਰਨਨ ਇੱਥੇ ਕੀਤਾ ਜਾ ਰਿਹਾ ਹੈ।

(1) **ਪ੍ਰਭੂ ਦਾ ਨਾਮ ਸਿਮਰਨ :** ਇਹ ਇਕ ਐਸੀ ਜੁਗਤ ਹੈ ਜਿਸ ਨਾਲ ਮਨ ਦੀ ਮੈਲ ਸਾਫ ਹੁੰਦੀ ਹੈ ਜਿਵੇਂ 'ਜਪੁ' ਬਾਣੀ ਵਿਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜੇਕਰ ਕੱਪੜੇ ਨੂੰ ਮੈਲ ਲੱਗ ਜਾਵੇ ਤਾਂ ਉਹ ਸਾਬਣ ਨਾਲ ਧੋਤੀ ਜਾਂਦੀ ਹੈ, ਇਸੇ ਤਰ੍ਹਾਂ ਜੇਕਰ ਮਨ ਨੂੰ ਮੈਲ ਲੱਗੀ ਹੋਵੇ ਤਾਂ ਨਾਮ ਸਿਮਰਨ ਦੀ ਲੋੜ ਪੈਂਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਦੀ ਦੇਹੀ ਵਿਚ ਵਿਦਮਾਨ ਵਿਕਾਰਾਂ ਤੋਂ ਭਗਤ ਜਨ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਛੁਟਕਾਰਾ ਪਾ ਲੈਂਦੇ ਹਨ:

ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ। ਹਰਿ ਸਿਮਰਨੁ ਕਰਿ ਹਰਿ ਜਨ ਛੂਟੇ।[34]
ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ।[35]

ਵਿਕਾਰ ਮਨੁੱਖ ਦੇ ਮਨ ਵਿਚ ਔਗੁਣ ਪੈਦਾ ਕਰਦੇ ਹਨ ਅਤੇ ਵਿਅਕਤੀ ਨੂੰ ਗੁਣਹੀਨ ਕਰ ਦਿੰਦੇ ਹਨ ਗੁਣਾਂ ਨੂੰ ਪੁਨਰ ਸੁਰਜੀਤ ਅਤੇ ਉਜਾਗਰ ਕਰਨ ਲਈ ਕਿਸੇ ਸਹਾਰੇ ਦੀ ਲੋੜ ਪੈਂਦੀ ਹੈ। ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਬਾਲਟੀ ਦੀ ਲੋੜ ਪੈਂਦੀ ਹੈ। ਉਸੇ ਤਰ੍ਹਾਂ ਗੁਣਾਂ ਨੂੰ ਮਨ ਵਿਚ ਵਸਾਉਣ ਲਈ ਪਰਮਾਤਮਾ ਦੇ ਨਾਮ ਦੀ ਜ਼ਰੂਰਤ ਹੈ। ਨਾਮ ਸਿਮਰਨ ਰੂਪੀ ਅੰਮ੍ਰਿਤ ਜਲ ਦੀ ਸ਼ਕਤੀ ਨਾਲ ਪੰਜ ਵਿਕਾਰਾਂ ਨੂੰ ਮਨ ਵਿਚ ਕਾਬੂ ਕਰਕੇ ਉਨ੍ਹਾਂ ਦੀ ਥਾਂ ਪੰਜ ਗੁਣਾਂ ਨੂੰ ਉਜਾਗਰ ਕਰਨ ਦਾ ਮਾਰਗ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਨਿਰਮਲ ਜਲਿ ਨਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ।[36]

ਪ੍ਰਭੂ ਦਾ ਨਾਮ ਸਿਮਰਨ ਕਰਦੇ ਹੋਏ ਜੇਕਰ ਉਸਦੀ ਬਖਸ਼ਿਸ਼ ਹੋ ਜਾਵੇ ਤਾਂ ਵਿਕਾਰ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ ਅਤੇ ਆਪਣੇ ਆਪ ਗੁਣੀ ਸ਼ਕਤੀਆਂ ਦੇ ਅਧੀਨ ਆ ਜਾਂਦੇ ਹਨ।

(2) ਗੁਰੂ : ਜਿਸ ਵਿਅਕਤੀ ਨੇ ਪਰਮਾਤਮਾ ਨੂੰ ਜਾਣ ਲਿਆ ਹੈ ਗੁਰਬਾਣੀ ਵਿਚ ਉਸਨੂੰ ਗੁਰੂ ਕਿਹਾ ਗਿਆ ਹੈ ਅਤੇ ਅਜਿਹੇ ਸਤਿਗੁਰੂ ਦੀ ਅਗਵਾਈ ਵਿਚ ਮਨੁੱਖ ਇਸ ਭਵਸਾਗਰ ਨੂੰ ਪਾਰ ਕਰਨ ਦੇ ਸਮਰੱਥ ਹੋ ਸਕਦਾ ਹੈ। ਗੁਰੂ ਨੂੰ ਸਭ ਤੋਂ ਵੱਡਾ ਤੀਰਥ ਮੰਨਦੇ ਹੋਏ ਉਸਦੀ ਸ਼ਰਨ ਵਿਚ ਜਾਣ ਅਤੇ ਉਸ ਅੱਗੇ ਆਤਮ ਸਮਰਪਣ ਕਰਨ ਵਿਚ ਹੀ ਸਭ ਸੁੱਖਾਂ ਦੀ ਪ੍ਰਾਪਤੀ ਦਾ ਖਜ਼ਾਨਾ ਲੱਭਿਆ ਜਾ ਸਕਦਾ ਹੈ। ਸਤਿਗੁਰੂ ਨੂੰ ਅੰਮ੍ਰਿਤ ਸਰੋਵਰ ਮਨ ਕੇ ਸਭ ਤਰ੍ਹਾਂ ਦਾ ਮੈਲ ਸਾਫ ਕਰਨ ਦਾ ਸਾਧਨ ਮੰਨਿਆ ਗਿਆ ਹੈ। ਸਤਿਗੁਰੂ ਦਾ ਉਪਦੇਸ਼ ਅਜਿਹਾ ਸਰੋਵਰ ਮੰਨਿਆ ਗਿਆ ਹੈ ਜਿੱਥੇ ਵਿਕਾਰ ਰੂਪੀ ਕਊਏ ਹੰਸ ਰੂਪੀ ਸਦਗੁਣਾਂ ਵਿਚ ਤਬਦੀਲ ਹੋ ਜਾਂਦੇ ਹਨ। ਗੁਰੂ ਦੀ ਕ੍ਰਿਪਾ ਨਾਲ ਹੀ ਵਿਅਕਤੀ ਪਰਮਾਤਮਾ ਦੀ ਦਰਗਾਹ ਵਿਚ ਉਜਲਾ ਮੂੰਹ ਲੈ ਕੇ ਜਾ ਸਕਦਾ ਹੈ ਅਤੇ ਸਮੂਹ ਵਿਕਾਰਾਂ ਤੇ ਕਾਬੂ ਪਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ:

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥[37]

ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨ ਦੇ ਚਾਨਣ ਵਿਚ ਲਿਆਉਣ ਦਾ ਸਾਧਨ ਗੁਰੂ ਨੂੰ ਮੰਨਿਆ ਗਿਆ ਹੈ। ਜੋਗੀਆਂ ਨੇ ਗੁਰੂ ਨੂੰ ਕੁੰਡਲਨੀ ਜਾਗ੍ਰਿਤ ਕਰਨ ਦਾ ਮਾਧਿਅਮ ਮੰਨਿਆ ਅਤੇ ਇਹ ਕਿਹਾ ਕਿ ਸਰੀਰ ਵਿਚਲੀਆਂ ਤਿੰਨ ਪ੍ਰਮੁਖ ਨਾੜੀਆਂ- ਇੜਾ, ਪਿੰਗੁਲਾ, ਅਤੇ ਸੁਖਮਨਾ – ਇਕਾਂਤ ਵਿਚ ਗੁਰੂ ਦੇ ਮਾਰਗ ਦਰਸ਼ਨ ਰਾਹੀਂ ਜਾਗ੍ਰਿਤ ਹੋ ਸਕਦੀਆਂ ਹਨ ਅਤੇ ਇਹ ਜੋਗੀਆਂ ਦਾ ਜੀਵਨ ਉਦੇਸ਼ ਸੀ। ਪਰ ਸਿੱਖ ਧਰਮ ਜੋਗੀਆਂ ਵਾਂਗ ਸੰਸਾਰ ਛੱਡਣ ਦਾ ਮੁਦਈ ਨਹੀਂ ਅਤੇ ਗ੍ਰਹਿਸਤ ਦੀ ਪ੍ਰਮੁਖਤਾ ਨੂੰ ਉਜਾਗਰ ਕਰਦਾ ਹੋਇਆ ਸੰਸਾਰ ਦੇ ਸਮੂਹ ਵਿਕਾਰਾਂ ਅਤੇ ਦੁੱਖਾਂ ਦੀ ਨਵਿਰਤੀ ਦਾ ਸਾਧਨ ਗੁਰੂ ਨੂੰ ਮੰਨਦਾ ਹੈ ਜਿਸ ਦੇ ਮਾਰਗ ਦਰਸ਼ਨ ਵਿਚ ਵਿਅਕਤੀ ਨੂੰ ਵਿਕਾਰਾਂ ਤੋਂ ਮੁਕਤੀ ਦੇ ਨਾਲ-ਨਾਲ ਉਸ ਦੀਆਂ ਸਮੂਹ ਇਛਾਵਾਂ ਵੀ ਪੂਰੀਆਂ ਹੁੰਦੀਆਂ ਹਨ, ਜਿਵੇਂ ਕਿ ਗੁਰੂ ਅਰਜਨ ਦੇਵ ਜੀ ਦੱਸਦੇ ਹਨ:

ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥[38]

(3) ਸਤਿਸੰਗਤ : ਸਤਿਸੰਗਤ ਅਜਿਹਾ ਸਥਾਨ ਹੈ ਜਿੱਥੇ ਮਨੁੱਖ ਨੇ ਔਗੁਣਾਂ ਨੂੰ ਮਨ ਵਿਚੋਂ ਬਾਹਰ ਕੱਢਣਾ ਅਤੇ ਗੁਣਾਂ ਨੂੰ ਧਾਰਨ ਕਰਨਾ ਹੈ। ਗੁਰੂ ਰਾਮ ਦਾਸ ਜੀ ਨੇ ਸਤਿਸੰਗਤ ਨੂੰ ਸਤਿਗੁਰੂ ਦਾ ਸਥਾਨ ਮੰਨਦੇ ਹੋਏ ਕਿਹਾ ਹੈ ਕਿ ਇੱਥੇ ਪ੍ਰਭੂ ਪ੍ਰਾਪਤੀ ਵਾਲੇ ਗੁਣ ਪੈਦਾ ਕਰਨੇ ਸਿਖਾਏ ਜਾਂਦੇ ਹਨ – ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥[39]

ਸਤਿਸੰਗਤ ਮਨੁੱਖ ਦੇ ਸੰਸਾਰਕ ਅਤੇ ਅਧਿਆਤਮਿਕ ਗਿਆਨ ਹਾਸਲ ਕਰਨ ਦਾ ਸਥਾਨ ਹੈ। ਸੰਸਾਰਕ ਗਿਆਨ ਹਾਸਲ ਕਰਨ ਲਈ ਸੁਣਨ, ਮੰਨਣ ਅਤੇ ਵਿਚਾਰ ਦੀ ਜ਼ਰੂਰਤ ਪੈਂਦੀ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਪਰਮਾਤਮਾਂ ਨੇ ਮਨੁੱਖ ਨੂੰ

ਸੁਣਨ ਲਈ ਕੰਨ ਦਿੱਤੇ ਹਨ ਅਤੇ ਇਨ੍ਹਾਂ ਰਾਹੀਂ ਸੱਚ ਦੇ ਗਿਆਨ ਵਾਲੀ ਬਾਣੀ ਸੁਣਨੀ ਚਾਹੀਦੀ ਹੈ ਜਿਸ ਨਾਲ ਤਨ ਅਤੇ ਮਨ ਵਿਚ ਅਨੰਦ ਅਤੇ ਖੇੜਾ ਪੈਦਾ ਹੁੰਦਾ ਹੈ ਅਤੇ ਬੁੱਧੀ ਵਿਚ ਰਤਨ ਜਵਾਹਰ ਮਾਣਿਕ ਰੂਪੀ ਗੁਣ ਪ੍ਰਗਟ ਹੁੰਦੇ ਹਨ, ਕਹਿਣ ਦਾ ਭਾਵ ਕਿ ਸਮਾਜ ਦੇ ਉੱਚ ਇਖਲਾਕੀ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਤਰ੍ਹਾਂ ਮੰਨਣ ਸੰਬੰਧੀ 'ਜਪੁਜੀ' ਵਿਚ ਜਿਨ੍ਹਾਂ ਪਉੜੀਆਂ ਦਾ ਜ਼ਿਕਰ ਆਇਆ ਹੈ। ਇਹ ਪਉੜੀਆਂ ਵਿਅਕਤੀ ਦੁਆਰਾ ਗੁਰੂ ਦੀ ਸਿੱਖਿਆ ਤੇ ਅਮਲ ਕਰਨ ਦੀ ਸਿੱਖਿਆ ਦਿੰਦੀਆਂ ਹਨ। ਗੁਰੂ ਦੀ ਸਿੱਖਿਆ ਤੇ ਅਮਲ ਕਰਨ ਨਾਲ ਮਨੁੱਖ ਦਾ ਆਪਣਾ ਮਨ ਅਤੇ ਉਸਦਾ ਆਲਾ-ਦੁਆਲਾ ਪ੍ਰਭਾਵਤ ਹੁੰਦਾ ਹੈ। ਮਨੁੱਖ ਦੇ ਮਨ ਵਿਚ ਨੈਤਿਕ ਗੁਣਾਂ ਦਾ ਸੰਚਾਰ ਹੁੰਦਾ ਹੈ। ਜਿਸ ਨਾਲ ਵਿਕਾਰ ਤੋਂ ਉੱਪਰ ਉੱਠਣ ਵਿਚ ਸਹਾਇਤਾ ਮਿਲਦੀ ਹੈ। ਸਤਿਸੰਗਤ ਵਿਚ ਆ ਕੇ ਸੁਣਨ ਅਤੇ ਮੰਨਣ ਦੇ ਨਾਲ-ਨਾਲ ਵਿਚਾਰ ਦੀ ਵੀ ਸਿੱਖਿਆ ਦਿੱਤੀ ਗਈ ਹੈ। ਵਿਚਾਰ ਨਾਲ ਗੁਰੂ ਦੀਆ ਕਹੀਆਂ ਹੋਈਆਂ ਗੁੱਝੀਆਂ ਗੱਲਾਂ ਦੇ ਭੇਦ ਖੋਲ੍ਹਣ ਅਤੇ ਸਮਝਣ ਵਿਚ ਸਹਾਇਤਾ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸ਼ਬਦ ਦੀ ਵੀਚਾਰ ਨਾਲ ਦੁਰਮਤ ਦੂਰ ਹੁੰਦੀ ਹੈ ਅਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਖੁੱਲ੍ਹਦਾ ਹੈ:

ਸਬਦੁ ਬੀਚਾਰਿ ਭਏ ਨਿਰੰਕਾਰੀ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ॥[40]

ਸਤਿਸੰਗਤ ਵਿਚ ਹਉਮੈ ਰੂਪੀ ਰੋਗ ਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਨਿਮਰਤਾ ਰੂਪੀ ਗਿਆਨ ਧਾਰਨ ਕਰਨ ਦਾ ਮਾਰਗ ਖੁੱਲ੍ਹਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ -

ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥[41]

ਸਤਿਸੰਗਤ ਇਕ ਅਜਿਹਾ ਸਥਾਨ ਹੈ ਜਿੱਥੇ ਸਭ ਵਿਕਾਰ ਰੂਪੀ ਔਗੁਣਾਂ ਤੋਂ ਮੁਕਤੀ ਮਿਲਦੀ ਹੈ ਅਤੇ ਪਰਮਾਤਮਾ ਦੇ ਮਾਰਗ ਵੱਲ ਲਿਜਾਣ ਵਾਲੇ ਗੁਣਾਂ ਨੂੰ ਧਾਰਨ ਕਰਨ ਦਾ ਮੌਕਾ ਮਿਲਦਾਂ ਹੈ। ਦਰਅਸਲ ਸਤਿਸੰਗਤ ਇਕ ਅਜਿਹੀ ਪ੍ਰਯੋਗਸ਼ਾਲਾ ਹੈ ਜਿੱਥੇ ਮਨੁੱਖੀ ਗੁਣਾਂ ਦਾ ਸੰਚਾਰ ਹੁੰਦਾ ਹੈ ਅਤੇ ਇਨ੍ਹਾਂ ਸੰਚਾਰਿਤ ਹੋਏ ਗੁਣਾਂ ਨੂੰ ਸਮਾਜ ਵਿਚ ਅਮਲੀ ਪੱਧਰ ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਤਾਂ ਕਿ ਸਮਾਜ ਵਿਚ ਗੁਣਾਂ ਦਾ ਵਿਕਾਸ ਅਤੇ ਔਗੁਣਾਂ ਦਾ ਵਿਨਾਸ਼ ਹੋ ਸਕੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਤਿਸੰਗਤ ਵਿਚ ਔਗੁਣਾਂ ਨੂੰ ਦੂਰ ਕਰਕੇ ਗੁਣਾਂ ਨੂੰ ਅਪਣਾਉਣ ਦਾ ਮੌਕਾ ਮਿਲਦਾ ਹੈ:

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥[42]

ਇਸ ਤਰ੍ਹਾਂ ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਮਨੁੱਖ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਸਚਿਆਰ ਰੂਪ ਧਾਰਨ ਕਰਦਾ ਹੋਇਆ ਆਪਣੇ ਪਰਮ ਉਦੇਸ਼ ਸੱਚ ਨੂੰ ਪ੍ਰਾਪਤ ਕਰਦਾ ਹੈ। ਸੱਚ ਦੇ ਮਾਰਗ ਵਿਚ ਆਈਆਂ ਵਿਕਾਰ ਰੂਪੀ ਔਕੜਾਂ ਨੂੰ ਦੂਰ ਕਰਦੇ ਹੋਏ ਵਿਅਕਤੀ ਇਨ੍ਹਾਂ ਦੀ ਸਹੀ ਦਿਸ਼ਾ ਨਿਰਧਾਰਤ ਕਰਕੇ ਇਨ੍ਹਾਂ ਨੂੰ ਗੁਣਾਂ ਵਿਚ

ਤਬਦੀਲ ਕਰਦਾ ਹੈ। ਇੱਥੇ ਇਸ ਵਿਚਾਰ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਇਕ ਵਿਅਕਤੀ ਨੇ ਆਪਣੇ ਘਰ ਜਾਣ ਲਈ ਇਕ ਜੰਗਲ ਵਿਚੋ ਲੰਘਣਾ ਹੈ। ਜੰਗਲ ਵਿਚੋਂ ਲੰਘਦੇ ਹੋਏ ਜੋ ਔਕੜਾਂ ਆਉਂਦੀਆਂ ਹਨ ਉਨ੍ਹਾਂ ਔਕੜਾਂ ਨੂੰ ਪਾਰ ਕਰਦਾ ਹੋਇਆ ਵਿਅਕਤੀ ਆਪਣਾ ਉਦੇਸ਼ ਹਾਸਲ ਕਰਦਾ ਹੈ। ਇਸੇ ਤਰ੍ਹਾਂ ਹਰ ਮਨੁੱਖ ਨੇ ਸਮਾਜ ਵਿਚ ਸੰਘਰਸ਼ ਕਰਦੇ ਹੋਏ ਸਚਿਆਰਾ ਪਦ ਪ੍ਰਾਪਤ ਕਰਨਾ ਹੈ ਅਤੇ ਪ੍ਰਭੂ ਪ੍ਰਾਪਤੀ ਦਾ ਮਨੁੱਖੀ ਜੀਵਨ ਉਦੇਸ਼ ਹਾਸਲ ਕਰਨਾ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 1.
2. ਉਹੀ, ਪੰਨਾ 922.
3. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਨਾ 74.
4. ਗੁਰੂ ਗ੍ਰੰਥ ਸਾਹਿਬ, ਪੰਨਾ 1083.
5. ਉਹੀ, ਪੰਨਾ 956.
6. ਉਹੀ, ਪੰਨਾ 728.
7. ਉਹੀ, ਪੰਨਾ 468.
8. ਉਹੀ, ਪੰਨਾ 1188.
9. ਉਹੀ, ਪੰਨਾ 472.
10. ਉਹੀ, ਪੰਨਾ 283.
11. ਉਹੀ, ਪੰਨਾ 463.
12. ਉਹੀ, ਪੰਨਾ 62.
13. ਉਹੀ, ਪੰਨਾ 600.
14. ਉਹੀ, ਪੰਨਾ 486.
15. *ਮਹਾਂਭਾਰਤ*, ਸ਼ਾਂਤੀਪਰਵ, ਅਧਿਆਇ 243.7.

    ਜਗ ਵਿਚ ਬੰਧਨ ਕਾਮ ਦਾ ਹੋਰ ਨ ਬੰਧਨ ਕੋਈ।।
    ਇਸ ਬੰਧਨ ਤੋਂ ਮੁਕਤ ਜੋ ਬ੍ਰਹਮਰੂਪ ਹੈ ਸੋਈ।।
16. ਗੁਰੂ ਗ੍ਰੰਥ ਸਾਹਿਬ, ਪੰਨਾ 553.
17. ਉਹੀ, ਪੰਨਾ 129.
18. *ਵਾਰਾਂ ਭਾਈ ਗੁਰਦਾਸ*, ਵਾਰ 12.4.
19. ਗੁਰੂ ਗ੍ਰੰਥ ਸਾਹਿਬ, ਪੰਨਾ 472.
20. ਉਹੀ, ਪੰਨਾ 932.
21. ਉਹੀ, ਪੰਨਾ 40.
22. ਉਹੀ, ਪੰਨਾ 259.
23. ਉਹੀ, ਪੰਨਾ 1382.
24. ਉਹੀ, ਪੰਨਾ 50.
25. ਉਹੀ, ਪੰਨਾ 876.
26. ਉਹੀ, ਪੰਨਾ 417.

27. ਉਹੀ, ਪੰਨਾ 1245.
28. ਉਹੀ, ਪੰਨਾ 1128.
29. ਉਹੀ, ਪੰਨਾ 356.
30. ਉਹੀ, ਪੰਨਾ 662.
31. ਉਹੀ, ਪੰਨਾ 730.
32. ਉਹੀ, ਪੰਨਾ 750.
33. ਉਹੀ, ਪੰਨਾ 1428.
34. ਉਹੀ, ਪੰਨਾ 388.
35. ਉਹੀ, ਪੰਨਾ 519.
36. ਉਹੀ, ਪੰਨਾ 437.
37. ਉਹੀ, ਪੰਨਾ 46.
38. ਉਹੀ, ਪੰਨਾ 108.
39. ਉਹੀ, ਪੰਨਾ 1316.
40. ਉਹੀ, ਪੰਨਾ 904.
41. ਉਹੀ, ਪੰਨਾ 271.
42. ਉਹੀ, ਪੰਨਾ 379.

ਵਿਸ਼ਵ ਭਾਈਚਾਰਾ

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਦਾ ਆਰੰਭ ਪਰਮਾਤਮਾ ਦੀ ਇੱਕਤਾ ਨਾਲ ਕੀਤਾ। ਇਹ ਇਕ ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਜੋ ਕਿ ਸ੍ਰਿਸ਼ਟੀ ਵਿਚਲੇ ਸਮੂਹ ਜੀਵਾਂ ਨੂੰ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੰਭਾਲ ਅਤੇ ਸਮੇਟ ਵੀ ਰਿਹਾ ਹੈ। ਸਮੂਹ ਜੀਵਾਂ ਦਾ ਕਰਤਾ ਇਕ ਹੋਣ ਕਰਕੇ ਉਨ੍ਹਾਂ ਅੰਦਰ ਇਕੋ ਜੋਤ ਪ੍ਰਕਾਸ਼ਮਾਨ ਹੈ ਇਸ ਕਰਕੇ ਉਸਨੂੰ ਸਮੁੱਚੀ ਰਚਨਾ ਦਾ ਪਿਤਾ ਮੰਨਿਆ ਗਿਆ ਹੈ-ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥[1]

ਪਰਮਾਤਮਾ ਦੀ ਏਕਤਾ ਸਮਾਜ ਦੀ ਇੱਕਤਾ ਅਤੇ ਭਾਈਚਾਰੇ ਦੀ ਸੂਚਕ ਹੈ। ਸਮਾਜ ਵਿਚ ਵੱਖ-ਵੱਖ ਧਰਮਾਂ ਅਤੇ ਵਿਸ਼ਵਾਸਾਂ ਨੂੰ ਮੰਨਣ ਵਾਲੇ ਵਿਅਕਤੀ ਮੌਜੂਦ ਹਨ। ਹਰ ਵਿਅਕਤੀ ਆਪਣੇ ਵਿਸ਼ਵਾਸ ਅਨੁਸਾਰ ਆਪਣਾ ਜੀਵਨ ਉਦੇਸ਼ ਨਿਰਧਾਰਤ ਕਰਦਾ ਹੈ ਅਤੇ ਉਸੇ ਅਨੁਸਾਰ ਸਮੁੱਚਾ ਜੀਵਨ ਬਤੀਤ ਕਰ ਦਿੰਦਾ ਹੈ। ਜੇਕਰ ਮਨੁੱਖ ਦੇ ਵਿਸ਼ਵਾਸ ਵਿਚ ਕਿਸੇ ਕਿਸਮ ਦਾ ਵਿਘਨ ਪੈਦਾ ਹੋ ਜਾਵੇ ਤਾਂ ਉਹ, ਦੁਰਬਲ ਹੋਣ ਕਰਕੇ, ਸਮਾਜਿਕ ਤੌਰ ਤੇ ਤਾਂ ਭਾਵੇਂ ਗੁਜ਼ਰ ਬਸਰ ਕਰਦਾ ਰਹੇ ਪਰ ਮਾਨਸਿਕ ਤੌਰ ਤੇ ਅਸ਼ਾਂਤ ਬਣਿਆ ਰਹੇਗਾ। ਮਾਨਸਿਕ ਤੌਰ ਤੇ ਅਸ਼ਾਂਤ ਵਿਅਕਤੀ ਨਾ ਤਾਂ ਪਰਿਵਾਰ ਦਾ ਭਲਾ ਕਰ ਸਕਦਾ ਹੈ ਅਤੇ ਨਾ ਹੀ ਸਮਾਜਿਕ ਵਿਕਾਸ ਵਿਚ ਕੋਈ ਯੋਗਦਾਨ ਪਾ ਸਕਦਾ ਹੈ। ਇਸ ਲਈ ਮਨੁੱਖ ਦੇ ਮਨ ਵਿਚ ਸ਼ਾਂਤੀ ਜ਼ਰੂਰੀ ਹੈ ਜੋ ਕਿ ਮਨੁੱਖ ਦੇ ਤਨ ਅਤੇ ਮਨ ਵਿਚ ਸੰਤੁਲਨ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ। ਮਨੁੱਖ ਦੇ ਮਨ ਦੀ ਸ਼ਾਂਤੀ ਸਮਾਜਿਕ ਵਿਕਾਸ ਅਤੇ ਭਾਈਚਾਰੇ ਦੀ ਪ੍ਰਤੀਕ ਹੈ ਪਰ ਇਸ ਦੇ ਉਲਟ ਵਾਪਰਦੀਆਂ ਘਟਨਾਵਾਂ ਸਮਾਜ ਵਿਚ ਅਰਾਜਕਤਾ ਫੈਲਾ ਦਿੰਦੀਆਂ ਹਨ। ਇਸ ਸੰਬੰਧੀ ਅਠਾਰ੍ਹਵੀਂ ਸਦੀ ਵਿਚ ਇਸ ਖਿੱਤੇ ਵਿਚ ਵਾਪਰੀਆਂ ਘਟਨਾਵਾਂ ਦੀਆਂ ਉਦਾਹਰਣਾਂ ਪ੍ਰਤੱਖ ਤੌਰ ਤੇ ਨਜ਼ਰ ਆਉਂਦੀਆਂ ਹਨ ਜਦੋਂ ਵਿਦੇਸੀ ਹਮਲਾਵਰਾਂ ਨੇ ਸਿੱਖਾਂ ਦੇ ਪ੍ਰੇਰਣਾ ਸਰੋਤ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ, ਪਵਿੱਤਰ ਸਰੋਵਰ ਨੂੰ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕਰਕੇ ਕੂੜੇ ਕਰਕਟ ਨਾਲ ਭਰ ਦਿੱਤਾ। ਸਿੱਖਾਂ ਦੇ ਮਨ ਅਸ਼ਾਂਤ ਅਤੇ ਬੇਚੈਨ ਹੋ ਉੱਠੇ ਕਿ ਆਪਣੇ ਸਭ ਤੋਂ ਵਧੇਰੇ ਪਵਿੱਤਰ ਅਤੇ ਸਤਿਕਾਰਤ ਧਰਮ ਅਸਥਾਨ ਦਾ ਬਦਲਾ ਕਿਵੇਂ ਲਿਆ ਜਾਵੇ। ਡਾ. ਗੰਡਾ ਸਿੰਘ ਦੱਸਦੇ ਹਨ ਕਿ ਚਾਰ ਮਹੀਨੇ ਦੇ ਅੰਦਰ ਹੀ ਸਿੱਖਾਂ ਨੇ ਮੁਗ਼ਲ ਫੌਜਾਂ ਦੇ ਜਰਨੈਲ ਜ਼ੈਨ ਖਾਂ ਨੂੰ ਹਰਾ ਕੇ ਆਪਣੇ ਪਵਿੱਤਰ ਸਥਾਨ ਦੀ ਬੇਇਜ਼ਤੀ ਦਾ ਬਦਲਾ ਲਿਆ ਅਤੇ ਨਾਲ ਹੀ ਮਾਝੇ ਦੇ ਬਹੁਤ ਸਾਰੇ ਇਲਾਕਿਆਂ ਤੇ ਕਬਜਾ ਕਰਕੇ ਇਹ ਸਾਬਤ ਕਰ ਦਿੱਤਾ ਕਿ ਮੁਗ਼ਲ ਅਜਿੱਤ ਨਹੀਂ। ਭਾਵੇਂ ਕਿ ਇਹ ਜਿੱਤਾਂ ਵਕਤੀ ਸਨ ਪਰ ਇਨ੍ਹਾਂ ਨੇ ਸਿੱਖਾਂ ਦਾ ਮਨੋਬਲ ਉੱਚਾ ਕਰਕੇ ਉਨ੍ਹਾਂ ਅੰਦਰ ਇਹ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਇਸ ਇਲਾਕੇ ਨੂੰ ਵਿਦੇਸੀ ਕਬਜੇ

ਤੋਂ ਮੁਕਤ ਕਰਾਉਣਾ ਅਸੰਭਵ ਨਹੀਂ। ਸਿੱਖਾਂ ਅੰਦਰ ਪ੍ਰਫੁਲਿਤ ਹੋਈ ਇਸੇ ਭਾਵਨਾ ਨੇ ਹੀ ਮਿਸਲ ਪ੍ਰਬੰਧ ਦੀ ਸਥਾਪਨਾ ਕੀਤੀ ਅਤੇ ਇਸ ਖਿੱਤੇ ਦੇ ਲੋਕਾਂ ਨੇ ਸੁੱਖ ਅਤੇ ਸ਼ਾਂਤੀ ਦਾ ਸਾਹ ਲਿਆ। ਸਿੱਖਾਂ ਨੇ ਸਮਾਜ ਵਿਚ ਰਾਖੀ ਪ੍ਰਬੰਧ ਸ਼ੁਰੂ ਕਰਕੇ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮਾਰਗ ਅਨੁਸਾਰ ਨਿਤਾਣਿਆਂ ਦਾ ਤਾਣ, ਨਿਮਾਣਿਆਂ ਦਾ ਮਾਣ ਬਣ ਕੇ ਜ਼ੁਲਮ ਦਾ ਖਾਤਮਾ ਕਰਨ ਦੀ ਪ੍ਰਤੀਬੱਧਤਾ ਦੁਹਰਾਈ। ਸ਼ਾਂਤੀ ਅਤੇ ਭਾਈਚਾਰਾ ਸਥਾਪਤ ਕਰਨ ਲਈ ਸਿੱਖਾਂ ਨੇ ਸਮਾਜਿਕ ਕਾਰਜਾਂ ਵਿਚ ਹਿੱਸੇਦਾਰੀ ਪਾਉਣ ਦੇ ਨਾਲ-ਨਾਲ ਜ਼ੁਲਮ ਦਾ ਵਿਰੋਧ ਕਰਕੇ ਧਾਰਮਿਕ ਅਤੇ ਸਮਾਜਿਕ ਜ਼ੁੰਮੇਵਾਰੀ ਨਿਭਾਈ। ਸਿੱਖ ਜਰਨੈਲਾਂ ਦੇ ਬਾਹਰੀ ਹਮਲਾਵਰਾਂ ਨਾਲ ਜੂਝਣ ਦੀਆਂ ਅਨੇਕਾਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਅਤੇ ਨਾਲ ਹੀ ਉਨ੍ਹਾਂ ਦਾ ਇਕ ਦੂਜੇ ਨਾਲ ਸੰਘਰਸ਼ ਵੀ ਲਗਾਤਾਰ ਜਾਰੀ ਰਿਹਾ ਪਰ ਅਜਿਹੀ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ ਜਿੱਥੇ ਉਨ੍ਹਾਂ ਨੇ ਆਮ ਲੋਕਾਂ ਨੂੰ ਤੰਗ ਜਾਂ ਪਰੇਸ਼ਾਨ ਕੀਤਾ ਹੋਵੇ। ਬਲਕਿ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ ਜਿੱਥੇ ਲੋਕ ਆਪ ਸਿੱਖ ਸਰਦਾਰਾਂ ਪ੍ਰਤੀ ਵਿਸ਼ਵਾਸ ਪ੍ਰਗਟਾਉਂਦੇ ਹੋਏ ਉਨ੍ਹਾਂ ਨੂੰ ਆਪਣੇ ਇਲਾਕੇ ਦੀ ਜ਼ੁੰਮੇਵਾਰੀ ਲੈਣ ਦੀ ਬੇਨਤੀ ਕਰਦੇ ਸਨ। ਸਿੱਖ ਸਰਦਾਰਾਂ ਦਾ ਉਦੇਸ਼ ਵੀ ਸਮਾਜ ਵਿਚ ਅਜਿਹੀਆਂ ਨੈਤਿਕ ਕਦਰਾਂ ਕੀਮਤਾਂ ਦੀ ਸਥਾਪਨਾ ਕਰਨਾ ਸੀ ਜਿਨ੍ਹਾਂ ਨਾਲ ਸਮਾਜ ਵਿਚ ਸਦਾਚਾਰ, ਪ੍ਰੇਮ ਅਤੇ ਭਾਈਚਾਰੇ ਵਾਲਾ ਮਾਹੌਲ ਕਾਇਮ ਹੋਵੇ। ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੀ ਵੰਗਾਰ ਇਸ ਮਾਰਗ ਤੇ ਸਿੱਖਾਂ ਲਈ ਪ੍ਰੇਰਨਾ ਸਰੋਤ ਬਣੀ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥[੮]

ਭਾਈਚਾਰੇ ਨੂੰ ਬਚਾਉਣ ਲਈ ਸੰਘਰਸ਼ ਕਰਨਾ ਜਿੰਨਾ ਜ਼ਰੂਰੀ ਹੈ ਉਨ੍ਹਾਂ ਹੀ ਜ਼ਰੂਰੀ ਹੈ ਕਿ ਸਮਾਜ ਵਿਚ ਰਹਿੰਦੇ ਹੋਏ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਰੱਖਣਾ ਤਾਂ ਕਿ ਸਮਾਜ ਈਰਖਾ ਅਤੇ ਦਵੈਸ਼ ਵਾਲੇ ਕੁੱੜਤਣ ਭਰੇ ਮਾਹੌਲ ਤੋਂ ਦੂਰ ਰਹੇ। ਮਨੁੱਖ ਨੂੰ ਅਜਿਹੇ ਮਾਹੌਲ ਤੋਂ ਦੂਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਜੀਵਨਜਾਚ ਆਰੰਭ ਕੀਤੀ। ਪਰ ਗੁਰੂ ਜੀ ਨੂੰ ਅਜਿਹਾ ਕਰਨ ਦੀ ਲੋੜ ਕਿਉਂ ਪਈ, ਇੱਥੇ ਅਜਿਹੇ ਕੁਝ ਕਾਰਣਾਂ ਦੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1. **ਜਾਤ ਪਾਤ ਦਾ ਬੋਲ ਬਾਲਾ :** ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿਚ ਦੋ ਪ੍ਰਮੁਖ ਫਿਰਕੇ ਵੇਖਣ ਨੂੰ ਮਿਲਦੇ ਹਨ ਹਿੰਦੂ ਅਤੇ ਮੁਸਲਮਾਨ। ਹਿੰਦੂ ਧਰਮ ਚਾਰ ਪ੍ਰਮੁਖ ਜਾਤਾਂ ਅਤੇ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਨ੍ਹਾਂ ਚਾਰੇ ਜਾਤਾਂ ਦੇ ਆਪੋ ਆਪਣੇ ਵਰਣ ਅਨੁਸਾਰ ਕਰਮ ਨਿਰਧਾਰਤ ਸਨ ਅਤੇ ਜੋ ਵਿਅਕਤੀ ਜਿਸ ਵਰਣ ਨਾਲ ਸੰਬੰਧ ਰੱਖਦਾ ਸੀ ਉਸਦੀ ਸੰਤਾਨ ਵੀ ਉਸੇ ਵਰਣ ਦੀ ਹੀ ਮੰਨੀ ਜਾਂਦੀ ਸੀ। ਇਸ ਤਰ੍ਹਾਂ ਇਕ ਵਰਣ ਦੇ ਲੋਕ ਦੂਜੇ ਵਰਣ ਵਿਚ ਪ੍ਰਵੇਸ਼ ਨਹੀਂ ਸਨ ਕਰ ਸਕਦੇ। ਮੁਸਲਮਾਨਾਂ ਵਿਚ ਵੀ ਦੋ ਪ੍ਰਮੁਖ ਵਰਗ ਵੇਖਣ ਨੂੰ ਮਿਲਦੇ ਸਨ ਅਸ਼ਰਫ਼ ਅਤੇ ਅਜ਼ਲਫ਼। ਅਸ਼ਰਫ਼ ਉੱਚ ਜਾਤੀ ਮੁਸਲਮਾਨ ਅਤੇ ਅਜ਼ਲਫ਼ ਨੀਵੀਂ ਜਾਤ ਦੇ ਮੁਸਲਮਾਨ ਕਹੇ ਜਾਂਦੇ ਸਨ। ਇਸ ਤਰ੍ਹਾਂ ਦੋਵੇਂ ਪ੍ਰਮੁਖ ਧਰਮ ਜਿੱਥੇ ਆਪਸ ਵਿਚ ਉਲਝੇ

ਹੋਏ ਸਨ ਉਥੇ ਉਨ੍ਹਾਂ ਦੀ ਆਪਣੇ ਧਰਮ ਵਿਚ ਵੀ, ਜਾਤ-ਪਾਤ ਅਤੇ ਊਚ-ਨੀਚ ਦੇ ਆਧਾਰ ਤੇ ਖਿਚੋਤਾਣ ਚਲ ਰਹੀ ਸੀ।

2. **ਪ੍ਰੋਹਿਤ ਸ਼੍ਰੇਣੀ ਦੀ ਪ੍ਰਧਾਨਤਾ :** ਭਾਰਤ ਦੀ ਧਰਤੀ ਦੇ ਦੋਵੇਂ ਪ੍ਰਮੁਖ ਧਰਮਾਂ ਵਿਚ ਪ੍ਰੋਹਿਤ ਸ਼੍ਰੇਣੀ ਦਾ ਬੋਲਬਾਲਾ ਸੀ। ਪ੍ਰੋਹਿਤ ਸ਼੍ਰੇਣੀ ਆਮ ਲੋਕਾਂ ਦੇ ਭੋਲੇਪਨ ਦਾ ਫਾਇਦਾ ਉਠਾ ਕੇ ਉਨ੍ਹਾਂ ਦੀ ਲੁੱਟ ਖਸੁੱਟ ਦਾ ਕੰਮ ਕਰਦੀ। ਹਿੰਦੂ ਧਰਮ ਦੀ ਪ੍ਰੋਹਿਤ ਸ਼੍ਰੇਣੀ ਪ੍ਰਤੀ ਭਗਤ ਕਬੀਰ ਜੀ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥[3]

ਇਸੇ ਤਰ੍ਹਾਂ ਮੁਸਲਮਾਨਾਂ ਦੀ ਪ੍ਰੋਹਿਤ ਸ਼੍ਰੇਣੀ ਤੇ ਟਿੱਪਣੀ ਕਰਦੇ ਹੋਏ ਬਾਬਾ ਫ਼ਰੀਦ ਜੀ ਦੱਸਦੇ ਹਨ:

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥[4]

ਉਕਤ ਦੋਵੇਂ ਭਗਤਾਂ ਨੇ ਸਮਾਜ ਦੇ ਦੋਵੇਂ ਪ੍ਰਮੁਖ ਧਰਮਾਂ ਦੀ ਪ੍ਰੋਹਿਤ ਸ਼੍ਰੇਣੀ ਤੇ ਵਿਅੰਗਮਈ ਢੰਗ ਨਾਲ ਤਿੱਖਾ ਪ੍ਰਤੀਕਰਮ ਕਰਦੇ ਹੋਏ ਕਿਹਾ ਕਿ ਇਹ ਸ਼੍ਰੇਣੀ ਸਮਾਜ ਵਿਚ ਆਪਣਾ ਸਵਾਰਥ ਪੂਰਾ ਕਰਨ ਲਈ ਬਾਹਰੀ ਦਿਖਾਵਾ ਤਾਂ ਪੂਰੀ ਤਰ੍ਹਾਂ ਕਰ ਰਹੀ ਹੈ ਪਰ ਧਾਰਮਿਕ ਕਦਰਾਂ ਕੀਮਤਾਂ ਤੋਂ ਪੂਰੀ ਤਰ੍ਹਾਂ ਸੱਖਣੀ ਹੈ, ਅਜਿਹੀ ਹਾਲਤ ਵਿਚ ਸਮਾਜ ਦੇ ਸਮੂਹ ਵਰਗਾਂ ਅਤੇ ਕੌਮਾਂ ਦੇ ਲੋਕ ਇਕਮੁੱਠ ਅਤੇ ਇਕਜੁੱਟ ਹੋ ਕੇ ਕਿਵੇਂ ਰਹਿ ਸਕਦੇ ਹਨ।

3. **ਇਸਤਰੀ ਦਾ ਸਥਾਨ :** ਭਾਰਤ ਦੇ ਪੁਰਾਤਨ ਧਰਮਾਂ ਵਿਚ ਇਸਤਰੀ ਦੀ ਹਾਲਤ ਤਰਸਯੋਗ ਸੀ। ਹਿੰਦੂ ਧਰਮ ਵਿਚ ਇਸਤਰੀ ਘਰ ਤੋਂ ਬਾਹਰ ਨਹੀਂ ਜਾ ਸਕਦੀ ਅਤੇ ਜੇਕਰ ਲੋੜ ਪੈਣ ਤੇ ਜਾਣਾ ਵੀ ਪੈ ਜਾਵੇ ਤਾਂ ਪਤੀ, ਪੁੱਤਰ ਅਤੇ ਪਿਤਾ ਵਿਚੋਂ ਕਿਸੇ ਇਕ ਦਾ ਸਾਥ ਜ਼ਰੂਰੀ ਸੀ। ਹਿੰਦੂ ਸਮਾਜ ਵਿਚ ਸਤੀ ਦੀ ਪ੍ਰਥਾ ਵੀ ਪ੍ਰਚਲਿਤ ਸੀ ਜਿਸ ਅਨੁਸਾਰ ਇਸਤਰੀਆਂ ਆਪਣੇ ਪਤੀ ਦੀ ਚਿਤਾ ਨਾਲ ਸੜ੍ਹ ਕੇ ਮਰ ਜਾਂਦੀਆਂ ਸਨ। ਹਿੰਦੂ ਧਰਮ ਦੀਆਂ ਕੁਰੀਤੀਆਂ ਦੇ ਵਿਰੋਧ ਵਿਚ ਜੈਨ ਅਤੇ ਬੁੱਧ ਧਰਮ ਹੋਂਦ ਵਿਚ ਆਏ ਜਿਨ੍ਹਾਂ ਨੇ ਇਸਤਰੀ ਨੂੰ ਸੰਘ ਵਿਚ ਤਾਂ ਸਥਾਨ ਦੇ ਦਿੱਤਾ ਪਰ ਮੁਕਤੀ ਦਾ ਹੱਕਦਾਰ ਨਹੀਂ ਸਮਝਿਆ। ਇਸਲਾਮ ਵਿਚ ਧਾਰਮਿਕ ਤੌਰ ਤੇ ਇਸਤਰੀ ਅਤੇ ਮਰਦ ਵਿਚ ਬਰਾਬਰ ਦਾ ਰਿਸ਼ਤਾ ਹੈ ਪਰ ਸਮਾਜਿਕ ਤੌਰ ਤੇ ਇਨ੍ਹਾਂ ਵਿਚ ਵੀ ਪਰਦੇ ਦੀ ਪ੍ਰਥਾ ਪ੍ਰਚਲਿਤ ਹੈ। ਸਮਾਜ ਦੇ ਅੱਧੇ ਹਿੱਸੇ ਨੂੰ ਬਰਾਬਰੀ ਦੀ ਭਾਵਨਾਂ ਤੋਂ ਪਰੇ ਰੱਖਣ ਨਾਲ ਵੀ ਭਾਈਚਾਰਕ ਤੰਦਾਂ ਦੀ ਮਜ਼ਬੂਤੀ ਨਹੀਂ ਹੋ ਸਕਦੀ।

4. **ਨਿਆਂ ਪ੍ਰਬੰਧ :** ਨਿਆਂ ਪ੍ਰਬੰਧ ਵਿਚ ਅਸੰਤੁਲਨ ਵੀ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਹੋਣ ਤੋਂ ਰੋਕਦਾ ਹੈ। ਰਾਜ ਵਿਚ ਕਿਸੇ ਇਕ ਧਾਰਮਿਕ ਫਿਰਕੇ ਦਾ ਬੋਲਬਾਲਾ ਹੋਣ ਨਾਲ ਦੂਜੇ ਫਿਰਕੇ ਨੂੰ ਬਰਾਬਰੀ ਦਾ ਸਥਾਨ ਨਹੀਂ ਦਿੱਤਾ ਜਾਂਦਾ ਰਿਹਾ। ਇਕ

ਉਲਾਰਵਾਦੀ ਧਾਰਮਿਕ ਫਿਰਕੇ ਹੱਥ ਆਇਆ ਰਾਜ ਪ੍ਰਬੰਧ ਧਾਰਮਿਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਪਾਸੇ ਕਰਕੇ ਤਾਨਾਸ਼ਾਹੀ ਤਰੀਕੇ ਨਾਲ ਰਾਜ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨਾਲ ਸਮਾਜ ਵਿਚ ਅਸਤੁੰਲਨ ਕਾਇਮ ਹੋ ਜਾਂਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥[6]

ਰਾਜਿਆਂ ਦੀ ਉਲਾਰੂ ਧਾਰਮਿਕ ਬਿਰਤੀ ਜਿੱਥੇ ਦੂਜੇ ਧਰਮਾਂ ਦੀਆਂ ਕਦਰਾਂ ਕੀਮਤਾਂ ਨੂੰ ਵਧਣ ਫੁੱਲਣ ਤੋਂ ਰੋਕਦੀ ਹੈ ਉਥੇ ਨਾਲ ਹੀ ਉਸਦੇ ਆਪਣੇ ਧਰਮ ਵਿਚ ਵੀ ਗਿਰਾਵਟ ਦਾ ਸਪਸ਼ਟ ਸੰਕੇਤ ਮਿਲਦਾ ਹੈ :

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥[6]

ਪੱਖਪਾਤੀ ਨਿਆਂ ਪ੍ਰਬੰਧ ਵੀ ਭਾਈਚਾਰਕ ਸਾਂਝ ਵਿਚ ਰੁਕਾਵਟ ਪੈਦਾ ਕਰਕੇ ਲੋਕਾਂ ਵਿਚ ਵੰਡੀਆਂ ਪਾਉਣ ਦਾ ਕੰਮ ਕਰਦਾ ਹੈ।

5. **ਧਾਰਮਿਕ ਅਸਹਿਨਸ਼ੀਲਤਾ** : ਭਾਰਤ ਦੇ ਦੋਵੇਂ ਪ੍ਰਮੁਖ ਧਰਮ ਧਾਰਮਿਕ ਤੌਰ ਤੇ ਇਕ ਦੂਜੇ ਨੂੰ ਚੰਗਾ ਨਹੀਂ ਸਨ ਸਮਝਦੇ। ਮੁਸਲਮਾਨ ਰਾਜ ਪ੍ਰਬੰਧ ਦਾ ਹਿੱਸਾ ਹੋਣ ਕਰਕੇ ਹਿੰਦੂ ਧਰਮ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਧਾਰਮਿਕ ਸਥਾਨਾਂ ਤੇ ਜਾਣ ਤੋਂ ਰੋਕਣ ਲਈ ਨਵੇਂ-ਨਵੇਂ ਤਰੀਕੇ ਲੱਭੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਦੇ ਦੇਵਤਿਆਂ ਅਤੇ ਮੰਦਰਾਂ ਉਤੇ ਟੈਕਸ ਲਾਉਣ ਦਾ ਰਿਵਾਜ ਸ਼ੁਰੂ ਕਰ ਦਿੱਤਾ ਸੀ :

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥[7]

ਹਿੰਦੂ ਸਮਾਜ ਵੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਇਸ ਹੱਦ ਤੱਕ ਝੁੱਕ ਗਿਆ ਕਿ ਉਨ੍ਹਾਂ ਨੇ ਮੁਸਲਮਾਨਾਂ ਦੀਆਂ ਰਸਮਾਂ ਅਤੇ ਰੀਤੀ ਰਿਵਾਜਾਂ ਨੂੰ ਧਾਰਨ ਕਰਨ ਦੇ ਨਾਲ-ਨਾਲ ਆਪਣੀ ਬੋਲੀ ਦਾ ਵੀ ਤਿਆਗ ਕਰਕੇ ਉਨ੍ਹਾਂ ਦੀ ਹੀ ਭਾਸ਼ਾ ਅਪਨਾ ਲਈ ਸੀ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥[8]

ਇਸ ਤਰ੍ਹਾਂ ਕਰਨ ਨਾਲ ਅਨੇਕਤਾ ਵਿਚ ਏਕਤਾ ਦਾ ਸਦਾਚਾਰੀ ਸੁਭਾਅ ਸਾਹਮਣੇ ਆਉਣ ਦੀ ਬਜਾਏ ਧੱਕੇਸ਼ਾਹੀ ਵਾਲੀ ਅਨੈਤਿਕ ਏਕਤਾ ਵਿਖਾਈ ਦੇਣ ਲੱਗੀ। ਗੁਰੂ ਨਾਨਕ ਦੇਵ ਜੀ ਜਿੱਥੇ ਮੁਸਲਮਾਨਾਂ ਨੂੰ ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨ ਲਈ ਕਹਿੰਦੇ ਹਨ ਉਥੇ ਨਾਲ ਹੀ ਹਿੰਦੂਆਂ ਦੀ ਦੋਹਰੀ ਜੀਵਨਜਾਚ ਤੇ ਟਿੱਪਣੀ ਕਰਦੇ ਹੋਏ ਦੱਸਦੇ ਹਨ :

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥[9]

ਇਸ ਤਰ੍ਹਾਂ ਦੀ ਦੋਹਰੀ ਜੀਵਨਜਾਚ ਨਾਲ ਸਮਾਜਿਕ ਤੌਰ ਤੇ ਤਾਂ ਕੁਝ ਸਮਾਂ ਜੀਵਨ ਬਿਤਾਇਆ ਜਾ ਸਕਦਾ ਹੈ ਪਰ ਜ਼ਿਆਦਾ ਲੰਮੇ ਸਮੇਂ ਤੱਕ ਇਸ ਨੂੰ ਅਪਣਾਇਆ ਨਹੀਂ ਜਾ ਸਕਦਾ। ਭਾਈਚਾਰਕ ਸਾਂਝ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਦੇ ਮਨ ਵਚਨ ਅਤੇ ਕਰਮ ਵਿਚ ਇਕਸੁਰਤਾ ਹੋਵੇ ਅਤੇ ਵਿਅਕਤੀ ਇਸੇ ਤਰ੍ਹਾਂ ਦੀ ਇਕਸੁਰਤਾ

ਪੈਦਾ ਕਰਨ ਲਈ ਸਮਾਜ ਵਿਚ ਯਤਨ ਕਰੇ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਅਸੰਤੁਲਨ ਦਾ ਇਕ ਵੱਡਾ ਕਾਰਣ ਗੁਣਾਂ ਦੀ ਘਾਟ ਨੂੰ ਮੰਨਿਆ। ਗੁਣਾਂ ਦੀ ਘਾਟ ਕਾਰਨ ਹੀ ਮਨੁੱਖ ਆਪੇ ਤੱਕ ਸਿਮਟ ਕੇ ਰਹਿ ਜਾਂਦਾ ਹੈ, ਉਸਨੂੰ ਕੇਵਲ ਆਪਣਾ ਸੁਆਰਥ ਹੀ ਨਜ਼ਰ ਆਉਂਦਾ ਹੈ ਅਤੇ ਆਪਣੇ ਸੁਆਰਥਾਂ ਦੀ ਪੂਰਤੀ ਹਿਤ ਉਹ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦਾ ਹੈ। ਇੱਥੋਂ ਤੱਕ ਕਿ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਵੀ ਪਾਸੇ ਛੱਡ ਕੇ ਕੇਵਲ ਆਪਣੇ ਸੁਆਰਥ ਦੀ ਪੂਰਤੀ ਤੱਕ ਸੀਮਿਤ ਹੋ ਜਾਂਦਾ ਹੈ। ਗੁਰੂ ਅਮਰਦਾਸ ਜੀ ਦੱਸਦੇ ਹਨ ਕਿ ਮਨੁੱਖ ਸਾਰੀ ਉਮਰ ਗੁਣਾਂ ਨੂੰ ਪਾਸੇ ਰੱਖ ਕੇ ਔਗੁਣਾਂ ਪਿੱਛੇ ਭੱਜਿਆ ਫਿਰਦਾ ਹੈ:

ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ॥[10]

ਔਗੁਣਾਂ ਪਿੱਛੇ ਭੱਜਣਾ ਅਤੇ ਔਗੁਣ ਭਰਪੂਰ ਕਰਮ ਮਨੁੱਖ ਵਿਚ ਪ੍ਰੇਮ ਅਤੇ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿਚ ਰੁਕਾਵਟ ਬਣਦੇ ਹਨ। ਸਭ ਤੋਂ ਵੱਡਾ ਔਗੁਣ ਹੰਕਾਰ ਨੂੰ ਮੰਨਿਆ ਗਿਆ ਹੈ ਜੋ ਕਿ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਦੇ ਨਾਲ-ਨਾਲ ਮਨੁੱਖ ਨੂੰ ਸਮਾਜ ਅਤੇ ਪਰਮਾਤਮਾ ਤੋਂ ਵੀ ਦੂਰ ਕਰ ਦਿੰਦਾ ਹੈ। ਹਉਮੈ ਦੀ ਭਾਵਨਾ ਨੂੰ ਸਮੂਹ ਬੁਰਾਈਆਂ ਦੀ ਜੜ੍ਹ ਮੰਨਿਆ ਗਿਆ ਹੈ। ਜਦੋਂ ਤੱਕ ਹਉਮੈ ਬਿਰਾਜਮਾਨ ਹੈ, ਮਨੁੱਖ ਦੇ ਮਨ ਵਿਚ ਦਵੈਤਭਾਵ ਬਣਿਆ ਰਹਿੰਦਾ ਹੈ। ਪ੍ਰੋਫ਼ੈਸਰ ਸ਼ੇਰ ਸਿੰਘ ਗਿਆਨੀ ਦੱਸਦੇ ਹਨ ਕਿ "ਏਕਤਾ ਦਾ ਅਹਿਸਾਸ ਉਨ੍ਹਾ ਚਿਰ ਨਹੀਂ ਹੁੰਦਾ ਜਿੰਨਾ ਚਿਰ ਹਉਮੈ ਦੇ ਅਸਰ ਵਿਚ ਜੀਵ ਵਿਚਰਦਾ ਹੈ।"[11] ਸਰਦੂਲ ਸਿੰਘ ਕਵੀਸ਼ਰ ਦੱਸਦਾ ਹੈ ਕਿ "ਆਪਣੇ ਆਪ ਨੂੰ ਸੰਸਾਰ ਵਿਆਪਕ ਹਸਤੀ ਤੋਂ ਵੱਖਰਾ ਜਾਣਨ ਨੂੰ ਹਉਮੈ ਕਿਹਾ ਗਿਆ ਹੈ।"[12] ਸਿੱਖ ਧਰਮ ਇਹ ਮੰਨਦਾ ਹੈ ਕਿ ਜਦੋਂ ਤੱਕ ਮਨੁੱਖ ਆਪਣੇ ਇਸ਼ਟ ਤੋਂ ਦੂਰ ਰਹਿੰਦਾ ਹੈ ਜਾਂ ਆਪਣੇ ਇਸ਼ਟ ਨੂੰ ਅਨੁਭਵ ਕਰਨ ਤੋਂ ਅਸਮਰੱਥ ਰਹਿੰਦਾ ਹੈ ਉਦੋਂ ਤੱਕ ਹਉਮੈ ਦੀਰਘ ਰੋਗ ਹੈ ਪਰ ਜਦੋਂ ਗੁਰੂ ਦੇ ਸ਼ਬਦ ਰਾਹੀਂ ਹਉਮੈ ਦਾ ਅਸਲ ਭਾਵ ਸਮਝ ਆ ਜਾਂਦਾ ਹੈ ਤਾਂ ਇਹ ਦਾਰੂ ਭੀ ਬਣ ਜਾਂਦਾ ਹੈ ਜਿਵੇਂ ਆਪ ਮੁਹਾਰਾ ਹੋਇਆ ਹਾਥੀ ਸੜਕ ਤੇ ਜਾ ਰਹੇ ਲੋਕਾਂ ਲਈ ਖਤਰਾ ਬਣ ਜਾਂਦਾ ਹੈ ਪਰ ਜਦੋਂ ਇਸ ਨੂੰ ਮਹਾਵਤ ਕਾਬੂ ਕਰ ਲੈਂਦਾ ਹੈ ਤਾਂ ਇਹ ਭਾਰੀ ਤੋਂ ਭਾਰੀ ਕੰਮ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਗੁਰ ਸ਼ਬਦ ਰਾਹੀਂ ਹਉਮੈ ਦੀ ਸੋਝੀ ਮਨੁੱਖ ਨੂੰ ਪਰਉਪਕਾਰੀ ਬਣਾ ਦਿੰਦੀ ਹੈ ਅਤੇ ਮਨੁੱਖ ਆਪਾ ਭਾਵ ਮਿਟਾ ਕੇ ਆਪਣੇ ਜੀਵਨ ਉਦੇਸ਼ਾਂ ਦੀ ਪ੍ਰਾਪਤੀ ਵਿਚ ਲੱਗ ਜਾਂਦਾ ਹੈ। ਮਨੁੱਖ ਨੂੰ ਕੇਵਲ ਇਕ ਪਰਮਾਤਮਾ ਦਾ ਪਸਾਰਾ ਹੀ ਚਾਰ ਚੁਫੇਰੇ ਦਿਖਾਈ ਦੇਣ ਲੱਗ ਪੈਂਦਾ ਹੈ ਅਤੇ ਮਨ ਵਿਚੋਂ ਦਵੈਤ ਭਾਵ ਬਿਲਕੁਲ ਮਿਟ ਜਾਂਦਾ ਹੈ। ਦਰਅਸਲ ਸੰਸਾਰ ਦੇ ਸਮੂਹ ਜੀਵਾਂ ਦੀ ਵੱਖਰਤਾ ਅੱਗ ਦੇ ਚੰਗਿਆੜਿਆਂ ਵਾਂਗ ਹੈ ਜੋ ਕਿ ਉਸ ਤੋਂ ਵੱਖ ਹੋ ਕੇ ਮੁੜ ਉਸ ਵਿਚ ਹੀ ਜਾ ਸਮਾਉਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤੱਥ ਨੂੰ ਇਸ ਪ੍ਰਕਾਰ ਸਮਝਾਇਆ ਹੈ:

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,

ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ।[13]

ਪਰਮਾਮਤਾ ਨੂੰ ਪਿਤਾ ਮੰਨ ਕੇ ਹੀ ਸਮਾਜ ਵਿਚ ਭਾਈਚਾਰੇ ਦੀ ਭਾਵਨਾ ਉਤਪੰਨ ਹੋ ਸਕਦੀ ਹੈ। ਗੁਰੂ ਸਾਹਿਬਾਨ ਨੇ ਸਮੂਹ ਸਿੱਖ ਸੰਗਤ ਨੂੰ ਇਸੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਉਤਪਤੀ ਕਰਕੇ ਇਸਨੂੰ ਸਿੱਧਾ ਅਕਾਲ ਪੁਰਖ ਦੇ ਅਧੀਨ ਕਰਦੇ ਹੋਏ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਬੁਲਾਉਣ ਦਾ ਆਦੇਸ਼ ਦਿੰਦੇ ਹੋਏ ਖਾਲਸਾਈ ਸਿਧਾਂਤਾਂ ਪ੍ਰਤੀ ਹਮੇਸ਼ਾਂ ਯਤਨਸ਼ੀਲ ਰਹਿਣ ਦੀ ਪ੍ਰੇਰਣਾ ਕੀਤੀ। ਭਾਈਚਾਰਕ ਸਾਂਝ ਦੇ ਉਦੇਸ਼ਾਂ ਦਾ ਜ਼ਿਕਰ ਕਰਦੇ ਹੋਏ ਡਾ. ਅਵਤਾਰ ਸਿੰਘ ਨੇ ਇਸਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ ਜੋ ਕਿ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਅਮਲੀ ਪੱਖ ਨੂੰ ਉਜਾਗਰ ਕਰਦੇ ਹਨ।

1. ਨਕਾਰਾਤਮਕ ਪੱਖ 2. ਸਕਾਰਾਤਮਕ ਪੱਖ

1. **ਨਕਾਰਾਤਮਕ ਪੱਖ** : ਇਸ ਵਿਚ ਉਨ੍ਹਾਂ ਦੋ ਸਿਧਾਂਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਤੋਂ ਮਨੁੱਖ ਨੇ ਆਪਣੇ ਮਨ ਨੂੰ ਮੋੜਨਾ ਹੈ (i) ਨਿੰਦਾ ਤਿਆਗ (ii) ਵੈਰ ਵਿਰੋਧ ਦੀ ਭਾਵਨਾ ਦਾ ਤਿਆਗ।

(i) ਨਿੰਦਾ ਤਿਆਗ : ਨਿੰਦਾ ਮਨ ਵਿਚ ਈਰਖਾ ਪੈਦਾ ਕਰਨ ਅਤੇ ਸਮਾਜਿਕ ਵੈਰ ਵਿਰੋਧ ਨੂੰ ਵਧਾਉਣ ਦਾ ਕੰਮ ਕਰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਬਹੁਤੇ ਮਨੁੱਖ ਨਿੰਦਾ ਵਿਚ ਸੜ ਰਹੇ ਹਨ, ਨਿੰਦਾ ਕਰਨ ਵਾਲੇ ਮਨੁੱਖ ਆਤਮਿਕ ਤੌਰ ਤੇ ਵਿਕਾਸ ਨਹੀਂ ਕਰ ਸਕਦੇ ਅਤੇ ਉਹ ਹਮੇਸ਼ਾਂ ਬੰਧਨ ਵਿਚ ਰਹਿੰਦੇ ਹਨ :

ਨਿੰਦਾ ਕਰਿ ਕਰਿ ਪਚਹਿ ਘਨੇਰੇ॥
ਮਿਰਤਕ ਫਾਸ ਗਲੈ ਸਿਰਿ ਪੈਰੇ॥[14]

ਭਾਈ ਨੰਦ ਲਾਲ ਜੀ ਤਨਖਾਹਨਾਮੇ ਵਿਚ ਦੱਸਦੇ ਹਨ ਕਿ ਜੋ ਮਨੁੱਖ ਨਿੰਦਾ ਵਿਚ ਲੱਗਾ ਰਹਿੰਦਾ ਹੈ ਅਤੇ ਜੂਏ ਵਿਚ ਧਨ ਮਾਲ ਹਾਰਦਾ ਹੈ ਉਹ ਕਾਲ ਦੇ ਚੱਕਰ ਵਿਚ ਫਸ ਕੇ ਦੁੱਖ ਉਠਾਉਂਦਾ ਹੈ।

ਨਿੰਦਾ ਨੂੰ ਸਿੱਖ ਧਰਮ ਵਿਚ ਆਤਮਿਕ ਗਿਰਾਵਟ ਦੀ ਨਿਸ਼ਾਨੀ ਸਮਝਿਆ ਗਿਆ ਹੈ। ਇਹ ਕਿਸੇ ਇਕ ਮਨੁੱਖ ਨੂੰ ਹੀ ਕੁਰਾਹੇ ਨਹੀਂ ਪਾਉਂਦੀ ਬਲਕਿ ਸਮੁੱਚੇ ਸਮਾਜਿਕ ਆਲੇ-ਦੁਆਲੇ ਨੂੰ ਵੀ ਪ੍ਰਭਾਵਿਤ ਕਰਦੀ ਹੈ। ਨਿੰਦਾ ਕਰਨ ਵਾਲਾ ਮਨੁੱਖ ਈਰਖਾ ਅਤੇ ਦਵੈਸ਼ ਦਾ ਸ਼ਿਕਾਰ ਹੁੰਦਾ ਹੈ ਜਿਸ ਨਾਲ ਸਮਾਜਿਕ ਭਾਈਚਾਰੇ ਵਿਚ ਵੈਰ-ਵਿਰੋਧ ਵਧਣ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਵਿਚ ਵੀ ਗਿਰਾਵਟ ਆਉਣ ਲੱਗਦੀ ਹੈ। ਨਿੰਦਕ ਵਿਅਕਤੀ ਸਮਾਜ ਵਿਚ ਸ਼ੱਕ, ਅਨੈਤਿਕਤਾ, ਅਤੇ ਬੇਗਾਨਗੀ ਦੀ ਭਾਵਨਾ ਪੈਦਾ ਕਰ ਦਿੰਦਾ ਹੈ ਜਿਸ ਨਾਲ ਸਮਾਜ ਵਿਚੋਂ ਵਿਸ਼ਵਾਸ ਦੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਮਾਨਵਤਾ ਦੀ ਏਕਤਾ ਨੂੰ ਖਤਰਾ ਪੈਦਾ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਦੀ ਬੁਨਿਆਦ ਸੱਚਾਈ ਤੇ ਰੱਖੀ ਅਤੇ ਮਨੁੱਖ ਨੂੰ ਸਚਿਆਰਾ ਬਣਨ ਦਾ ਆਦੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਿਤ ਸਮਾਜ 'ਸਰਮ' ਅਤੇ 'ਧਰਮ' ਦੀਆਂ ਕੀਮਤਾਂ ਦੀ ਬਹਾਲੀ ਵੱਲ ਚੁੱਕਿਆ ਗਿਆ ਇਕ ਕਦਮ ਸੀ ਜਿਨ੍ਹਾਂ ਦੀ ਅਣਹੋਂਦ ਵਿਚ ਗੁਰੂ ਜੀ ਕੂੜ ਅਤੇ ਝੂਠ ਦਾ ਬੋਲਬਾਲਾ ਵੇਖ ਰਹੇ ਸਨ। ਹਿੰਦੂ ਧਰਮ ਦੇ ਲੋਕ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਨਿੰਦਦੇ ਸਨ ਅਤੇ ਮੁਸਲਮਾਨ ਹਿੰਦੂਆਂ ਦੀ ਨਿੰਦਾ ਕਰਨ ਲਈ 'ਕਾਫ਼ਰ' ਸ਼ਬਦ ਦਾ ਇਸਤੇਮਾਲ ਕਰਦੇ ਸਨ। ਸਿੱਖ ਸਮਾਜ ਵਿਚ ਇਨ੍ਹਾਂ ਦੋਵਾਂ ਸ਼ਬਦਾਂ ਲਈ ਹੀ ਕੋਈ ਸਥਾਨ ਨਹੀਂ ਕਿਉਂਕਿ ਇਹ ਦੋਵੇਂ ਸ਼ਬਦ ਸਮਾਜ ਵਿਚ ਨਫਰਤ ਅਤੇ ਭੇਦਭਾਵ ਫੈਲਾਉਣ ਦਾ ਕੰਮ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਨਫਰਤ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਜਿਹੜਾ ਮਾਰਗ ਦੱਸਿਆ ਉਹ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਮਾਰਗ ਸੀ। ਦੋਵੇਂ ਧਰਮਾਂ ਦੇ ਲੋਕ ਇਸ ਮਾਰਗ ਤੇ ਇਕੱਠੇ ਮਿਲ ਕੇ ਚੱਲਣ ਲਈ ਤਿਆਰ ਹੋਏ। ਗੁਰੂ ਅਰਜਨ ਦੇਵ ਜੀ ਨੇ ਨਿੰਦਾ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਸਮੂਹ ਜਾਤਾਂ, ਕੌਮਾਂ, ਭੂਗੋਲਿਕ ਖਿੱਤਿਆਂ ਦੇ ਮਹਾਂਪੁਰਸ਼ਾਂ ਨੂੰ ਆਪਣੇ ਗ੍ਰੰਥ ਵਿਚ ਸਥਾਨ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਢ ਬੰਨਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਥਾਪਨਾ ਕਰਕੇ ਸਮਾਜ ਵਿਚ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਾਲੀ ਇਕ ਫ਼ੌਜ ਤਿਆਰ ਕੀਤੀ ਜਿਸ ਨੂੰ ਖਾਲਸਾ ਕਿਹਾ ਗਿਆ। ਖਾਲਸੇ ਦੀ ਸਾਜਨਾ ਸਮੂਹ ਵਿਤਕਰਿਆਂ ਅਤੇ ਭੇਦਭਾਵਾਂ ਨੂੰ ਖਤਮ ਕਰਨ ਲਈ ਚੁੱਕਿਆ ਗਿਆ ਇਕ ਕਦਮ ਸੀ। ਭਾਈ ਨੰਦ ਲਾਲ ਖਾਲਸੇ ਦੀ ਰਹਿਤ ਵਿਚ ਨਿੰਦਾ ਤਿਆਗ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:

ਖਾਲਸਾ ਸੋਇ ਜੋ ਨਿੰਦਾ ਤਿਆਗੇ।[15]

ਇਸ ਤਰ੍ਹਾਂ ਨਿੰਦਾ ਤਿਆਗ ਨਾਲ ਹੀ ਮਨੁੱਖ ਦੇ ਅਧਿਆਤਮਿਕ ਵਿਕਾਸ ਦਾ ਮਾਰਗ ਖੁੱਲ੍ਹਦਾ ਹੈ ਅਤੇ ਮਨੁੱਖ ਦੇ ਮਨ ਵਿਚ, ਦਵੈਤ ਭਾਵ ਖਤਮ ਹੋ ਕੇ, ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

(ii) ਵੈਰ ਵਿਰੋਧ ਦੀ ਭਾਵਨਾ ਦਾ ਤਿਆਗ : ਵੈਰ ਵਿਰੋਧ ਈਰਖਾ ਦੀ ਭਾਵਨਾ ਵਿਚੋਂ ਉਤਪੰਨ ਹੁੰਦਾ ਹੈ। ਈਰਖਾ ਵਾਲਾ ਮਨੁੱਖ ਨਾ ਤਾਂ ਆਪਣਾ ਕੁਝ ਸੁਆਰ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਦੇ ਕੰਮ ਆ ਸਕਦਾ ਹੈ। ਈਰਖਾ ਨਾਲ ਭਰਿਆ ਮਨੁੱਖ ਹੀਰੇ ਵਰਗਾ ਜਨਮ ਅਜਾਈਂ ਗੁਆ ਰਿਹਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਦੁਨਿਆਵੀ ਰਸ, ਝਗੜੇ, ਸਾੜੇ ਅਤੇ ਮਾਇਆ ਦਾ ਹੰਕਾਰ ਮਨੁੱਖ ਦੇ ਅਧਿਆਤਮਿਕ ਪਤਨ ਦੀ ਨਿਸ਼ਾਨੀ ਹੈ:

ਸੁਆਦ ਬਾਦ ਈਰਖ ਮਦ ਮਾਇਆ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥[16]

ਮਨੁੱਖੀ ਜੀਵਨ ਦੇ ਪੰਜ ਵੱਡੇ ਵਿਕਾਰ ਮੰਨੇ ਗਏ ਹਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਪੰਜੇ ਵਿਕਾਰ ਮਨੁੱਖ ਦੇ ਮਨ ਵਿਚ ਅਸ਼ਾਂਤੀ ਪੈਦਾ ਕਰਦੇ ਹਨ ਅਤੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਕੇ ਵੈਰ-ਵਿਰੋਧ ਦੀ ਭਾਵਨਾ ਉਤਪੰਨ ਕਰਦੇ ਹਨ। ਸਿੱਖੀ ਜੀਵਨ

ਦਾ ਉਦੇਸ਼ ਪਰਮ ਅਨੰਦ ਦੀ ਪ੍ਰਾਪਤੀ ਮੰਨਿਆ ਗਿਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ ਜਪੁਜੀ ਅਨੁਸਾਰ ਸੱਚ ਖੰਡ ਦੀ ਅਵਸਥਾ ਵਿਚ ਪ੍ਰਾਪਤ ਹੁੰਦਾ ਹੈ। ਪਰਮ ਅਨੰਦ ਦੀ ਅਵਸਥਾ ਵਿਚ ਮਨੁੱਖ ਦਾ ਮਨ ਦੁਨਿਆਵੀ ਵਿਸ਼ੇ ਵਿਕਾਰਾਂ ਤੋਂ ਦੂਰ ਪਰਮਾਤਮਾ ਨਾਲ ਜੁੜਿਆ ਹੁੰਦਾ ਹੈ। ਪਰਮ ਅਨੰਦ ਦੀ ਅਵਸਥਾ ਪਰਮ ਸ਼ਾਂਤੀ ਦੀ ਵੀ ਅਵਸਥਾ ਹੈ ਜਦੋਂ ਮਨ ਵਿਚ ਕੋਈ ਦੁਨਿਆਵੀ ਫੁਰਨਾ ਬਾਕੀ ਨਹੀਂ ਰਹਿੰਦਾ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਦੁਨੀਆ ਦੇ ਸਮੂਹ ਗਿਆਨਵਾਦ ਪੁਰਸ਼ ਇਸ ਗੱਲ ਤੇ ਸਹਿਮਤ ਹਨ ਕਿ ਵੈਰ ਵਿਰੋਧ ਉਤਪੰਨ ਕਰਨ ਵਾਲੇ ਵਿਕਾਰਾਂ ਤੋਂ ਉੱਪਰ ਉੱਠ ਕੇ ਹੀ ਮਨੁੱਖ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ:

ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ।।
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ।।[17]

ਵੈਰ-ਵਿਰੋਧ ਦੀ ਭਾਵਨਾ ਕਿਵੇਂ ਦੂਰ ਹੋ ਸਕਦੀ ਹੈ? ਇਸ ਦਾ ਜੁਆਬ ਦਿੰਦੇ ਹੋਏ ਬਾਬਾ ਫ਼ਰੀਦ ਜੀ ਦੱਸਦੇ ਹਨ ਕਿ ਕਿਸੇ ਨਾਲ ਵੈਰ ਕਮਾਉਣ ਤੋਂ ਪਹਿਲਾਂ ਆਪਣੀ ਬੁੱਕਲ ਵਿਚ ਨਜ਼ਰ ਮਾਰ ਕੇ ਵੇਖ ਕਿ ਕਿਤੇ ਉਹ ਔਗੁਣ ਤੇਰੇ ਅੰਦਰ ਮੌਜੂਦ ਤਾਂ ਨਹੀਂ ਜਿਨ੍ਹਾਂ ਕਰਕੇ ਤੂੰ ਦੂਜਿਆਂ ਨਾਲ ਵੈਰ ਕਮਾ ਰਿਹਾ ਹੈ। ਇਕ ਵੇਸਵਾ ਨੂੰ ਪੱਥਰ ਮਾਰ ਰਹੇ ਲੋਕਾਂ ਨੂੰ ਈਸਾ ਮਸੀਹ ਨੇ ਕਿਹਾ ਕਿ ਇਸ ਨੂੰ ਉਹ ਵਿਅਕਤੀ ਪੱਥਰ ਮਾਰੇ ਜਿਸ ਨੇ ਆਪ ਕਦੀ ਪਾਪ ਨਾ ਕੀਤਾ ਹੋਵੇ। ਦੂਜਿਆਂ ਨੂੰ ਦੁੱਖ ਪਹੁੰਚਾਉਣ ਦੀ ਇੱਛਾ ਨਾਲ ਵਧਾਏ ਜਾ ਰਹੇ ਵੈਰ-ਵਿਰੋਧ ਦਾ ਖਾਤਮਾ ਤਾਂ ਹੀ ਸੰਭਵ ਹੈ ਜੇਕਰ ਬਾਬਾ ਫ਼ਰੀਦ ਜੀ ਦੇ ਇਸ ਗੁਣ ਭਰਪੂਰ ਵਚਨ ਨੂੰ ਮਨ ਵਿਚ ਪੂਰੀ ਤਰ੍ਹਾਂ ਵਸਾਇਆ ਜਾ ਸਕੇ:

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ।।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।।[18]

ਇਸ ਤਰ੍ਹਾਂ ਮਨੁੱਖ ਵੈਰ-ਵਿਰੋਧ ਦੀ ਭਾਵਨਾ ਨੂੰ ਖਤਮ ਕਰਕੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰਨ ਦੇ ਨਾਲ-ਨਾਲ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਉਤਪੰਨ ਕਰ ਸਕਦਾ ਹੈ।

ਸਕਾਰਾਤਮਕ ਪੱਖ : ਇਸ ਵਰਗ ਵਿਚ ਉਹ ਸਿਧਾਂਤ ਆ ਜਾਂਦੇ ਹਨ ਜੋ ਕਿ ਮਨੁੱਖੀ ਭਾਈਚਾਰੇ ਨੂੰ ਇਕਮੁੱਠ ਰੱਖਣ ਵਿਚ ਸਹਾਇਤਾ ਕਰਨ ਦੇ ਨਾਲ-ਨਾਲ ਮਨੁੱਖੀ ਭਲਾਈ ਤੇ ਕੇਂਦਰਤ ਹਨ।

ਇੱਥੇ ਦੋ ਪ੍ਰਮੁਖ ਸਿਧਾਂਤਾਂ ਦਾ ਵਰਨਣ ਕੀਤਾ ਜਾ ਰਿਹਾ ਹੈ –

(i) ਪਰਉਪਕਾਰ (ii) ਸੇਵਾ

(i) ਪਰਉਪਕਾਰ : ਪਰਉਪਕਾਰ ਸਿੱਖੀ ਦਾ ਉਦੇਸ਼ ਹੈ। ਇਸ ਰਾਹੀਂ ਮਨੁੱਖੀ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਤਾਂ ਕਿ ਸਮਾਜ ਵਿਚੋਂ ਊਚ-ਨੀਚ ਅਤੇ ਭੇਦਭਾਵ ਨੂੰ ਦੂਰ ਕੀਤਾ ਜਾਵੇ।

ਸਿੱਖ ਧਰਮ ਇਹ ਮੰਨਦਾ ਹੈ ਕਿ ਸਮੂਹ ਜੀਵਾਂ ਦਾ ਕਰਤਾ ਕੇਵਲ ਇਕ ਪਰਮਾਤਮਾ ਹੈ ਅਤੇ ਉਸਨੇ ਸਮੂਹ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਜੀਵਨ ਸ਼ਕਤੀ ਪ੍ਰਦਾਨ ਕੀਤੀ ਹੈ। ਜਦੋਂ ਪਰਮਾਤਮਾ ਦੁਆਰਾ ਬਖਸ਼ੀ ਹੋਈ ਜੀਵਨ ਸ਼ਕਤੀ ਵਿਚ ਵਿਘਨ

ਪੈਂਦਾ ਹੈ ਤਾਂ ਜੀਵ ਨੂੰ ਦੁੱਖ ਪਹੁੰਚਦਾ ਹੈ। ਸਮੁੱਚੀ ਸ੍ਰਿਸ਼ਟੀ ਦੇ ਸਮੂਹ ਜੀਵ ਜੀਵਨ ਸ਼ਕਤੀ ਵਿਚ ਪੈਣ ਵਾਲੇ ਵਿਘਨ ਤੋਂ ਮੁਕਤ ਰਹਿਣ, ਇਸ ਲਈ ਉਨ੍ਹਾਂ ਦਾ ਭਲਾ ਮੰਗਿਆ ਜਾਂਦਾ ਹੈ। ਪਰਮਾਤਮਾ ਸਮੂਹ ਜੀਵਾਂ ਦਾ ਕਰਤਾ ਹੋਣ ਕਰਕੇ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਹੈ ਇਸ ਕਰਕੇ ਸਮੂਹ ਜੀਵਾਂ ਦਾ ਭਲਾ ਉਸ ਤੋਂ ਮੰਗਿਆ ਜਾਂਦਾ ਹੈ :

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ॥
ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥[19]

ਸਮੁੱਚੀ ਸ੍ਰਿਸ਼ਟੀ ਦੇ ਜੀਵਾਂ ਵਿਚੋਂ ਮਨੁੱਖ ਸਭ ਤੋਂ ਵਧੇਰੇ ਬੁੱਧੀਮਾਨ ਹੈ ਅਤੇ ਇਸੇ ਕਰਕੇ ਸੁਆਰਥੀ ਵੀ ਸਭ ਤੋਂ ਜ਼ਿਆਦਾ ਉਸੇ ਨੂੰ ਮੰਨਿਆ ਜਾਂਦਾ ਹੈ। ਮਨੁੱਖ ਸ੍ਰਿਸ਼ਟੀ ਦੇ ਸਮੂਹ ਸਬਲ ਅਤੇ ਦੁਰਬਲ ਜੀਵਾਂ ਤੇ ਆਪਣਾ ਅਧਿਕਾਰ ਰੱਖਦਾ ਹੈ। ਇਸੇ ਬਿਰਤੀ ਕਾਰਨ ਇਕ ਮਨੁੱਖ ਦੂਜੇ ਮਨੁੱਖਾਂ ਤੇ ਵੀ ਅਧਿਕਾਰ ਕਰਨਾ ਚਾਹੁੰਦਾ ਹੈ ਜਿਸ ਨਾਲ ਭੇਦਭਾਵ, ਵਿਤਕਰੇ ਅਤੇ ਦਮਨ ਵਾਲੀਆਂ ਬਿਰਤੀਆਂ ਦਾ ਜਨਮ ਹੁੰਦਾ ਹੈ। ਇਕ ਮਨੁੱਖ ਦੂਜੇ ਮਨੁੱਖ ਨੂੰ ਪਿਛਾਂਹ ਕਰਕੇ ਆਪ ਅੱਗੇ ਨਿਕਲਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ ਜਿਸ ਕਾਰਨ ਇਕ ਮਨੁੱਖ ਦੂਜੇ ਮਨੁੱਖ ਨਾਲ, ਇਕ ਕੌਮ ਦੂਜੀ ਕੌਮ ਨਾਲ, ਇਕ ਖਿੱਤੇ ਦੇ ਲੋਕ ਦੂਜੇ ਖਿੱਤੇ ਦੇ ਲੋਕਾਂ ਨਾਲ ਟਕਰਾਉ ਦੀ ਸਥਿਤੀ ਵਿਚ ਵੇਖੇ ਜਾ ਸਕਦੇ ਹਨ। ਮਨੁੱਖ ਅਜਿਹੇ ਤਣਾਉਪੂਰਨ ਮਾਹੌਲ ਤੋਂ ਦੂਰ ਰਹਿਣ ਅਤੇ ਸ਼ਾਂਤੀ ਅਤੇ ਭਲਾਈ ਦੇ ਕਾਰਜ ਕਰਨ, ਇਸ ਕਰਕੇ ਸਮੂਹ ਮਨੁੱਖਾਂ ਨੂੰ ਭਲਾਈ ਬੁਰਾਈ ਦੀ ਸਮਝ ਪੈਦਾ ਕਰਨ ਲਈ ਪ੍ਰਦਾਨ ਕੀਤੀ ਬੁੱਧੀ ਨੂੰ ਸਹੀ ਦਿਸ਼ਾ ਵੱਲ ਲਾਉਣਾ ਚਾਹੀਦਾ ਹੈ। ਅਜਿਹਾ ਕਰਨ ਲਈ ਹੀ ਪਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਸਮੂਹ ਜੀਵਾਂ ਨੂੰ ਸੁਮੱਤ ਬਖਸ਼ੇ ਅਤੇ ਉਹ ਮਾਨਵਤਾ ਅਤੇ ਮਨੁੱਖੀ ਭਲਾਈ ਦੇ ਮਾਰਗ ਤੇ ਚੱਲਣ। ਸਿੱਖ ਧਰਮ ਸੰਗਤ ਪ੍ਰਧਾਨ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕਰਦਾ ਹੈ। ਸੰਗਤ ਦਾ ਜੋ ਰੂਪ ਗੁਰੂ ਸਾਹਿਬਾਨ ਨੇ ਸਿਰਜਿਆ ਉਹ ਗੁਣਮੁਖੀ ਸੰਗਤ ਵੱਲ ਸੰਕੇਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੰਗਤ ਕਰਨ ਦਾ ਅਸਲ ਲਾਭ ਉਸ ਮਨੁੱਖ ਨੂੰ ਹੈ ਜੋ ਈਰਖਾ, ਦਵੈਸ਼ ਨੂੰ ਭੁੱਲ ਕੇ ਗੁਣਾਂ ਤੇ ਧਿਆਨ ਕੇਂਦਰਿਤ ਕਰਦਾ ਹੈ :

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥[20]

ਔਗੁਣਾਂ ਤੋਂ ਭਾਵ ਉਨ੍ਹਾਂ ਦੁਰ ਭਾਵਨਾਵਾਂ ਤੋਂ ਹੈ ਜੋ ਲੋਕ ਭਲਾਈ ਅਤੇ ਪਰਉਪਕਾਰ ਦੇ ਮਾਰਗ ਵਿਚ ਰੁਕਾਵਟਾਂ ਖੜੀਆਂ ਕਰਕੇ ਮਨੁੱਖ ਨੂੰ ਮਨੁੱਖ ਨਾਲ ਲੜਾਉਣ ਦਾ ਕੰਮ ਕਰਨ ਦੇ ਨਾਲ-ਨਾਲ ਪਰਮਾਤਮਾ ਤੋਂ ਦੂਰ ਕਰਦੀਆਂ ਹਨ। ਪਰ ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੁਰ ਭਾਵਨਾਵਾਂ ਨੂੰ ਖਤਮ ਕਿਵੇਂ ਕੀਤਾ ਜਾਵੇ? ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਇਨ੍ਹਾਂ ਦੁਰ ਭਾਵਨਾਵਾਂ ਦਾ ਕਾਰਨ ਦੱਸਦੇ ਹੋਏ ਕਹਿੰਦੇ ਹਨ ਕਿ ਅਗਿਆਨਤਾ ਮਨੁੱਖ ਅੰਦਰ ਦੁਰ ਭਾਵਨਾਵਾਂ ਉਤਪੰਨ ਕਰਨ ਲਈ ਜ਼ੁੰਮੇਵਾਰ ਹੈ ਅਤੇ ਜੋ ਅਗਿਆਨੀ ਹੈ ਉਹੀ ਬੁੱਧੀਹੀਨ ਹੈ "ਅਗਿਆਨੀ ਮਤਿਹੀਣੁ ਹੈ।" ਇਸਦੇ ਨਾਲ ਹੀ ਗੁਰੂ ਸਾਹਿਬਾਨ ਇਹ ਵੀ ਦੱਸਦੇ ਹਨ ਕਿ ਇਹ ਅਗਿਆਨਤਾ ਪੈਦਾ ਕਿਵੇਂ ਹੁੰਦੀ ਹੈ? ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਹੰਕਾਰ ਕਾਰਨ ਮਨੁੱਖ ਵਿਚ

ਅਗਿਆਨਤਾ ਪੈਦਾ ਹੁੰਦੀ ਹੈ।[21] ਇੱਥੇ ਸਪਸ਼ਟ ਹੈ ਕਿ ਹਉਮੈ ਕਾਰਨ ਮਨੁੱਖ ਵਿਚ ਅਗਿਆਨਤਾ ਪੈਦਾ ਹੁੰਦੀ ਹੈ। ਇੱਥੇ ਦੇਖਣ ਵਾਲੀ ਗੱਲ ਇਹ ਹੈ ਕਿ ਹਉਮੈ ਤੇ ਕਾਬੂ ਕਿਵੇਂ ਪਾਇਆ ਜਾਵੇ ਕਿਉਂਕਿ ਗੁਰਮਤਿ ਮਾਰਗ ਅਨੁਸਾਰ ਵਿਕਾਰ ਰੂਪੀ ਔਗੁਣ ਸ੍ਰਿਸ਼ਟੀ ਦਾ ਅੰਗ ਹਨ ਅਤੇ ਹਉਮੈ ਰਾਹੀਂ ਹੀ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।[22] ਗੁਰਬਾਣੀ ਦੱਸਦੀ ਹੈ ਕਿ ਇਨ੍ਹਾਂ ਵਿਕਾਰਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਪਰੰਤੂ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਕਹਿਣ ਦਾ ਭਾਵ ਇਨ੍ਹਾਂ ਔਗੁਣ ਰੂਪੀ ਵਿਕਾਰਾਂ ਦੀ ਸਹੀ ਦਿਸ਼ਾ ਨਿਰਧਾਰਤ ਕਰਕੇ ਇਨ੍ਹਾਂ ਨੂੰ ਗੁਣਾਂ ਵਿਚ ਬਦਲਿਆ ਜਾ ਸਕਦਾ ਹੈ। ਹੰਕਾਰ ਨੂੰ ਅਣਖ ਅਤੇ ਸਵੈਮਾਨ ਦੇ ਮਾਰਗ ਤੇ ਲਾ ਕੇ ਇਸਦੀ ਸਹੀ ਦਿਸ਼ਾ ਨਿਰਧਾਰਤ ਕੀਤੀ ਜਾ ਸਕਦੀ ਹੈ। ਅਣਖ ਅਤੇ ਸਵੈਮਾਨ ਦੀ ਪ੍ਰਾਪਤੀ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਹੋ ਸਕਦੀ ਹੈ।[23] ਸਵੈਮਾਨ ਦੀ ਭਾਵਨਾ ਮਨੁੱਖ ਵਿਚੋਂ ਨਿਜੀ ਸੁਆਰਥ ਦੀ ਭਾਵਨਾ ਨੂੰ ਖਤਮ ਕਰਕੇ ਉਸਨੂੰ ਪਰਉਪਕਾਰ ਦੇ ਮਾਰਗ ਤੇ ਲੈ ਜਾਂਦੀ ਹੈ। ਪਰਉਪਕਾਰ ਦੇ ਇਸੇ ਆਦਰਸ਼ ਦੀ ਪੂਰਤੀ ਨੂੰ ਖਾਲਸੇ ਰਾਹੀਂ ਸੰਪੂਰਨ ਹੋਇਆ ਮੰਨਦੇ ਹੋਏ ਨੰਦ ਲਾਲ ਜੀ ਆਪਣੇ ਤਨਖਾਹਨਾਮੇ ਵਿਚ ਦੱਸਦੇ ਹਨ :

ਖਾਲਸਾ ਸੋਇ ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸ਼ਟ ਕੋ ਗਾਲੈ।[24]

ਸਿੱਖ ਧਰਮ ਵਿਚ ਗੁਰੂ ਨੂੰ ਹੀ ਗਿਆਨ ਦਾ ਪ੍ਰਮੁਖ ਸਰੋਤ ਮੰਨਿਆ ਗਿਆ ਹੈ ਜੋ ਕਿ ਮਨੁੱਖ ਅੰਦਰ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨਤਾ ਨੂੰ ਦੂਰ ਕਰਨ ਦੇ ਸਮਰੱਥ ਹੈ।[25] ਗਿਆਨਵਾਨ ਮਨੁੱਖ ਹੀ ਪਰਉਪਕਾਰ ਦੇ ਕੰਮ ਕਰ ਸਕਦਾ ਹੈ। ਸਿੱਖ ਇਤਿਹਾਸ ਵਿਚ ਭਾਈ ਘਨੱਈਆ ਜੀ ਦੀ ਉਦਾਹਰਣ ਸਾਡੇ ਸਭ ਦੇ ਸਾਹਮਣੇ ਹੈ ਜਿਨ੍ਹਾਂ ਨੇ ਗੁਰੂ ਦੇ ਮਾਰਗ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਆਪਣੇ ਪਰਾਏ ਵਿਚ ਫਰਕ ਕੀਤੇ ਬਗੈਰ ਦੁਸ਼ਮਣ ਦੀਆਂ ਫ਼ੌਜਾਂ ਨੂੰ ਵੀ ਯੁੱਧ ਦੇ ਸਮੇਂ ਪਾਣੀ ਪਿਲਾਇਆ। ਭਾਈ ਘਨੱਈਆ ਜੀ ਦੇ ਇਸ ਕਾਰਜ ਤੋਂ ਖੁਸ਼ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਮੱਲ੍ਹਮ ਪੱਟੀ ਕਰਨ ਦਾ ਵੀ ਆਦੇਸ਼ ਕੀਤਾ। ਇਸੇ ਤਰ੍ਹਾਂ ਮਿਸਲਾਂ ਦੇ ਸਮੇਂ ਵੀ ਵਿਸਾਖੀ ਦੇ ਮੌਕੇ ਅਕਾਲ ਤਖ਼ਤ ਤੇ ਸਿੱਖਾਂ ਦੇ ਇਕੱਠ ਵਿਚ ਕਸੂਰ ਦੇ ਕੁਝ ਬ੍ਰਾਹਮਣ ਆਏ ਜਿਨ੍ਹਾਂ ਨੇ ਉਸਮਾਨ ਖ਼ਾਂ ਅਫਗਾਨ ਵਿਰੁੱਧ ਸ਼ਿਕਾਇਤ ਕੀਤੀ ਕਿ ਉਹ ਨਾਲ ਆਏ ਇਕ ਬ੍ਰਾਹਮਣ ਦੀ ਪਤਨੀ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ ਹੈ। ਤਰੁਣਾ ਦਲ ਜਥੇਬੰਦੀ ਦਾ ਹਰੀ ਸਿੰਘ ਭੰਗੀ ਦੁਖੀ ਬ੍ਰਾਹਮਣਾਂ ਦੀ ਸਹਾਇਤਾ ਲਈ ਅੱਗੇ ਆਇਆ। ਉਸਨੇ ਚੜ੍ਹਤ ਸਿੰਘ ਦੀ ਸਹਾਇਤਾ ਨਾਲ ਕਸੂਰ ਤੇ ਹਮਲਾ ਕਰ ਦਿੱਤਾ ਅਤੇ ਉਸਮਾਨ ਖ਼ਾਂ ਸਮੇਤ ਉਸਦੇ ਪੰਜ ਸੌ ਸਾਥੀਆਂ ਨੂੰ ਮਾਰ ਦਿੱਤਾ। ਬ੍ਰਾਹਮਣ ਇਸਤਰੀ ਨੂੰ ਰਿਹਾਅ ਕਰਵਾਕੇ ਉਸਦੇ ਪਤੀ ਨੂੰ ਸੌਂਪ ਦਿੱਤਾ। ਭਾਵੇਂ ਇਸ ਲੜਾਈ ਵਿਚ ਸਿੱਖਾਂ ਦਾ ਵੀ ਬਹੁਤ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਪਰਉਪਕਾਰ ਅਤੇ ਸਰਬੱਤ ਦੇ ਭਲੇ ਦੇ ਮਾਰਗ ਤੇ ਚੱਲਣ ਨੂੰ ਤਰਜੀਹ ਦਿੱਤੀ।

ਪਰਉਪਕਾਰ ਵਿਚੋਂ ਹੀ ਦਇਆ, ਸੰਤੋਖ, ਧਰਮ, ਧੀਰਜ, ਨਿਮਰਤਾ ਆਦਿ ਗੁਣਾਂ ਦਾ ਵਿਕਾਸ ਹੁੰਦਾ ਹੈ। ਗੁਰੂ ਸਾਹਿਬਾਨ ਦੁਆਰਾ ਲੰਗਰ ਦੀ ਪ੍ਰਥਾ ਦਾ ਆਰੰਭ,

ਹਸਪਤਾਲਾਂ, ਧਰਮਸਾਲਾਵਾਂ ਆਦਿ ਦਾ ਨਿਰਮਾਣ ਸਰਬੱਤ ਦੇ ਭਲੇ ਅਤੇ ਪਰਉਪਕਾਰ ਦੇ ਸੂਚਕ ਹਨ ਜਿੱਥੇ ਹਰ ਗਰੀਬ ਅਤੇ ਲੋੜਵੰਦ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

(ii) ਸੇਵਾ : ਸੇਵਾ ਸਿੱਖੀ ਦਾ ਆਦਰਸ਼ ਹੈ ਜੋ ਕਿ ਨੈਤਿਕ ਦਰਸ਼ਨ ਦੇ ਪ੍ਰਮੁਖ ਆਧਾਰਾਂ ਵਿਚ ਸ਼ਾਮਲ ਹੈ। ਕੋਈ ਵੀ ਵਿਅਕਤੀ ਸਮਾਜ ਵਿਚ ਉਦੋਂ ਤੱਕ ਸਨਮਾਨਯੋਗ ਸਥਾਨ ਹਾਸਲ ਨਹੀਂ ਕਰ ਸਕਦਾ ਜਦੋਂ ਤੱਕ ਉਹ ਸਮਾਜ ਵਿਚ ਸੇਵਾ ਨਾਲ ਜੁੜਿਆ ਹੋਇਆ ਨਹੀਂ ਹੈ। ਸੇਵਾ ਦੇ ਸਮਾਜ ਵਿਚ ਕਈ ਰੂਪ ਵੇਖਣ ਨੂੰ ਮਿਲਦੇ ਹਨ ਪਰ ਸਿੱਖ ਧਰਮ ਵਿਚ ਪ੍ਰਮੁਖ ਤੌਰ ਤੇ ਚਾਰ ਤਰ੍ਹਾਂ ਦੀ ਸੇਵਾ ਵੇਖਣ ਨੂੰ ਮਿਲਦੀ ਹੈ ਤਨ ਦੀ ਸੇਵਾ, ਮਨ ਦੀ ਸੇਵਾ, ਧਨ ਦੀ ਸੇਵਾ, ਸੁਰਤਿ ਦੀ ਸੇਵਾ। ਇਹ ਚਾਰੇ ਤਰ੍ਹਾਂ ਦੀ ਸੇਵਾ ਦੋ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ ਸੁਆਰਥ ਅਤੇ ਨਿਸੁਆਰਥ। ਸਿੱਖ ਧਰਮ ਵਿਚ ਨਿਸੁਆਰਥ ਸੇਵਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜੋ ਕਿ ਵਿਅਕਤੀ ਅੰਦਰ ਗੁਣਾਂ ਦਾ ਸੰਚਾਰ ਕਰਕੇ ਔਗੁਣਾਂ ਨੂੰ ਦੂਰ ਕਰਦੀ ਹੈ। ਗੁਣਾਂ ਦਾ ਸੰਚਾਰ ਕਰਨ ਵਾਲੀ ਸੇਵਾ ਗੁਰੂ ਦੇ ਮਾਰਗ ਦਰਸ਼ਨ ਤੇ ਚੱਲ ਕੇ ਸੰਭਵ ਹੋ ਸਕਦੀ ਹੈ।

ਵਿਅਕਤੀ ਸਮਾਜ ਵਿਚ ਵਿਚਰਦਾ ਹੋਇਆ ਕਈ ਪ੍ਰਕਾਰ ਦੇ ਗੁਣਾਂ ਅਤੇ ਔਗੁਣਾਂ ਨੂੰ ਧਾਰਨ ਕਰਦਾ ਹੈ। ਇਹ ਗੁਣ ਅਤੇ ਔਗੁਣ ਵਿਅਕਤੀ ਦੀ ਸ਼ਖਸੀਅਤ ਘੜਦੇ ਹਨ ਭਾਵ ਜਿਹੋ ਜਿਹੇ ਗੁਣ ਵਿਅਕਤੀ ਧਾਰਨ ਕਰੇਗਾ ਉਹੋ ਜਿਹੀ ਸ਼ਖਸੀਅਤ ਦਾ ਉਹ ਮਾਲਕ ਹੋਵੇਗਾ। ਹੁਣ ਇਹ ਕਿਵੇਂ ਪਤਾ ਲੱਗੇ ਕਿ ਗੁਣ ਅਤੇ ਔਗੁਣ ਕਿਹੜੇ ਹਨ? ਸਿੱਖ ਧਰਮ ਵਿਚ ਦੱਸਿਆ ਗਿਆ ਹੈ ਕਿ ਜਿਹੜੇ ਕਰਮ ਮਨੁੱਖ ਨੂੰ ਵਿਕਾਸ ਦੀ ਦਿਸ਼ਾ ਵੱਲ ਲੈ ਕੇ ਜਾਂਦੇ ਹਨ, ਉਹ ਗੁਣੀ ਕਰਮ ਹਨ ਅਤੇ ਜਿਹੜੇ ਕਰਮ ਮਨੁੱਖ ਨੂੰ ਰਸਾਤਲ ਵੱਲ ਲਿਜਾਣ ਲਈ ਉਕਸਾਉਂਦੇ ਹਨ, ਉਹ ਔਗੁਣ ਕਰਮ ਹਨ। ਪਰ ਫਿਰ ਵੀ ਇਨ੍ਹਾਂ ਵਿਚ ਨਿਖੇੜਾ ਕਰਨ ਲਈ ਗੁਣੀ ਅਤੇ ਔਗੁਣੀ ਕਰਮਾਂ ਉੱਤੇ ਚਾਨਣ ਪਾਉਂਦੇ ਹੋਏ ਦੱਸਿਆ ਗਿਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਵਿਕਾਰ ਹਨ ਜੋ ਵਿਅਕਤੀ ਵਿਚ ਔਗੁਣਾਂ ਦਾ ਸੰਚਾਰ ਕਰਦੇ ਹਨ ਅਤੇ ਸੱਚ, ਦਯਾ, ਧਰਮ, ਧੀਰਜ ਅਤੇ ਸੰਜਮ ਪੰਜ ਨੈਤਿਕ ਕਰਮ ਹਨ ਜੋ ਵਿਅਕਤੀ ਅੰਦਰ ਗੁਣਾਂ ਦਾ ਵਿਕਾਸ ਕਰਦੇ ਹਨ। ਇਸ ਕਰਕੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ :

ਪੰਚ ਮਨਾਏ ਪੰਚ ਰੁਸਾਏ॥
ਪੰਚ ਵਸਾਏ ਪੰਚ ਗਵਾਏ।[6]

ਪੰਜ ਗੁਣਾਂ ਦਾ ਸੰਚਾਰ ਵਿਅਕਤੀ ਦਾ ਅਧਿਆਤਮਿਕ ਵਿਕਾਸ ਕਰਦਾ ਹੈ ਅਤੇ ਵਿਅਕਤੀ ਗੁਰੂ ਦੇ ਦਰਸਾਏ ਮਾਰਗ ਅਨੁਸਾਰ ਪਰਮਾਤਮਾ ਦੀ ਸੇਵਾ ਵਿਚ ਲੱਗ ਜਾਂਦਾ ਹੈ। ਪਰਮਾਤਮਾ ਦੀ ਭਗਤੀ ਵਿਚ ਗੁਣਾਂ ਦੀ ਅਹਿਮੀਅਤ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ : ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਹੁਣ ਜਦੋਂ ਗੁਣਾਂ ਅਤੇ ਔਗੁਣਾਂ ਦਾ ਪਤਾ ਲੱਗ ਗਿਆ ਹੈ ਤਾਂ ਇਹ ਪ੍ਰਸ਼ਨ ਵਿਅਕਤੀ ਦੇ ਮਨ ਵਿਚ ਆਉਂਦਾ ਹੈ ਕਿ ਇਨ੍ਹਾਂ ਗੁਣਾਂ ਨੂੰ ਧਾਰਨ ਕਿਵੇਂ ਕਰਨਾ ਹੈ? ਗੁਣਾਂ ਨੂੰ ਧਾਰਨ ਕਰਨ ਦਾ ਜੋ ਮਾਰਗ ਗੁਰਮਤਿ ਵਿਚ ਦੱਸਿਆ ਗਿਆ ਹੈ, ਉਸ ਅਨੁਸਾਰ, ਵਿਅਕਤੀ ਪਰਮਾਤਮਾ ਨੂੰ ਜੀਵਨ ਦਾ ਧੁਰਾ ਮੰਨਦੇ ਹੋਏ ਆਪਣੇ ਹੱਥਾਂ ਅਤੇ ਪੈਰਾਂ ਨੂੰ ਸਹੀ ਕਾਰਜ

ਵੱਲ ਲਾਵੇ ਕਿਉਂਕਿ ਗੁਰਮਤਿ ਦਰਸ਼ਨ ਵਿਚ ਇਹ ਮੰਨਿਆ ਗਿਆ ਹੈ ਕਿ ਦੁਨਿਆਵੀ ਕਾਰਜ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਾਉਂਦੇ ਹਨ :

ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।[67]

ਦੁਨੀਆ ਵਿਚ ਸੇਵਾ ਦੇ ਕਈ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ ਘਰ ਪਰਿਵਾਰ ਵਿਚ ਮਾਤਾ-ਪਿਤਾ, ਭੈਣ-ਭਰਾਵਾਂ ਅਤੇ ਹੋਰ ਸਕੇ-ਸੰਬੰਧੀਆਂ ਦੀ ਸੇਵਾ; ਨੌਕਰੀ ਵਿਚ ਆਪਣੇ ਮਾਲਕ ਦੀ ਸੇਵਾ; ਸਮਾਜ ਵਿਚ ਦੀਨ-ਦੁਖੀਆਂ, ਗਰੀਬਾਂ, ਲੋੜਵੰਦਾਂ ਦੀ ਸੇਵਾ; ਅਧਿਆਤਮਿਕ ਮਾਰਗ ਦਰਸ਼ਨ ਲਈ ਗੁਰੂ ਦੀ ਸੇਵਾ ਆਦਿ। ਇਨ੍ਹਾਂ ਵਿਚੋਂ ਗੁਰੂ ਦੀ ਸੇਵਾ ਦੇ ਨਾਲ-ਨਾਲ ਉੱਤਮ ਸੇਵਾ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਨੂੰ ਮੰਨਿਆ ਗਿਆ ਹੈ। ਗਰੀਬ ਦੀ ਸੇਵਾ ਨੂੰ ਗੁਰੂ ਦੀ ਸੇਵਾ ਦੇ ਤੁੱਲ ਮੰਨਦੇ ਹੋਏ ਕਿਹਾ ਗਿਆ: ਗਰੀਬ ਦਾ ਮੂੰਹ ਗੁਰੂ ਦੀ ਗੋਲਕ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਭਾਰਤੀ ਸਮਾਜ ਚਾਰ ਵਰਗਾਂ ਵਿਚ ਵੰਡਿਆ ਹੋਇਆ ਸੀ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਨ੍ਹਾਂ ਚਾਰਾਂ ਵਿਚੋਂ ਸੇਵਾ ਦਾ ਕੰਮ ਸ਼ੂਦਰ ਦੇ ਹਿੱਸੇ ਆਇਆ। ਸ਼ੂਦਰ ਨੂੰ ਇਹ ਆਦੇਸ਼ ਸੀ ਕਿ ਉਹ ਬਾਕੀ ਤਿੰਨ ਵਰਗਾਂ ਦੀ ਸੇਵਾ ਕਰੇ ਕਿਉਂਕਿ ਸੇਵਾ ਨੂੰ ਘਟੀਆ ਅਤੇ ਨੀਚ ਕੰਮ ਸਮਝਿਆ ਜਾਂਦਾ ਸੀ ਅਤੇ ਉੱਚ ਵਰਗ ਸੇਵਾ ਕਰਨ ਨੂੰ ਆਪਣੀ ਤੌਹੀਨ ਸਮਝਦਾ ਸੀ। ਇਸ ਕਰਕੇ ਸਮਾਜ ਵਿਚਲੇ ਸਮੂਹ ਘਟੀਆ ਸਮਝੇ ਜਾਂਦੇ ਕੰਮ ਸ਼ੂਦਰਾਂ ਦੇ ਹਿੱਸੇ ਆਏ। ਪਰ ਗੁਰੂ ਨਾਨਕ ਦੇਵ ਜੀ ਨੇ ਸੇਵਾ ਨੂੰ ਉੱਤਮ ਕਰਮ ਜਾਣ ਕੇ ਸਭ ਸਿੱਖਾਂ ਨੂੰ ਸੇਵਾ ਕਰਨ ਦਾ ਆਦੇਸ਼ ਕੀਤਾ ਅਤੇ ਸੇਵਾ ਰਾਹੀਂ ਹੀ ਸਿੱਖ ਨੂੰ ਮਾਣ ਸਤਿਕਾਰ ਅਤੇ ਸਵੈਮਾਨ ਦਾ ਪਾਤਰ ਬਣਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਬਣਨ ਤੋਂ ਪਹਿਲਾਂ ਲਹਿਣੇ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਅਤੇ ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਗੁਰੂ ਬਣਨ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਦੀ ਲਗਪਗ 12 ਸਾਲ ਸੇਵਾ ਕੀਤੀ ਅਤੇ ਗੁਰਗੱਦੀ ਦੇ ਪਾਤਰ ਬਣੇ। ਸੇਵਾ ਨੂੰ ਉੱਤਮ ਕਰਮ ਜਾਣ ਕੇ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਹਰ ਤਰ੍ਹਾਂ ਦੀ ਸੇਵਾ ਕਰਨ ਦੀ ਪ੍ਰੇਰਣਾ ਕੀਤੀ: 'ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।।' ਏਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ 'ਅਨਿਕ ਭਾਂਤਿ ਕਰਿ ਸੇਵਾ ਕਰੀਐ' ਦਾ ਆਦੇਸ਼ ਦਿੱਤਾ।

ਸੇਵਾ ਦਾ ਅਰਥ ਹੈ ਕਿ ਕਿਸੇ ਦੂਜੇ ਵਿਅਕਤੀ ਦੀ ਜ਼ੁੰਮੇਵਾਰੀ ਆਪਣੇ ਸਿਰ ਲੈ ਲੈਣੀ ਅਤੇ ਦੂਜੇ ਮਨੁੱਖ ਦੀ ਚਿੰਤਾ ਨੂੰ ਘਟਾਉਣ ਦਾ ਯਤਨ ਕਰਨਾ। ਜੇਕਰ ਕੋਈ ਰੋਗੀ ਮਿਲੇ ਤਾਂ ਯਥਾ ਜੋਗ ਇਲਾਜ ਕਰਾਉਣਾ; ਜੇਕਰ ਸੜਕ ਤੇ ਕੋਈ ਨੇਤਰਹੀਣ ਮਿਲੇ ਤਾਂ ਉਸਨੂੰ ਸੜਕ ਪਾਰ ਕਰਾਉਣੀ; ਜੇਕਰ ਧਨ ਦੀ ਕਮੀ ਕਾਰਣ ਕੋਈ ਬੱਚਾ ਪੜ੍ਹ ਨਾ ਸਕੇ ਤਾਂ ਉਸਦੀ ਫ਼ੀਸ ਆਦਿ ਦੇ ਕੇ ਉਸਨੂੰ ਪੜ੍ਹਾਈ ਵਿਚ ਸਹਾਇਤਾ ਕਰਨੀ; ਅੱਜ-ਕੱਲ੍ਹ ਗੰਭੀਰ ਇਲਾਜ ਲਈ ਖ਼ੂਨ ਦਾਨ ਅਤੇ ਮਰਨ ਉਪਰੰਤ ਸਰੀਰ ਦੇ ਅੰਗ ਦਾਨ ਨੂੰ ਵੀ ਉੱਤਮ ਸੇਵਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਸਿੱਖ ਸਮਾਜਿਕ ਸੇਵਾ ਦੇ ਨਾਲ-ਨਾਲ ਆਪਣੇ ਧਰਮ ਅਸਥਾਨ ਤੇ ਜਾਂਦਾ ਹੈ ਤਾਂ ਉਥੇ ਵੀ ਸੇਵਾ ਦੇ ਵੱਖ-ਵੱਖ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ ਸਿੱਖ ਧਰਮ ਅਤੇ ਸਮਾਜ ਨੂੰ ਪ੍ਰਫੁਲਿਤ ਕਰਨ ਲਈ ਦਸਵੰਧ ਦੀ

ਸੇਵਾ, ਸੰਗਤ ਵਿਚ ਜਾ ਕੇ ਪਾਣੀ ਪਿਆਉਣ, ਦਰੀਆਂ ਝਾੜਨ, ਜੋੜੇ ਸਾਫ ਕਰਨ ਦੀ ਸੇਵਾ ਲੰਗਰ ਵਿਚ ਪਰਸ਼ਾਦੇ ਅਤੇ ਬਰਤਨਾਂ ਦੀ ਸੇਵਾ; ਬਿਜਲੀ ਨਾ ਹੋਣ ਤੇ ਪੱਖਾ ਝੱਲਣ ਦੀ ਸੇਵਾ ਆਦਿ। ਭਾਈ ਗੁਰਦਾਸ ਜੀ ਸਾਧ ਸੰਗਤ ਦੀ ਸੇਵਾ ਨੂੰ ਸਭ ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਹੋਏ ਕਹਿੰਦੇ ਹਨ :

ਸਾਧਸੰਗਤਿ ਕਰਿ ਸੇਵ ਸੁਖ ਫਲੁ ਪਾਇਆ॥
ਤਪੜੁ ਝਾੜਿ ਵਿਛਾਇ ਧੂੜੀ ਨਾਇਆ।।[28]

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਦੂਰ-ਦੁਰਾਡੇ ਥਾਵਾਂ ਤੇ ਉਦਾਸੀਆਂ ਕੀਤੀਆਂ। ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਜੀ ਜੋਗੀਆਂ, ਜਤੀਆਂ, ਤਪੀਆਂ, ਮੌਲਾਣਿਆਂ, ਪੁਜਾਰੀਆਂ, ਸੰਨਿਆਸੀਆਂ ਆਦਿ ਨੂੰ ਮਿਲੇ। ਇਨ੍ਹਾਂ ਨਾਲ ਮੁਲਾਕਾਤ ਸਮੇਂ ਹੋਏ ਵਿਚਾਰ ਵਟਾਂਦਰੇ ਤੋਂ ਗੁਰੂ ਜੀ ਨੂੰ ਪਤਾ ਲੱਗਾ ਕਿ ਇਹ ਹਉਮੈ ਗ੍ਰਸਤ ਮਨੁੱਖ ਸੇਵਾ ਦੇ ਗੁਣ ਤੋਂ ਸੱਖਣੇ ਹਨ ਅਤੇ ਕੇਵਲ ਆਪੋ ਆਪਣੇ ਸੁਆਰਥਾਂ ਦੀ ਪੂਰਤੀ ਵਿਚ ਲੱਗੇ ਹੋਏ ਹਨ। ਸੇਵਾ ਤੋਂ ਦੂਰ ਰਹਿਣ ਕਰਕੇ ਸੇਵਾ ਤੋਂ ਪੈਦਾ ਹੋਣ ਵਾਲੇ ਦਯਾ, ਧਰਮ, ਧੀਰਜ, ਸੰਜਮ ਵਰਗੇ ਗੁਣ ਇਨ੍ਹਾਂ ਦੇ ਨੇੜੇ-ਤੇੜੇ ਵੀ ਦਿਖਾਈ ਨਹੀਂ ਦੇ ਰਹੇ। ਅਜਿਹੇ ਭੇਖੀ ਅਤੇ ਪਾਖੰਡੀ ਲੋਕਾਂ ਨੂੰ ਫਿਟਕਾਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਵਿਅਕਤੀ ਦਵੈਤ ਭਾਵ ਵਿਚ ਫਸੇ ਰਹਿੰਦੇ ਹਨ ਅਤੇ ਸੇਵਾ ਤੋਂ ਲਾਭ ਨਹੀਂ ਉਠਾ ਸਕਦੇ - ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ।।[29]

ਸੇਵਾ ਨਾ ਕਰਨ ਵਾਲੇ ਵਿਅਕਤੀਆਂ ਬਾਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੋ ਸੇਵਾ ਨਹੀਂ ਕਰਦੇ ਉਨ੍ਹਾਂ ਦੇ ਹੱਥ ਤੇ ਪੈਰ ਨਿਰਾਰਥਕ ਹਨ - ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥[30]

ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਅਤੇ ਪ੍ਰਿਥੀ ਚੰਦ ਸੇਵਾ ਕਰਨ ਵਿਚ ਹਿਚਕਚਾਹਟ ਦਿਖਾਉਂਦੇ ਰਹੇ ਇਸ ਕਰਕੇ ਗੁਰੂ ਨਾਨਕ ਦੀ ਗੱਦੀ ਤੋਂ ਵਾਂਝੇ ਰਹਿ ਗਏ। ਗੁਰੂ ਪੁੱਤਰ ਹੋਣ ਦੀ ਹਉਮੈ ਨੇ ਉਨ੍ਹਾਂ ਅੰਦਰ ਨਿਮਰਤਾ ਅਤੇ ਸੰਜਮ ਦਾ ਵਿਕਾਸ ਰੋਕ ਦਿੱਤਾ। ਇਸਦਾ ਭਾਵ ਹੈ ਕਿ ਨੈਤਿਕ ਗੁਣ ਹੀ ਹਉਮੈ ਦੇ ਨਿਵਾਰਣ ਵਿਚ ਸਹਿਯੋਗੀ ਹੁੰਦੇ ਹਨ। ਇਹ ਹਉਮੈ ਵਿਅਕਤੀ ਦੇ ਮਨ ਵਿਚ ਕਈ ਤਰ੍ਹਾਂ ਨਾਲ ਉਜਾਗਰ ਹੁੰਦੀ ਹੈ ਮਾਇਆ, ਰਾਜ ਭਾਗ, ਵਿਦਿਆ, ਸਮਾਜ ਸੇਵਾ, ਭਗਤੀ ਆਦਿ ਦੀ ਹਉਮੈ ਮਨੁੱਖ ਵਿਚ ਨਿਘਾਰ ਲਿਆਉਂਦੀ ਹੈ, ਅਤੇ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਵਿਚ ਰੁਕਾਵਟ ਪੈਦਾ ਕਰਦੀ ਹੈ:

ਵਿਚਿ ਹਉਮੈ ਸੇਵਾ ਥਾਇ ਨ ਪਾਏ॥
ਜਨਮਿ ਮਰੈ ਫਿਰਿ ਆਵੈ ਜਾਏ।।[31]

ਹਉਮੈ ਮੁਕਤ ਸੇਵਾ ਹੀ ਮਨੁੱਖ ਦੇ ਜੀਵਨ ਵਿਚ ਸਹਿਜ ਅਤੇ ਨਿਮਰਤਾ ਦੀ ਭਾਵਨਾ ਪੈਦਾ ਕਰ ਸਕਦੀ ਹੈ ਜੋ ਕਿ ਮਨੁੱਖੀ ਸਮਾਜ ਅਤੇ ਮਨੁੱਖ ਦੇ ਅਧਿਆਤਮਿਕ ਵਿਕਾਸ ਵਿਚ ਸਹਾਈ ਹੁੰਦੀ ਹੈ। ਹਉਮੈ ਮੁਕਤ ਸੇਵਾ ਮਨੁੱਖ ਨੂੰ ਪਰਮਾਤਮਾ ਦੇ ਸਤਿਕਾਰ ਦਾ ਪਾਤਰ ਬਣਾਉਂਦੀ ਹੈ।

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥[32]

ਸੇਵਾ ਮਨੁੱਖ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਮਨੁੱਖ ਦੇ ਸਮਾਜ ਵਿਚਲੇ ਮਾਣ ਸਤਿਕਾਰ ਵਿਚ ਵਾਧਾ ਕਰਦੀ ਹੈ। ਵਿਅਕਤੀ ਅੰਦਰ ਗੁਣਾਂ ਦਾ ਸੰਚਾਰ ਕਰਕੇ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।

ਇਸ ਤਰ੍ਹਾਂ ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਵਿਸ਼ਵ ਭਾਈਚਾਰਾ ਮਨੁੱਖੀ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ। ਸਿੱਖ ਧਰਮ ਵਿਚ ਸਮੂਹ ਮਾਨਵਤਾ ਲਈ ਕੰਮ ਕਰਦੇ ਰਹਿਣ ਦੇ ਨਾਲ-ਨਾਲ ਸਰਬੱਤ ਦਾ ਭਲਾ ਮੰਗਣ ਦੀ ਪ੍ਰੇਰਣਾ ਕੀਤੀ ਗਈ ਹੈ ਜੋ ਕਿ ਸਮੁੱਚੀ ਸਿੱਖੀ ਭਾਵਨਾ ਦਾ ਉਦੇਸ਼ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 611.
2. ਉਹੀ, ਪੰਨੇ 579-80.
3. ਉਹੀ, ਪੰਨਾ 476.
4. ਉਹੀ, ਪੰਨਾ 1380.
5. ਉਹੀ, ਪੰਨਾ 145.
6. ਉਹੀ, ਪੰਨਾ 951.
7. ਉਹੀ, ਪੰਨਾ 1191.
8. ਉਹੀ, ਪੰਨਾ 1191.
9. ਉਹੀ, ਪੰਨਾ 472.
10. ਉਹੀ, ਪੰਨਾ 1092.
11. ਪ੍ਰੋਫ਼ੈਸਰ ਸ਼ੇਰ ਸਿੰਘ ਗਿਆਨੀ, *ਗੁਰਮਤਿ ਦਰਸ਼ਨ*, ਪੰਨਾ 361.
12. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਨਾ 177.
13. *ਦਸਮ ਗ੍ਰੰਥ*, ਅਕਾਲ ਉਸਤਤਿ 87.
14. ਗੁਰੂ ਗ੍ਰੰਥ ਸਾਹਿਬ, ਪੰਨਾਂ 806.
15. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਤਨਖਾਹਨਾਮਾ 44.
16. ਗੁਰੂ ਗ੍ਰੰਥ ਸਾਹਿਬ, ਪੰਨਾ 741.
17. ਉਹੀ, ਪੰਨਾ 551.
18. ਉਹੀ, ਪੰਨਾ 1378.
19. ਉਹੀ, ਪੰਨਾ 815 16.
20. ਉਹੀ, ਪੰਨਾ 766.
21. ਹਮ ਅਹੰਕਾਰੀ ਅਹੰਕਾਰ ਅਗਿਆਨ॥ ਗੁਰੂ ਗ੍ਰੰਥ ਸਾਹਿਬ, 172.
22. ਹਉਮੈ ਵਿਚ ਜਗੁ ਉਪਜੈ ਪੁਰਖਾ॥ ਉਹੀ, ਪੰਨਾ 946.
23. ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥ ਉਹੀ, ਪੰਨਾ 1412.
24. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਤਨਖਾਹਨਾਮਾ 50.
25. ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਗੁਰੂ ਗ੍ਰੰਥ ਸਾਹਿਬ, ਪੰਨਾ 293.

26. ਗੁਰੂ ਗ੍ਰੰਥ ਸਾਹਿਬ, ਪੰਨਾ 430.
27. ਉਹੀ, ਪੰਨਾ 26.
28. *ਵਾਰਾਂ ਭਾਈ ਗੁਰਦਾਸ*, ਵਾਰ 20.10.
29. ਗੁਰੂ ਗ੍ਰੰਥ ਸਾਹਿਬ, ਪੰਨਾ 1011.
30. *ਵਾਰਾਂ ਭਾਈ ਗੁਰਦਾਸ*, ਵਾਰ 27.10.
31. ਗੁਰੂ ਗ੍ਰੰਥ ਸਾਹਿਬ, ਪੰਨਾ 1071.
32. ਉਹੀ, ਪੰਨਾ 474.

ਸਿੱਖ ਸਮਾਜਿਕ ਨੈਤਿਕਤਾ ਦੇ ਮੁਢਲੇ ਆਧਾਰ

ਸਮਾਜ ਦੇ ਵਿਕਾਸ ਵਿਚ ਹਰ ਇਕ ਮਨੁੱਖ ਦਾ ਯੋਗਦਾਨ ਹੁੰਦਾ ਹੈ। ਹਰ ਇਕ ਵਿਅਕਤੀ ਆਪੋ-ਆਪਣੇ ਢੰਗ ਨਾਲ ਸਮਾਜ ਨੂੰ ਅੱਗੇ ਲਿਜਾਣ ਦਾ ਯਤਨ ਕਰਦਾ ਹੈ। ਸਮਾਜ ਵਿਚ ਮਨੁੱਖਾਂ ਦੇ ਜਿਹੋ ਜਿਹੇ ਯਤਨ ਹੋਣਗੇ ਉਹੋ ਜਿਹਾ ਸਮਾਜ ਵਿਚ ਪਰਿਵਰਤਨ ਆਉਂਦਾ ਹੈ। ਪਰ ਦੇਖਣ ਵਾਲੀ ਗੱਲ ਇਹ ਹੈ ਕੀ ਸਮਾਜ ਦਾ ਹਰ ਮਨੁੱਖ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾ ਰਿਹਾ ਹੈ? ਭਾਰਤ ਵਰਗੇ ਦੇਸ ਵਿਚ ਜਿੱਥੇ ਕਿ 50 ਪ੍ਰਤੀਸ਼ਤ ਤੋਂ ਵਧੇਰੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਜਿਨ੍ਹਾਂ ਕੋਲ ਰਹਿਣ ਨੂੰ ਘਰ, ਖਾਣ ਲਈ ਦੋ ਵਕਤ ਦੀ ਰੋਟੀ ਅਤੇ ਪਹਿਨਣ ਲਈ ਪੂਰੇ ਕੱਪੜੇ ਵੀ ਨਹੀਂ ਹਨ। ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਰਾਤ ਨੂੰ ਝੌਂਪੜੀਆਂ ਵਿਚ ਸੌਂ ਕੇ ਗੁਜਾਰਾ ਕਰਦਾ ਹੈ ਅਤੇ ਸਰਦੀਆਂ ਵਿਚ ਠੁਰ-ਠੁਰ ਕਰਦਾ ਰਾਤ ਗੁਜ਼ਾਰਦਾ ਹੈ। ਸਮਾਜ ਦੇ ਇਸ ਵੱਡੇ ਹਿੱਸੇ ਨੂੰ ਵਿਦਿਆ ਅਤੇ ਸਿਹਤ ਸਹੂਲਤਾਂ ਵੀ ਪ੍ਰਦਾਨ ਨਹੀਂ ਕੀਤੀਆਂ ਜਾ ਸਕੀਆਂ। ਆਜ਼ਾਦ ਭਾਰਤ ਦਾ ਇਹ ਘਿਨਾਉਣਾ ਰੂਪ ਕੁਝ ਇਕ ਦਿਨਾਂ ਦੀ ਪੈਦਾਇਸ਼ ਨਹੀਂ ਹੈ। ਇਸ ਪਿੱਛੇ ਸਦੀਆਂ ਤੋਂ ਚਲੀ ਆ ਰਹੀ ਦਮਨਕਾਰੀ ਨੀਤੀ ਕੰਮ ਕਰ ਰਹੀ ਹੈ। ਭੂਗੋਲਿਕ ਹੱਦਾਂ ਮਿਥਣ ਅਤੇ ਦੂਜਿਆਂ ਤੇ ਅਧਿਕਾਰ ਦੀ ਨੀਤੀ ਨੇ ਸਮਾਜ ਵਿਚ ਊਚ-ਨੀਚ ਅਤੇ ਭੇਦਭਾਵ ਦੀ ਭਾਵਨਾ ਨੂੰ ਜਨਮ ਦਿੱਤਾ। ਜੈ ਚੰਦਰ ਵਿਦਿਆਲੰਕਾਰ ਦੱਸਦਾ ਹੈ ਕਿ, "ਵੈਦਿਕ ਕਾਲ ਦੇ ਭਾਰਤੀ ਸਮਾਜ ਵਿਚ ਸਭ ਤੋਂ ਵੱਡਾ ਵਰਗ ਭੇਦ ਆਰੀਆ ਵਰਗ ਅਤੇ ਦਾਸ ਵਰਗ ਵਿਚਕਾਰ ਸੀ। ਦਾਸ ਅਸਲ ਵਿਚ ਆਰੀਆ ਤੋਂ ਵੱਖਰੇ ਮਨੁੱਖੀ ਵੰਸ਼ਾਂ ਦੇ ਅਤੇ ਵੱਖਰੇ ਵਰਣ ਅਰਥਾਤ ਰੰਗ ਦੇ ਸਨ। ਉਹ ਹਾਰੇ ਹੋਏ ਵਰਗ ਦੇ ਸਨ। ਉਨ੍ਹਾਂ ਦੀ ਭਾਸ਼ਾ ਜਾਂ ਭਾਸ਼ਾਵਾਂ ਵੀ ਆਰੀਆ ਦੀਆਂ ਭਾਸ਼ਾਵਾਂ ਤੋਂ ਵੱਖਰੀਆਂ ਸਨ। .... ਸ਼ੂਦਰ ਉਹ ਦਾਸ ਸਨ ਜੋ ਆਰੀਆ ਦੇ ਸਮਾਜ ਵਿਚ ਹੇਠਲੇ ਵਰਗ ਦੇ ਰੂਪ ਵਿਚ ਸ਼ਾਮਲ ਹੋ ਗਏ ਸਨ। ਉਹ ਅਸਲ ਵਿਚ ਆਰੀਆਂ ਤੋਂ ਵੱਖ ਜਾਤੀ ਅਤੇ ਵੱਖਰੇ ਵਰਣ, ਭਾਵ ਰੰਗ ਦੇ ਸਨ ਅਤੇ ਉਨ੍ਹਾਂ ਨਾਲ ਵਿਆਹ ਦੀ ਰੋਕ ਸੀ।"[1] ਇਸ ਭੇਦਭਾਵ ਦੇ ਆਧਾਰ ਤੇ ਹੀ ਆਰੀਆਂ ਦਾ ਸਮੂਹ ਸਾਹਿਤ ਹੋਂਦ ਵਿਚ ਆਇਆ। ਇਨ੍ਹਾਂ ਵਿਚੋਂ ਸਭ ਤੋਂ ਵਧੇਰੇ ਮਹੱਤਵਪੂਰਨ ਹੈ ਮਹਾਂਰਿਸ਼ੀ ਮਨੂ ਦੀ ਸਿਮ੍ਰਿਤੀ, ਜਿਸਦੇ ਆਧਾਰ ਤੇ ਸਮਾਜ ਵਿਚ ਜਾਤ-ਪਾਤ ਅਤੇ ਊਚ-ਨੀਚ ਦੀਆਂ ਵੰਡੀਆਂ ਪਾਉਣ ਨੂੰ ਬਲ ਮਿਲਿਆ। ਇਸ ਸਿਮਰਤੀ ਨੂੰ ਹਿੰਦੂਆਂ ਦਾ ਮਾਨਵ ਧਰਮ ਸ਼ਾਸਤਰ ਵੀ ਮੰਨਿਆ ਜਾਂਦਾ ਹੈ। ਇਸ ਵਿਚ ਵਰਣ ਵਿਵਸਥਾ ਦੀਆਂ ਗੰਢਾਂ ਨੂੰ ਪੱਕਾ ਅਤੇ ਮਜ਼ਬੂਤ ਕਰਨ ਲਈ ਦੈਵੀ ਪ੍ਰਵਾਨਗੀ ਦੀ ਗੱਲ ਕਰਦੇ ਹੋਏ ਕਿਹਾ ਗਿਆ ਕਿ, "ਬ੍ਰਹਮਾ ਨੇ ਲੋਕਾਂ ਦੀ ਬੜ੍ਹੋਤਰੀ ਲਈ ਆਪਣੇ ਮੂੰਹ, ਬਾਹਾਂ, ਪੱਟ ਅਤੇ ਪੈਰਾਂ ਤੋਂ ਨੰਬਰਵਾਰ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਨੂੰ ਪੈਦਾ ਕੀਤਾ।"[2]

ਹਿੰਦੂ ਧਰਮ ਵਿਚ ਜੜ੍ਹ ਕਰ ਚੁੱਕੀ ਇਸ ਜਾਤ-ਪਾਤ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਜੈਨ ਅਤੇ ਬੁੱਧ ਧਰਮ ਨੇ ਆਵਾਜ਼ ਉਠਾਈ। ਇਹ ਦੋਵੇਂ ਧਰਮ ਹਿੰਦੂ ਧਰਮ ਦੇ ਸਮਕਾਲੀ ਸਨ ਅਤੇ ਇਨ੍ਹਾਂ ਦੀ ਉਤਪਤੀ ਵੀ ਹਿੰਦੂ ਧਰਮ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਹੋਈ ਸੀ। ਉਨ੍ਹਾਂ ਨੇ ਜਾਤ-ਪਾਤ ਅਤੇ ਉਚ-ਨੀਚ ਨੂੰ ਖਤਮ ਕਰਨ ਦੇ ਜੋ ਵੀ ਨਿਯਮ ਬਣਾਏ ਉਹ ਸਮਾਂ ਪਾ ਕੇ ਸੰਘ ਤੱਕ ਹੀ ਸੀਮਿਤ ਹੋ ਕੇ ਰਹਿ ਗਏ। ਸਿੱਖ ਧਰਮ ਨੇ ਜਾਤ-ਪਾਤ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਇਸ ਦਾ ਆਰੰਭ ਸਿੱਖ ਗੁਰੂ ਸਾਹਿਬਾਨ ਨੇ ਕੀਤਾ। ਗੁਰੂ ਸਾਹਿਬਾਨ ਨੇ ਸਿਧਾਂਤਕ ਅਤੇ ਵਿਹਾਰਕ ਪੱਧਰ ਤੇ ਇਸਦੇ ਖਾਤਮੇ ਲਈ ਯਤਨ ਆਰੰਭ ਕੀਤੇ।

ਹਿੰਦੂ ਸਮਾਜ ਵਿਚ ਇਹ ਵਿਸ਼ਵਾਸ ਦ੍ਰਿੜ ਕਰਾਇਆ ਗਿਆ ਕਿ ਜਾਤ ਜਾਂ ਵਰਣ ਦਾ ਆਧਾਰ ਵਿਅਕਤੀ ਦਾ ਜਨਮ ਹੈ। ਭਾਵ ਜਿਸ ਵੀ ਵਰਣ ਵਿਚ ਜਿਹੜਾ ਵਿਅਕਤੀ ਜਨਮ ਲਵੇਗਾ ਉਹ ਉਸੇ ਵਰਣ ਦਾ ਹੀ ਅਖਵਾਏਗਾ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਮਨੁੱਖ ਦਾ ਅਧਿਆਤਮਿਕ ਵਿਕਾਸ ਵੀ ਸੰਭਵ ਹੈ। ਜਿਸ ਕਰਕੇ ਇਕ ਜਾਤ ਜਾਂ ਵਰਣ ਵਿਚ ਜਨਮ ਲੈਣ ਵਾਲਾ ਵਿਅਕਤੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਪਰ ਨਾਲ ਹੀ ਇਹ ਸ਼ਰਤ ਵੀ ਲਾ ਦਿੱਤੀ ਗਈ ਕਿ ਨੀਵੀਂ ਜਾਤ ਦੇ ਮਨੁੱਖ ਨੂੰ ਆਪਣੇ ਅਧਿਆਤਮਿਕ ਵਿਕਾਸ ਲਈ ਅਗਲੇ ਜਨਮ ਤੱਕ ਇੰਤਜਾਰ ਕਰਨਾ ਪਵੇਗਾ ਜਿਸ ਰਾਹੀਂ ਉਹ ਉੱਚ ਵਰਣ ਵਿਚ ਪੈਦਾ ਹੋ ਕੇ ਮੁਕਤੀ ਨੂੰ ਪ੍ਰਾਪਤ ਕਰ ਸਕੇਗਾ। ਸ਼ੂਦਰਾਂ ਨੂੰ ਇਹ ਪ੍ਰਪੱਕ ਕਰ ਦਿੱਤਾ ਗਿਆ ਕਿ ਉਹ ਇਸ ਜਨਮ ਵਿਚ ਅਧਿਆਤਮਿਕ ਵਿਕਾਸ ਨਹੀਂ ਕਰ ਸਕਦੇ। ਇਸ ਕਰਕੇ ਉਹ ਵੇਦ ਮੰਤਰ ਸੁਣਨ ਅਤੇ ਪੜ੍ਹਨ ਤੋਂ ਗੁਰੇਜ ਕਰਨ। ਕਿਉਂਕਿ ਇਹ ਕੰਮ ਉੱਚ ਜਾਤੀ ਲੋਕਾਂ ਦੇ ਹਿੱਸੇ ਆਇਆ ਹੈ। ਮਨੂ ਸਿਮ੍ਰਿਤੀ ਵਿਚ ਸਮੂਹ ਵਰਣਾਂ ਦੇ ਕੰਮ ਨਿਰਧਾਰਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ[3]:

1. ਵੇਦ ਪੜ੍ਹਨਾ ਪੜ੍ਹਾਨਾ, ਯਗਯ ਕਰਨਾ ਕਰਾਣਾ, ਦਾਨ ਦੇਣਾ ਤੇ ਲੈਣਾ ਇਹ ਬ੍ਰਾਹਮਣ ਦੇ ਕਰਮ ਕਹੇ ਗਏ ਹਨ।
2. ਪਰਜਾ ਦੀ ਰਖਯਾ ਕਰਨਾ, ਦਾਨ ਕਰਨਾ, ਯੱਗ ਕਰਨਾ, ਪੜ੍ਹਨਾ ਤੇ ਸੰਸਾਰਕ ਵਿਸ਼ਿਆਂ ਵਿਚ ਨਾ ਫਸਣਾ, ਸੰਖੇਪ ਵਿਚ ਕਸ਼ਤਰੀ ਦੇ ਕਰਮ ਨਿਸ਼ਚਿਤ ਕੀਤੇ।
3. ਪਸ਼ੂਆਂ ਦੀ ਦੇਖਭਾਲ, ਦਾਨ ਦੇਣਾ, ਯੱਗ ਕਰਨਾ, ਪੜ੍ਹਨਾ, ਵਪਾਰ ਕਰਨਾ, ਵਿਆਜ ਦੇਣਾ ਤੇ ਖੇਤੀ ਕਰਨਾ ਵੈਸ਼ ਦਾ ਕਰਮ ਦੱਸਿਆ ਹੈ।
4. ਬ੍ਰਹਮਾ ਨੇ ਸ਼ੂਦਰਾਂ ਲਈ ਬਿਨਾ ਕਿਸੇ ਦੀ ਨਿੰਦਾ ਚੁਗਲੀ ਦੇ, ਤਿੰਨਾਂ ਵਰਣਾਂ ਦੇ ਲੋਕਾਂ ਦੀ ਸੇਵਾ ਕਰਨਾ, ਇਹੋ ਕਰਮ ਨਿਸ਼ਚਿਤ ਕੀਤਾ।

ਸਮਾਂ ਪਾ ਕੇ ਇਨ੍ਹਾਂ ਵਿਚੋਂ ਵੇਦ ਪੜ੍ਹਨ ਪੜ੍ਹਾਉਣ ਦਾ ਕੰਮ ਬ੍ਰਾਹਮਣ, ਪ੍ਰਜਾ ਦੀ ਰੱਖਿਆ ਕਰਨਾ ਖੱਤਰੀ, ਵਪਾਰ ਕਰਨਾ ਵੈਸ਼ ਅਤੇ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਦਾ ਕੰਮ ਸ਼ੂਦਰ ਦੇ ਹਿੱਸੇ ਆਇਆ। ਇਸ ਸਥਾਪਨਾ ਰਾਹੀਂ ਉੱਚੀਆਂ ਜਾਤਾਂ ਸਦੀਵੀ ਤੌਰ ਤੇ ਉੱਚੀਆਂ ਹੋ ਗਈਆਂ ਅਤੇ ਨੀਵੀਆਂ ਜਾਤਾਂ ਹਮੇਸ਼ਾਂ ਲਈ ਉੱਚੀਆਂ ਜਾਤਾਂ ਦੇ ਪੈਰਾਂ ਹੇਠ ਆ ਗਈਆਂ। ਉੱਚ ਜਾਤੀ ਲੋਕਾਂ ਨੇ ਸਾਰਾ ਪ੍ਰਬੰਧਕੀ ਢਾਂਚਾ ਆਪਣੇ ਕਬਜੇ

ਹੇਠ ਕਰਕੇ ਨੀਵੀਆਂ ਜਾਤਾਂ ਨੂੰ ਇਸ ਤੋਂ ਬਾਹਰ ਕੱਢ ਦਿੱਤਾ ਤਾਂ ਕਿ ਇਹ ਨੀਵੀਆਂ ਜਾਤਾਂ ਅਖਵਾਉਣ ਵਾਲੇ ਲੋਕ ਕਿਤੇ ਪ੍ਰਬੰਧਕੀ ਢਾਂਚੇ ਵਿਚ ਭਾਈਵਾਲੀ ਸਥਾਪਤ ਕਰਕੇ ਅਖੌਤੀ ਉੱਚ ਜਾਤੀ ਲੋਕਾਂ ਦੇ ਬਰਾਬਰ ਨਾ ਆ ਜਾਣ। ਜਾਤ-ਪਾਤ ਦੀ ਇਸ ਪ੍ਰਥਾ ਵਿਰੁੱਧ ਹਿੰਦੂ ਧਰਮ ਦੇ ਅੰਦਰੋਂ ਅਤੇ ਬਾਹਰੋਂ ਆਵਾਜ਼ ਬੁਲੰਦ ਕੀਤੀ ਜਾਣ ਲੱਗੀ। ਜਿਸਦਾ ਅਸਰ ਇਹ ਹੋਇਆ ਕਿ ਹਿੰਦੂ ਸਮਾਜ ਅੱਗੇ ਹੋਰ ਫਿਰਕਿਆਂ ਅਤੇ ਸੰਪਰਦਾਵਾਂ ਵਿਚ ਵੰਡਿਆ ਗਿਆ।

ਹਿੰਦੂ ਵਿਚਾਰਕਾਂ ਦੁਆਰਾ ਜਾਤ-ਪਾਤ ਵਿਰੁੱਧ ਆਵਾਜ਼ ਬੁਲੰਦ ਕਰਨਾ

ਹਿੰਦੂ ਧਰਮ ਵਿਚ ਸ਼ੂਦਰਾਂ ਨੂੰ ਨੀਵਾਂ ਅਤੇ ਭਿੱਟਿਆ ਹੋਇਆ ਸਮਝ ਕੇ ਧਰਮ ਅਸਥਾਨਾਂ ਉਤੇ ਉਨ੍ਹਾਂ ਦੇ ਜਾਣ ਤੇ ਪਾਬੰਦੀ ਲਾ ਦਿੱਤੀ ਗਈ। ਨੀਚ ਮੰਨਦੇ ਹੋਏ ਉਨ੍ਹਾਂ ਨੂੰ ਉੱਚ ਜਾਤੀ ਲੋਕਾਂ ਦੇ ਘਰ ਪਰਿਵਾਰ ਤੋਂ ਦੂਰ ਰੱਖਿਆ ਗਿਆ, ਵੇਦਾਂ ਦੇ ਮੰਤਰ ਸੁਣਨ ਤੇ ਪਾਬੰਦੀ ਲਾ ਦਿੱਤੀ ਗਈ, ਘਟੀਆ ਮੰਨੇ ਜਾਂਦੇ ਕੰਮਾਂ ਤੱਕ ਉਨ੍ਹਾਂ ਨੂੰ ਸੀਮਤ ਕਰ ਦਿੱਤਾ ਗਿਆ। ਸਮਾਜ ਦਾ ਇਹ ਇਕ ਵੱਡਾ ਹਿੱਸਾ ਆਪਣੇ ਆਪ ਨੂੰ ਤ੍ਰਿਸਕਾਰਿਆ ਹੋਇਆ ਮਹਿਸੂਸ ਕਰਨ ਲੱਗਾ। ਈਸਾਈ ਮਿਸ਼ਨਰੀਆਂ ਅਤੇ ਸੂਫੀਆਂ ਦਾ ਪ੍ਰਭਾਵ ਨੀਚ ਸਮਝੇ ਜਾਂਦੇ ਇਨ੍ਹਾਂ ਲੋਕਾਂ ਲਈ ਵਰਦਾਨ ਸਿੱਧ ਹੋਇਆ। ਹਿੰਦੂ ਸਮਾਜ ਵਿਚ ਇਨ੍ਹਾਂ ਉਤੇ ਜਿੰਨੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ, ਧਰਮ ਪਰਿਵਰਤਨ ਤੇ ਉਹ ਆਪਣੇ ਆਪ ਖਤਮ ਹੋ ਗਈਆਂ। ਹਿੰਦੂ ਸਮਾਜ ਨੂੰ ਖੋਰਾ ਲੱਗਣ ਲੱਗਿਆ ਅਤੇ ਭਾਰਤ ਵਿਚ ਈਸਾਈ ਅਤੇ ਇਸਲਾਮ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ। ਇਹ ਧਰਮ ਪਰਿਵਰਤਨ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ ਜਿਸ ਤੋਂ ਘਬਰਾ ਕੇ ਹਿੰਦੂ ਕੱਟੜ ਸਮੂਹ ਇਨ੍ਹਾਂ ਮਿਸ਼ਨਰੀਆਂ ਨੂੰ ਜਾਨ ਤੋਂ ਮਾਰਨ ਤੋਂ ਵੀ ਗੁਰੇਜ ਨਹੀਂ ਕਰਦੇ। ਅਜੋਕੇ ਸਮੇਂ ਵਿਚ ਭਾਰਤ ਆਜ਼ਾਦ ਹੈ ਫਿਰ ਵੀ ਸਮਾਜ ਸੁਧਾਰਕ ਮਿਸ਼ਨਰੀਆਂ ਤੇ ਹਮਲੇ ਹੋ ਰਹੇ ਹਨ। ਪਰ ਜਦੋਂ ਭਾਰਤ ਗੁਲਾਮ ਸੀ ਅਤੇ ਭਾਰਤ ਦਾ ਰਾਜ ਪ੍ਰਬੰਧ ਗੈਰ ਭਾਰਤੀਆਂ ਹੱਥ ਸੀ ਤਾਂ ਬਹੁਤ ਸਾਰੀਆਂ ਹਿੰਦੂ ਸੰਸਥਾਵਾਂ ਲਈ ਇਹ ਇਕ ਚੁਣੌਤੀ ਭਰਪੂਰ ਕੰਮ ਸੀ। ਹਿੰਦੂ ਸਮਾਜ ਸੁਧਾਰਕਾਂ ਨੇ ਸ਼ੂਦਰਾਂ ਦੇ ਧਰਮ ਪਰਿਵਰਤਨ ਨੂੰ ਰੋਕਣ ਲਈ ਉਨ੍ਹਾਂ ਨੂੰ ਬਰਾਬਰ ਦਾ ਦਰਜਾ ਦੇਣ ਦੀ ਗੱਲ ਕਹੀ ਜੋ ਕਿ ਉਨ੍ਹਾਂ ਦੀਆਂ ਸੰਪਰਦਾਵਾਂ ਤੱਕ ਸੀਮਿਤ ਹੋ ਕੇ ਰਹਿ ਗਈ। ਪਰ ਉਨ੍ਹਾਂ ਦੇ ਸ਼ੂਦਰਾਂ ਪ੍ਰਤੀ ਬਦਲੇ ਇਸ ਵਤੀਰੇ ਨੇ ਨੀਚ ਸਮਝੇ ਜਾਂਦੇ ਇਨ੍ਹਾਂ ਲੋਕਾਂ ਨੂੰ ਰਾਹਤ ਪਹੁੰਚਾਈ। ਸੁਆਮੀ ਦਇਆਨੰਦ ਨੇ ਜਾਤ-ਪਾਤ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ 'ਸ਼ੁੱਧੀ' ਲਹਿਰ ਆਰੰਭ ਕੀਤੀ ਜਿਸਦਾ ਉਦੇਸ਼ ਹਿੰਦੂਆਂ ਵਿਚੋਂ ਧਰਮ ਪਰਿਵਰਤਨ ਕਰਕੇ ਈਸਾਈ ਜਾਂ ਮੁਸਲਮਾਨ ਬਣੇ ਸ਼ੂਦਰਾਂ ਨੂੰ ਵਾਪਸ ਹਿੰਦੂ ਸਮਾਜ ਦਾ ਅੰਗ ਬਣਾਉਣਾ ਸੀ। ਜਿੱਥੇ ਉਹ ਜਾਤ-ਪਾਤ ਤੋਂ ਮੁਕਤ ਹੋ ਕੇ ਆਰੀਆ ਸਮਾਜ ਦਾ ਅੰਗ ਬਣ ਸਕਦੇ ਸਨ। ਡਾ. ਰਾਧਾਕ੍ਰਿਸ਼ਨਨ ਜਾਤ-ਪਾਤ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ, "ਹਿੰਦੂ ਧਰਮ ਗ੍ਰੰਥ ਅੱਜ ਬਗੈਰ ਕਿਸੇ ਜਾਤਪਾਤ ਅਤੇ ਲਿੰਗਭੇਦ ਤੋਂ ਸਮੂਹ ਲੋਕਾਂ ਲਈ ਪੇਸ਼ ਕਰ ਦੇਣੇ ਚਾਹੀਦੇ ਹਨ"[4] (The Hindu scriptures should be thrown open at the present day to all people irrespective of their caste or sex.)

ਸਿੱਖ ਧਰਮ ਵਿਚ ਜਾਤ-ਪਾਤ ਦਾ ਵਿਰੋਧ

(i) ਗੁਰੂ ਸਾਹਿਬਾਨ ਨੇ ਸਿੱਖਾਂ ਵਿਚੋਂ ਜਾਤ-ਪਾਤ ਅਤੇ ਊਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਲਈ ਜ਼ੋਰਦਾਰ ਸ਼ਬਦਾਂ ਵਿਚ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਜਾਤ-ਪਾਤ ਖਿਲਾਫ਼ ਮੁਹਿੰਮ ਵਿਚ ਯੋਗਦਾਨ ਪਾਉਂਦੇ ਹੋਏ ਸਮੂਹ ਲੋਕਾਈ ਨੂੰ ਕੇਵਲ ਇਕ ਪਰਮਾਤਮਾ ਨਾਲ ਜੁੜਨ ਦਾ ਮਾਰਗ ਦਰਸਾਇਆ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿੱਖਿਆ ਦਾ ਆਰੰਭ ਹੀ ੧ੴ ਤੋਂ ਕੀਤਾ ਜਿਸਦਾ ਭਾਵ ਸੀ ਕਿ ਸਮੁੱਚੀ ਲੋਕਾਈ ਦਾ ਕਰਤਾ ਕੇਵਲ ਇਕ ਹੈ। ਇਸ ਇਕ ਪਰਮਾਤਮਾ ਤੋਂ ਹੀ ਸਮੂਹ ਜੀਵਾਂ ਦੀ ਉਤਪਤੀ ਹੁੰਦੀ ਹੈ, ਏਸੇ ਕਰਕੇ ਸਮੂਹ ਜੀਵਾਂ ਵਿਚ ਇਕੋ ਜੋਤ ਬਿਰਾਜਮਾਨ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥[5]

ਜਾਤ-ਪਾਤ ਦੀਆਂ ਵੰਡੀਆਂ ਮਨੁੱਖ ਦੁਆਰਾ ਹੋਂਦ ਵਿਚ ਆਈਆਂ। ਆਪਣੇ ਸੁਆਰਥ ਨੂੰ ਮੁੱਖ ਰੱਖ ਕੇ ਬ੍ਰਾਹਮਣ ਵਰਗ ਅਤਿ ਕੁਲੀਨ ਬਣ ਗਿਆ ਅਤੇ ਬਾਕੀ ਸਭ ਵਰਣਾਂ ਤੋਂ ਆਪਣੇ ਆਪ ਨੂੰ ਸ੍ਰੇਸ਼ਟ ਸਮਝਣ ਲੱਗਿਆ। ਆਪਣੀ ਰਾਖੀ ਲਈ ਖੱਤਰੀ ਵਰਗ ਨੂੰ ਹੋਂਦ ਵਿਚ ਲਿਆਂਦਾ ਅਤੇ ਲੁੱਟ-ਖਸੁੱਟ ਕਰਨ ਲਈ ਵੈਸ਼ਾਂ ਦੇ ਰੂਪ ਵਿਚ ਵਪਾਰੀ ਪੈਦਾ ਕੀਤੇ। ਸ਼ੂਦਰਾਂ ਦੀ ਹੋਂਦ ਬਾਕੀ ਵਰਣਾਂ ਦੀ ਸੇਵਾ ਕਰਨ ਲਈ ਸਥਾਪਤ ਕੀਤੀ ਗਈ। ਗੁਰੂ ਸਾਹਿਬਾਨ ਨੇ ਪਰਮਾਤਮਾ ਦੀ ਜੋਤ ਸਮੂਹ ਜੀਵਾਂ ਵਿਚ ਮਹਿਸੂਸ ਕਰਦੇ ਹੋਏ ਬ੍ਰਾਹਮਣਾਂ ਦੇ ਫੈਲਾਏ ਹੋਏ ਭਰਮ ਜਾਲ ਨੂੰ ਤੋੜਿਆ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਪਰਮਾਤਮਾ ਦੇ ਵੱਖ-ਵੱਖ ਹਿੱਸਿਆਂ ਵਿਚੋਂ ਉਤਪੰਨ ਹੋਏ ਹਨ। ਕਬੀਰ ਜੀ ਨੇ ਪਰਮਾਤਮਾ ਤੋਂ ਸਮੂਹ ਜੀਵਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ ਅਤੇ ਵਰਣ ਵਿਵਸਥਾ ਨੂੰ ਪਰਮਾਤਮਾ ਨਾਲ ਜੋੜਨ ਦੇ ਵਿਚਾਰ ਨੂੰ ਮੂਲੋਂ ਹੀ ਰੱਦ ਕਰਦੇ ਹੋਏ ਕਿਹਾ ਕਿ ਮਾਤਾ ਦੇ ਪੇਟ ਵਿਚ ਬੱਚੇ ਦੀ ਕੋਈ ਜਾਤ ਨਹੀਂ ਹੁੰਦੀ :

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥[6]

ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਵਿਚੋਂ ਭਗਤ ਕਬੀਰ ਜੀ ਨੇ ਬੜੀ ਤੀਖਣ ਸ਼ਬਦਾਵਲੀ ਵਿਚ ਬ੍ਰਾਹਮਣਾਂ ਦੁਆਰਾ ਫੈਲਾਏ ਜਾਤ-ਪਾਤ ਦੇ ਸਿਧਾਂਤ ਨੂੰ ਰੱਦ ਕੀਤਾ ਹੈ। ਬ੍ਰਾਹਮਣ ਦੀ ਉੱਚਤਾ ਨੂੰ ਰੱਦ ਕਰਦੇ ਹੋਏ ਭਗਤ ਕਬੀਰ ਜੀ ਨੇ ਬ੍ਰਾਹਮਣ ਦੇ ਸਹੀ ਅਰਥਾਂ ਨੂੰ ਉਜਾਗਰ ਕਰਦੇ ਹੋਏ ਕਿਹਾ :

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥[7]

ਵਰਣ ਵਿਵਸਥਾ ਵਿਚ ਸ਼ੂਦਰ ਸਮਝੇ ਜਾਂਦੇ ਵਿਅਕਤੀ ਨੂੰ ਧਾਰਮਿਕ ਕ੍ਰਿਆਵਾਂ ਕਰਨ ਅਤੇ ਧਰਮ ਦੇ ਅਧਿਐਨ ਦੀ ਸਖਤ ਮਨਾਹੀ ਸੀ। ਮਨੂ ਸਿਮ੍ਰਿਤੀ ਵਿਚ ਦੱਸਿਆ

ਗਿਆ ਹੈ ਕਿ "ਜੋ ਬ੍ਰਾਹਮਣ ਸ਼ੂਦਰ ਨੂੰ ਧਰਮ ਦਾ ਉਪਦੇਸ਼ ਦਿੰਦਾ ਹੈ ਅਤੇ ਵਰਤ ਜਾਂ ਪ੍ਰਾਸ਼ਚਿਤ ਦਾ ਉਪਦੇਸ਼ ਦਿੰਦਾ ਹੈ ਉਹ ਉਸ ਸ਼ੂਦਰ ਦੇ ਨਾਲ ਹੀ 'ਅੰਸ਼ਵਰਿਤ' ਨਾਂ ਦੇ ਨਰਕ ਵਿਚ ਪ੍ਰਵੇਸ਼ ਕਰਦਾ ਹੈ।"[8] ਗੁਰੂ ਸਾਹਿਬਾਨ ਨੇ ਧਰਮ ਦੇ ਅਨੁਭਵ ਅਤੇ ਅਧਿਐਨ ਦੇ ਨਾਲ-ਨਾਲ ਧਾਰਮਿਕ ਕ੍ਰਿਆਵਾਂ ਵਿਚ ਸਮੁੱਚੀ ਮਾਨਵ ਜਾਤੀ ਨੂੰ ਬਰਾਬਰ ਦਾ ਹਿੱਸੇਦਾਰ ਮੰਨਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਉਪਦੇਸ਼ਾਂ ਦੀ ਸਾਂਝੀਵਾਲਤਾ ਦਾ ਪ੍ਰਗਟਾਵਾ ਕਰਦੇ ਹੋਏ ਸਪਸ਼ਟ ਕੀਤਾ ਕਿ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥[9]

ਇਹ ਸਰਬ ਸਾਂਝਾ ਉਪਦੇਸ਼ ਜੋ ਵੀ ਮਨੁੱਖ ਗ੍ਰਹਿਣ ਕਰਦਾ ਹੈ, ਭਾਵੇਂ ਕਿ ਉਹ ਕਿਸੇ ਵੀ ਅਖੌਤੀ ਜਾਤ ਨਾਲ ਸੰਬੰਧ ਰੱਖਦਾ ਹੋਵੇ, ਉਹੀ ਪਰਮਸਤਿ ਦੀ ਪ੍ਰਾਪਤੀ ਕਰਕੇ ਗੁਰਮੁਖ ਪਦਵੀ ਪ੍ਰਾਪਤ ਕਰ ਸਕਦਾ ਹੈ। ਗੁਰੂ ਰਾਮਦਾਸ ਜੀ ਨੇ ਜਨਮ ਜਾਤ ਤੋਂ ਮੁਕਤ ਹੋ ਕੇ ਵਿਹਾਰਕ ਪੱਧਰ ਤੇ ਪਰਮਾਤਮਾ ਨਾਲ ਜੁੜਨ ਵਾਲੇ ਮਨੁੱਖ ਨੂੰ ਤਰਜੀਹ ਦਿੰਦੇ ਹੋਏ ਕਿਹਾ:

ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ ॥[10]

(ii) **ਵਿਹਾਰਕ ਪੱਖ** : ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਵਿਰੋਧ ਵਿਚ ਜੋ ਸਿਧਾਂਤ ਸਿਰਜਿਆ ਉਸ ਨੂੰ ਅਮਲੀ ਪੱਧਰ ਤੇ ਲਾਗੂ ਕਰਨ ਲਈ ਵੀ ਪੁਰਜੋਰ ਕੋਸ਼ਿਸ਼ ਕੀਤੀ। ਸਿੱਖ ਸਮਾਜ ਵਿਚ ਜਾਤ-ਪਾਤ ਦੀ ਵਰਗਵੰਡ ਨੂੰ ਖਤਮ ਕਰਨ ਲਈ ਅਜਿਹੀ ਪ੍ਰਣਾਲੀ ਕਾਇਮ ਕੀਤੀ ਗਈ ਜੋ ਕਿ ਚਾਹੁੰਦੇ ਹੋਏ ਵੀ ਤੋੜੀ ਨਹੀਂ ਜਾ ਸਕਦੀ। ਸੰਗਤ, ਲੰਗਰ, ਗੁਰਦੁਆਰਾ, ਖਾਲਸਾ ਪੰਥ ਦੀ ਸਿਰਜਣਾ ਆਦਿ ਅਜਿਹੀਆਂ ਸੰਸਥਾਵਾਂ ਅਤੇ ਪਰੰਪਰਾਵਾਂ ਹਨ ਜੋ ਕਿ ਸਿੱਖ ਧਰਮ ਦਾ ਬੁਨਿਆਦੀ ਢਾਂਚਾ ਸਿਰਜਦੀਆਂ ਹਨ।

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਜਿੱਥੇ ਵੀ ਗਏ ਉਥੇ ਉਨ੍ਹਾਂ ਨੇ ਸੰਗਤ ਦੀ ਸਥਾਪਨਾ ਕੀਤੀ। ਸੰਗਤ ਵਿਚ ਕਦਰਾਂ ਕੀਮਤਾਂ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਕੀਤੀ ਜਾਂਦੀ। ਸਿੱਖ ਸੰਗਤ ਦੇ ਕੁਝ ਪ੍ਰਚਾਰਕ ਵੀ ਅਜਿਹੇ ਹੀ ਮਨੁੱਖ ਥਾਪੇ ਗਏ ਜੋ ਕਿ ਪਹਿਲਾਂ ਲੋਕਾਂ ਦੀ ਲੁੱਟ-ਖਸੁੱਟ ਦਾ ਕੰਮ ਕਰਦੇ ਸਨ ਪਰ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਆਉਣ ਨਾਲ ਉਨ੍ਹਾਂ ਦੇ ਮਨ ਦੀ ਮੈਲ ਸਾਫ ਹੋ ਗਈ ਅਤੇ ਉਨ੍ਹਾਂ ਸੱਚਾਈ ਅਤੇ ਸਦਾਚਾਰ ਦੇ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਖੇ ਧਰਮਸਾਲ ਦੀ ਸਥਾਪਨਾ ਕਰਕੇ ਸਵੇਰੇ ਸ਼ਾਮ ਸੰਗਤ ਅਤੇ ਲੰਗਰ ਦੀ ਪਰੰਪਰਾ ਦਾ ਆਰੰਭ ਕੀਤਾ। ਗੁਰੂ ਨਾਨਕ ਦੇਵ ਜੀ ਦੇ ਮਨ ਦੀ ਇੱਛਾ ਵੀ ਅਜਿਹੀ ਹੀ ਧਰਮਸਾਲ ਘਰ-ਘਰ ਵਿਚ ਸਥਾਪਤ ਕਰਨ ਦੀ ਸੀ ਜਿੱਥੇ ਜਾਤ-ਪਾਤ ਅਤੇ ਊਚ-ਨੀਚ ਦੇ ਭੇਦਭਾਵ ਤੋਂ ਮੁਕਤ ਮਨੁੱਖ ਇਕ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਣਾ ਗ੍ਰਹਿਣ ਕਰਨ। ਧਰਮਸਾਲ ਅਜੋਕੀ ਗੁਰਦੁਆਰਾ ਸੰਸਥਾ ਦਾ ਮੁਢਲਾ ਰੂਪ ਸੀ।

ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਸਥਾਪਨਾ ਕਰਕੇ ਇਸਦੀ ਵਾਗਡੋਰ ਗੁਰੂ ਅੰਗਦ ਦੇਵ ਜੀ ਹੱਥ ਫੜਾਈ ਤਾਂ ਕਿ ਜੋ ਗੁਰਮਤਿ ਸਿਧਾਂਤ ਸਿਰਜੇ ਗਏ ਹਨ

ਉਨ੍ਹਾਂ ਨੂੰ ਸਦੀਵੀ ਤੌਰ ਤੇ ਕਾਇਮ ਕੀਤਾ ਜਾਵੇ। ਸਮੂਹ ਵਰਗਾਂ ਅਤੇ ਵਰਣਾਂ ਦੇ ਲੋਕਾਂ ਨੂੰ ਸੰਗਤ ਵਿਚ ਬਰਾਬਰੀ ਦਾ ਸਥਾਨ ਹਾਸਲ ਸੀ। ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਸੇਵਾ ਸਮੇਂ ਸ਼ਾਇਦ ਇਹ ਮਹਿਸੂਸ ਕੀਤਾ ਕਿ ਸੰਗਤ ਵਿਚ ਵੱਖ-ਵੱਖ ਵਰਗਾਂ ਦੇ ਲੋਕ ਅਜੇ ਵੀ ਇਕ ਦੂਜੇ ਤੋਂ ਦੂਰ ਹੋ ਕੇ ਬੈਠਦੇ ਹਨ। ਸਦੀਆਂ ਤੋਂ ਚਲੀ ਆ ਰਹੀ ਭੇਦਭਾਵ ਦੀ ਨੀਤੀ ਦਾ ਖਾਤਮਾ ਇਕਦਮ ਹੋਣਾ ਮੁਸ਼ਕਲ ਵੀ ਸੀ। ਗੁਰੂ ਅਮਰਦਾਸ ਜੀ ਨੇ ਇਸਨੂੰ ਪੱਕੇ ਤੌਰ ਤੇ ਜੜ੍ਹੋਂ ਪੁੱਟਣ ਲਈ ਇਹ ਆਦੇਸ਼ ਕੀਤਾ: 'ਪਹਿਲੇ ਪੰਗਤ ਪਾਛੈ ਸੰਗਤ।'

ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਸਮੇਂ ਅਜਿਹਾ ਮਾਡਲ ਪੇਸ਼ ਕੀਤਾ ਜੋ ਕਿ ਸਮੂਹ ਲੋਕਾਈ ਨੂੰ ਊਚ-ਨੀਚ ਅਤੇ ਜਾਤ-ਪਾਤ ਦੇ ਭੇਦਭਾਵ ਤੋਂ ਮੁਕਤ ਕਰਦਾ ਹੈ। ਇਸ ਪਵਿੱਤਰ ਸਥਾਨ ਦੇ ਚਾਰ ਦਰਵਾਜੇ ਚਾਰੇ ਵਰਣਾਂ ਲਈ ਖੁੱਲ੍ਹੇ ਹੋਣ ਦਾ ਸੰਕੇਤ ਹਨ। ਦਰਬਾਰ ਸਾਹਿਬ ਤੋਂ ਬਾਅਦ ਬਣਨ ਵਾਲੇ ਸਮੂਹ ਗੁਰਦੁਆਰਿਆਂ ਲਈ ਇਹ ਧਰਮ ਸਥਾਨ ਇਕ ਮਾਡਲ ਰੂਪ ਵਿਚ ਸਾਹਮਣੇ ਆਇਆ। ਦਰਬਾਰ ਸਾਹਿਬ ਦੇ ਅੰਦਰ ਹੀ ਮਾਨਵਤਾ ਦੀ ਅਗਵਾਈ ਵਾਲੇ ਪ੍ਰਮੁਖ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵੱਖ-ਵੱਖ ਜਾਤਾਂ, ਭੂਗੋਲਿਕ ਖਿੱਤਿਆਂ ਅਤੇ ਕੌਮਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਬਰਾਬਰ ਦਾ ਸਥਾਨ ਦਿੱਤਾ ਗਿਆ ਜਿਵੇਂ ਬਾਬਾ ਫ਼ਰੀਦ ਮੁਸਲਮਾਨ, ਰਾਮਾਨੰਦ ਬ੍ਰਾਹਮਣ, ਸਧਨਾ ਕਸਾਈ, ਕਬੀਰ ਜੁਲਾਹਾ ਆਦਿ। ਗੁਰੂ ਗ੍ਰੰਥ ਸਾਹਿਬ ਦਰਜ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਨੂੰ ਸਮੁੱਚੇ ਤੌਰ ਤੇ 'ਗੁਰੂ' ਦਾ ਦਰਜਾ ਦਿੱਤਾ ਗਿਆ। ਅਜਿਹੀ ਮਿਸਾਲ ਦੁਨੀਆ ਦੇ ਕਿਸੇ ਹੋਰ ਧਰਮ ਗ੍ਰੰਥ ਵਿਚ ਵੇਖਣ ਨੂੰ ਨਹੀਂ ਮਿਲਦੀ। ਲਗਪਗ ਪੰਜ ਸਦੀਆਂ ਤੱਕ ਭਗਤਾਂ ਅਤੇ ਗੁਰੂਆਂ ਵੱਲੋਂ ਸਮੇਂ-ਸਮੇਂ ਤੇ ਦਿੱਤੇ ਗਏ ਪ੍ਰੇਮ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਇਸ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਵਿਚ ਦਸਵੰਧ ਦੀ ਪ੍ਰਥਾ ਆਰੰਭ ਕੀਤੀ। ਦਸਵੰਧ ਦੀ ਰਕਮ ਨਾਲ ਗੁਰੂ ਜੀ ਨੇ ਜਿੱਥੇ ਸਮਾਜ ਸੇਵਾ ਅਤੇ ਪਰਉਪਕਾਰ ਲਈ ਹਸਪਤਾਲ ਖੋਲ੍ਹੇ, ਧਰਮਸਲਾਵਾਂ ਬਣਵਾਈਆਂ, ਪਿੰਗਲਵਾੜੇ ਉਸਾਰੇ ਉਥੇ ਸਿੱਖਾਂ ਵਿਚ ਆਰੰਭ ਹੋਈ ਇਸ ਪਰੰਪਰਾ ਨਾਲ ਊਚ-ਨੀਚ ਦਾ ਭੇਦਭਾਵ ਖਤਮ ਕਰਨ ਵਿਚ ਸਹਾਇਤਾ ਮਿਲੀ।

ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਮਿਸ਼ਨ ਦੀ ਸਿਖਰ ਮੰਨਿਆ ਜਾਂਦਾ ਹੈ। ਜਾਤ-ਪਾਤ ਦੇ ਵਿਤਕਰੇ ਨੂੰ ਖਤਮ ਕਰਨ ਲਈ ਗੁਰੂ ਜੀ ਨੇ ਜੋ ਯੋਗਦਾਨ ਪਾਇਆ ਉਸਦੀ ਮਿਸਾਲ ਵੀ ਦੁਨੀਆ ਵਿਚ ਹੋਰ ਕਿਧਰੇ ਵੇਖਣ ਨੂੰ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਮੁੱਚੀ ਸਿੱਖ ਕੌਮ ਵਿਚੋਂ ਜਾਤ-ਪਾਤ ਅਤੇ ਭੇਦਭਾਵ ਦਾ ਵਿਤਕਰਾ ਮਿਟਾ ਦਿੱਤਾ। ਗੁਰੂ ਜੀ ਨੇ ਦਯਾ ਰਾਮ ਖੱਤਰੀ, ਧਰਮ ਦਾਸ ਜੱਟ, ਮੋਹਕਮ ਚੰਦ ਧੋਬੀ, ਹਿੰਮਤ ਸਿੰਘ ਜਗਨਨਾਥ ਪੁਰੀ ਦੇ ਰਸੋਈਏ ਅਤੇ ਸਾਹਿਬ ਚੰਦ ਨਾਈ ਨੂੰ ਖਾਲਸਾ ਪੰਥ ਵਿਚ ਸ਼ਾਮਲ ਕਰਕੇ ਮੁਖੀ ਸਿੱਖ ਥਾਪਿਆ, ਇਨ੍ਹਾਂ ਨੂੰ ਪੰਜ ਪਿਆਰੇ ਵੀ ਕਿਹਾ ਜਾਂਦਾ ਹੈ। ਗੁਰੂ ਜੀ ਨੇ ਇਨ੍ਹਾਂ ਨੂੰ ਇਕੋ

ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਸਭ ਤਰ੍ਹਾਂ ਦੀਆਂ ਕੁਰੀਤੀਆਂ ਅਤੇ ਵਹਿਮਾਂ ਭਰਮਾਂ ਨੂੰ ਖਤਮ ਕਰ ਦਿੱਤਾ ਅਤੇ ਫਿਰ ਆਪ ਇਨ੍ਹਾਂ ਪੰਜਾਂ ਤੋਂ ਅੰਮ੍ਰਿਤ ਛਕ ਕੇ ਗੁਰੂ ਚੇਲੇ ਦੀ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਭੇਦਭਾਵ ਪੂਰਨ ਪਰੰਪਰਾ ਦਾ ਖਾਤਮਾ ਕਰ ਦਿੱਤਾ। ਹਰ ਸਿੱਖ ਪੁਰਸ਼ ਅਤੇ ਇਸਤਰੀ ਦੀ ਪਛਾਣ ਨਾਮ ਦੇ ਪਿਛਲੇ ਹਿੱਸੇ ਤੋਂ ਹੋਣ ਲੱਗੀ ਜਿਵੇਂ 'ਰਵਿੰਦਰ' ਕਿਸੇ ਵੀ ਸਿੱਖ ਪੁਰਸ਼ ਜਾਂ ਇਸਤਰੀ ਦਾ ਨਾਮ ਹੋ ਸਕਦਾ ਹੈ ਪਰ ਇਸ ਨਾਮ ਦੇ ਪਿੱਛੇ ਲੱਗੇ 'ਸਿੰਘ' ਜਾਂ 'ਕੌਰ' ਤੋਂ ਪਤਾ ਲੱਗਦਾ ਹੈ ਕਿ ਸੰਬੋਧਨ ਕੀਤਾ ਵਿਅਕਤੀ ਪੁਰਸ਼ ਹੈ ਜਾਂ ਇਸਤਰੀ। 'ਸਿੰਘ' ਅਤੇ 'ਕੌਰ' ਪਦ ਵੀ ਖਾਲਸੇ ਦੀ ਸਾਜਨਾ ਸਮੇਂ ਗੁਰੂ ਸਾਹਿਬ ਦੁਆਰਾ ਨਿਰਧਾਰਤ ਮਰਯਾਦਾ ਵਿਚ ਦਿੱਤਾ ਗਿਆ। ਖਾਲਸੇ ਦੀ ਸਾਜਨਾ ਸਿੱਖ ਸਮਾਜ ਵਿਚੋਂ ਜਾਤ-ਪਾਤ ਅਤੇ ਊਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਦੀ ਸਿਖਰ ਸੀ। ਖਾਲਸੇ ਦੀ ਸਾਜ਼ਨਾ ਮਾਨਵਤਾ ਦੇ ਮਾਰਗ ਤੇ ਚੱਲਣ ਵਾਲੇ ਮਨੁੱਖਾਂ ਦਾ ਸਮੂਹ ਤਿਆਰ ਕਰਨ ਵੱਲ ਚੁੱਕਿਆ ਗਿਆ ਇਕ ਕਦਮ ਸੀ ਜੋ ਕਿ ਵੱਖ-ਵੱਖ ਜਾਤਾਂ, ਕੌਮਾਂ, ਨਸਲਾਂ, ਬੋਲੀਆਂ, ਖਿਤਿਆਂ ਆਦਿ ਦੇ ਲੋਕਾਂ ਨੂੰ ਗੁਰੂ ਆਸ਼ੇ ਅਨੁਸਾਰ ਇਕ ਸਮਾਨ ਸਮਝੇ, ਜਿਸ ਦਾ ਉਲੇਖ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਵਿਚ ਕਰਦੇ ਹੋਏ ਕਹਿੰਦੇ ਹਨ:

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸਾਫੀ,
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥[11]

ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ। ਇਸਨੇ ਸਿੱਖਾਂ ਦੀ ਇਕ ਨਿਯਮਤ ਜੀਵਨਜਾਚ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਲਈ ਪੰਥ ਦੇ ਉਘੇ ਵਿਦਵਾਨਾਂ ਦੀ ਰਾਇ ਨਾਲ 'ਸਿੱਖ ਰਹਿਤ ਮਰਯਾਦਾ' ਤਿਆਰ ਕਰਵਾਈ ਜਿਸ ਵਿਚ ਗੁਰਮਤਿ ਰਹਿਣੀ ਦਾ ਉਲੇਖ ਕਰਦੇ ਹੋਏ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਨੇ 'ਜਾਤਪਾਤ, ਛੂਤ-ਛਾਤ ਜੰਤ੍ਰ-ਮੰਤ੍ਰ-ਤ੍ਰੰਤ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।'[12]

ਇਸ ਤਰ੍ਹਾਂ ਗੁਰਮਤਿ ਸਿਧਾਂਤਾਂ ਵਿਚ ਜਾਤ-ਪਾਤ ਅਤੇ ਊਚ-ਨੀਚ ਨੂੰ ਕੋਈ ਸਥਾਨ ਨਹੀਂ ਹੈ ਅਤੇ ਜੋ ਵਿਅਕਤੀ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਨਹੀਂ ਕਰਦਾ ਉਸਨੂੰ ਸਿੱਖ ਨਹੀਂ ਕਿਹਾ ਜਾ ਸਕਦਾ।

ਇਸਤਰੀ ਦਾ ਸਥਾਨ : ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਭਾਰਤੀ ਸਮਾਜ ਵਿਚ ਇਸਤਰੀ ਨੂੰ ਕੋਈ ਬਹੁਤਾ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ। ਇਸਲਾਮ ਵਿਚ ਭਾਵੇਂ ਸਿਧਾਂਤਕ ਤੌਰ ਤੇ ਇਸਤਰੀ ਪੁਰਸ਼ ਬਰਾਬਰੀ ਦਾ ਸਿਧਾਂਤ ਪ੍ਰਚਲਿਤ ਹੈ ਪਰ ਵਿਹਾਰਕ ਤੌਰ ਤੇ ਮੁਸਲਮਾਨਾਂ ਨੇ ਜਿੱਥੇ ਆਪਣੀਆਂ ਇਸਤਰੀਆਂ ਨੂੰ ਪਰਦੇ ਵਿਚ ਰੱਖਿਆ ਹੋਇਆ ਸੀ ਉਥੇ ਨਾਲ ਹੀ ਉਹ ਦੂਜੇ ਧਰਮ ਦੀਆਂ ਇਸਤਰੀਆਂ ਨੂੰ ਅਸਤਿਕਾਰਪੂਰਨ ਢੰਗ ਨਾਲ ਪੇਸ਼ ਆਉਂਦੇ। ਮੁਸਲਮਾਨ ਹਮਲਾਵਰਾਂ ਨੇ ਜਿੱਥੇ ਇਸ ਦੇਸ ਦੇ ਧਨ ਮਾਲ ਨੂੰ ਲੁੱਟਿਆ ਉਥੇ ਨਾਲ ਹੀ ਉਹ ਇੱਥੋਂ ਜਬਰੀ ਚੁੱਕ ਕੇ ਲਿਜਾਈਆਂ

ਗਈਆਂ ਇਸਤਰੀਆਂ ਨੂੰ ਜਾਂ ਤਾਂ ਆਪਣੇ ਹਰਮ ਵਿਚ ਸਥਾਨ ਦੇ ਦਿੰਦੇ ਜਾਂ ਫਿਰ ਗਜ਼ਨੀ ਦੀਆਂ ਮੰਡੀਆਂ ਵਿਚ ਪਸ਼ੂਆਂ ਵਾਂਗ ਵੇਚ ਦਿੰਦੇ। ਡਾ. ਭਗਤ ਸਿੰਘ ਇਸਲਾਮ ਵਿਚ ਇਸਤਰੀ ਦੀ ਸਥਿਤੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਇਸਲਾਮ ਅਨੁਸਾਰ "ਜਿਹੜੀ ਇਸਤਰੀ ਬਿਨਾਂ ਪਰਦੇ ਦੇ ਇਧਰ ਉਧਰ ਘੁੰਮੇਗੀ ਉਹ ਦੋਜ਼ਖ ਨੂੰ ਜਾਏਗੀ। ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਨੇ ਇਕ ਵਾਰ ਦੋਜ਼ਖ ਦੀ ਝਾਕੀ ਦੇਖੀ ਤਾਂ ਨਜ਼ਰ ਆਇਆ ਕਿ ਉਥੇ ਵਧੇਰੇ ਕਰ ਕੇ ਔਰਤਾਂ ਹੀ ਸਨ।"[13]

ਹਿੰਦੂ ਸਮਾਜ ਵਿਚ ਇਸਤਰੀ ਦਾ ਸਥਾਨ : ਹਿੰਦੂ ਸਮਾਜ ਚਾਰ ਵਰਗਾਂ ਵਿਚ ਵੰਡਿਆ ਹੋਇਆ ਹੈ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਨ੍ਹਾਂ ਚਾਰਾਂ ਵਿਚ ਇਸਤਰੀ ਦਾ ਕੀ ਸਥਾਨ ਹੈ ਉਸ ਬਾਰੇ ਸਪਸ਼ਟ ਨਹੀਂ ਕੀਤਾ ਗਿਆ। ਇਸਦਾ ਭਾਵ ਇਹ ਹੈ ਕਿ ਜੋ ਵੀ ਇਸਤਰੀ ਜਿਸ ਵੀ ਵਰਗ ਨਾਲ ਸੰਬੰਧਿਤ ਹੋਵੇਗੀ ਉਸ ਵਰਗ ਦੇ ਪੁਰਸ਼ ਦੁਆਰਾ ਨਿਰਧਾਰਤ ਨਿਯਮਾਂ ਦਾ ਪਾਲਣ ਕਰੇਗੀ। ਹਰ ਵਰਗ ਦੇ ਪੁਰਸ਼ ਆਪਣੇ ਵਰਗ ਦੀ ਇਸਤਰੀ ਨੂੰ ਉਸੇ ਹਾਲਤ ਵਿਚ ਰੱਖਦੇ ਜਿਸ ਹਾਲਤ ਵਿਚ ਉਹ ਆਪਣੇ ਤੋਂ ਉੱਚ ਵਰਗ ਦੇ ਅਧੀਨ ਰਹਿ ਕੇ ਅਨੁਭਵ ਕਰਦੇ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੂ ਸਮਾਜ ਵਿਚ ਇਸਤਰੀ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਸੀ। ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਇਸਤਰੀ ਦੇ ਵੱਖ-ਵੱਖ ਸਮਾਜਿਕ ਪਹਿਲੂਆਂ ਤੇ ਨਜ਼ਰ ਮਾਰਨੀ ਬੇਲੋੜੀ ਨਹੀਂ ਹੋਵੇਗੀ।

(i) ਬਾਲ ਵਿਆਹ : ਹਿੰਦੂ ਸਮਾਜ ਵਿਚ ਬਾਲ ਵਿਆਹ ਦੀ ਪ੍ਰਥਾ ਆਮ ਪ੍ਰਚਲਿਤ ਸੀ। ਲਗਪਗ ਹਰ ਵਰਣ ਦੀ ਲੜਕੀ ਦਾ ਵਿਆਹ 10 ਸਾਲ ਤੋਂ ਪਹਿਲਾਂ ਹੋ ਜਾਂਦਾ ਸੀ। ਅਜਿਹੀ ਵਿਵਸਥਾ ਦਾ ਪ੍ਰਬੰਧ ਸ਼ਾਇਦ ਸਮਾਜ ਵਿਚ ਅਫਰਾ-ਤਫਰੀ ਫੈਲਣ ਅਤੇ ਸਮਾਜਿਕ ਜ਼ੁੰਮੇਵਾਰੀ ਤੋਂ ਛੇਤੀ ਵਿਹਲੇ ਹੋਣ ਲਈ ਕੀਤਾ ਗਿਆ ਸੀ। ਪਰ ਸਮਾਂ ਪਾ ਕੇ ਇਹ ਪ੍ਰਥਾ ਇੰਨੀ ਜ਼ਿਆਦਾ ਪ੍ਰਚਲਿਤ ਹੋ ਗਈ ਕਿ ਸਮਾਜ ਵਿਚੋਂ ਇਸ ਨੂੰ ਬਦਲਣਾ ਲਗਪਗ ਅਸੰਭਵ ਹੀ ਹੋ ਗਿਆ। ਮਨੂ ਸਿਮ੍ਰਿਤੀ ਵਿਚ ਦੱਸਿਆ ਗਿਆ ਹੈ ਕਿ "ਤੀਹ ਸਾਲ ਦੀ ਉਮਰ ਵਾਲਾ ਪਤੀ ਬਾਰ੍ਹਾਂ ਸਾਲ ਦੀ ਉਮਰ ਵਾਲੀ ਸੁੰਦਰ ਕੰਨਿਆ ਨਾਲ ਵਿਆਹ ਕਰੇ ਜਾਂ ਇਸਤੋਂ ਵੀ ਜਲਦੀ ਕਰਨ ਵਾਲਾ ਚੌਵੀ ਸਾਲ ਦੀ ਉਮਰ ਵਾਲਾ ਪਤੀ ਅੱਠ ਸਾਲ ਦੀ ਕੰਨਿਆ ਨਾਲ ਵਿਆਹ ਕਰੇ।"[14] ਅਜੋਕੇ ਸਮੇਂ ਵਿਚ ਵੀ ਗਰੀਬੀ ਅਤੇ ਅਨਪੜ੍ਹਤਾ ਕਾਰਨ ਬਾਲ ਵਿਆਹ ਦੀ ਪ੍ਰਥਾ ਲਗਾਤਾਰ ਚੱਲ ਰਹੀ ਹੈ। ਵੱਡੇ-ਵੱਡੇ ਅਮੀਰ ਸ਼ੇਖ ਅੱਜ ਵੀ ਭਾਰਤ ਵਿਚ ਛੋਟੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਾਉਂਦੇ ਅਖਬਾਰਾਂ ਵਿਚ ਆਮ ਵੇਖੇ ਜਾ ਸਕਦੇ ਹਨ।

(ii) ਬਹੁ-ਵਿਆਹ ਦੀ ਪ੍ਰਥਾ : ਮੁਸਲਮਾਨਾਂ ਵਾਂਗ ਹਿੰਦੂਆਂ ਵਿਚ ਵੀ ਬਹੁ-ਵਿਆਹ ਦੀ ਪ੍ਰਥਾ ਪ੍ਰਚਲਿਤ ਸੀ। ਕਿਸੇ ਔਰਤ ਦੇ ਘਰ ਜਦੋਂ ਕੋਈ ਬੱਚਾ ਨਹੀਂ ਸੀ ਜੰਮਦਾ ਜਾਂ ਜਿਸ ਘਰ ਵਿਚ ਕੁੜੀਆਂ ਹੀ ਜੰਮਦੀਆਂ ਹੋਣ ਉਸ ਹਾਲਤ ਵਿਚ ਵਿਅਕਤੀ ਦੂਜਾ ਵਿਆਹ ਕਰਵਾ ਸਕਦਾ ਸੀ। ਮਨੂ ਸਿਮ੍ਰਿਤੀ ਦੱਸਦੀ ਹੈ ਕਿ "ਸੰਤਾਨਹੀਨ ਇਸਤਰੀ ਦਾ ਅੱਠ ਸਾਲ ਤੱਕ, ਜਿਸ ਇਸਤਰੀ ਦੀ ਸੰਤਾਨ ਜਨਮ ਤੋਂ ਬਾਅਦ ਮਰ ਜਾਂਦੀ ਹੋਵੇ ਉਸਦਾ ਦਸ ਸਾਲ ਤੱਕ, ਸਿਰਫ ਲੜਕੀਆਂ ਨੂੰ ਹੀ ਜਨਮ ਦੇਣ ਵਾਲੀ ਔਰਤ ਦਾ

ਗਿਆਰਵੇਂ ਸਾਲ ਤੱਕ ਇੰਤਜਾਰ ਕਰਕੇ ਦੂਜਾ ਵਿਆਹ ਕਰਵਾ ਲੈਣਾ ਚਾਹੀਦਾ ਹੈ। ਕੌੜੇ ਵਚਨ ਬੋਲਣ ਵਾਲੀ ਇਸਤਰੀ ਨੂੰ ਛੱਡ ਕੇ ਦੂਜਾ ਵਿਆਹ ਕਰਵਾਇਆ ਜਾ ਸਕਦਾ ਹੈ।"[15] ਇਹ ਵਿਆਹ ਜਨ ਸਧਾਰਨ ਵਿਚ ਆਮ ਵੇਖੇ ਜਾਂਦੇ ਸਨ ਪਰ ਰਾਜੇ ਮਹਾਰਾਜੇ ਅਤੇ ਅਮੀਰ ਇਕ ਤੋਂ ਵਧੇਰੇ ਵਿਆਹ ਕਰਾਉਣ ਵਿਚ ਆਪਣੀ ਸ਼ਾਨ ਸਮਝਦੇ ਸਨ। ਰਾਜਪੂਤ ਰਾਜਿਆਂ ਦੀਆਂ ਕਈ-ਕਈ ਪਤਨੀਆਂ ਹੁੰਦੀਆਂ ਸਨ। ਮਹਾਂਭਾਰਤ ਅਤੇ ਹੋਰ ਗ੍ਰੰਥਾਂ ਤੋਂ ਤਾਂ ਇਕ ਪਤਨੀ ਦੇ ਬਹੁ-ਵਿਆਹਾਂ ਦੀ ਪ੍ਰਥਾ ਦਾ ਵੀ ਪਤਾ ਚੱਲਦਾ ਹੈ।

(iii) ਵਿਆਹ ਸੰਬੰਧੀ ਪਾਬੰਦੀਆਂ : ਹਿੰਦੂ ਧਰਮ ਵਿਚ ਵਿਆਹ ਅਤੇ ਪੁਨਰ ਵਿਆਹ ਦੀ ਪ੍ਰਥਾ ਪ੍ਰਚਲਿਤ ਸੀ। ਪਰ ਵਿਆਹ ਕਰਾਉਣ ਲਈ ਕੁਝ ਨਿਯਮਾਂ ਅਤੇ ਪਾਬੰਦੀਆਂ ਦਾ ਪਾਲਣ ਕਰਨਾ ਜ਼ਰੂਰੀ ਸੀ ਜਿਵੇਂ ਪਹਿਲਾ ਵਿਆਹ ਵਿਅਕਤੀ ਆਪਣੇ ਵਰਣ ਦੀ ਇਸਤਰੀ ਨਾਲ ਹੀ ਕਰਵਾਏ, ਦੂਜੇ ਵਿਆਹ ਲਈ ਆਪਣੇ ਤੋਂ ਨੀਵੀਂ ਜਾਤ ਦੀ ਇਸਤਰੀ ਨਾਲ ਵਿਆਹ ਦਾ ਵਿਧਾਨ ਵੀ ਪ੍ਰਚਲਿਤ ਹੈ। ਪਰ ਇਹ ਵਿਧਾਨ ਪਹਿਲੀਆਂ ਤਿੰਨ ਦਵਿਜ ਜਾਤਾਂ ਲਈ ਸੀ ਜਿਵੇਂ ਮਨੂ ਸਿਮ੍ਰਿਤੀ ਵਿਚ ਦੱਸਿਆ ਗਿਆ ਹੈ ਕਿ, "ਸ਼ੂਦਰ ਇਸਤਰੀ ਨਾਲ ਵਿਆਹ ਕਰਨ ਵਾਲੇ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਸੰਤਾਨ ਸਹਿਤ ਆਪਣੇ ਖਾਨਦਾਨ ਨੂੰ ਵੀ ਸ਼ੂਦਰ ਹੀ ਬਣਾ ਦਿੰਦੇ ਹਨ ਭਾਵ ਉਪਰੋਕਤ ਤਿੰਨਾਂ ਵਰਣਾਂ ਦੇ ਲੋਕਾਂ ਨੂੰ ਸ਼ੂਦਰ ਇਸਤਰੀ ਨਾਲ ਵਿਆਹ ਨਹੀਂ ਕਰਾਉਣਾ ਚਾਹੀਦਾ।"[16] ਇੱਥੇ ਇਹ ਵਰਨਨਯੋਗ ਹੈ ਕਿ ਪੁਰਸ਼ ਦਾ ਨਾਮ ਇਸਤਰੀ ਦੇ ਨਾਮ ਨਾਲ ਜੁੜਦਾ ਹੈ ਨਾ ਕਿ ਇਸਤਰੀ ਦਾ ਪੁਰਸ਼ ਨਾਲ। ਪਰ ਪਾਬੰਦੀਆਂ ਨਿਰਧਾਰਤ ਕਰਦੇ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਗਿਆ ਕਿ ਨੀਵੀਂ ਜਾਤ ਦੀ ਇਸਤਰੀ ਵਿਆਹ ਤੋਂ ਬਾਅਦ ਦਵਿਜ ਨੂੰ ਵੀ ਮਲੀਨ ਕਰ ਦਿੰਦੀ ਹੈ। ਇਸ ਪਿੱਛੇ ਭਾਵਨਾ ਕੇਵਲ ਜਾਤ-ਪਾਤ ਦਾ ਹਊਆ ਖੜਾ ਕਰਨ ਦੀ ਹੀ ਲੱਗਦੀ ਹੈ।

(iv) ਸਤੀ ਦੀ ਪ੍ਰਥਾ : ਆਪਣੇ ਪਤੀ ਦੀ ਚਿਤਾ ਨਾਲ ਸੜ ਕੇ ਮਰ ਜਾਣ ਨੂੰ ਸਤੀ ਕਿਹਾ ਜਾਂਦਾ ਹੈ। ਸਤੀ ਦੀ ਇਹ ਪ੍ਰਥਾ ਕਦੋਂ ਆਰੰਭ ਹੋਈ, ਇਸ ਬਾਰੇ ਤਾਂ ਭਰੋਸੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਇੰਨਾ ਜ਼ਰੂਰ ਹੈ ਕਿ ਇਸ ਦਾ ਆਰੰਭ ਰਾਜਪੂਤ ਜਾਂ ਉੱਚ ਹਿੰਦੂ ਘਰਾਣਿਆਂ ਤੋਂ ਹੋਇਆ ਹੋਵੇਗਾ। ਸਤੀ ਦੀਆਂ ਤਿੰਨ ਕਿਸਮਾਂ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ[17] :

1. ਪਹਿਲੀ, ਸਹਿਮਰਨ ਜਾਂ ਸਹਿਗਮਨ ਸੀ ਜੋ ਪਤੀ ਦੀ ਦੇਹ ਨਾਲ ਸੜ ਮਰਦੀ ਸੀ।
2. ਦੂਜੀ, ਅਨੁਮਰਨ ਜਾਂ ਅਨੁਗਮਨ ਦੀ ਸੀ ਜਿਸ ਅਨੁਸਾਰ ਪਰਦੇਸ ਵਿਚ ਮਰ ਗਏ ਪੁਰਸ਼ ਦੀ ਪਤਨੀ ਖ਼ਬਰ ਆਉਣ ਤੇ ਉਸ ਦੀ ਕਿਸੇ ਨਿਸ਼ਾਨੀ ਦੇ ਨਾਲ ਚਿਤਾ ਬਣਾ ਕੇ ਸੜ ਜਾਂਦੀ ਸੀ।
3. ਤੀਜੀ, ਮਾਂ ਸਤੀ ਸੀ ਜਿਸ ਅਨੁਸਾਰ ਮਾਂ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਨਾਲ ਸੜ ਮਰਦੀ ਸੀ।

(v) ਸੰਤਾਨ ਰਹਿਤ ਇਸਤਰੀਆਂ ਦੀ ਦਸ਼ਾ : ਸੰਤਾਨ ਪ੍ਰਾਪਤੀ ਨੂੰ ਸ਼ੁਭ ਸ਼ਗਨ

ਮੰਨਿਆ ਜਾਂਦਾ ਹੈ ਪਰ ਜਿਸ ਹਿੰਦੂ ਇਸਤਰੀ ਦੇ ਘਰ ਬੱਚਾ ਅਤੇ ਵਿਸ਼ੇਸ਼ ਤੌਰ ਤੇ ਪੁੱਤਰ ਪੈਦਾ ਨਾ ਹੁੰਦਾ ਉਸਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਇਸਤਰੀ ਦੀ ਸੰਤਾਨ ਪ੍ਰਾਪਤੀ ਲਈ ਹਿੰਦੂ ਸਮਾਜ ਵਿਚ ਨਿਯੋਗ ਦੀ ਪ੍ਰਥਾ ਪ੍ਰਚਲਿਤ ਸੀ ਜਿਸ ਰਾਹੀਂ ਔਰਤ ਆਪਣੇ ਪਤੀ ਤੋਂ ਛੁੱਟ ਕਿਸੇ ਹੋਰ ਪਰਿਵਾਰਕ ਵਿਅਕਤੀ ਨਾਲ ਸੰਬੰਧ ਸਥਾਪਤ ਕਰਕੇ ਸੰਤਾਨ ਦੀ ਪ੍ਰਾਪਤੀ ਕਰ ਸਕਦੀ ਸੀ। ਮਨੂ ਸਿਮ੍ਰਿਤੀ ਦੱਸਦੀ ਹੈ ਕਿ, "ਜੇ ਇਸਤਰੀ ਦੇ ਕੋਈ ਸੰਤਾਨ ਨਾ ਹੋਵੇ ਤਾਂ ਪਤੀ ਜਾਂ ਵੱਡਿਆਂ ਦੀ ਆਗਿਆ ਨਾਲ ਇਸਤਰੀ ਨੂੰ ਆਪਣੇ ਦਿਉਰ ਜਾਂ ਕਿਸੇ ਸਪਿੰਡ (ਸਕੇ ਸੰਬੰਧੀ) ਨਾਲ ਸੰਬੰਧ ਸਥਾਪਤ ਕਰਕੇ ਸੰਤਾਨ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।"[18] ਪਰ ਜੇਕਰ ਫਿਰ ਵੀ ਸੰਤਾਨ ਪੈਦਾ ਨਾ ਹੋਵੇ ਤਾਂ ਉਸ ਇਸਤਰੀ ਨੂੰ ਸਮਾਜ ਵਿਚ ਤ੍ਰਿਸਕਾਰ ਦੀ ਭਾਵਨਾ ਨਾਲ ਵੇਖਿਆ ਜਾਂਦਾ। ਇਸ ਦੀ ਤਾਜਾ ਉਦਾਹਰਣ ਕੁਝ ਸਮਾਂ ਪਹਿਲਾਂ ਵੇਖਣ ਨੂੰ ਮਿਲੀ ਜਿਸ ਦਾ ਜ਼ਿਕਰ ਕਰਦੇ ਹੋਏ ਐਸ. ਅਸ਼ੋਕ ਭੌਰਾ ਦੱਸਦੇ ਹਨ, "ਤਾਮਿਲਨਾਡੂ ਦੇ ਵੇਟਏਕਾਵਾ ਸਵਾਮੀ ਸੰਪਰਦਾਇ ਦੇ ਪੁਜਾਰੀ ਤੇਜਧਾਰ ਵਾਲੀਆਂ ਕਿੱਲਾਂ ਆਪਣੀਆਂ ਚੱਪਲਾਂ ਜਾਂ ਜੁੱਤੀਆਂ ਦੇ ਹੇਠਾਂ ਲਗਾ ਕੇ ਉਨ੍ਹਾਂ ਔਰਤਾਂ ਉੱਪਰ ਦੀ ਗੁਜਰਦੇ ਹਨ ਜਿਨ੍ਹਾਂ ਦੀ ਕੁੱਖੋਂ ਔਲਾਦ ਪੈਦਾ ਨਹੀਂ ਹੁੰਦੀ। ਤਾਮਿਲਨਾਡੂ ਦੇ ਕੋਇੰਬਟੂਰ ਦੇ ਨੇੜੇ ਪੂਚਿਊਰ ਦੇ ਮੰਦਰ ਸ੍ਰੀ ਮਹਾਂਲਕਸ਼ਮੀਪੁਰਮ ਦੇ ਇਕ ਸਮਾਰੋਹ ਵਿਚ ਇਕ ਮੂਰਤੀ ਜਲੂਸ ਕੱਢਿਆ ਗਿਆ ਤੇ ਇਸੇ ਜਲੂਸ ਦੌਰਾਨ ਬੇਔਲਾਦ ਜਾਂ ਕੁਦਰਤੀ ਕਰੋਪੀ ਨਾਲ ਜਿਨ੍ਹਾਂ ਔਰਤਾਂ ਦੀ ਕੁੱਖ ਸੁਲੱਖਣੀ ਨਹੀਂ ਹੋ ਸਕੀ, ਉਨ੍ਹਾਂ ਨੂੰ ਜਲੂਸ ਦੇ ਅੱਗੇ ਇਕ ਕਤਾਰ ਵਿਚ ਲਿਟਾ ਲਿਆ ਗਿਆ ਅਤੇ ਉਨ੍ਹਾਂ ਦੇ ਉੱਪਰ ਦੀ ਕਿੱਲਾਂ ਵਾਲੀਆਂ ਚੱਪਲਾਂ ਪਹਿਨ ਕੇ ਪੁਜਾਰੀ ਗੁਜਰੇ ਤਾਂ ਜੋ ਇਨ੍ਹਾਂ ਔਰਤਾਂ ਨੂੰ, ਔਲਾਦ ਦੀ ਗੰਝ ਪੂਰੀ ਨਾ ਕਰਕੇ ਦੇਣ ਬਦਲੇ, ਇਹ ਸਜਾ ਦਿੱਤੀ ਜਾ ਸਕੇ।"[19] ਸਮਾਜ ਵਿਚ ਅਜਿਹੇ ਦੁੱਖਾਂ ਕਾਰਨ ਹੀ ਇਸਤਰੀਆਂ ਦੀ ਹਾਲਤ ਏਨੀ ਤਰਸਯੋਗ ਬਣ ਗਈ ਕਿ ਜੰਮਦੀਆਂ ਲੜਕੀਆਂ ਤੋਂ ਹੀ ਨਿਜਾਤ ਪਾਉਣ ਦੇ ਢੰਗ ਤਰੀਕੇ ਲੱਭਣ ਲੱਗੇ। ਕਈ ਪਰਿਵਾਰਾਂ ਵਿਚ ਲੜਕੀ ਨੂੰ ਜੰਮਦੇ ਹੀ ਮਾਰ ਦੇਣ ਦਾ ਰਿਵਾਜ ਪ੍ਰਚਲਿਤ ਹੋ ਗਿਆ। ਅਜੋਕੇ ਯੁੱਗ ਵਿਚ ਵੀ ਪੁੱਤਰ ਪ੍ਰਾਪਤੀ ਲਈ ਆਧੁਨਿਕ ਤਰੀਕਿਆਂ ਨਾਲ ਲੜਕੀ ਨੂੰ ਮਾਂ ਦੇ ਪੇਟ ਵਿਚ ਹੀ ਮਾਰਨ ਦਾ ਰਿਵਾਜ ਜਿਹਾ ਪ੍ਰਚਲਿਤ ਹੋ ਗਿਆ ਹੈ। ਏਸੇ ਕਰਕੇ ਸਮਾਜ ਵਿਚ ਪੁਰਸ਼ਾਂ ਅਤੇ ਇਸਤਰੀਆਂ ਦੀ ਜਨਮ ਦਰ ਦੇ ਅਨੁਪਾਤ ਵਿਚ ਭਾਰੀ ਫਰਕ ਵੇਖਿਆ ਜਾ ਰਿਹਾ ਹੈ। ਸਿੱਖ ਗੁਰੂਆਂ ਦੀ ਕਰਮਭੂਮੀ ਦੇ ਮੁਖ ਧੁਰੇ ਪੰਜਾਬ ਵਿਚ ਵੀ, ਜਿੱਥੇ ਸਿੱਖਾਂ ਦੀ ਬਹੁਗਿਣਤੀ ਹੈ, 1000 ਪਿੱਛੇ ਲਗਪਗ 874 ਲੜਕੀਆਂ ਦੀ ਦਰ, ਨਵੀਂ ਜਨਗਣਨਾ ਦੇ ਆਧਾਰ ਤੇ ਸਾਹਮਣੇ ਆਈ ਹੈ ਜੋ ਕਿ ਅਗਲੀ ਪੀੜ੍ਹੀ ਲਈ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਵੱਲ ਸਪਸ਼ਟ ਸੰਕੇਤ ਕਰਦੀ ਹੈ।

ਹਿੰਦੂ ਸਮਾਜ ਵਿਚ ਇਸਤਰੀਆਂ ਦੀ ਹਾਲਤ ਦਾ ਜੋ ਜ਼ਿਕਰ ਕੀਤਾ ਗਿਆ ਹੈ ਸਿੱਖ ਗੁਰੂ ਸਾਹਿਬਾਨ ਨੇ ਉਸ ਨੂੰ ਨਕਾਰਿਆ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਵਿਚ ਜਾਤ-ਪਾਤ ਅਤੇ ਗੋਤ ਆਦਿ ਵਿਚਾਰਨ ਤੋਂ ਬਗੈਰ ਵਿਆਹ ਕਰਨ ਦੀ ਗੱਲ ਕਹੀ। ਬਾਲ ਵਿਆਹ ਨੂੰ ਨਕਾਰਦੇ ਹੋਏ ਸਿੱਖ ਮਰਯਾਦਾ ਵਿਚ ਸਪਸ਼ਟ ਕੀਤਾ ਗਿਆ ਹੈ ਕਿ "ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ। ਜਦ ਲੜਕੀ

ਸਰੀਰ, ਮਨ ਅਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।"[20] ਬਹੁ-ਵਿਆਹ ਦੀ ਪ੍ਰਥਾ ਨੂੰ ਨਕਾਰਦੇ ਹੋਏ ਜਿੱਥੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ 'ਏਕਾ ਨਾਰੀ ਜਤੀ ਹੋਇ' ਉਥੇ ਸਿੱਖ ਰਹਿਤ ਮਰਯਾਦਾ ਵਿਚ ਵੀ ਸਪਸ਼ਟ ਕੀਤਾ ਗਿਆ ਹੈ ਕਿ "ਆਮ ਹਾਲਤਾਂ ਵਿੱਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।"[21]

ਸਤੀ ਪ੍ਰਥਾ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਨੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਅਮਰਦਾਸ ਜੀ ਨੇ ਸਤੀ ਦੀ ਪਰਿਭਾਸ਼ਾ ਨੂੰ ਨਵੇਂ ਰੂਪ ਵਿਚ ਪੇਸ਼ ਕਰਦੇ ਹੋਏ ਕਿਹਾ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥
ਭੀ ਸੋ ਸਤੀਆ ਜਾਣੀਅਨ੍ਹਿ ਸੀਲ ਸੰਤੋਖਿ ਰਹੰਨ੍ਹਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨ੍ਹਿ।।[22]

ਸਤੀ ਦੀ ਪ੍ਰਥਾ ਨੂੰ ਖਤਮ ਕਰਨ ਦੇ ਨਾਲ ਹੀ ਸਿੱਖ ਧਰਮ ਵਿਚ ਵਿਧਵਾ ਵਿਆਹ ਉਤੇ ਵੀ ਜ਼ੋਰ ਦਿੱਤਾ ਗਿਆ ਹੈ। ਵਿਧਵਾ ਵਿਆਹ ਵਿਚ ਵੀ ਉਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ਜੋ ਕਿ ਆਮ ਸਧਾਰਨ ਹਾਲਤਾਂ ਵਿਚ ਅਨੰਦ ਕਾਰਜ ਦੀ ਰਸਮ ਸਮੇਂ ਮੰਨੀਆਂ ਜਾਂਦੀਆਂ ਹਨ। ਇਸਤਰੀ ਅਤੇ ਪੁਰਸ਼ ਦੋਵਾਂ ਨੂੰ ਹੀ ਪੁਨਰ ਵਿਆਹ ਦੀ ਖੁੱਲ੍ਹ ਹੈ ਪਰ ਧਿਆਨ ਇਸ ਗੱਲ ਦਾ ਰੱਖਿਆ ਜਾਣਾ ਚਾਹੀਦਾ ਹੈ ਕਿ ਸਿੱਖ ਰਹਿਤ ਮਰਯਾਦਾ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ।

ਜੰਮਣ ਅਤੇ ਮਰਣ ਨੂੰ ਪਰਮਾਤਮਾ ਦਾ ਹੁਕਮ ਮੰਨਿਆ ਗਿਆ ਹੈ ਅਤੇ ਘਰ ਵਿਚ ਸੰਤਾਨ ਪੈਦਾ ਨਾ ਹੋਣ ਕਾਰਨ, ਘਰ ਵਿਚ ਕੁੜੀਆਂ ਹੀ ਜੰਮਣ ਦੀ ਵਜਾ ਨਾਲ ਕੋਈ ਸਿੱਖ ਦੂਜਾ ਵਿਆਹ ਨਹੀਂ ਕਰਵਾ ਸਕਦਾ ਅਤੇ ਨਾ ਹੀ ਆਪਣੀ ਇਸਤਰੀ ਨੂੰ ਇਨ੍ਹਾਂ ਕਾਰਣਾਂ ਕਰਕੇ ਤੰਗ ਕਰ ਸਕਦਾ ਹੈ। ਜੀਵ ਦੀ ਉਤਪਤੀ ਅਤੇ ਵਿਨਾਸ਼ ਪਰਮਾਤਮਾ ਦੇ ਹੱਥ ਹੋਣ ਕਰਕੇ ਸੂਤਕ-ਪਾਤਕ ਆਦਿ ਦੇ ਭਰਮ ਤੋਂ ਮੁਕਤ ਰਹਿਣ ਲਈ ਕਿਹਾ ਗਿਆ ਹੈ। ਗੁਰਮਤਿ ਸਾਦਾ ਜੀਵਨ ਉਤੇ ਜ਼ੋਰ ਦਿੰਦੀ ਹੈ ਜਿਸ ਵਿਚ ਵੱਡਿਆਂ ਦਾ ਆਦਰ ਕਰਨ ਦੇ ਨਾਲ-ਨਾਲ ਛੋਟਿਆਂ ਨੂੰ ਪਿਆਰ ਕਰਨ ਦਾ ਸੁਨੇਹਾ ਦਿੰਦੀ ਹੈ। ਇਸ ਵਿਚ ਪਰਦੇ ਜਾਂ ਘੁੰਡ ਆਦਿ ਨੂੰ ਵੀ ਉਚਿਤ ਨਹੀਂ ਮੰਨਿਆ ਗਿਆ।

ਗ੍ਰਹਿਸਤੀ ਜੀਵਨ (Householders Life)

(i) ਹਿੰਦੂ ਧਰਮ : ਘਰ ਵਿਚ ਰਹਿੰਦੇ ਹੋਏ ਘਰ-ਪਰਿਵਾਰ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਾਲੇ ਨੂੰ ਗ੍ਰਹਿਸਤੀ ਕਿਹਾ ਜਾਂਦਾ ਹੈ। ਗ੍ਰਹਿਸਤੀ ਜੀਵਨ ਦੀਆਂ ਮੁਸ਼ਕਲਾਂ ਨੂੰ ਸਮਝਣਾ ਅਤੇ ਇਨ੍ਹਾਂ ਨੂੰ ਹੱਲ ਕਰਨਾ ਸੌਖਾ ਕੰਮ ਨਹੀਂ ਸਮਝਿਆ ਗਿਆ। ਇਸ ਕਰਕੇ ਬਹੁਤ ਸਾਰੇ ਜੋਗੀ, ਜਤੀ, ਤਪੀ, ਸੰਨਿਆਸੀ ਗ੍ਰਹਿਸਤ ਨੂੰ ਛੱਡ ਕੇ ਜੰਗਲਾਂ ਅਤੇ ਪਹਾੜਾਂ ਉਤੇ ਚਲੇ ਗਏ, ਹਿੰਦੂ ਧਰਮ ਵਿਚ ਤਾਂ ਵਿਅਕਤੀ ਦੀ ਉਮਰ 100 ਸਾਲ ਮਿਥ ਕੇ ਉਸਨੂੰ ਬ੍ਰਹਮਚਰਯ, ਗ੍ਰਹਿਸਤ, ਵਾਨਪ੍ਰਸਥ ਅਤੇ ਸੰਨਿਆਸ ਵਿਚ ਵੰਡਿਆ ਗਿਆ ਹੈ। ਹਿੰਦੂ ਧਰਮ ਦੀ ਇਸ ਵੰਡ ਪ੍ਰਣਾਲੀ ਨੂੰ 'ਆਸ਼ਰਮ ਧਰਮ' ਦਾ ਨਾਮ ਦਿੱਤਾ

ਗਿਆ ਹੈ ਜਿਸ ਦਾ ਭਾਵ ਹੈ ਕਿ ਚਾਰੇ ਵਰਗਾਂ ਦੇ ਵੱਖ-ਵੱਖ ਧਰਮ ਹਨ ਅਤੇ ਹਰ ਇਕ ਵਰਗ ਵਿਚ ਰਹਿਣ ਵਾਲੇ ਵਿਅਕਤੀ ਨੇ ਆਪਣੇ ਵਰਗ ਦੇ ਧਰਮ ਦਾ ਪਾਲਣ ਕਰਨਾ ਹੈ। ਆਸ਼ਰਮ ਧਰਮ ਵਿਚ ਗ੍ਰਹਿਸਤ ਨੂੰ ਕੇਵਲ 25 ਸਾਲ ਦਿੱਤੇ ਗਏ ਹਨ ਅਤੇ ਇਨ੍ਹਾਂ 25 ਸਾਲਾਂ ਵਿਚ ਹੀ ਵਿਅਕਤੀ ਨੇ ਆਪਣੇ ਦੁਨਿਆਵੀ ਕਾਰ ਵਿਹਾਰ ਸੰਪੂਰਨ ਕਰਕੇ ਪਹਿਲਾਂ ਜੰਗਲਾਂ ਵਿਚ ਜਾਣ ਦੀ ਤਿਆਰੀ ਕਰਨੀ ਹੈ ਫਿਰ ਸੰਨਿਆਸੀ ਜੀਵਨ ਧਾਰਨ ਕਰਨਾ ਹੈ।

(ii) **ਸ਼੍ਰਮਣਿਕ ਧਰਮ** : ਹਿੰਦੂ ਧਰਮ ਦੇ ਸਮਕਾਲੀ ਧਰਮਾਂ ਵਿਚ ਜੈਨ ਅਤੇ ਬੁੱਧ ਧਰਮ ਦਾ ਨਾਮ ਲਿਆ ਜਾਂਦਾ ਹੈ। ਇਨ੍ਹਾਂ ਦੋਵੇਂ ਧਰਮਾਂ ਨੇ ਭਾਵੇਂ ਹਿੰਦੂ ਧਰਮ ਦੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਆਪਣੇ ਨਵੇਂ ਨਿਯਮ ਅਤੇ ਉਦੇਸ਼ ਲੋਕਾਂ ਨੂੰ ਦਿੱਤੇ ਪਰ ਇਹ ਦੋਵੇਂ ਧਰਮ ਗ੍ਰਹਿਸਤ ਤੋਂ ਦੂਰ ਹੀ ਰਹੇ। ਇਨ੍ਹਾਂ ਦੋਵਾਂ ਧਰਮਾਂ ਵਿਚ ਭਿੱਖੂ ਜੀਵਨ ਪ੍ਰਧਾਨ ਹੋਣ ਕਰਕੇ ਇਨ੍ਹਾਂ ਨੂੰ ਸ਼੍ਰਮਣਿਕ ਪਰੰਪਰਾ ਦਾ ਨਾਮ ਦਿੱਤਾ ਗਿਆ। ਜੈਨ ਧਰਮ ਦੇ ਦਿਗੰਬਰ ਸਾਧੂਆਂ ਨੇ ਤਾਂ ਏਥੇ ਤੱਕ ਕਹਿ ਦਿੱਤਾ ਕਿ ਜੇਕਰ ਇਸਤਰੀ ਨੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਸਨੂੰ ਅਗਲੇ ਜਨਮ ਵਿਚ ਪੁਰਸ਼ ਦਾ ਜੀਵਨ ਧਾਰਨ ਕਰਨਾ ਪਵੇਗਾ। ਇਸਤਰੀ ਦੇ ਇਸ ਜੀਵਨ ਦੀ ਭਗਤੀ ਦਾ ਫਲ ਇਹੀ ਹੈ ਕਿ ਉਹ ਅਗਲੇ ਜਨਮ ਵਿਚ ਪੁਰਸ਼ ਰੂਪ ਵਿਚ ਜਨਮ ਲੈ ਸਕੇਗੀ। ਬੁੱਧ ਧਰਮ ਦੇ ਇਕ ਗ੍ਰੰਥ 'ਚੁਲਵੱਗ' ਵਿਚ ਦੱਸਿਆ ਗਿਆ ਹੈ ਕਿ, "ਬੁੱਧ ਨੇ ਆਨੰਦ ਦੀ ਇਸ ਮੰਗ ਉਤੇ ਕਿ ਇਸਤਰੀਆਂ ਨੂੰ ਭਿੱਖੂ ਬਣਾਇਆ ਜਾਵੇ, ਉੱਤਰ ਦਿੱਤਾ, ਆਨੰਦ ਜੇਕਰ ਮੇਰੀ ਸਿੱਖਿਆ ਅਨੁਸਾਰ ਔਰਤਾਂ ਗ੍ਰਹਿਸਤ ਛੱਡ ਕੇ ਭਿੱਖੂ ਨਾ ਬਣਦੀਆਂ ਤਾਂ ਹਜ਼ਾਰਾਂ ਵਰ੍ਹਿਆਂ ਤੱਕ ਸਤ-ਧਰਮ ਕਾਇਮ ਰਹਿੰਦਾ, ਪਰ ਹੁਣ ਕਿਉਂਕਿ ਔਰਤਾਂ ਗ੍ਰਹਿਸਤ ਛੱਡ ਕੇ ਭਿੱਖੂ ਬਣ ਗਈਆਂ ਹਨ, ਇਹ ਧਰਮ ਕੇਵਲ ਪੰਜ ਸੌ ਵਰਿਆਂ ਤੱਕ ਕਾਇਮ ਰਹੇਗਾ।"[23]

(iii) **ਜੋਗ ਮੱਤ** : ਹਿੰਦੂ ਧਰਮ ਵਿਚ ਜੋਗੀਆਂ ਦਾ ਵੱਖਰਾ ਅਤੇ ਮਹੱਤਵਪੂਰਨ ਸਥਾਨ ਹੈ। ਜੋਗ ਮੱਤ ਗ੍ਰਹਿਣ ਕਰਨ ਲਈ ਕਿਸੇ ਵਿਸ਼ੇਸ਼ ਉਮਰ ਜਾਂ ਦਰਜ਼ੇ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮਨੁੱਖ ਜੀਵਨ ਦੇ ਜਿਸ ਹਿੱਸੇ ਵਿਚ ਚਾਹਵੇ ਜੋਗ ਮੱਤ ਧਾਰਨ ਕਰ ਸਕਦਾ ਸੀ। ਪਰ ਆਮ ਤੌਰ ਤੇ ਬਚਪਨ ਤੋਂ ਹੀ ਵਿਅਕਤੀ ਨੂੰ ਜੋਗ ਮੱਤ ਵਿਚ ਸ਼ਾਮਲ ਕਰਨ ਦਾ ਰਿਵਾਜ ਸੀ ਤਾਂ ਕਿ ਸ਼ੁਰੂ ਤੋਂ ਹੀ ਵਿਅਕਤੀ ਨੂੰ ਜੋਗ ਵਿਚ ਦ੍ਰਿੜ ਅਤੇ ਕਠੋਰ ਤਪ ਸਾਧਨਾ ਦਾ ਅਭਿਆਸੀ ਬਣਾਇਆ ਜਾਵੇ। ਜੋਗ ਮੱਤ ਦੀ ਸਿੱਖਿਆ ਇਕਾਂਤ ਵਿਚ ਦਿੱਤੀ ਜਾਂਦੀ ਅਤੇ ਇਸ ਦੀ ਸਾਧਨਾ ਲਈ ਲਗਾਤਾਰ ਕਠੋਰ ਯਤਨ ਕੀਤੇ ਜਾਂਦੇ। ਜੋਗੀ ਗ੍ਰਹਿਸਤ ਧਰਮ ਵਿਚ ਯਕੀਨ ਨਹੀਂ ਸਨ ਰੱਖਦੇ ਅਤੇ ਨਾ ਹੀ ਗ੍ਰਹਿਸਤੀਆਂ ਨੂੰ ਆਪਣੇ ਡੇਰੇ ਵਿਚ ਕੋਈ ਸਥਾਨ ਦਿੰਦੇ। ਜੋਗੀਆਂ ਦੀ ਜੋਗ ਧਾਰਨ ਕਰਨ ਵਾਲੇ ਲਈ ਪਹਿਲੀ ਸ਼ਰਤ ਇਹੀ ਹੁੰਦੀ ਕਿ ਹੁਣ ਜੋਗ ਧਾਰਨ ਕਰਨ ਤੋਂ ਬਾਅਦ ਉਹ ਗ੍ਰਹਿਸਤੀਆਂ ਅਤੇ ਗ੍ਰਹਿਸਤ ਧਰਮ ਦੇ ਕਿਸੇ ਵੀ ਨਿਯਮ ਨਾਲ ਸੰਬੰਧ ਨਹੀਂ ਰੱਖੇਗਾ। ਜੋਗੀ ਇਸਤਰੀ ਨੂੰ ਜੋਗ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਸਮਝਦੇ ਸਨ। ਇਸ ਕਰਕੇ ਉਹ ਇਸਤਰੀ ਦੇ ਨੇੜੇ ਜਾਣਾ ਵੀ ਪਸੰਦ ਨਹੀਂ ਸਨ ਕਰਦੇ। ਗੋਰਖਨਾਥ ਕਹਿੰਦਾ ਹੈ ਕਿ ਜੋਗੀ ਅਤੇ ਇਸਤਰੀ ਦਾ ਕੋਈ ਮੇਲ ਨਹੀਂ। ਇਸਤਰੀ ਦੇ ਜੋਗੀ ਕੋਲ ਆਉਣ

ਨਾਲ ਬਦਨਾਮੀ ਮਿਲਦੀ ਹੈ ਜਿਵੇਂ ਕਾਲੀ ਹਾਂਡੀ ਹੱਥ ਵਿਚ ਹੋਣ ਨਾਲ ਕਦੇ ਨਾ ਕਦੇ ਕਾਲਖ ਜ਼ਰੂਰ ਲੱਗ ਜਾਂਦੀ ਹੈ:

ਕਦੇ ਨ ਸੋਭੈ ਸੁੰਦਰੀ ਸਨਕਾਦਿਕ ਕੇ ਸਾਥ।
ਜਬ ਤਬ ਕਲੰਕ ਲਗਾਇਸੀ ਕਾਲੀ ਹਾਂਡੀ ਹਾਥਿ।[24]

(iv) ਸਿੱਖ ਧਰਮ : ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪ੍ਰਵਾਨ ਕਰਦੇ ਹੋਏ ਇਸ ਮਾਰਗ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਇਹ ਮੰਨਦੇ ਹਨ ਕਿ ਪਰਮਾਤਮਾ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ, ਉਸ ਦਾ ਕੋਈ ਸ਼ਰੀਕ ਨਹੀਂ, ਉਹ ਅਨਾਥ ਹੈ। ਪਰ ਇਸ ਸਭ ਦੇ ਬਾਵਜੂਦ ਵੀ ਉਹ ਸ੍ਰਿਸ਼ਟੀ ਨੂੰ ਪੈਦਾ ਕਰਕੇ ਇਸਦਾ ਕਾਰ-ਵਿਹਾਰ ਚਲਾ ਰਿਹਾ ਹੈ, ਇਸ ਕਰਕੇ ਉਹੀ ਦੁਨੀਆ ਦਾ ਪਹਿਲਾ ਅਤੇ ਸਭ ਤੋਂ ਵੱਡਾ ਗ੍ਰਹਿਸਤੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ
ਜੋਗਨ ਮਹਿ ਜੋਗੀ।[25]

ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪਰਮ ਉਦੇਸ਼ ਦੀ ਪ੍ਰਾਪਤੀ ਲਈ ਰੁਕਾਵਟ ਨਹੀਂ ਮੰਨਿਆ ਗਿਆ। ਭਾਈ ਗੁਰਦਾਸ ਜੀ 'ਘਰਬਾਰੀ ਜੀਵਨ ਮੁਕਤਿ'[26] ਦੀ ਗੱਲ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਵਿਚ ਗ੍ਰਹਿਸਤੀ ਜੀਵਨ ਤਿਆਗ ਕੇ ਜੰਗਲਾਂ ਵਿਚ ਆ ਜਾਣ ਤੇ ਜੋਗੀਆਂ ਨੂੰ ਗੁਰੂ ਜੀ ਦੁਆਰਾ ਫਿਟਕਾਰ ਪਾਉਣ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ :

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਹੁ ਕੇ ਘਰਿ ਮੰਗਣਿ ਜਾਈ।[27]

ਗ੍ਰਹਿਸਤ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਉਤੇ ਚਲੇ ਜਾਣ ਦਾ ਉਦੇਸ਼ ਇਹ ਸੀ ਕਿ ਗ੍ਰਹਿਸਤ ਅਤੇ ਵਿਸ਼ੇਸ਼ ਤੌਰ ਤੇ ਇਸਤਰੀ ਤੋਂ ਦੂਰ ਰਹਿ ਕੇ ਕਾਮ ਇੱਛਾਵਾਂ ਤੇ ਕਾਬੂ ਪਾਇਆ ਜਾਵੇ। ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ ਨੂੰ ਕਾਬੂ ਕੀਤੇ ਬਗੈਰ ਸਿਰਫ ਦਿਖਾਵੇ ਦਾ ਸੰਨਿਆਸ ਧਾਰਨ ਕੀਤਿਆਂ ਕਾਮ ਵਾਸ਼ਨਾਵਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ :

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।[28]

ਗੁਰੂ ਸਾਹਿਬਾਨ ਕਹਿੰਦੇ ਹਨ ਕਿ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਨਾ ਤਾਂ ਸੰਸਾਰ ਤਿਆਗਣ ਦੀ ਲੋੜ ਹੈ ਅਤੇ ਨਾ ਹੀ ਗ੍ਰਹਿਸਤ ਧਰਮ ਤੋਂ ਦੂਰ ਭੱਜ ਕੇ ਇਸਤਰੀ ਦੀ ਨਿੰਦਾ ਕਰਨੀ ਚਾਹੀਦੀ ਹੈ। ਜਿਹੜੇ ਜੋਗੀ, ਜਪੀ, ਤਪੀ, ਸੰਨਿਆਸੀ ਇਸਤਰੀ ਦਾ ਵਿਰੋਧ ਕਰਕੇ ਸੰਸਾਰ ਤਿਆਗ ਗਏ ਉਨ੍ਹਾਂ ਨੂੰ ਇਸ ਗੱਲ ਉਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦਾ ਜਨਮ ਵੀ ਇਸਤਰੀ ਤੋਂ ਹੀ ਹੋਇਆ ਹੈ। ਗ੍ਰਹਿਸਤ ਵਿਚ ਰਹਿੰਦੇ ਹੋਏ ਅਤੇ ਸੰਸਾਰਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਜੀਵਨ ਉਦੇਸ਼ ਦੀ ਪ੍ਰਾਪਤੀ ਦਾ ਮਾਰਗ ਗੁਰੂ ਸਾਹਿਬਾਨ ਨੇ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਨੂੰ ਜੋਗੀਆਂ ਦੁਆਰਾ ਸੰਸਾਰ ਸਾਗਰ ਪਾਰ ਕਰਨ ਦਾ ਮਾਰਗ ਪੁੱਛਣ ਤੇ ਗੁਰੂ ਜੀ ਜੁਆਬ ਦਿੰਦੇ ਹੋਏ ਕਹਿੰਦੇ ਹਨ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।[29]

ਗੁਰੂ ਨਾਨਕ ਦੇਵ ਜੀ ਪਰਮ ਉਦੇਸ਼ ਦੀ ਪ੍ਰਾਪਤੀ ਲਈ ਗ੍ਰਹਿਸਤ ਵਿਚ ਰਹਿੰਦੇ ਹੋਏ ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਜੋਗ ਦਾ ਅਸਲ ਮਾਰਗ ਦੱਸਦੇ ਹਨ –

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।[30]

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਜਾਤ-ਪਾਤ ਅਤੇ ਊਚ-ਨੀਚ ਦਾ ਕੋਈ ਭੇਦਭਾਵ ਨਹੀਂ ਅਤੇ ਨਾ ਹੀ ਇਸਤਰੀ ਨੂੰ ਸਮਾਜ ਵਿਚ ਦੁਰਕਾਰਿਆ ਅਤੇ ਤ੍ਰਿਸਕਾਰਿਆ ਗਿਆ ਹੈ। ਸਮਾਜ ਦੀ ਉਨਤੀ ਅਤੇ ਤਰੱਕੀ ਸਮੂਹ ਵਰਗਾਂ ਦੇ ਯੋਗਦਾਨ ਅਤੇ ਸਹਿਯੋਗ ਨਾਲ ਸੰਭਵ ਹੈ, ਇਸੇ ਗੱਲ ਉਤੇ ਸਿੱਖ ਧਰਮ ਨੇ ਸਭ ਤੋਂ ਵਧੇਰੇ ਜ਼ੋਰ ਦਿੱਤਾ ਹੈ। ਆਧੁਨਿਕ ਲੋਕਤੰਤਰ ਵਿਚ ਸਮਾਜ ਦੇ ਸਮੂਹ ਵਰਗਾਂ ਨੂੰ ਬਰਾਬਰ ਦਾ ਸਥਾਨ ਦੇਣ ਅਤੇ ਉਨ੍ਹਾਂ ਦੀ ਵਿਕਾਸ ਵਿਚ ਸ਼ਮੂਲੀਅਤ ਦੀ ਗੱਲ ਕੀਤੀ ਜਾਂਦੀ ਹੈ। ਸਿੱਖ ਨੈਤਿਕਤਾ ਲੋਕਤੰਤਰ ਦੀ ਇਸ ਭਾਵਨਾ ਨੂੰ ਮਜ਼ਬੂਤ ਕਰਨ ਅਤੇ ਅੱਗੇ ਲਿਜਾਣ ਵਿਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਅੱਜ ਲੋੜ ਹੈ ਗੁਰਮਤਿ ਦੇ ਇਨ੍ਹਾਂ ਲੋਕਤੰਤਰਵਾਦੀ ਨੈਤਿਕ ਸਿਧਾਤਾਂ ਨੂੰ ਘਰ-ਘਰ ਪਹੁੰਚਾ ਕੇ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਅਸਲ ਭਾਵਨਾ ਤੋਂ ਜਾਣੂ ਹੋ ਕੇ ਸਮਾਜ ਨੂੰ ਉਸਾਰੂ ਦਿਸ਼ਾ ਵੱਲ ਲਿਜਾਇਆ ਜਾ ਸਕਦਾ ਹੈ।

ਹਵਾਲੇ

1. ਜੈ ਚੰਦਰ ਵਿਦਿਆਲੰਕਾਰ, *ਭਾਰਤੀ ਸਭਿਆਚਾਰ ਦੀ ਰੂਪ ਰੇਖਾ*, ਪੰਨੇ 52, 62.
2. *ਮਨੂ ਸਿਮ੍ਰਿਤੀ*, ਅਧਿਆਇ 1.31.
3. ਉਹੀ, ਅਧਿਆਇ 1.88-91.
4. Radhakrishnan, *The Hindu View of Life*, p. 99.
5. ਗੁਰੂ ਗ੍ਰੰਥ ਸਾਹਿਬ, ਪੰਨਾ 13.
6. ਉਹੀ, ਪੰਨਾ 324.
7. ਉਹੀ, ਪੰਨਾ 324.
8. *ਮਨੂ ਸਿਮ੍ਰਿਤੀ*, ਅਧਿਆਇ 4.81.
9. ਗੁਰੂ ਗ੍ਰੰਥ ਸਾਹਿਬ, ਪੰਨਾ 747-48.
10. ਉਹੀ, ਪੰਨਾ 861.
11. *ਦਸਮ ਗ੍ਰੰਥ*, ਅਕਾਲ ਉਸਤਤਿ 85.
12. *ਸਿੱਖ ਰਹਿਤ ਮਰਯਾਦਾ*, ਪੰਨਾ 20.
13. ਡਾ. ਭਗਤ ਸਿੰਘ, *ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ*, ਪੰਨਾ 74.
14. *ਮਨੂ ਸਿਮ੍ਰਿਤੀ*, ਅਧਿਆਇ 9.94.
15. ਉਹੀ, ਅਧਿਆਇ 9.81.
16. ਉਹੀ, ਅਧਿਆਇ 3.15.
17. ਡਾ. ਭਗਤ ਸਿੰਘ, *ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ*, ਪੰਨਾ 80.
18. *ਮਨੂ ਸਿਮ੍ਰਿਤੀ*, ਅਧਿਆਇ 9.59.

19. ਰੋਜ਼ਾਨਾ ਅਜੀਤ, 30.8.2001.
20. *ਸਿੱਖ ਰਹਿਤ ਮਰਯਾਦਾ*, ਪੰਨਾ 22.
21. ਉਹੀ, ਪੰਨਾ 24.
22. ਗੁਰੂ ਗ੍ਰੰਥ ਸਾਹਿਬ, ਪੰਨਾ 787.
23. ਭਿੱਖੂ ਜੇ. ਕਸ਼ਯਪ (ਸੰਪਾ.), *ਚੁਲਵੱਗ*, ਭਿੱਖੁਨੀ ਖੰਧਕ, xxiv.
24. ਪੀਤਾਂਬਰ ਦੱਤ ਬੜਥਵਾਲ, *ਗੋਰਖਬਾਣੀ*, ਸਬਦੀ 250.
25. ਗੁਰੂ ਗ੍ਰੰਥ ਸਾਹਿਬ, ਪੰਨਾ 507.
26. *ਵਾਰਾਂ ਭਾਈ ਗੁਰਦਾਸ*, ਵਾਰ 6.18.
27. ਉਹੀ, ਵਾਰ 1.40.
28. ਗੁਰੂ ਗ੍ਰੰਥ ਸਾਹਿਬ, ਪੰਨਾ 1013.
29. ਉਹੀ, ਪੰਨਾ 938.
30. ਉਹੀ, ਪੰਨਾ 730.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਵਰਤਮਾਨ ਪਰਿਪੇਖ

ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦਾ ਸਰਵੋਤਮ ਧਰਮ ਗ੍ਰੰਥ ਹੈ ਜਿਸ ਦੀ ਰੌਸ਼ਨੀ ਵਿਚ ਸਿੱਖ ਜੀਵਨਜਾਚ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਨਾਲ ਹੀ ਇਸ ਦੀ ਅਗਵਾਈ ਵਿਚ ਸਿੱਖ ਮਸਲਿਆਂ ਦਾ ਹੱਲ ਲੱਭਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਜਾਤਾਂ, ਕੌਮਾਂ, ਨਸਲਾਂ, ਭੂਗੋਲਿਕ ਖਿਤਿਆਂ ਨਾਲ ਸੰਬੰਧਿਤ ਭਗਤਾਂ ਅਤੇ ਭੱਟਾਂ ਦੀ ਵੀ ਬਾਣੀ ਦਰਜ ਹੈ, ਇਸ ਕਰਕੇ ਮਾਨਵਤਾਵਾਦ ਦਾ ਗ੍ਰੰਥ ਹੋਣ ਕਰਕੇ ਇਸ ਵਿਚ ਸਮੁੱਚੀ ਲੋਕਾਈ ਦਾ ਮਾਰਗ ਦਰਸ਼ਨ ਕਰਨ ਵਾਲੀਆਂ ਸੰਭਾਵਨਾਵਾਂ ਸਪਸ਼ਟ ਉਜਾਗਰ ਹੁੰਦੀਆਂ ਹਨ, ਇੱਥੇ ਉਨ੍ਹਾਂ ਵਿਚੋਂ ਕੁਝ ਇਕ ਦੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1. **ਧਾਰਮਿਕ ਏਕਤਾ** : ਸਮਾਜ ਵਿਚ ਵੱਖ-ਵੱਖ ਵਿਅਕਤੀ ਆਪੋ ਆਪਣੇ ਇਸ਼ਟ ਦੁਆਰਾ ਦਰਸਾਏ ਮਾਰਗ ਤੇ ਚੱਲਣ ਦਾ ਯਤਨ ਕਰਦੇ ਹਨ ਅਤੇ ਹਰ ਧਰਮ ਦੇ ਪਾਂਧੀ ਨੂੰ ਆਪਣੇ ਇਸ਼ਟ ਦੇ ਮਾਰਗ ਦਰਸ਼ਨ ਵਿਚ ਹੀ ਸੱਚ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਕਰਨ ਨਾਲ ਕਈ ਵਾਰੀ ਵਖਰੇਵੇਂ ਵੀ ਪੈਦਾ ਹੋ ਜਾਂਦੇ ਹਨ ਜੋ ਕਿ ਸਮਾਜਿਕ ਏਕਤਾ ਲਈ ਖਤਰੇ ਦਾ ਕਾਰਨ ਬਣਦੇ ਹਨ। ਗੁਰਬਾਣੀ ਮਨੁੱਖ ਦੇ ਮਨ ਵਿਚੋਂ ਵਖਰੇਵੇਂ ਦੂਰ ਕਰਨ ਦੀ ਸੇਧ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਧਰਮ ਤਾਂ ਕੇਵਲ ਇਕ ਹੀ ਹੈ ਅਤੇ ਜੋ ਵਿਅਕਤੀ ਉਸ ਸੱਚਾਈ ਤੇ ਚੱਲਦਾ ਹੈ, ਉਹੀ ਧਰਮੀ ਹੈ। ਗੁਰੂ ਦੇ ਦੱਸੇ ਹੋਏ ਰਾਹ ਤੇ ਚੱਲ ਕੇ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਇਕ ਜੁਗ ਵਿਚ ਪ੍ਰਭੂ ਇਕੋ ਜਿਹਾ ਰਹਿੰਦਾ ਹੈ ਅਤੇ ਉਸ ਵਿਚ ਕਿਸੇ ਕਿਸਮ ਦਾ ਬਦਲਾਉ ਨਹੀਂ ਆਉਂਦਾ :

ਏਕੋ ਧਰਮੁ ਦ੍ਰਿੜੈ ਸਚੁ ਕੋਈ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥[1]

ਹਿੰਦੂ ਸਮਾਜ ਵਿਚ ਵੱਖ-ਵੱਖ ਵਰਗਾਂ ਨੇ ਵੱਖ-ਵੱਖ ਮਾਰਗ ਦਰਸਾਏ ਹਨ ਜਿਵੇਂ ਜੋਗੀ ਗਿਆਨ ਦੇ ਮਾਰਗ ਤੇ ਜ਼ੋਰ ਦਿੰਦੇ ਹਨ, ਬ੍ਰਾਹਮਣ ਵੇਦਾਂ ਦਾ ਮਾਰਗ ਦਰਸਾਉਂਦੇ ਹਨ, ਖੱਤਰੀ ਸੂਰਮਤਾਈ ਦੇ ਮਾਰਗ ਤੇ ਚੱਲਦੇ ਹਨ ਅਤੇ ਸਮਾਜ ਵਿਚ ਨੀਚ ਸਮਝੇ ਜਾਂਦੇ ਸ਼ੂਦਰਾਂ ਲਈ ਪਰਾਈ ਸੇਵਾ ਰਾਹੀਂ ਕਿਰਤ ਦਾ ਮਾਰਗ ਨਿਸ਼ਚਿਤ ਕੀਤਾ ਹੋਇਆ ਹੈ। ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਇਨ੍ਹਾਂ ਵੱਖ-ਵੱਖ ਮਾਰਗਾਂ ਰਾਹੀਂ ਸਮਾਜ ਵਿਚ ਏਕਤਾ ਕਾਇਮ ਨਹੀਂ ਰਹਿ ਸਕਦੀ। ਪਰ ਜੇ ਕਿਸੇ ਮਨੁੱਖ ਨੂੰ ਇਨ੍ਹਾਂ ਵੱਖ-ਵੱਖ ਮਾਰਗਾਂ ਦੀ ਸੋਝੀ ਹੋ ਜਾਵੇ ਤਾਂ ਇਹ ਸਭ ਵੱਖ-ਵੱਖ ਮਾਰਗ ਉਸੇ ਵਿਅਕਤੀ ਰਾਹੀਂ ਵੀ ਪ੍ਰਗਟ ਹੋ ਸਕਦੇ ਹਨ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥[2]

ਗੁਰੂ ਅਰਜਨ ਦੇਵ ਜੀ ਦੁਨੀਆ ਦੇ ਸਮੂਹ ਧਰਮਾਂ ਦੀਆਂ ਪਰਿਭਾਸ਼ਾਵਾਂ ਦਾ ਨਿਚੋੜ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ ਹੀ ਸਰਵੋਤਮ ਧਰਮ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥[3]

ਗੁਰੂ ਸਾਹਿਬਾਨ ਨੇ ਧਰਮ ਦੀ ਏਕਤਾ ਦਾ ਸਿਧਾਂਤ ਪ੍ਰਗਟ ਕਰਦੇ ਹੋਏ ਸਪਸ਼ਟ ਕੀਤਾ ਕਿ ਸੱਚ ਹਰ ਧਰਮ ਦਾ ਆਧਾਰ ਹੈ ਅਤੇ ਪ੍ਰਭੂ ਦੇ ਸੱਚੇ ਨਾਮ ਦੇ ਆਸਰੇ ਹੀ ਇਸ ਦੁਨਿਆਵੀ ਭਵਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਹਰ ਧਰਮ ਦੇ ਵਿਅਕਤੀ ਨੂੰ ਆਪੋ-ਆਪਣੇ ਧਰਮ ਵਿਚ ਪੱਕੇ ਰਹਿਣ ਅਤੇ ਦੂਜਿਆਂ ਦਾ ਸਤਿਕਾਰ ਕਰਨ ਦਾ ਮਾਰਗ ਦਰਸਾਇਆ। ਇਸੇ ਕਰਕੇ ਜਦੋਂ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਉਤੇ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਨੂੰ ਨਾ ਤਾਂ ਮੁਸਲਮਾਨਾਂ ਨਾਲ ਨਮਾਜ਼ ਪੜ੍ਹਨ ਵਿਚ ਇਤਰਾਜ਼ ਹੈ ਅਤੇ ਨਾ ਹੀ ਹਿੰਦੂਆਂ ਨਾਲ ਜਗਨਨਾਥ ਪੁਰੀ ਵਿਖੇ ਆਰਤੀ ਸਮੇਂ ਹਾਜ਼ਰ ਹੋਣ ਵਿਚ ਕੋਈ ਸ਼ੰਕਾ ਨਜ਼ਰ ਆਉਂਦੀ ਹੈ, ਪਰ ਗੁਰੂ ਸਾਹਿਬ ਅਜਿਹਾ ਕੁਝ ਕਰਨ ਲਈ ਸੱਚ ਦੇ ਮਾਰਗ ਦੀ ਗੱਲ ਦ੍ਰਿੜਾਉਂਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਜਿਹੇ ਸੱਚਾਈ ਰੂਪੀ ਧਰਮ ਦੀ ਰੂਪ ਰੇਖਾ ਵਾਲੇ ਮਾਰਗ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਅਤੇ ਜੋ ਚੱਲਦਾ ਹੈ ਉਹ ਸ੍ਰੇਸ਼ਟ ਹੈ :

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥[4]

2. **ਧਾਰਮਿਕ ਸਹਿਨਸ਼ੀਲਤਾ** : ਅਜੋਕੇ ਸਮਾਜ ਦੇ ਵਿਕਾਸ ਨਾਲ ਹਰ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਜਿੱਥੇ ਵਾਧਾ ਹੋਇਆ ਹੈ ਉਥੇ ਨਾਲ ਹੀ ਇਕ ਧਰਮ ਦੇ ਵਿਅਕਤੀ ਦੂਜੇ ਧਰਮ ਦੇ ਵਿਅਕਤੀ ਦੇ ਵੀ ਨੇੜੇ ਆਏ ਹਨ। ਦੋ ਧਰਮਾਂ ਦੇ ਵਿਅਕਤੀਆਂ ਦੀ ਨੇੜਤਾ ਨੇ ਇਕ ਦੂਜੇ ਪ੍ਰਤੀ ਪ੍ਰੇਮ ਦੀ ਭਾਵਨਾ ਪ੍ਰਗਟ ਕਰਨ ਦੀ ਥਾਂ ਨਫਰਤ ਨੂੰ ਜਨਮ ਦਿੱਤਾ। ਇਸ ਦੀ ਉਦਾਹਰਣ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਸਮਾਜ ਦੇ ਦੋ ਪ੍ਰਮੁਖ ਧਰਮਾਂ ਦੇ ਇਕ ਦੂਜੇ ਪ੍ਰਤੀ ਵਰਤਾਉ ਤੋਂ ਵੇਖੀ ਜਾ ਸਕਦੀ ਹੈ ਜਿਸ ਵਿਚ ਹਿੰਦੂ ਮੁਸਲਮਾਨਾਂ ਨੂੰ ਮਲੇਛ ਅਤੇ ਮੁਸਲਮਾਨ ਹਿੰਦੂਆਂ ਨੂੰ ਕਾਫਰ ਵਰਗੇ ਤੀਖਣ ਅਤੇ ਘ੍ਰਿਣਤ ਸ਼ਬਦਾਂ ਨਾਲ ਸੰਬੋਧਨ ਕਰਦੇ ਸਨ। ਹਿੰਦੂਆਂ ਅਤੇ ਮੁਸਲਮਾਨਾਂ ਦੀ ਇਸ ਖਿਚੋਤਾਣ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ :

ਚਾਰਿ ਵਰਨ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ ॥
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥

ਰਾਮ ਰਹੀਮ ਕਹਾਇ ਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮ੍ਣਿ ਮਉਲਾਣੇ।[5]

ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ, ਅਤੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ, ਦੀਆਂ ਸ਼ਹਾਦਤਾਂ ਹਾਕਮ ਸ਼੍ਰੇਣੀ ਦੀ ਧਾਰਮਿਕ ਅਸਹਿਨਸ਼ੀਲਤਾ ਦਾ ਪ੍ਰਤੀਕ ਹਨ। ਧਾਰਮਿਕ ਅਸਹਿਣਸ਼ੀਲਤਾ ਦਾ ਪ੍ਰਭਾਵ ਅੱਜ ਵੀ ਸਪਸ਼ਟ ਨਜ਼ਰ ਆਉਂਦਾ ਹੈ ਜਦੋਂ ਈਸਾਈ ਧਰਮ ਨਾਲ ਸੰਬੰਧਿਤ ਪ੍ਰਚਾਰਕਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਹਰ ਧਰਮ ਨਾਲ ਸੰਬੰਧਿਤ ਵਿਅਕਤੀ ਨੂੰ ਧਾਰਮਿਕ ਸਹਿਨਸ਼ੀਲਤਾ ਦਾ ਉਪਦੇਸ਼ ਦਿੱਤਾ ਗਿਆ ਹੈ ਤਾਂ ਜੋ ਹਰ ਧਰਮ ਨਾਲ ਸੰਬੰਧਿਤ ਵਿਅਕਤੀ ਆਪਣੇ ਧਰਮ ਦੀਆਂ ਧਾਰਮਿਕ ਕ੍ਰਿਆਵਾਂ ਆਜ਼ਾਦ ਰੂਪ ਵਿਚ ਕਰ ਸਕਣ। ਨੌਵੇਂ ਗੁਰੂ ਜੀ ਦੀ ਸ਼ਹਾਦਤ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਧਰਮ ਧਾਰਮਿਕ ਸੁਤੰਤਰਤਾ ਹਰ ਇਕ ਵਿਅਕਤੀ ਦਾ ਜਨਮ ਸਿੱਧ ਅਧਿਕਾਰ ਮੰਨਦਾ ਹੈ ਅਤੇ ਇਸ ਧਰਮ ਵਿਚ ਧਾਰਮਿਕ ਅਸਹਿਨਸ਼ੀਲਤਾ ਨੂੰ ਕੋਈ ਸਥਾਨ ਪ੍ਰਾਪਤ ਨਹੀਂ। ਗੁਰੂ ਨਾਨਕ ਦੇਵ ਜੀ ਨੇ ਧਰਮ ਪਰਿਵਰਤਨ ਦੀ ਥਾਂ ਧਰਮ ਵਿਚ ਦ੍ਰਿੜਤਾ ਦੀ ਗੱਲ ਪ੍ਰਪੱਕ ਕੀਤੀ ਅਤੇ ਨਾਲ ਹੀ ਆਪਣੇ ਧਰਮ ਵਿਚ ਪੱਕੇ ਰਹਿਣ ਲਈ ਕਿਹਾ। ਗੁਰੂ ਜੀ ਨੇ ਇਹ ਵੀ ਦ੍ਰਿੜ ਕਰਵਾਇਆ ਕਿ ਹਿੰਦੂ ਅਤੇ ਮੁਸਲਮਾਨ ਸਮੇਤ ਉਹ ਸਭ ਲੋਕ ਮੁਬਾਰਕ ਹਨ ਜੋ ਸੱਚ ਵੱਲ ਲੱਗੇ ਹੋਏ ਹਨ ਅਤੇ ਸਚਿਆਰ ਬਣਨ ਲਈ ਯਤਨਸ਼ੀਲ ਹਨ :

ਸਭ ਦੁਨੀਆ ਸੁਬਹਾਨੁ ਸਚਿ ਸਮਾਈਐ।[6]

ਦੁਨੀਆ ਵਿਚ ਧਰਮ ਦੇ ਵੱਖ-ਵੱਖ ਮਾਰਗ ਸਾਹਮਣੇ ਆਉਂਦੇ ਹਨ ਅਤੇ ਹਰ ਧਰਮ ਨੂੰ ਮੰਨਣ ਵਾਲੇ ਲੋਕ ਆਪਣੇ ਮਾਰਗ ਨੂੰ ਸਭ ਤੋਂ ਸੱਚਾ ਅਤੇ ਸ਼ੁੱਧ ਸਮਝਦੇ ਹਨ। ਗੁਰੂ ਸਾਹਿਬਾਨ ਦੀ ਨਜ਼ਰ ਵਿਚ ਉਹ ਸਭ ਮਾਰਗ ਸਹੀ ਹਨ ਜੋ ਮਨੁੱਖ ਨੂੰ ਪਰਮਸਤਿ ਦਾ ਰਾਹ ਵਿਖਾਉਂਦੇ ਹਨ। ਗੁਰੂ ਅਮਰਦਾਸ ਜੀ ਵੀ ਪਰਮਾਤਮਾ ਅੱਗੇ ਏਹੀ ਬੇਨਤੀ ਕਰਦੇ ਹਨ ਕਿ ਵਿਕਾਰਾਂ ਦੇ ਦੁੱਖਾਂ ਵਿਚ ਸੜ ਰਹੀ ਲੋਕਾਈ ਨੂੰ ਜਿਸ ਵੀ ਮਾਰਗ ਤੋਂ ਬਚਾ ਸਕਦਾ ਹੈ ਬਚਾ ਲੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।[7]

ਗੁਰੂ ਅਰਜਨ ਦੇਵ ਜੀ ਧਾਰਮਿਕ ਸਹਿਹੋਂਦ ਅਤੇ ਸਹਿਨਸ਼ੀਲਤਾ ਦਾ ਪ੍ਰਗਟਾਵਾ ਕਰਦੇ ਹੋਏ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥[8]

ਧਾਰਮਿਕ ਸਹਿਨਸ਼ੀਲਤਾ ਦੀ ਜੋ ਮਿਸਾਲ ਗੁਰੂ ਗੋਬਿੰਦ ਸਿੰਘ ਜੀ ਨੇ ਪੇਸ਼ ਕੀਤੀ ਹੈ ਉਹ ਸਮੁੱਚੀ ਦੁਨੀਆ ਵਿਚ ਅਦੁੱਤੀ ਹੈ। ਗੁਰੂ ਜੀ ਕਹਿੰਦੇ ਹਨ ਕਿ ਸਮੁੱਚੀ ਲੋਕਾਈ ਵੱਖ-ਵੱਖ ਫਿਰਕਿਆਂ, ਜਾਤਾਂ, ਨਸਲਾਂ ਅਤੇ ਕੌਮਾਂ ਵਿਚ ਵੰਡੀ ਹੋਣ ਦੇ ਬਾਵਜੂਦ ਵੀ ਪਰਮਾਤਮਾ ਦੀ ਅੰਸ਼ ਹੋਣ ਕਰਕੇ ਇਕ ਹੈ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸਾਫ਼ੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।[9]

ਵੱਖ-ਵੱਖ ਧਰਮਾਂ ਦੇ ਲੋਕਾਂ ਨਾਲ ਮੇਲਜੋਲ ਸਮਾਜਿਕ ਅਤੇ ਅਧਿਆਤਮਿਕ ਵਿਕਾਸ ਦੀ ਦਿਸ਼ਾ ਨਿਰਧਾਰਤ ਕਰੇ, ਇਹੀ ਜੀਵਨ ਉਦੇਸ਼ ਗੁਰਬਾਣੀ ਵਿਚ ਦ੍ਰਿੜ ਕਰਵਾਇਆ ਗਿਆ ਹੈ। ਧਾਰਮਿਕ ਸਹਿਨਸ਼ੀਲਤਾ ਦੀ ਜੋ ਉਦਾਹਰਣ ਭਾਈ ਘਨੱਈਆ ਜੀ ਨੇ ਅਨੰਦਪੁਰ ਦੇ ਯੁੱਧ ਵਿਚ ਪੇਸ਼ ਕੀਤੀ ਉਹ ਦੁਨੀਆ ਦੇ ਇਤਿਹਾਸ ਦੀ ਸਰਵੋਤਮ ਮਿਸਾਲ ਹੈ। ਦਸਮ ਪਾਤਸ਼ਾਹ ਜੀ ਨੇ ਉਸ ਦੁਆਰਾ ਕੀਤੀ ਸੇਵਾ ਨੂੰ ਗੁਰੂ ਦੀ ਸਿੱਖਿਆ ਦੇ ਅਨੁਸਾਰੀ ਮੰਨਦੇ ਹੋਏ ਮੋਹਰ ਲਾਈ ਅਤੇ ਅੱਗੇ ਤੋਂ ਅਜਿਹੀ ਸੇਵਾ ਵਿਚ ਦ੍ਰਿੜਤਾ ਪੂਰਵਕ ਜੁਟੇ ਰਹਿਣ ਦਾ ਅਸ਼ੀਰਵਾਦ ਦਿੱਤਾ। ਭਾਈ ਘਨੱਈਆ ਜੀ ਦੁਆਰਾ ਕੀਤੀ ਸੇਵਾ ਨੇ ਸਪਸ਼ਟ ਕਰ ਦਿੱਤਾ ਕਿ ਗੁਰੂ ਦੀ ਸਿੱਖਿਆ ਦੁਨਿਆਵੀ ਮਨੁੱਖਾਂ ਨੂੰ ਪਰਮਾਤਮਾ ਦੀ ਅੰਸ਼ ਮੰਨਦੇ ਹੋਏ ਭੇਦਭਾਵ ਤੋਂ ਉੱਪਰ ਉੱਠਣ ਦੀ ਪ੍ਰੇਰਣਾ ਕਰਦੀ ਹੈ:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥[10]

ਗੁਰੂ ਸਾਹਿਬਾਨ ਦੁਆਰਾ ਦਰਸਾਏ ਧਾਰਮਿਕ ਸਹਿਨਸ਼ੀਲਤਾ ਦੇ ਮਾਰਗ ਨੇ ਭਾਰਤ ਵਿਚ ਵਿਚਰ ਰਹੀਆਂ ਦੋਵੇਂ ਪ੍ਰਮੁਖ ਕੌਮਾਂ, ਹਿੰਦੂ ਅਤੇ ਮੁਸਲਮਾਨ, ਨੂੰ ਇਕ ਸਾਂਝਾ ਪਲੇਟਫਾਰਮ ਪ੍ਰਦਾਨ ਕੀਤਾ ਜਿੱਥੇ ਮਲੇਛ ਅਤੇ ਕਾਫਰ ਵਰਗੇ ਨਫਰਤ ਭਰਪੂਰ ਸ਼ਬਦਾਂ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ।

3. **ਸਦਾਚਾਰਕ ਜੀਵਨ ਤੇ ਜ਼ੋਰ :** ਕਿਸੇ ਵੀ ਸਮਾਜ ਦਾ ਵਿਕਾਸ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਥੇ ਰਹਿਣ ਵਾਲੇ ਲੋਕਾਂ ਦਾ ਆਚਰਣਕ ਜੀਵਨ ਕਿਹੋ ਜਿਹਾ ਹੈ। ਜਿਸ ਸਮਾਜ ਵਿਚ ਭ੍ਰਿਸ਼ਟਾਚਾਰ ਅਤੇ ਦੁਰਾਚਾਰੀਆਂ ਦਾ ਬੋਲਬਾਲਾ ਹੈ ਉਥੇ ਹਮੇਸ਼ਾਂ ਅਰਾਜਕਤਾ ਅਤੇ ਅਸਥਿਰਤਾ ਪ੍ਰਧਾਨ ਰਹੇਗੀ। ਅਨਿਆਂ ਭਰਪੂਰ ਰਾਜ ਪ੍ਰਣਾਲੀ ਵੀ ਸਮਾਜ ਵਿਚ ਅਨੈਤਿਕਤਾ ਅਤੇ ਅਸ਼ਾਂਤੀ ਨੂੰ ਜਨਮ ਦਿੰਦੀ ਹੈ ਜਿਸ ਨਾਲ ਸਮਾਜ ਦਾ ਸਦਾਚਾਰਕ ਪੱਖ ਪਤਨ ਵੱਲ ਚਲਾ ਜਾਂਦਾ ਹੈ। ਇਸ ਦੇ ਉਲਟ ਜਿਸ ਸਮਾਜ ਵਿਚ ਨੈਤਿਕਤਾ ਅਤੇ ਸਦਾਚਾਰ ਦਾ ਬੋਲਬਾਲਾ ਹੈ ਉਥੇ ਆਮ ਲੋਕਾਂ ਦਾ ਜੀਵਨ ਵਿਕਾਸ ਦੀ ਦਿਸ਼ਾ ਵੱਲ ਕੇਂਦਰਿਤ ਹੁੰਦਾ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜੀਆਂ ਸੰਭਾਵਨਾਵਾਂ ਹਨ ਜੋ ਸਮਾਜ ਵਿਚ ਸਦਾਚਾਰਕ ਕਦਰਾਂ ਕੀਮਤਾਂ ਨੂੰ ਪਤਨ ਵੱਲ ਲੈ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਸਮਾਜ ਵਿਚੋਂ ਧਰਮ ਅਤੇ ਸ਼ਰਮ ਅਲੋਪ ਹੋ ਜਾਂਦੇ ਹਨ ਅਤੇ ਝੂਠ ਦਾ ਬੋਲਬਾਲਾ ਹੋ ਜਾਂਦਾ ਹੈ, ਤਾਂ ਸਮਾਜ ਵਿਚ ਸਦਾਚਾਰਕ ਕੀਮਤਾਂ ਦਾ ਪਤਨ ਆਰੰਭ ਹੋ ਜਾਂਦਾ ਹੈ :

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥[11]
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥[12]

ਵਿਅਕਤੀ ਦਾ ਸਮਾਜਿਕ ਜੀਵਨ ਸਮਾਜ ਵਿਚਲੇ ਸਦਾਚਾਰ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਸਿੱਖ ਧਰਮ ਦੀ ਰਹਿਤ ਮਰਯਾਦਾ ਵਿਚ ਚਾਰ ਬੱਜਰ ਕੁਰਹਿਤਾਂ ਮੰਨੀਆਂ ਗਈਆਂ ਹਨ (1) ਕੇਸਾਂ ਦੀ ਬੇਅਦਬੀ, (2) ਕੁੱਠਾ ਖਾਣਾ, (3) ਤਮਾਕੂ ਦਾ ਸੇਵਨ, (4) ਪਰ ਪੁਰਸ਼ ਇਸਤਰੀ ਦਾ ਗਮਨ। ਇਹ ਸਾਰੀਆਂ ਕੁਰਹਿਤਾਂ ਵਿਅਕਤੀ ਨੂੰ

ਅੰਦਰੂਨੀ ਅਤੇ ਬਾਹਰੀ ਤੌਰ ਤੇ ਪ੍ਰਭਾਵਤ ਕਰਦੀਆਂ ਹਨ। ਬਾਹਰੀ ਤੌਰ ਤੇ ਇਹ ਧਾਰਮਿਕ ਅਤੇ ਸਮਾਜਿਕ ਭਾਈਚਾਰੇ ਵਿਚ ਵਿਅਕਤੀ ਨੂੰ ਸ਼ਰਮਿੰਦਾ ਕਰਦੀਆਂ ਹਨ। ਅੰਦਰੂਨੀ ਤੌਰ ਤੇ ਇਹ ਵਿਅਕਤੀ ਨੂੰ ਗੁਰੂ ਦੀ ਆਗਿਆ ਪਾਲਣ ਨਾ ਕਰਨ ਦਾ ਅਹਿਸਾਸ ਕਰਾਉਂਦੀਆਂ ਹਨ। ਇਨ੍ਹਾਂ ਤੋਂ ਇਲਾਵਾ ਭਰੂਣ ਹੱਤਿਆ ਅਤੇ ਏਡਜ਼ ਵਰਗੀਆਂ ਬੀਮਾਰੀਆਂ ਸਿੱਖ ਸਮਾਜ ਲਈ ਖਤਰੇ ਦੀ ਘੰਟੀ ਵਜਾ ਰਹੀਆਂ ਹਨ ਜੋ ਕਿ ਸਮਾਜਿਕ ਅਧੋਗਤੀ ਦਾ ਇਕ ਵੱਡਾ ਕਾਰਨ ਬਣ ਗਈਆਂ ਹਨ। ਅੰਕੜੇ ਦੱਸਦੇ ਹਨ ਕਿ ਸਿੱਖ ਸਮਾਜ ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਚਿੰਤਾਜਨਕ ਹਾਲਤ ਤੱਕ ਪਹੁੰਚ ਗਈ ਹੈ। ਪੁਰਾਣੇ ਸਮਿਆਂ ਵਿਚ ਵੀ ਲੜਕੀ ਨੂੰ ਜੰਮਦੇ ਹੀ ਮਾਰ ਦੇਣ ਦੀ ਪ੍ਰਥਾ ਪ੍ਰਚਲਿਤ ਸੀ। ਲੜਕੀ ਦਾ ਜਾਂ ਤਾਂ ਜੰਮਦੀ ਦਾ ਹੀ ਗਲਾ ਦਬਾ ਦਿੱਤਾ ਜਾਂਦਾ ਜਾਂ ਨਦੀ ਵਿਚ ਰੋੜ ਦਿੱਤਾ ਜਾਂਦਾ ਜਾਂ ਫਿਰ ਘੜੇ ਆਦਿ ਵਿਚ ਬੰਦ ਕਰਕੇ ਉਸ ਤੋਂ ਛੁਟਕਾਰਾ ਪਾਉਣ ਦੀ ਪ੍ਰਥਾ ਪ੍ਰਚਲਿਤ ਸੀ। ਅਜੋਕੇ ਸਮੇਂ ਵਿਚ ਸਾਇੰਸ ਦੀ ਉਨਤੀ ਨਾਲ ਇਸਦਾ ਦੁਰਉਪਯੋਗ ਵੀ ਸਾਹਮਣੇ ਆਇਆ ਅਤੇ ਲੜਕੀਆਂ ਨੂੰ ਪੇਟ ਦੇ ਅੰਦਰ ਹੀ ਮਾਰ ਦੇਣ ਦਾ ਕੰਮ ਸ਼ੁਰੂ ਹੋ ਗਿਆ। ਸਿੱਖ ਸਮਾਜ ਨੇ ਇਸ ਤਕਨੀਕ ਦਾ ਵੱਡੇ ਪੱਧਰ ਤੇ ਦੁਰਉਪਯੋਗ ਸ਼ੁਰੂ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਦੀ 'ਸੋ ਕਿਉ ਮੰਦਾ ਆਖੀਐ' ਵਾਲੀ ਸਿੱਖਿਆ ਨੂੰ ਪਾਸੇ ਸੁੱਟਦੇ ਹੋਏ ਸਮਾਜਿਕ ਪਤਨ ਦਾ ਆਰੰਭ ਆਪਣੇ ਹੱਥੀਂ ਕਰ ਲਿਆ। ਅੱਜ ਤੋਂ ਦਸ ਸਾਲ ਪਹਿਲਾਂ ਜੋ ਨਾਅਰਾ ਭਾਰਤ ਸਰਕਾਰ ਨੇ ਦਿੱਤਾ, ਉਹ ਸੀ 'ਦੋ ਯਾ ਤੀਨ ਬੱਚੇ ਹੋਤੇ ਹੈਂ ਘਰ ਮੇਂ ਅੱਛੇ'। ਪੰਜ ਕੁ ਸਾਲ ਪਹਿਲਾਂ ਇਹ ਨਾਅਰਾ 'ਹਮ ਦੋ ਹਮਾਰੇ ਦੋ ਤੱਕ' ਸਿਮਟ ਗਿਆ। ਅੱਜ-ਕੱਲ੍ਹ ਕੇਵਲ ਇਕ ਬੱਚੇ ਦਾ ਰਿਵਾਜ ਚੱਲ ਰਿਹਾ ਹੈ ਅਤੇ ਆਉਣ ਵਾਲੇ ਪੰਜ-ਸੱਤ ਸਾਲਾਂ ਬਾਅਦ ਕੇਵਲ 'ਮੀਆ-ਬੀਵੀ' ਦੀ ਤਸਵੀਰ ਹੀ ਨਜ਼ਰ ਆਵੇਗੀ। ਪਰ ਜੇਕਰ ਭਰੂਣ ਹੱਤਿਆ ਨੂੰ ਰੋਕਿਆ ਨਾ ਗਿਆ ਤਾਂ ਕੇਵਲ ਪੁਰਸ਼ ਹੀ ਬਾਕੀ ਰਹਿ ਜਾਣਗੇ ਜਿਸ ਨਾਲ ਸਮਾਜਿਕ ਅਸੰਤੁਲਨ ਪੈਦਾ ਹੋ ਜਾਵੇਗਾ ਅਤੇ ਨਾਲ ਹੀ ਇਹ ਰੁਝਾਨ ਸਮਾਜਿਕ ਅਰਾਜਕਤਾ ਅਤੇ ਅਸ਼ਾਂਤੀ ਦਾ ਵੱਡਾ ਕਾਰਨ ਬਣ ਜਾਵੇਗਾ। ਗ੍ਰਹਿਸਤ ਨੂੰ ਸਮਾਜਿਕ ਅਤੇ ਅਧਿਆਤਮਿਕ ਵਿਕਾਸ ਦਾ ਅੰਗ ਮੰਨਦੇ ਹੋਏ ਅਨੰਦ ਕਾਰਜ ਦੀ ਰਸਮ ਕੀਤੀ ਜਾਂਦੀ ਹੈ :

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥[13]

ਗ੍ਰਹਿਸਤੀ ਧਰਮ ਵਿਚ ਪ੍ਰਵੇਸ਼ ਕੁਦਰਤ ਦੇ ਨਿਯਮਾਂ ਦਾ ਪਾਲਣ ਕਰਨ ਵੱਲ ਚੁੱਕਿਆ ਗਿਆ ਕਦਮ ਹੈ। ਕੁਦਰਤ ਦਾ ਨਿਯਮ ਹੈ ਕਿ ਇਸ ਵਿਚ ਮੌਜੂਦ ਹਰ ਵਸਤੂ ਉਤਪਤੀ ਤੇ ਵਿਕਾਸ ਦੀ ਦਿਸ਼ਾ ਵੱਲ ਲਗਾਤਾਰ ਵੱਧ ਰਹੀ ਹੈ ਜਿਵੇਂ ਇਕ ਬੀਜ ਤੋਂ ਦਰਖਤ ਅਤੇ ਦਰਖਤ ਤੋਂ ਅੱਗੇ ਹੋਰ ਬੀਜ ਤਿਆਰ ਹੁੰਦੇ ਹਨ ਜੋ ਕਿ ਅੱਗੇ ਹੋਰ ਦਰਖਤ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਉਹੀ ਬੀਜ ਕੁਦਰਤ ਵਿਚ ਸ਼ੁਭ ਮੰਨੇ ਜਾਂਦੇ ਹਨ ਜੋ ਪ੍ਰਫੁਲਿਤ ਹੁੰਦੇ ਹਨ, ਅਜਿਹੇ ਬੀਜਾਂ ਤੋਂ ਤਿਆਰ ਰੁੱਖਾਂ ਦੀ ਹੀ ਪ੍ਰਸੰਸਾ ਅਤੇ ਪੂਜਾ ਕੀਤੀ ਜਾਂਦੀ ਹੈ। ਇਹ ਬੀਜ ਕੁਦਰਤ ਦੇ ਨਿਯਮਾਂ ਦਾ ਪਾਲਣ ਕਰਕੇ ਕੁਦਰਤ ਦੀ ਸ਼ੋਭਾ ਵਧਾਉਂਦੇ ਹਨ, ਇਹੀ ਉਨ੍ਹਾਂ ਦਾ ਧਰਮ ਹੈ। ਇਸੇ ਤਰ੍ਹਾਂ ਗ੍ਰਹਿਸਤ ਦੇ ਨਿਯਮਾਂ ਦਾ ਪਾਲਣ ਕਰਨ ਲਈ ਜ਼ਰੂਰੀ ਹੈ ਪਰਿਵਾਰ ਨੂੰ ਅੱਗੇ ਤੋਰਨਾ। ਪਰਿਵਾਰ ਨੂੰ ਅੱਗੇ ਇਸਤਰੀ

ਤੋਂ ਬਗੈਰ ਨਹੀਂ ਤੋਰਿਆ ਜਾ ਸਕਦਾ। ਲੜਕੀ ਦਾ ਪੇਟ ਵਿਚ ਹੀ ਪਤਾ ਲੱਗਣ ਉਤੇ ਜਾਂ ਲੜਕੀ ਨੂੰ ਜੰਮਣ ਤੋਂ ਬਾਅਦ ਮਾਰਨ ਵਾਲੇ ਨੂੰ ਸਿੱਖ ਰਹਿਤ ਮਰਯਾਦਾ ਵਿਚ ਤਨਖਾਹੀਆ ਕਿਹਾ ਗਿਆ ਹੈ : "ਨੜੀ ਮਾਰ (ਹੁੱਕਾ ਪੀਣ ਵਾਲਾ), ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।"[14]

ਭਰੂਣ ਹੱਤਿਆ ਤੋਂ ਇਲਾਵਾ ਇਕ ਹੋਰ ਖਤਰਨਾਕ ਰੁਝਾਨ ਸਮਾਜ ਵਿਚ ਵੇਖਣ ਨੂੰ ਮਿਲਦਾ ਹੈ। ਇਹ ਰੁਝਾਨ ਸਮਾਜ ਦੀ ਤਬਾਹੀ ਦਾ ਕਾਰਨ ਬਣਦਾ ਜਾ ਰਿਹਾ ਹੈ, ਕਿਉਂਕਿ ਇਸ ਨੂੰ ਅਜੇ ਤੱਕ ਰੋਕਿਆ ਨਹੀਂ ਜਾ ਸਕਿਆ। ਇਸ ਰੁਝਾਨ ਨੂੰ ਰੋਕਣ ਲਈ ਵਿਸ਼ਵ ਭਰ ਦੇ ਡਾਕਟਰ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ। ਇਸ ਖਤਰਨਾਕ ਰੁਝਾਨ ਨੂੰ ਏਡਜ਼ ਕਿਹਾ ਜਾਂਦਾ ਹੈ ਜੋ ਕਿ ਸਮਾਜ ਵਿਚ ਮਾਰੂ ਸਥਿਤੀ ਪੈਦਾ ਕਰ ਰਹੀ ਹੈ। ਅਖਬਾਰੀ ਅੰਕੜੇ ਦੱਸਦੇ ਹਨ ਕਿ ਦੇਸ਼ ਭਰ ਵਿਚ ਲਗਪਗ 5.1 ਮਿਲੀਅਨ ਲੋਕ ਇਸ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹਨ।[15] ਇਸ ਬੀਮਾਰੀ ਦੇ ਸ਼ਿਕਾਰ ਲੋਕਾਂ ਵਿਚ ਸਭ ਤੋਂ ਵੱਧ ਗਿਣਤੀ ਟਰੱਕ ਡਰਾਇਵਰਾਂ ਦੀ ਹੈ। ਇਕ ਅੰਦਾਜੇ ਮੁਤਾਬਕ 5 ਲੱਖ ਤੋਂ ਵਧੇਰੇ ਟਰੱਕ ਡਰਾਇਵਰ ਅਤੇ ਉਨ੍ਹਾਂ ਦੇ ਸਹਾਇਕ ਇਸ ਬੀਮਾਰੀ ਤੋਂ ਪੀੜਿਤ ਹਨ।[16] ਡਰ ਅਤੇ ਸ਼ਰਮ ਕਾਰਨ ਇਸ ਬੀਮਾਰੀ ਤੋਂ ਪੀੜਤ ਲੋਕ ਅੱਗੇ ਨਹੀਂ ਆ ਰਹੇ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਸਮਾਜ ਵਿਚ ਅਜਿਹੀ ਸਥਿਤੀ ਪੈਦਾ ਹੋਣ ਤੋਂ ਰੋਕਣ ਲਈ ਮਨੁੱਖ ਨੂੰ ਪ੍ਰੇਰਿਤ ਕਰਦੀਆਂ ਹਨ। ਏਡਜ਼ ਫੈਲਣ ਦਾ ਇਕ ਤਰੀਕਾ ਪਰ ਪੁਰਸ਼ ਇਸਤਰੀ ਨਾਲ ਸੰਬੰਧ ਪੈਦਾ ਹੋਣਾ ਮੰਨਿਆ ਗਿਆ ਹੈ ਜੋ ਕਿ ਅੱਗੇ ਜਾ ਕੇ ਉਸ ਵਿਅਕਤੀ ਦੇ ਆਪਣੇ ਪਰਿਵਾਰ ਨੂੰ ਵੀ ਬਰਬਾਦ ਕਰ ਦਿੰਦੀ ਹੈ। ਗੁਰਬਾਣੀ ਸਪਸ਼ਟ ਤੌਰ ਤੇ ਸਿੱਖ ਨੂੰ ਇਹ ਜੀਵਨਜਾਚ ਪੇਸ਼ ਕਰਦੀ ਹੈ ਕਿ ਉਹ ਆਪਣੀ ਪਤਨੀ ਤੋਂ ਇਲਾਵਾ ਬਾਕੀ ਸਮੂਹ ਇਸਤਰੀਆਂ ਨਾਲ ਭੈਣਾਂ ਵਾਲਾ ਵਿਹਾਰ ਰੱਖੇ। ਭਾਈ ਗੁਰਦਾਸ ਜੀ ਕਹਿੰਦੇ ਹਨ :

ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥[17]

ਏਡਜ਼ ਵਾਂਗ ਨਸ਼ੇ ਵੀ ਮਨੁੱਖੀ ਜੀਵਨ ਵਿਚ ਅਸੰਤੁਲਨ ਪੈਦਾ ਕਰਦੇ ਹਨ। ਨਸ਼ਾ ਯੁਕਤ ਵਿਅਕਤੀ ਦਾ ਪਰਿਵਾਰ ਤੰਗੀ ਦਾ ਸ਼ਿਕਾਰ ਰਹਿੰਦਾ ਹੈ। ਪਰਿਵਾਰ ਨੂੰ ਵਧਣ ਫੁੱਲਣ ਅਤੇ ਸਮਾਜਿਕ ਵਿਕਾਸ ਵਿਚ ਰੁਕਾਵਟਾਂ ਆਉਂਦੀਆਂ ਹਨ। ਗੁਰੂ ਅਮਰਦਾਸ ਜੀ ਨਸ਼ੇ ਕਰਨ ਵਾਲੇ ਵਿਅਕਤੀ ਦੀ ਹਾਲਤ ਦਾ ਵਰਨਨ ਕਰਦੇ ਹੋਏ ਉਸਨੂੰ ਸਮਝਾਉਂਦੇ ਹਨ :

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥[18]

ਨਸ਼ੇ ਜਦੋਂ ਧਾਰਮਿਕ ਰੂਪ ਅਖਤਿਆਰ ਕਰ ਜਾਣ ਤਾਂ ਇਹ ਸਮਾਜ ਦੇ ਧਾਰਮਿਕ ਪੱਖ ਨੂੰ ਵੀ ਖੋਖਲਾ ਕਰ ਦਿੰਦੇ ਹਨ। ਨਸ਼ਿਆਂ ਦਾ ਧਰਮੀਕਰਨ ਸਮਾਜ ਵਿਚੋਂ ਸਦਾਚਾਰ ਖਤਮ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਨਸ਼ਿਆਂ ਦੀ ਧਾਰਮਿਕ

ਪ੍ਰਵਾਨਗੀ ਨਾਲ ਮਨੁੱਖੀ ਸਮਾਜ ਦਾ ਪ੍ਰਤੀਕ ਮੰਨੇ ਜਾਂਦੇ ਧਾਰਮਿਕ ਵਿਅਕਤੀ ਸਮਾਜ ਨੂੰ ਸੇਧ ਦੇਣ ਦੀ ਬਜਾਏ ਰਸਾਤਲ ਵੱਲ ਲੈ ਜਾਂਦੇ ਹਨ। ਵਿਹਲੜ ਮਨੁੱਖ ਧਰਮ ਦਾ ਚੋਲਾ ਪਾ ਕੇ ਆਪਣੇ ਲਈ ਨਸ਼ਿਆਂ ਦੀ ਪ੍ਰਵਾਨਗੀ ਦਾ ਰਾਹ ਲੱਭ ਲੈਂਦੇ ਹਨ ਜੋ ਕਿ ਅਧਿਆਤਮਿਕ ਅਧੋਗਤੀ ਦਾ ਕਾਰਨ ਬਣਦੇ ਹਨ। ਕੋਈ ਵੀ ਸਦਾਚਾਰੀ ਮਨੁੱਖ ਅਜਿਹੇ ਧਾਰਮਿਕ ਵਿਅਕਤੀਆਂ ਕੋਲ ਜਾਣ ਦੀ ਹਿੰਮਤ ਨਹੀਂ ਕਰਦਾ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਜੋਗੀਆਂ ਨੇ ਨਸ਼ਿਆਂ ਦੇ ਸੇਵਨ ਰਾਹੀਂ ਕਰਮਕਾਂਡਾਂ ਨੂੰ ਜਨਮ ਦਿੱਤਾ ਜੋ ਕਿ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਵੱਲ ਜਾਣ ਤੋਂ ਰੋਕਦਾ ਹੈ :

ਪੋਸਤ ਭੰਗ ਸਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ।
ਵਜਨਿ ਬੁਰਗੂ ਸਿੰਙੀਆਂ ਸੰਖ ਨਾਦ ਰਹਰਾਸਿ ਕਰਾਇਆ।
ਆਦਿ ਪੁਰਖੁ ਆਦੇਸ ਕਰਿ ਅਲਖੁ ਜਗਾਇਨ ਅਲਖੁ ਲਖਾਇਆ।[19]

ਇਸ ਤਰ੍ਹਾਂ ਇਹ ਮਨੁੱਖੀ ਵਿਕਾਰ ਮਨੁੱਖ ਨੂੰ ਸਦਾਚਾਰ ਦੇ ਮਾਰਗ ਤੇ ਜਾਣ ਤੋਂ ਰੋਕਦੇ ਹਨ। ਬਾਹਰੀ ਤੌਰ ਤੇ ਦਿਖਾਈ ਦੇ ਰਹੇ ਇਹ ਅਨੈਤਿਕ ਕਰਮ ਸਮਾਜਿਕ ਕਦਰਾਂ ਕੀਮਤਾਂ ਵਿਚ ਵਿਘਨ ਪਾਉਂਦੇ ਹਨ। ਗੁਰਬਾਣੀ ਮਨੁੱਖ ਦੇ ਅਨੈਤਿਕ ਕਰਮਾਂ ਦਾ ਮੂਲ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵਿਚ ਵੇਖਦੀ ਹੈ ਅਤੇ ਸਪਸ਼ਟ ਕਰਦੀ ਹੈ ਕਿ ਬਾਹਰੀ ਤੌਰ ਤੇ ਦਿਖਾਈ ਦੇ ਰਹੇ ਇਹ ਅਨੈਤਿਕ ਕਰਮ ਆਪਣੇ ਆਪ ਹੀ ਦੂਰ ਹੋ ਜਾਣਗੇ ਜੇਕਰ ਵਿਕਾਰਾਂ ਤੇ ਕਾਬੂ ਪਾ ਲਿਆ ਜਾਵੇ ਅਤੇ ਗੁਣਾਂ ਨੂੰ ਪ੍ਰਗਟ ਕੀਤਾ ਜਾ ਸਕੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪੰਜ ਔਗੁਣਾਂ ਤੋਂ ਦੂਰ ਰਹਿਣ ਲਈ ਪੰਜ ਗੁਣਾਂ (ਸੱਚ, ਧਰਮ, ਗਿਆਨ, ਸ਼ਾਂਤੀ, ਸਹਜ) ਨੂੰ ਧਾਰਨ ਕਰਨਾ ਜ਼ਰੂਰੀ ਹੈ - ਪੰਚ ਮਨਾਏ ਪੰਚ ਰੁਸਾਏ।। ਪੰਚ ਵਸਾਏ ਪੰਚ ਗਵਾਏ।।[20]

(4) **ਵਿਚਾਰ ਵਟਾਂਦਰੇ ਦੀ ਪਿਰਤ** : ਸਮਾਜ ਵਿਚ ਤਰੱਕੀ ਕਾਰਨ ਵੱਖ-ਵੱਖ ਧਰਮਾਂ ਅਤੇ ਫਿਰਕੇ ਦੇ ਲੋਕਾਂ ਦਾ ਆਪਸੀ ਮੇਲਜੋਲ ਵਧਿਆ। ਜਿਸ ਨਾਲ ਆਮ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਆਉਣ ਦਾ ਮੌਕਾ ਮਿਲਿਆ। ਆਮ ਲੋਕਾਂ ਦੇ ਵਟਾਂਦਰੇ ਨਾਲ ਜਿੱਥੇ ਸਮਾਜ ਨੇ ਵਿਕਾਸ ਕੀਤਾ ਉਥੇ ਨਾਲ ਹੀ ਧਾਰਮਿਕ ਭੇਦਭਾਵ ਵੀ ਸਾਹਮਣੇ ਆਇਆ। ਆਧੁਨਿਕ ਸਮਾਜ ਵਿਚ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਚਾਰ ਵਟਾਂਦਰੇ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਜਿਸਦਾ ਵਿਸਤਾਰ ਵਰਨਨ ਸਿੱਖ ਧਰਮ ਗ੍ਰੰਥ ਵਿਚ ਵੇਖਣ ਨੂੰ ਮਿਲਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਸਿੱਖਾਂ ਅੰਦਰ ਵਿਚਾਰ ਚਰਚਾ ਦੀ ਨਵੀਂ ਪਿਰਤ ਪਾਈ ਜਿਸ ਰਾਹੀਂ ਪਹਿਲਾਂ ਦੂਜਿਆਂ ਦੇ ਵਿਚਾਰ ਸੁਣੋ ਫਿਰ ਆਪਣੀ ਗੱਲ ਕਹੋ, ਜੋ ਕਿ ਸਮਕਾਲੀ ਸਮਾਜ ਵਿਚੋਂ ਅਲੋਪ ਨਜ਼ਰ ਆ ਰਹੀ ਸੀ। ਵਿਚਾਰ ਵਟਾਂਦਰੇ ਤੋਂ ਦੂਰ ਸਮਾਜ ਵਿਚ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਵਿਅਕਤੀ ਆਪਣੀ ਗੱਲ ਲੋਕਾਂ ਤੇ ਥੋਪ ਰਹੇ ਸਨ ਜਿਸ ਨਾਲ ਸਮਾਜ ਵਿਚ ਅਰਾਜਕਤਾ ਫੈਲ ਰਹੀ ਸੀ। ਮਨੁੱਖੀ ਜੀਵਨ ਦਾ ਸੁਭਾਅ ਹੈ ਕਿ ਜਦੋਂ ਤੱਕ ਉਹ ਇਸ ਦੁਨਿਆਵੀ ਜਗਤ ਦਾ ਹਿੱਸਾ ਹੈ ਉਦੋਂ ਤੱਕ ਉਹ ਇਕਾਂਤ ਵਿਚ ਨਹੀਂ ਰਹਿ ਸਕਦਾ, ਭਾਵ ਸਮਾਜ ਵਿਚ ਰਹਿਣ ਕਰਕੇ ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਮੇਲਜੋਲ ਵਧਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥[21]

ਇਸ ਤੋਂ ਪਤਾ ਲੱਗਦਾ ਹੈ ਕਿ ਆਪਣੀ ਗੱਲ ਕਹਿਣ ਤੋਂ ਪਹਿਲਾਂ ਦੂਜੇ ਵਿਅਕਤੀ ਦੀ ਗੱਲ ਸੁਣਨ ਤੇ ਜ਼ੋਰ ਦਿੱਤਾ ਗਿਆ ਹੈ। ਇਕ ਦੂਜੇ ਨਾਲ ਮੇਲਜੋਲ ਵਿਚੋਂ ਗੁਣ ਅਤੇ ਔਗੁਣ ਦੋਵੇਂ ਹੀ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੇਲਜੋਲ ਵਿਚੋਂ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ :

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥[22]

ਇਸ ਬਿਰਤੀ ਨਾਲ ਦੂਜੇ ਵਿਅਕਤੀ ਦੁਆਰਾ ਧਾਰਨ ਕੀਤੇ ਚੰਗੇ ਗੁਣਾਂ ਦਾ ਪਤਾ ਲੱਗਦਾ ਹੈ ਅਤੇ ਉਨ੍ਹਾਂ ਨੂੰ ਗ੍ਰਹਿਣ ਕਰਨ ਦਾ ਮੌਕਾ ਮਿਲਦਾ ਹੈ। ਵਿਚਾਰ ਵਟਾਂਦਰੇ ਰਾਹੀਂ ਚੰਗੇ ਗੁਣਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਦੇ ਮੁਖੀਆਂ ਨੂੰ ਮਿਲੇ ਅਤੇ ਵਿਚਾਰ ਵਟਾਂਦਰੇ ਰਾਹੀਂ ਉਨ੍ਹਾਂ ਦੇ ਮਨ ਬਦਲ ਦਿੱਤੇ। ਬ੍ਰਾਹਮਣਾਂ, ਮੌਲਾਣਿਆਂ ਅਤੇ ਜੋਗੀਆਂ ਨਾਲ ਚਰਚਾ ਦਾ ਮੁੱਖ ਵਿਸ਼ਾ ਸੱਚੇ ਆਚਰਣ ਤੇ ਕੇਂਦਰਤ ਸੀ। ਗੁਰੂ ਨਾਨਕ ਦੇਵ ਜੀ ਨੇ ਦ੍ਰਿੜਤਾ ਪੂਰਵਕ ਕਿਹਾ ਕਿ ਸੱਚੇ ਆਚਾਰ ਨਾਲ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ :

ਸੁਚਿ ਹੋਵੈ ਤਾ ਸਚੁ ਪਾਈਐ ॥[23]

ਵਿਚਾਰ ਵਟਾਂਦਰੇ ਨਾਲ ਕਿਸੇ ਵੀ ਗੱਲ ਦੇ ਤੱਤ ਤੱਕ ਪੁੱਜਿਆ ਜਾ ਸਕਦਾ ਹੈ। ਅਜੋਕੇ ਸਮੇਂ ਵਿਚ ਵਿਚਾਰ ਵਟਾਂਦਰੇ ਦਾ ਇਹ ਸੰਕਲਪ ਅੰਤਰ ਰਾਸ਼ਟਰੀ ਪੱਧਰ ਤੇ ਉਜਾਗਰ ਹੋ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਚਾਰ ਵਟਾਂਦਰੇ ਦੀ ਪਿਰਤ ਦਾ ਵਿਸਤਾਰ ਵਰਨਨ ਕੀਤਾ ਗਿਆ ਹੈ ਜੋ ਕਿ ਆਧੁਨਿਕ ਸਮਾਜ ਦੀ ਸਿਰਜਨਾ ਵਿਚ ਯੋਗਦਾਨ ਪਾਉਂਦਾ ਹੈ।

(5) ਮਨੁੱਖੀ ਭਾਈਚਾਰਾ : ਗੁਰਬਾਣੀ ਮਨੁੱਖੀ ਵਿਕਾਸ ਲਈ ਭਾਈਚਾਰੇ ਅਤੇ ਏਕਤਾ ਦਾ ਮਾਰਗ ਦਰਸਾਉਂਦੀ ਹੈ। ਸਮੇਂ ਦੇ ਸਮਾਜ ਵਿਚ ਪ੍ਰਚਲਿਤ ਆਸ਼ਰਮ ਵਿਵਸਥਾ ਦਾ ਵਿਰੋਧ ਕਰਦੇ ਹੋਏ ਗੁਰੂ ਸਾਹਿਬਾਨ ਨੇ ਜਿੱਥੇ ਜੀਵਨ ਦੇ ਹਰ ਪਹਿਲੂ ਵਿਚ ਹਰ ਤਰ੍ਹਾਂ ਦੇ ਕੰਮ ਕਰਨ ਦੀ ਪਿਰਤ ਪਾਈ ਅਤੇ ਉਥੇ ਨਾਲ ਹੀ ਸਮਕਾਲੀ ਵਰਣ ਵਿਵਸਥਾ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਦੇ ਹੋਏ ਕਿਹਾ ਕਿ ਸਭ ਮਨੁੱਖ ਬਰਾਬਰ ਹਨ। ਸਭ ਮਨੁੱਖਾਂ ਵਿਚ ਇਕ ਪਰਮਾਤਮਾ ਦੀ ਜੋਤ ਵਿਦਵਾਨ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥[24]

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੇ ਹੋਏ ਕਿਹਾ ਕਿ ਸਮੁੱਚੀ ਮਾਨਵਤਾ ਪਰਮਾਤਮਾ ਦੀ ਰਚਨਾ ਹੈ ਇਸ ਰਚਨਾ ਵਿਚ ਕੋਈ ਉਚ-ਨੀਚ ਅਤੇ ਭੇਦਭਾਵ ਨਹੀਂ ਹੈ। ਮਨੁੱਖਾਂ ਦੁਆਰਾ ਪਾਈਆਂ ਗਈਆਂ ਵੰਡੀਆਂ ਪਰਮਾਤਮਾ ਦੇ ਸਿਧਾਂਤ ਦੇ ਅਨੁਕੂਲ ਨਹੀਂ, ਇਸ ਕਰਕੇ ਗੁਰੂ ਉਪਦੇਸ਼ ਸਮੂਹ ਜਾਤਾਂ, ਕੌਮਾਂ, ਨਸਲਾਂ ਆਦਿ ਲਈ ਸਾਂਝਾ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥[25]

ਭਗਤ ਕਬੀਰ ਜੀ ਨੇ ਪਰਮਾਤਮਾ ਦੀ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹੋਏ ਕਿਹਾ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।[26]

ਗੁਰਬਾਣੀ ਨੇ ਮਨੁੱਖਤਾ ਨੂੰ ਦ੍ਰਿੜ ਕਰਾਇਆ ਕਿ ਸੱਚ ਇਕ ਹੈ ਅਤੇ ਇਹ ਸੱਚ ਕਿਸੇ ਵੀ ਸਮੇਂ ਅਤੇ ਸਥਾਨ ਵਿਚ ਪ੍ਰਗਟ ਹੋ ਸਕਦਾ ਹੈ। ਕਬੀਰ, ਫ਼ਰੀਦ, ਰਾਮਾਨੰਦ, ਸਧਨਾ, ਪੀਪਾ, ਧੰਨਾ ਆਦਿ ਭਗਤਾਂ ਅਤੇ ਭੱਟਾਂ ਨੇ ਪ੍ਰਗਟ ਹੋਏ ਸੱਚ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਮੋਹਰੀ ਭੂਮਿਕਾ ਨਿਭਾਈ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ, 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਦਰਜ ਕੀਤੀ। ਬਾਣੀ ਦਰਜ ਕਰਨ ਸਮੇਂ ਕਿਸੇ ਕਿਸਮ ਦੀ ਅਖੌਤੀ ਵਰਗ ਵੰਡ, ਜਾਤ, ਨਸਲ, ਕੌਮ ਅਤੇ ਭੂਗੋਲਿਕ ਖਿਤਿਆਂ ਦੀ ਪ੍ਰਵਾਹ ਨਹੀਂ ਕੀਤੀ। ਬਾਣੀ ਦਰਜ ਕਰਨ ਦਾ ਉਦੇਸ਼ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਕਰਨ ਦੇ ਨਾਲ-ਨਾਲ ਪਰਮਾਤਮਾ ਦੀ ਏਕਤਾ ਨੂੰ ਸਥਾਪਤ ਕਰਨਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਕਰਦੇ ਹੋਏ ਕਿਹਾ :

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ॥
ਅੱਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।[27]

ਅਜੋਕੇ ਸਮੇਂ ਵਿਚ ਜਦੋਂ ਇਕ ਮਨੁੱਖ ਦੂਜੇ ਮਨੁੱਖ ਤੋਂ ਸਮਾਜਿਕ ਅਤੇ ਭਾਵਨਾਤਮਿਕ ਤੌਰ ਤੇ ਦੂਰ ਜਾ ਰਿਹਾ ਹੈ ਤਾਂ ਗੁਰਬਾਣੀ ਮਨੁੱਖ ਨੂੰ ਇਹ ਸੇਧ ਅਤੇ ਅਗਵਾਈ ਪ੍ਰਦਾਨ ਕਰਦੀ ਹੈ ਕਿ ਉਹ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰੇ। ਪਰਿਵਾਰ, ਕੌਮ, ਦੇਸ ਅਤੇ ਵਿਦੇਸ, ਜਿੱਥੇ ਵੀ ਮਨੁੱਖ ਗੁਜਰ-ਬਸਰ ਕਰ ਰਿਹਾ ਹੈ ਉਥੇ ਹੀ ਆਪਸੀ ਪ੍ਰੇਮ ਅਤੇ ਮਿਲਵਰਤਨ ਦੀ ਭਾਵਨਾ ਪੈਦਾ ਕਰੇ ਤਾਂ ਹੀ ਸਮਾਜ ਵਿਚ ਅਹਿੰਸਾ, ਸ਼ਾਂਤੀ ਅਤੇ ਸੰਤੁਲਨ ਕਾਇਮ ਰਹਿ ਸਕਦਾ ਹੈ ਘਰੇਲੂ ਲੋੜਾਂ ਦੀ ਪੂਰਤੀ ਅਤੇ ਖੁਸ਼ਹਾਲੀ ਲਈ ਦੇਸ-ਵਿਦੇਸਾਂ ਵਿਚ ਜਾ ਵਸੇ ਹਰ ਮਨੁੱਖ ਲਈ ਗੁਰਬਾਣੀ ਸਮਾਜਿਕ ਭਾਈਚਾਰੇ ਦੀ ਭਾਵਨਾ ਕਾਇਮ ਰੱਖਣ ਤੇ ਜ਼ੋਰ ਦਿੰਦੀ ਹੈ ਅਤੇ ਨਾਲ ਹੀ ਦੂਜੇ ਧਰਮਾਂ ਨਾਲ ਮਿਲਵਰਤਨ ਤੇ ਜ਼ੋਰ ਦਿੰਦੀ ਹੋਈ ਸਪਸ਼ਟ ਕਰਦੀ ਹੈ ਕਿ ਆਪਣੇ ਧਰਮ ਵਿਚ ਪੱਕੇ ਰਹੋ ਅਤੇ ਦੂਜਿਆਂ ਦਾ ਸਤਿਕਾਰ ਕਰੋ।

(6) ਮਨੁੱਖੀ ਅਧਿਕਾਰ : ਹਰ ਮਨੁੱਖ ਦੇ ਕੋਈ ਨਾ ਕੋਈ ਸਮਾਜਿਕ, ਆਰਥਿਕ, ਧਾਰਮਿਕ, ਕਾਨੂੰਨੀ, ਸਦਾਚਾਰਕ ਅਤੇ ਸਿੱਖਿਆ ਦੇ ਅਧਿਕਾਰ ਹੁੰਦੇ ਹਨ। ਹਰ ਮਨੁੱਖ ਇਹ ਚਾਹੁੰਦਾ ਹੈ ਕਿ ਧਾਰਮਿਕ ਪੱਧਰ ਤੇ ਉਸਨੂੰ ਧਾਰਮਿਕ ਕ੍ਰਿਆਵਾਂ ਕਰਨ, ਸਮਾਜ

ਵਿਚ ਬਰਾਬਰੀ ਦੀ ਭਾਵਨਾ ਦਾ ਹਿੱਸੇਦਾਰ ਹੋਣ, ਆਰਥਿਕ ਤੌਰ ਤੇ ਮਿਹਨਤ ਦਾ ਪੂਰਾ ਮੁੱਲ ਗ੍ਰਹਿਣ ਕਰਨ, ਕਾਨੂੰਨੀ ਪੱਧਰ ਤੇ ਨਿਆਂ ਹਾਸਲ ਕਰਨ, ਸਦਾਚਾਰ ਵਜੋਂ ਉਸਦੀ ਸਲਾਹ ਪ੍ਰਭਾਵਸ਼ਾਲੀ ਹੋਣ ਅਤੇ ਸਿੱਖਿਆ ਪੱਖੋਂ ਪੜ੍ਹਾਈ ਦਾ ਅਧਿਕਾਰ ਹਾਸਲ ਹੋਣਾ ਚਾਹੀਦਾ ਹੈ।

ਇੱਥੇ ਇਹ ਵਰਨਨਯੋਗ ਹੈ ਕਿ 'ਚਾਹੀਦਾ' ਦਾ ਅਰਥ 'ਹੋਣਾ' ਨਹੀਂ ਹੈ ਭਾਵ ਮਨੁੱਖ ਕਈ ਤਰ੍ਹਾਂ ਦੇ ਅਧਿਕਾਰ ਹਾਸਲ ਕਰਨਾ ਚਾਹੁੰਦਾ ਹੈ ਪਰ ਉਸਨੂੰ ਉਹ ਅਧਿਕਾਰ ਹਾਸਲ ਨਹੀਂ ਹੁੰਦੇ। ਸਮਾਜ ਦੇ ਦੂਜੇ ਪ੍ਰਭਾਵਸ਼ਾਲੀ ਅਤੇ ਤਾਕਤਵਰ ਵਰਗ ਮਨੁੱਖੀ ਅਧਿਕਾਰਾਂ ਵਿਚ ਵਿਘਨ ਪਾਉਂਦੇ ਨਜ਼ਰ ਆਉਂਦੇ ਹਨ। ਇਹ ਪ੍ਰਭਾਵਸ਼ਾਲੀ ਵਰਗ ਹਰ ਹੀਲੇ ਅਤੇ ਜ਼ੋਰ ਨਾਲ ਆਪਣੀ ਗਲਤ ਗੱਲ ਮਨਵਾਉਣੀ ਅਤੇ ਦੂਜਿਆ ਦੀ ਸਹੀ ਗੱਲ ਨੂੰ ਗਲਤ ਸਾਬਤ ਕਰਨ ਵਿਚ ਜ਼ੋਰ ਲਾ ਦਿੰਦੇ ਹਨ। ਅਜਿਹੀ ਸਥਿਤੀ ਭਾਰਤ ਵਰਗੇ ਦੇਸ ਵਿਚ ਵੱਖ-ਵੱਖ ਸਮਿਆਂ ਵਿਚ ਵੇਖਣ ਨੂੰ ਮਿਲਦੀ ਹੈ। ਅਜਿਹੇ ਹੀ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਇਕ ਪ੍ਰਸਿੱਧ ਉਦਾਹਰਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਾਹਮਣੇ ਆਉਂਦੀ ਹੈ ਜਿਸ ਦਾ ਵਰਨਨ ਗੁਰੂ ਗ੍ਰੰਥ ਸਾਹਿਬ ਵਿਚ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ :

ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।[8]

ਸਮੇਂ ਦੀ ਹਕੂਮਤ ਦਾ ਇਹ ਫਰਜ਼ ਹੈ ਕਿ ਉਹ ਆਪਣੇ ਦੇਸਵਾਸੀਆਂ ਦੀ ਰੱਖਿਆ ਕਰੇ, ਉਨ੍ਹਾਂ ਨੂੰ ਨਿਆਂ ਦੇਵੇ ਅਤੇ ਬਾਹਰੀ ਹਮਲਿਆਂ ਤੋਂ ਬਚਾਏ। ਜੇਕਰ ਸਮੇਂ ਦੀ ਹਕੂਮਤ ਆਪਣੀ ਪਰਜਾ ਨੂੰ ਬਚਾਉਣ ਅਤੇ ਨਿਆਂ ਦੇਣ ਵਿਚ ਅਸਫਲ ਰਹਿੰਦੀ ਹੈ ਤਾਂ ਦੇਸਵਾਸੀਆਂ ਦੇ ਮਨਾਂ ਵਿਚ ਅਸ਼ਾਂਤੀ ਅਤੇ ਅਰਾਜਕਤਾ ਦੀ ਭਾਵਨਾ ਫੈਲ ਜਾਂਦੀ ਹੈ ਜੋ ਕਿ ਦੇਸ ਨੂੰ ਕਮਜ਼ੋਰ ਕਰ., ਵਿਚ ਸਹਾਈ ਸਾਬਤ ਹੁੰਦੀ ਹੈ। ਕਿਸੇ ਵੀ ਦੇਸ ਦੀ ਅੰਦਰੂਨੀ ਸਥਿਤੀ ਉਤੇ ਹੀ ਬਾਹਰੀ ਹਮਲੇ ਨਿਰਭਰ ਕਰਦੇ ਹਨ ਜੇਕਰ ਦੇਸਵਾਸੀ ਦੇਸ ਨੂੰ ਪ੍ਰੇਮ ਕਰਦੇ ਹਨ ਤਾਂ ਵੱਡੀਆਂ ਤੋਂ ਵੱਡੀਆਂ ਤਾਕਤਾਂ ਵੀ ਉਸ ਦੇਸ ਤੇ ਹਮਲਾ ਕਰਨ ਤੋਂ ਝਿਜਕਦੀਆਂ ਹਨ। ਅਸ਼ੋਕ ਦੀ ਕਾਲਿੰਗਾ ਤੇ ਜਿੱਤ ਖੂਨੀ ਯੁੱਧ ਦੀ ਗਵਾਹੀ ਕਰਦੀ ਹੈ ਜਿਸ ਵਿਚ ਅਸ਼ੋਕ ਦੀਆਂ ਭਾਰੀ ਫ਼ੌਜਾਂ ਦਾ ਮੁਕਾਬਲਾ ਕਾਲਿੰਗਾ ਦੇ ਹਰ ਆਮ ਨਾਗਰਿਕ ਨੇ ਕੀਤਾ। ਜਿਸ ਨਾਲ ਅਸ਼ੋਕ ਨੂੰ ਕਾਲਿੰਗਾ ਜਿੱਤਣ ਵਿਚ ਮੁਸ਼ਕਲ ਪੇਸ਼ ਆਈ। ਅਸ਼ੋਕ ਨੇ ਆਪਣੀ ਤਾਕਤ ਨਾਲ ਕਾਲਿੰਗਾ ਤੇ ਜਿੱਤ ਹਾਸਲ ਕਰ ਲਈ ਪਰ ਇਸ ਬੇਹੱਦ ਖੂਨੀ ਯੁੱਧ ਨੇ ਉਸਦਾ ਜੀਵਨ ਹੀ ਬਦਲ ਦਿੱਤਾ। ਕਾਲਿੰਗਾ ਦੇ ਯੁੱਧ ਨੇ ਸਾਬਤ ਕਰ ਦਿੱਤਾ ਕਿ ਮਨੁੱਖੀ ਅਧਿਕਾਰਾਂ ਦੇ ਪਾਲਣ ਨਾਲ ਹੀ ਦੇਸ ਮਜ਼ਬੂਤ ਹੁੰਦਾ ਹੈ। ਬਾਬਰ ਦੇ ਭਾਰਤ ਤੇ ਹਮਲੇ ਸਮੇਂ ਇੱਥੋਂ ਦੇ ਸ਼ਾਸ਼ਕ ਆਪਣੀ ਪਰਜਾ ਨੂੰ ਨਿਆਂ ਅਤੇ ਸੁਰੱਖਿਆ ਦੇਣ ਵਿਚ ਅਸਫਲ ਰਹੇ ਇੱਥੋਂ ਦੇ ਹਾਕਮਾਂ ਦੀ ਤਸਵੀਰ ਪੇਸ਼ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੱਸਦੇ ਹਨ:

ਕਾਜੀ ਹੋਇ ਕੈ ਬਹੈ ਨਿਆਇ।।
ਫੇਰੇ ਤਸਬੀ ਕਰੇ ਖੁਦਾਇ।।
ਵਢੀ ਲੈ ਕੈ ਹਕੁ ਗਵਾਏ।[9]

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥[30]

ਸਮਾਜ ਦੀ ਅਜਿਹੀ ਅਵਸਥਾ ਮਨੁੱਖੀ ਜੀਵਨ ਦਾ ਅਧਿਆਤਮਿਕ ਅਤੇ ਸਦਾਚਾਰਕ ਵਿਕਾਸ ਰੋਕ ਦਿੰਦੀ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਲੱਗਦਾ ਹੈ ਅਤੇ ਸਮਾਜਿਕ ਵਿਵਸਥਾ ਤਹਿਸ-ਨਹਿਸ ਹੋ ਜਾਂਦੀ ਹੈ। ਪਤਨ ਵੱਲ ਜਾ ਰਹੀ ਰਾਜਨੀਤਿਕ ਸ਼ਕਤੀ ਨੂੰ ਸਦਾਚਾਰ ਵੱਲ ਮੋੜਨ ਲਈ ਗੁਰੂ ਜੀ ਨੇ ਆਮ ਲੋਕਾਂ ਨੂੰ ਵੰਗਾਰ ਦਿੰਦੇ ਹੋਏ ਕਿਹਾ :

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥[31]

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੋਕਾਂ ਨੂੰ ਅੱਗੇ ਆਉਣ ਦੀ ਵੰਗਾਰ ਦਿੱਤੀ ਅਤੇ ਨਾਲ ਹੀ ਇਹ ਸਪਸ਼ਟ ਕਰ ਦਿੱਤਾ ਕਿ ਜੋ ਵੀ ਵਿਅਕਤੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅੱਗੇ ਆਉਣਾ ਚਾਹੁੰਦਾ ਹੈ ਉਹ ਆਪਣੀ ਜਾਨ ਦੀ ਪ੍ਰਵਾਹ ਨਾ ਕਰੇ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥[32]

ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਖਾਲਸੇ ਦਾ ਜੀਵਨ ਉਦੇਸ਼ ਨਿਰਧਾਰਤ ਕੀਤਾ ਗਿਆ ਕਿ ਉਹ ਗਰੀਬਾਂ ਅਤੇ ਨਿਤਾਣਿਆਂ ਦੀ ਰਾਖੀ ਲਈ ਵਚਨਬੱਧ ਰਹੇਗਾ। ਭਾਈ ਨੰਦ ਲਾਲ ਖਾਲਸੇ ਦੀ ਮਨੁੱਖੀ ਅਧਿਕਾਰਾਂ ਪ੍ਰਤੀ ਦ੍ਰਿੜਤਾ ਦਾ ਵਰਨਨ ਕਰਦੇ ਹੋਏ ਕਹਿੰਦਾ ਹੈ :

ਖਾਲਸਾ ਸੋਇ ਸ਼ਸਤਰ ਕੋ ਧਾਰੈ।
ਖਾਲਸਾ ਸੋਇ ਦੁਸ਼ਟ ਕੋ ਮਾਰੈ।[33]

ਮਨੁੱਖੀ ਅਧਿਕਾਰਾਂ ਦਾ ਜੋ ਰੂਪ ਅੱਜ ਨਜ਼ਰ ਆ ਰਿਹਾ ਹੈ ਉਹ ਪਹਿਲੇ ਸਮਾਜ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦਾ। ਪਹਿਲੇ ਸਮਿਆਂ ਵਿਚ ਦ੍ਰਿਸ਼ਟ ਤੌਰ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਸੀ ਅਤੇ ਪ੍ਰਤੱਖ ਤੌਰ ਤੇ ਉਸਦਾ ਜੁਆਬ ਦਿੱਤਾ ਜਾਂਦਾ ਸੀ। ਅਜੋਕੇ ਸਮੇਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸੂਖਮ ਤਕਨੀਕਾਂ ਸਾਹਮਣੇ ਆਈਆਂ ਹਨ ਜਿੱਥੇ ਲੋਕਤੰਤਰੀ ਪ੍ਰਕਿਰਿਆ ਵਿਚ ਦੇਸ ਦੇ ਆਗੂ ਹੀ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ। ਅਜਿਹੇ ਸਮੇਂ ਲੋਕਾਂ ਨੂੰ ਵੀ ਨਵੇਂ ਤੌਰ ਤਰੀਕਿਆਂ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਆਬ ਦੇਣਾ ਚਾਹੀਦਾ ਹੈ, ਭਾਵ ਲੋਕਤੰਤਰ ਵਿਚ ਚੁਣਨ ਦੀ ਪ੍ਰਕਿਰਿਆ ਸਮੇਂ ਇਨ੍ਹਾਂ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ। ਭ੍ਰਿਸ਼ਟ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਆਗੂਆਂ ਦਾ ਟਾਕਰਾ ਕਰਨ ਲਈ ਜਨ-ਚੇਤਨਾ ਦੀ ਲੋੜ ਪੈਂਦੀ ਹੈ। ਗੁਰਬਾਣੀ ਅਜਿਹੀ

ਹੀ ਜਨ-ਚੇਤਨਾ ਉਜਾਗਰ ਕਰਨ ਦਾ ਮਾਰਗ ਦਰਸਾਉਂਦੀ ਹੈ। ਇਸਦੇ ਨਾਲ ਹੀ ਗੁਰਬਾਣੀ ਦੁਨੀਆ ਵਿਚ ਕਿਤੇ ਵੀ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਪ੍ਰਤੀ ਚੇਤਨਾ ਪੈਦਾ ਕਰਨ ਵਿਚ ਯੋਗਦਾਨ ਪਾ ਰਹੀ ਹੈ। ਦੁਨੀਆ ਦੇ ਜਿਸ ਵੀ ਕੋਨੇ ਵਿਚ ਸਿੱਖ ਬੈਠੇ ਹਨ ਉਹ ਉਸ ਦੇਸ ਦੇ ਕਾਨੂੰਨੀ ਢਾਂਚੇ ਅੰਦਰ ਰਹਿ ਕੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਸਕਦੇ ਹਨ ਅਤੇ ਇਸ ਸੰਬੰਧੀ ਪ੍ਰੇਰਣਾ ਅਤੇ ਅਗਵਾਈ ਪ੍ਰਦਾਨ ਕਰਨ ਵਿਚ ਗੁਰਬਾਣੀ ਅਹਿਮ ਭੂਮਿਕਾ ਨਿਭਾਉਂਦੀ ਹੈ। ਗੁਰਬਾਣੀ ਸਮੁੱਚੀ ਦੁਨੀਆ ਦਾ ਸਦਾਚਾਰਕ ਸਮਾਜ ਸਿਰਜਨ ਵਿਚ ਚਾਨਣ ਮੁਨਾਰੇ ਵਜੋਂ ਕੰਮ ਕਰਦੀ ਹੈ।

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰਬਾਣੀ ਵਿਚ ਸਮੁੱਚੀ ਲੋਕਾਈ ਦੀ ਅਗਵਾਈ ਲਈ ਅਹਿਮ ਅਤੇ ਯੋਗ ਭੂਮਿਕਾ ਨਿਭਾਉਣ ਦੇ ਨਾਲ-ਨਾਲ ਜਾਤ, ਕੌਮ ਅਤੇ ਨਸਲ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਵਿਅਕਤੀ ਲਈ ਸਚਿਆਰਾ ਜੀਵਨ ਦਰਸ਼ਨ ਪੇਸ਼ ਕੀਤਾ ਗਿਆ ਹੈ। ਸਮੇਂ ਅਤੇ ਸਥਾਨ ਦੀਆਂ ਮੁਸ਼ਕਲਾਂ ਹੱਲ ਕਰਦੇ ਹੋਏ ਗੁਰਬਾਣੀ ਮਾਨਵਤਾਵਾਦ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ।[34]

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 1188.
2. ਉਹੀ, ਪੰਨਾ 469.
3. ਉਹੀ, ਪੰਨਾ 266.
4. ਉਹੀ, ਪੰਨਾ 622.
5. *ਵਾਰਾਂ ਭਾਈ ਗੁਰਦਾਸ*, ਵਾਰ 1.21.
6. ਗੁਰੂ ਗ੍ਰੰਥ ਸਾਹਿਬ, ਪੰਨਾ 142.
7. ਉਹੀ, ਪੰਨਾ 853.
8. ਉਹੀ, ਪੰਨਾ 97.
9. *ਦਸਮ ਗ੍ਰੰਥ*, ਅਕਾਲ ਉਸਤਤਿ 85.
10. ਗੁਰੂ ਗ੍ਰੰਥ ਸਾਹਿਬ, ਪੰਨਾ 1299.
11. ਉਹੀ, ਪੰਨਾ 722.
12. ਉਹੀ, ਪੰਨਾ 471.
13. ਗੁਰੂ ਗ੍ਰੰਥ ਸਾਹਿਬ, ਪੰਨਾ 773.
14. *ਸਿੱਖ ਰਹਿਤ ਮਰਯਾਦਾ*, ਪੰਨਾ 27.
15. *ਦ ਟ੍ਰਿਬਿਊਨ*, 22.11.2004.
16. ਉਹੀ, 24.11.2004.
17. *ਵਾਰਾਂ ਭਾਈ ਗੁਰਦਾਸ*, ਵਾਰ 6.8.
18. ਗੁਰੂ ਗ੍ਰੰਥ ਸਾਹਿਬ, ਪੰਨਾ 554.
19. *ਵਾਰਾਂ ਭਾਈ ਗੁਰਦਾਸ*, ਵਾਰ 39.16.
20. ਗੁਰੂ ਗ੍ਰੰਥ ਸਾਹਿਬ, ਪੰਨਾ 430.
21. ਉਹੀ, ਪੰਨਾ 661.
22. ਉਹੀ, ਪੰਨਾ 766.

23. ਉਹੀ, ਪੰਨਾ 472.
24. ਉਹੀ, ਪੰਨਾ 13.
25. ਉਹੀ, ਪੰਨਾ 747-48.
26. ਉਹੀ, ਪੰਨਾ 1349.
27. *ਦਸਮ ਗ੍ਰੰਥ*, ਅਕਾਲ ਉਸਤਤਿ 86.
28. ਗੁਰੂ ਗ੍ਰੰਥ ਸਾਹਿਬ, ਪੰਨਾ 417.
29. ਉਹੀ, ਪੰਨਾ 951.
30. ਉਹੀ, ਪੰਨਾ 1288.
31. ਉਹੀ, ਪੰਨਾ 142.
32. ਉਹੀ, ਪੰਨਾ 1412.
33. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਤਨਖਾਹਨਾਮਾ 54.
34. ਗੁਰੂ ਗ੍ਰੰਥ ਸਾਹਿਬ, ਪੰਨਾ 67.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਤਰ ਧਰਮ ਸੰਵਾਦ

ਮਨੁੱਖੀ ਸਮਾਜ ਬੜੀ ਤੇਜੀ ਨਾਲ ਅੱਗੇ ਨੂੰ ਵੱਧ ਰਿਹਾ ਹੈ। ਜੇਕਰ ਪਿਛਲੇ ਸੌ ਸਾਲ ਦਾ ਹਿਸਾਬ ਲਾਈਏ ਤਾਂ ਮਨੁੱਖ ਨੇ ਪਹਿਲੇ ਅੱਸੀ ਸਾਲਾਂ ਵਿਚ ਜਿੰਨੀ ਤਰੱਕੀ ਕੀਤੀ ਉਸ ਤੋਂ ਕਿਤੇ ਵਧੇਰੇ ਪਦਾਰਥਕ ਉਨੱਤੀ ਪਿਛਲੇ ਵੀਹ ਸਾਲਾਂ ਵਿਚ ਹਾਸਲ ਕਰ ਗਿਆ। ਜਿਹੜੀਆਂ ਹੱਦਬੰਦੀਆਂ ਮਨੁੱਖਾਂ ਦੁਆਰਾ ਮਨੁੱਖਾਂ ਲਈ ਬਣਾਈਆਂ ਗਈਆਂ ਸਨ, ਬਹੁਤ ਸਾਰੇ ਯਤਨਾਂ ਦੇ ਬਾਵਜੂਦ ਵੀ ਇਹ ਖਤਮ ਤਾਂ ਕੀ ਘੱਟ ਵੀ ਨਹੀਂ ਹੋ ਰਹੀਆਂ ਸਨ। ਪਦਾਰਥਕ ਉਨੱਤੀ ਨੇ ਮਨੁੱਖੀ ਵਲਗਣਾਂ ਦਾ ਘੇਰਾ ਤੋੜਨ ਵਿਚ ਕਾਫੀ ਹੱਦ ਤੱਕ ਸਫਲਤਾ ਹਾਸਲ ਕੀਤੀ। ਕਬੀਲਿਆਂ ਦੇ ਰੂਪ ਵਿਚ ਵਿਚਰਨ ਵਾਲੇ ਲੋਕ ਸ਼ਹਿਰੀ ਜਨਜੀਵਨ ਤੋਂ ਪ੍ਰਭਾਵਤ ਹੋਏ ਬਿਨਾ ਨਾ ਰਹਿ ਸਕੇ ਅਤੇ ਕਬੀਲੇ ਦੇ ਮੁਖੀਆਂ ਵੱਲੋਂ ਲਾਈਆਂ ਪਾਬੰਦੀਆਂ ਤੋੜ ਕੇ ਅਗਾਂਹਵਧੂ ਸਮਾਜ ਦਾ ਅੰਗ ਬਣਨ ਵੱਲ ਰੁਚਿਤ ਹੋਏ। ਜਿਹੜੇ ਸਮਾਜ ਵਿਚ ਭੇਦਭਾਵ ਹੱਦ ਦਰਜੇ ਤੱਕ ਘੱਟ ਸੀ ਉਥੇ ਤਾਂ ਇਹ ਸੰਤੁਲਨ ਕਾਇਮ ਰਿਹਾ ਪਰ ਜਿੱਥੇ ਭੇਦਭਾਵ ਦੀ ਭਾਵਨਾ ਗਤੀਸ਼ੀਲ ਸੀ, ਉਥੇ ਸਮਾਜ ਨੇ ਨਵਾਂ ਚਿਹਰਾ-ਮੁਹਰਾ ਤਾਂ ਧਾਰਨ ਕਰ ਲਿਆ ਪਰ ਭੇਦਭਾਵ ਦੀ ਨੀਤੀ ਖਤਮ ਨਹੀਂ ਹੋਈ। ਬਲਕਿ ਇਹ ਕਹਿਣਾ ਹੀ ਉਚਿਤ ਰਹੇਗਾ ਕਿ ਇਸ ਨੇ ਆਪਣਾ ਪੁਰਾਤਨ ਰੂਪ ਬਦਲ ਕੇ ਨਵਾਂ ਰੂਪ ਧਾਰਨ ਕਰ ਲਿਆ, ਜਿਵੇਂ ਜਾਤ-ਪਾਤ ਅਤੇ ਊਚ-ਨੀਚ ਦੀ ਭਾਵਨਾ ਨੂੰ ਤਾਂ ਪਦਾਰਥਕ ਗਤੀ ਨੇ ਸੱਟ ਮਾਰੀ ਹੈ ਪਰ ਅਮੀਰ ਗਰੀਬ ਅਤੇ ਉੱਚ ਨਿਮਨ ਵਰਗ ਦੀ ਭਾਵਨਾ ਕਾਇਮ ਰਹੀ ਹੈ।

ਹਰ ਸਦੀ ਵਿਚ ਮਨੁੱਖੀ ਸਮਾਜ ਅੱਗੇ ਵੱਲ ਨੂੰ ਪੁਲਾਂਘਾਂ ਪੁੱਟਣ ਦੀ ਕੋਸ਼ਿਸ਼ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਧਰਤੀ ਤੋਂ ਹਜ਼ਾਰਾਂ ਮੀਲ ਉੱਪਰ ਵੱਲ ਨੂੰ ਚੰਦਰਮਾ ਜਾਂ ਮੰਗਲ ਗ੍ਰਹਿ ਵੱਲ ਜਾਣ ਦੇ ਯਤਨ ਕਰ ਰਿਹਾ ਹੈ। ਇਸ ਦੇ ਨਾਲ ਹੀ ਮਨੁੱਖੀ ਵਿਨਾਸ਼ ਕਰਨ ਵੱਲ ਰੁਚਿਤ ਭਾਵਨਾ ਵੀ ਉਤੇਜਿਤ ਹੋਈ ਹੈ। ਵੱਡੇ ਦੇਸਾਂ ਵੱਲੋਂ ਛੋਟੇ ਦੇਸਾਂ ਉਤੇ ਕੀਤੇ ਜਾ ਰਹੇ ਹਮਲੇ, ਪ੍ਰਮਾਣੂ ਤਕਨੀਕ ਦਾ ਵਿਨਾਸ਼ਾਤਮਕ ਦਿਸ਼ਾ ਵੱਲ ਵਾਧਾ ਵੱਖ-ਵੱਖ ਦੇਸਾਂ ਵਿਚ ਪੈਦਾ ਹੋ ਰਿਹਾ ਫਿਰਕੂ ਤਣਾਉ, ਅੱਤਵਾਦ ਦੀ ਸਮੱਸਿਆ ਆਦਿ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਪਦਾਰਥਕ ਤਰੱਕੀ ਨੇ ਇਕ ਦੂਰ-ਦੁਰਾਡੇ ਬੈਠੇ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਲਿਆਉਣ ਵਿਚ ਤਾਂ ਸਫਲਤਾ ਹਾਸਲ ਕਰ ਲਈ ਹੈ ਪਰ ਨੇੜੇ ਬੈਠੇ ਮਨੁੱਖਾਂ ਵਿਚ ਬੇਰੁਖੀ, ਇਕੱਲਾਪਨ ਅਤੇ ਸਵੈ-ਕੇਂਦਰਿਤ ਭਾਵਨਾਵਾਂ ਦਾ ਵਿਕਾਸ ਕੀਤਾ ਹੈ। ਪਰ ਹਾਲੇ ਵੀ ਚਿੰਤਾ ਕਰਨ ਦੀ ਬਹੁਤੀ ਲੋੜ ਨਹੀਂ ਹੈ ਕਿਉਂਕਿ ਧਰਮ ਨੇ ਕਿਤੇ ਨਾ ਕਿਤੇ ਤਾਂ ਮਨੁੱਖੀ ਸਮਾਜ ਨੂੰ ਇਕ ਸੂਤਰ ਵਿਚ ਪਰੋਇਆ ਹੋਇਆ ਹੈ। ਧਰਮ ਮਨੁੱਖੀ ਸਮਾਜ ਨੂੰ ਇਕਜੁੱਟ ਅਤੇ ਇਕਮੁੱਠ ਰੱਖਣ ਲਈ ਪੁਰਜੋਰ ਯਤਨਸ਼ੀਲ ਹੈ।

ਜਨਮ, ਵਿਆਹ ਅਤੇ ਮੌਤ ਤਿੰਨ ਅਜਿਹੀਆਂ ਰਸਮਾਂ ਹਨ ਜਿਨ੍ਹਾਂ ਦੀ ਕ੍ਰਿਆ ਸਮੇਂ ਧਰਮ ਦਾ ਸਹਾਰਾ ਲਿਆ ਜਾਣਾ ਜ਼ਰੂਰੀ ਮਹਿਸੂਸ ਕੀਤਾ ਜਾਂਦਾ ਹੈ। ਭਾਵੇਂ ਕਿ ਹੁਣ ਕੋਰਟ ਮੈਰਿਜ ਦਾ ਰੁਝਾਨ ਵੀ ਪ੍ਰਚਲਿਤ ਹੋ ਗਿਆ ਹੈ ਪਰ ਇਹ ਧਾਰਮਿਕ ਰਸਮਾਂ ਦਾ ਬਦਲ ਨਹੀਂ ਹੋ ਸਕਦਾ ਕਿਉਂਕਿ ਇਨ੍ਹਾਂ ਰਸਮਾਂ ਵਿਚ ਭਾਵਨਾਵਾਂ ਸੰਮਿਲਤ ਹੁੰਦੀਆਂ ਹਨ ਜੋ ਕਿ ਪਰਿਵਾਰਕ ਸੰਬੰਧਾਂ ਨੂੰ ਮਜ਼ਬੂਤ ਅਤੇ ਦ੍ਰਿੜ ਕਰਨ ਵਿਚ ਸਹਾਈ ਹੁੰਦੀਆਂ ਹਨ। ਇਸ ਤਰ੍ਹਾਂ ਧਰਮ ਹਰ ਵਿਅਕਤੀ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਟੀ.ਵੀ. ਰਾਹੀਂ ਪ੍ਰਫੁਲਿਤ ਹੋ ਰਹੇ ਧਾਰਮਿਕ ਚੈਨਲ ਇਸ ਗੱਲ ਦਾ ਸਬੂਤ ਹਨ ਕਿ ਧਰਮ ਦਾ ਅੰਸ਼ ਮਨੁੱਖੀ ਜੀਵਨ ਵਿਚ ਮੌਜੂਦ ਹੈ। ਧਾਰਮਿਕ ਰੁਚੀ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਜਿਹੜੇ ਮਨੁੱਖ ਪਦਾਰਥਕ ਤਰੱਕੀ ਹਾਸਲ ਕਰਨ ਲਈ ਦੂਰ-ਦੁਰਾਡੇ ਦੇਸਾਂ ਵੱਲ ਪਲਾਇਨ ਕਰ ਗਏ ਸਨ ਉਹ ਵੀ ਸਮਾਜਿਕ ਅਤੇ ਧਾਰਮਿਕ ਭਾਵਨਾਵਾਂ ਤਹਿਤ ਮਿੱਟੀ ਵੱਲ ਮੁੜਨਾ ਲੋਚਦੇ ਹਨ।

ਧਰਮ ਮਨੁੱਖੀ ਜੀਵਨ ਦਾ ਅਹਿਮ ਅੰਗ ਹੈ ਅਤੇ ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਬਲਕਿ ਇਸ ਨੂੰ ਪ੍ਰਫੁਲਿਤ ਕਰਦੇ ਹੋਏ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਵੇ ਤਾਂ ਸਮਾਜਿਕ ਕਦਰਾਂ-ਕੀਮਤਾਂ ਵਿਚ ਵਾਧਾ ਕੀਤਾ ਜਾ ਸਕਦਾ ਹੈ ਜੋ ਕਿ ਮਨੁੱਖੀ ਵਿਕਾਸ ਦਾ ਕੇਂਦਰੀ ਧੁਰਾ ਹੁੰਦੀਆਂ ਹਨ। ਧਾਰਮਿਕ ਕੀਮਤਾਂ ਜਿੱਥੇ ਮਨੁੱਖ ਦੇ ਮਨ ਵਿਚ ਸਵੈਮਾਨ ਦੀ ਭਾਵਨਾ ਕਾਇਮ ਕਰਦੀਆਂ ਹਨ ਉਥੇ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਵਿਕਸਿਤ ਕਰਨ ਵਿਚ ਯੋਗਦਾਨ ਪਾਉਂਦੀਆਂ ਹਨ। ਪਰ ਇਹ ਕੀਮਤਾਂ ਤਾਂ ਹੀ ਸੁਚਾਰੂ ਭੂਮਿਕਾ ਨਿਭਾਅ ਸਕਦੀਆਂ ਹਨ ਜੇਕਰ ਇਨ੍ਹਾਂ ਨੂੰ ਸਹੀ ਰੂਪ ਅਤੇ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ। ਕ੍ਰਿਪਾਨ ਦੋ ਕਾਰਜ ਕਰਦੀ ਹੈ, ਇਕ ਤਾਂ ਇਹ ਜ਼ਾਲਮ ਨੂੰ ਸਿੱਧੇ ਮਾਰਗ ਤੇ ਲਿਆਉਣ ਲਈ ਯਤਨਸ਼ੀਲ ਰਹਿੰਦੀ ਹੈ, ਦੂਜਾ ਜਿਸ ਦੇ ਹੱਥ ਵਿਚ ਇਹ ਮੌਜੂਦ ਹੈ ਉਸ ਨੂੰ ਧਾਰਮਿਕ ਮਾਰਗ ਤੇ ਟਿਕੇ ਰਹਿਣ ਦਾ ਅਹਿਸਾਸ ਕਰਾਉਂਦੀ ਹੈ, ਪਰ ਜੇਕਰ ਇਸ ਦੇ ਉਲਟ ਹੋ ਜਾਵੇ ਤਾਂ ਇਹ ਕ੍ਰਿਪਾਨ ਨਹੀਂ ਰਹਿੰਦੀ। ਏਸੇ ਤਰ੍ਹਾਂ ਧਰਮ ਜਿੱਥੇ ਮਨੁੱਖੀ ਕਦਰਾਂ ਕੀਮਤਾਂ ਦਾ ਵਿਕਾਸ ਕਰਦਾ ਹੈ ਉਥੇ ਨਾਲ ਹੀ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦਾ ਹੈ। ਧਰਮ ਦਾ ਧਾਰਮਿਕ ਕੀਮਤਾਂ ਵਿਰੁੱਧ ਕੀਤਾ ਜਾਣ ਵਾਲਾ ਇਸਤੇਮਾਲ ਅਧਰਮ ਨੂੰ ਜਨਮ ਦਿੰਦਾ ਹੈ। ਧਰਮ ਦਾ ਜੋ ਸਰੂਪ ਗੁਰਬਾਣੀ ਵਿਚ ਪੇਸ਼ ਕੀਤਾ ਗਿਆ ਹੈ ਉਸ ਨੂੰ ਸਪਸ਼ਟ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਦੱਸਦੇ ਹਨ:

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥[1]

ਸਾਇੰਸ ਦੀ ਤਰੱਕੀ ਨੇ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਵਿਚ ਵਾਧਾ ਕੀਤਾ ਹੈ ਇਸ ਨਾਲ ਦੂਰ-ਦੁਰਾਡੇ ਬੈਠੇ ਮਨੁੱਖ ਇਕ ਦੂਜੇ ਨਾਲ ਜੁੜੇ ਹਨ। ਸੰਸਾਰ ਵਿਚ ਵਾਪਰੀ ਕੋਈ ਵੀ ਘਟਨਾ ਹੁਣ ਮਿੰਟਾਂ-ਸਕਿੰਟਾਂ ਵਿਚ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਪਹੁੰਚ ਜਾਂਦੀ ਹੈ। ਇਸ ਤਰੱਕੀ ਦੀ ਦਿਸ਼ਾ ਵਿਚ ਕੋਈ ਵੀ ਮਨੁੱਖ ਇਕੱਲਾ ਨਹੀਂ ਰਹਿ ਸਕਦਾ, ਉਸ ਨੂੰ ਆਪਣੀ ਤਰੱਕੀ ਵਿਚ ਦੂਜਿਆਂ ਦੀ ਸਹਾਇਤਾ ਦੀ ਲੋੜ ਹਮੇਸ਼ਾਂ ਬਣੀ ਰਹਿੰਦੀ ਹੈ। ਇਸ ਤਰੱਕੀ ਵਿਚ ਧਾਰਮਿਕ ਭਾਵਨਾਵਾਂ ਰੋੜਾ ਨਾ ਬਣਨ ਇਸ

ਲਈ ਧਾਰਮਿਕ ਸੂਝ-ਬੂਝ ਹੋਣੀ ਜ਼ਰੂਰੀ ਹੈ। ਧਰਮਾਂ ਨਾਲ ਸੰਬੰਧਿਤ ਵਿਦਵਾਨ ਵੀ ਇਸ ਕਾਰਜ ਵਿਚ ਰੁੱਝੇ ਹੋਏ ਹਨ ਕਿ ਸਮੇਂ ਦੀ ਤਰੱਕੀ ਨਾਲ ਧਰਮ ਨੂੰ ਸਮੇਂ ਦਾ ਹਾਣੀ ਕਿਵੇਂ ਬਣਾਇਆ ਜਾਵੇ। ਇਹ ਨਿਸ਼ਚਿਤ ਹੈ ਕਿ ਜੋ ਧਰਮ ਮਨੁੱਖੀ ਵਿਕਾਸ ਦੀ ਦਿਸ਼ਾ ਅਤੇ ਗਤੀ ਦੇ ਅਨੁਕੂਲ ਰਹਿੰਦੇ ਹਨ ਉਨ੍ਹਾਂ ਦਾ ਆਮ ਲੋਕਾਂ ਉਤੇ ਵਧੇਰੇ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਇਕ ਧਰਮ ਦੇ ਵਿਅਕਤੀ ਦਾ ਦੂਜੇ ਧਰਮ ਦੇ ਵਿਅਕਤੀ ਦੇ ਨੇੜੇ ਜਾਣਾ ਜਾਂ ਰਹਿਣਾ ਆਮ ਗੱਲ ਹੈ। ਇਹ ਸੁਮੇਲ ਕਿਤੇ ਮਨੁੱਖੀ ਵਿਕਾਸ ਦੀ ਗਤੀ ਵਿਚ ਵਿਘਨ ਨਾ ਪਾਵੇ, ਇਸ ਲਈ ਦੂਜੇ ਧਰਮ ਦੀ ਭਾਵਨਾ ਨੂੰ ਸਮਝਣਾ ਅਤੇ ਜਾਣਨਾ ਜ਼ਰੂਰੀ ਹੈ। ਸਮਾਜ ਦੀ ਤਰੱਕੀ ਵਿਚ ਧਰਮ ਦੇ ਨਾਮ ਉਤੇ ਪਏ ਵਿਘਨ ਉਤੇ ਟਿੱਪਣੀ ਕਰਦੇ ਭਾਈ ਗੁਰਦਾਸ ਜੀ ਕਹਿੰਦੇ ਹਨ:

ਚਾਰਿ ਵਰਨ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮ੍ਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ।[6]

ਧਰਮ ਦੇ ਨਾਮ ਉਤੇ ਪਈ ਹੋਈ ਇਸ ਦਰਾੜ ਨੂੰ ਗੁਰੂ ਸਾਹਿਬਾਨ ਨੇ ਭਰਨ ਦਾ ਯਤਨ ਕੀਤਾ ਅਤੇ ਭਾਰਤ ਦੀ ਧਰਤੀ ਦੇ ਇਨ੍ਹਾਂ ਦੋਵੇਂ ਪ੍ਰਮੁਖ ਧਰਮਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਵਿਚ ਸਫਲਤਾ ਪੂਰਵਕ ਕਾਰਜ ਕੀਤੇ। ਗੁਰੂ ਨਾਨਕ ਨੇ ਦੋਵੇਂ ਧਰਮਾਂ ਲਈ ਇਕਸੁਰਤਾ ਦਾ ਸਾਂਝਾ ਪਲੇਟਫਾਰਮ ਪ੍ਰਦਾਨ ਕੀਤਾ ਜਿਸ ਦੇ ਨਤੀਜੇ ਵਜੋਂ ਉਹ ਦੋਵੇਂ ਧਰਮਾਂ ਦੇ ਪੈਰੋਕਾਰਾਂ ਲਈ ਸਤਿਕਾਰ ਦਾ ਪਾਤਰ ਬਣੇ :

ਬਾਬਾ ਨਾਨਕ ਸ਼ਾਹ ਫ਼ਕੀਰ
ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ।

ਗੁਰੂ ਨਾਨਕ ਦੇਵ ਜੀ ਲਈ ਪ੍ਰਗਟ ਹੋਏ ਇਹ ਵਿਚਾਰ ਇਕ ਜਾਂ ਦੋ ਦਿਨ ਵਿਚ ਹੀ ਪੈਦਾ ਨਹੀਂ ਹੋਏ ਬਲਕਿ ਇਸ ਪਿੱਛੇ ਗੁਰੂ ਨਾਨਕ ਦੇਵ ਜੀ ਦੁਆਰਾ ਉਜਾਗਰ ਕੀਤੀ ਭਾਈਚਾਰੇ ਦੀ ਉਹ ਭਾਵਨਾ ਹੈ ਜੋ ਸਾਲਾਂ ਬੱਧੀ ਲੰਮੀਆਂ ਉਦਾਸੀਆਂ ਸਮੇਂ ਕੀਤੇ ਵਿਚਾਰ-ਵਟਾਂਦਰੇ ਦਾ ਨਤੀਜਾ ਹਨ। ਸੱਜਣ ਠੱਗ, ਕੌਡਾ ਰਾਖਸ਼, ਯੋਗੀਆਂ ਮੌਲਾਣਿਆਂ, ਬ੍ਰਾਹਮਣਾਂ ਆਦਿ ਨਾਲ ਕੀਤੇ ਸੰਵਾਦ ਕੇਵਲ ਪ੍ਰਤੀਕ ਹਨ ਜੋ ਉਨ੍ਹਾਂ ਦੀ ਸ਼ਖਸੀਅਤ ਵਿਚ ਸਹਿਹੋਂਦ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਵੇਂਈ ਪ੍ਰਵੇਸ਼ ਤੋਂ ਬਾਅਦ 'ਨ ਕੋ ਹਿੰਦੂ ਨ ਮੁਸਲਮਾਨ' ਦਾ ਪਹਿਲਾ ਉਪਦੇਸ਼ ਦੇਣ ਵਾਲੀ ਇਸ ਮਹਾਨ ਸ਼ਖਸੀਅਤ ਨੇ ਸੰਵਾਦ ਰਾਹੀਂ ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਲੋਕਾਂ ਦੇ ਨੇੜੇ ਲਿਆਉਣ ਦਾ ਯਤਨ ਕੀਤਾ। ਬਾਣੀ ਇਕੱਤਰ ਕਰਦੇ ਸਮੇਂ ਵੀ ਇਹੀ ਖਿਆਲ ਰੱਖਿਆ ਗਿਆ ਕਿ ਸੰਗ੍ਰਹਿ ਕੀਤੀ ਜਾਣ ਵਾਲੀ ਬਾਣੀ ਅਕਾਲ ਪੁਰਖ ਦੇ ਧੁਰੇ ਨਾਲ ਜੋੜਨ ਵਾਲੀ ਅਤੇ ਪ੍ਰੇਮ ਅਤੇ ਭਾਈਚਾਰੇ ਨੂੰ ਪ੍ਰਫੁਲਿਤ ਕਰਨ ਦੇ ਨਾਲ-ਨਾਲ ਮਨੁੱਖੀ ਸਮਾਜ

ਵਿਚ ਵੰਡੀਆਂ ਪਾਉਣ ਤੋਂ ਮੁਕਤ ਹੋਣੀ ਚਾਹੀਦੀ ਹੈ, ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ 'ਸਰਬ ਸਾਂਝੀ ਗੁਰਬਾਣੀ' ਵੀ ਕਿਹਾ ਜਾਂਦਾ ਹੈ।

ਸੰਵਾਦ ਨੂੰ ਮਨੁੱਖੀ ਜੀਵਨ ਦੇ ਵਿਕਾਸ ਦਾ ਧੁਰਾ ਬਣਾਉਣ ਵਾਲੀ ਗੁਰਬਾਣੀ ਦੂਜੇ ਵਿਅਕਤੀ ਨਾਲ ਚਰਚਾ ਕਰਨ ਤੋਂ ਪਹਿਲਾਂ ਆਪਣੇ ਅੰਤਰ ਮਨ ਨਾਲ ਸੰਬੋਧਨ ਹੋਣ ਉਤੇ ਜ਼ੋਰ ਦਿੰਦੀ ਹੈ। ਗੁਰਬਾਣੀ ਸਪਸ਼ਟ ਕਰਦੀ ਹੈ ਕਿ ਸੱਚਾਈ ਤੋਂ ਬਗੈਰ ਸੰਵਾਦ ਦੀ ਭਾਵਨਾ ਨੂੰ ਪ੍ਰਫੁਲਿਤ ਨਹੀਂ ਕੀਤਾ ਜਾ ਸਕਦਾ। ਸੱਚਾਈ ਦਾ ਅੰਸ਼ ਪ੍ਰਫੁਲਿਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਜੋ ਭਾਵਨਾ ਪ੍ਰਗਟ ਕੀਤੀ ਉਸ ਦਾ ਪ੍ਰਮਾਣ ਸਿੱਖਾਂ ਵਿਚ ਰੋਜ਼ਾਨਾ ਪੜ੍ਹੀ ਜਾਣ ਵਾਲੀ ਬਾਣੀ 'ਜਪੁਜੀ' ਤੋਂ ਸਪਸ਼ਟ ਹੋ ਜਾਂਦਾ ਹੈ। 'ਕਿਵ ਸਚਿਆਰਾ ਹੋਈਐ' ਵਾਲੀ ਪੰਕਤੀ ਹੀ ਮਨੁੱਖੀ ਮਨ ਨੂੰ ਉਸ ਦੇ ਅੰਤਰੀਵੀ ਅਤੇ ਬਾਹਰੀ ਵਿਹਾਰ ਪ੍ਰਤੀ ਸੁਚੇਤ ਹੋਣ ਵੱਲ ਉਜਾਗਰ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਬਾਬਾ ਫ਼ਰੀਦ ਜੀ ਦੀ ਬਾਣੀ ਮਨੁੱਖੀ ਵਿਹਾਰ ਦੀ ਸ਼ੁੱਧਤਾ ਪ੍ਰਤੀ ਸੁਚੇਤ ਹੋਣ ਦਾ ਪ੍ਰਗਟਾਵਾ ਕਰਦੀ ਹੈ। ਬਾਬਾ ਫ਼ਰੀਦ ਸੰਵਾਦ ਦੀ ਭਾਵਨਾ ਉਤੇ ਜ਼ੋਰ ਦਿੰਦੇ ਹੋਏ ਪਹਿਲਾਂ ਆਪਣੇ ਅੰਤਰਮਨ ਨਾਲ ਸੰਵਾਦ ਰਚਾਉਣ ਦੀ ਪ੍ਰੇਰਣਾ ਕਰਦੇ ਹੋਏ ਕਹਿੰਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥[3]

ਬਾਬਾ ਫ਼ਰੀਦ ਸਮੁੱਚੀ ਲੋਕਾਈ ਨੂੰ ਪਰਮਾਤਮਾ ਦੀ ਅੰਸ਼ ਮੰਨਦੇ ਹਨ, ਸਭ ਮਨੁੱਖਾਂ ਅੰਦਰ ਸੱਚ ਦਾ ਪ੍ਰਗਟਾਵਾ ਦੇਖ ਰਹੇ ਹਨ। ਇਸ ਲਈ ਕਹਿੰਦੇ ਹਨ ਕਿ ਪਰਮਾਤਮਾ ਦੀ ਅੰਸ਼ ਹੋਣ ਕਰਕੇ ਸਭ ਜੀਵ ਅਮੋਲ ਹਨ, ਕਿਸੇ ਦਾ ਦਿਲ ਨਾ ਦੁਖਾ:

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[4]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਵਾਦ ਦਾ ਸਰਬੋਤਮ ਮਾਡਲ ਪੇਸ਼ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਵੱਖ-ਵੱਖ ਧਰਮਾਂ, ਜਾਤਾਂ, ਭੂਗੋਲਿਕ ਖਿਤਿਆਂ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰਬਾਣੀ ਸਮੂਹ ਮਨੁੱਖਾਂ ਲਈ ਏਕਤਾ ਅਤੇ ਇਕਸੁਰਤਾ ਦਾ ਮਾਰਗ ਧਾਰਨ ਕਰਨ ਤੇ ਜ਼ੋਰ ਦਿੰਦੀ ਹੈ ਅਤੇ ਨਾਲ ਹੀ ਬਾਬਾ ਫ਼ਰੀਦ ਜੀ ਦੀ ਉਪਰੋਕਤ ਪੰਕਤੀ ਦਾ ਪ੍ਰਗਟਾਵਾ ਕਰਦੀ ਹੈ ਕਿ ਸਮੁੱਚੀ ਲੋਕਾਈ, ਸੱਚਾਈ ਦਾ ਅੰਸ਼ ਹੋਣ ਕਰਕੇ ਅਮੋਲ ਹੈ, ਲੋੜ ਹੈ ਇਸ ਸੱਚਾਈ ਦੇ ਅੰਸ਼ ਨੂੰ ਪ੍ਰਫੁਲਿਤ ਕਰਨ ਦੀ।

ਸੰਵਾਦ ਦੀ ਭਾਵਨਾ ਨੂੰ ਦ੍ਰਿੜ ਕਰਾਉਂਦੇ ਹੋਏ ਗੁਰਬਾਣੀ ਵਿਚ ਜਿਨ੍ਹਾਂ ਨਾਲ ਚਰਚਾ ਕੀਤੀ ਮਿਲਦੀ ਹੈ ਉਸ ਵਿਚ ਬ੍ਰਾਹਮਣ, ਯੋਗੀ ਅਤੇ ਮੌਲਾਣੇ ਪ੍ਰਮੁਖ ਤੌਰ ਤੇ ਸਾਹਮਣੇ ਆਉਂਦੇ ਹਨ। ਗੁਰੂ ਜੀ ਸਮਝਦੇ ਹਨ ਕਿ ਸੱਚਾਈ ਦਾ ਮਾਰਗ ਛੱਡ ਕੇ ਧਰਮ ਦਾ ਪ੍ਰਗਟਾਵਾ ਅਤੇ ਸਮਾਜਿਕ ਅਗਵਾਈ ਕਰਨ ਵਾਲੇ ਇਹ ਆਗੂ ਆਮ ਵਿਅਕਤੀ ਨੂੰ ਕਰਮਕਾਂਡ ਤੱਕ ਸੀਮਿਤ ਕਰ ਰਹੇ ਹਨ। ਵਿਅਕਤੀ ਧਰਮ ਦੇ ਨਾਮ ਤੇ ਕਰਮਕਾਂਡ ਤਾਂ ਬਹੁਤ ਕਰ ਰਹੇ ਹਨ ਪਰ ਇਸ ਨਾਲ ਨਾ ਤਾਂ ਵਿਹਾਰ ਵਿਚ ਸ਼ੁੱਧਤਾ ਅਤੇ ਨਾ ਹੀ ਮਨ ਵਿਚ ਸੱਚਾਈ ਦੀ ਭਾਵਨਾ ਦਾ ਪ੍ਰਗਟਾਵਾ ਹੋ ਰਿਹਾ ਹੈ। ਗੁਰੂ ਨਾਨਕ ਦੇਵ ਜੀ ਇਨ੍ਹਾਂ ਦੇ ਵਿਹਾਰ ਤੇ ਟਿੱਪਣੀ ਕਰਦੇ ਹੋਏ ਕਹਿੰਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥[6]

ਸਮਾਜ ਦੇ ਇਨ੍ਹਾਂ ਧਾਰਮਿਕ ਮੁਖੀਆਂ ਨੂੰ ਗੁਰੂ ਜੀ ਮਿਲੇ ਅਤੇ ਇਨ੍ਹਾਂ ਨਾਲ ਸੰਵਾਦ ਰਚਾਇਆ। ਗੁਰੂ ਜੀ ਜਾਣਦੇ ਸਨ ਕਿ ਜੇਕਰ ਇਨ੍ਹਾਂ ਮੁਖੀਆਂ ਦੇ ਮਨ, ਵਚਨ ਅਤੇ ਕਰਮ ਵਿਚ ਸ਼ੁੱਧਤਾ ਆ ਜਾਵੇ ਤਾਂ ਲੋਕਾਈ ਆਪਣੇ ਆਪ ਸਿੱਧੇ ਮਾਰਗ ਦੀ ਧਾਰਨੀ ਹੋ ਜਾਵੇਗੀ। ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਵਰਗੇ ਸਦਗੁਣਾਂ ਦਾ ਧਾਰਨੀ ਵਿਅਕਤੀ ਹੀ ਸਮਾਜ ਦੀ ਸਹੀ ਅਤੇ ਯੋਗ ਅਗਵਾਈ ਕਰਦਾ ਹੋਇਆ 'ਮਨਿ ਸਾਚਾ ਮੁਖਿ ਸਾਚਾ'[7] ਜਿਹੇ ਵਿਹਾਰ ਨੂੰ ਉਜਾਗਰ ਕਰ ਸਕਦਾ ਹੈ। ਗੁਰੂ ਜੀ ਦੀਆਂ ਆਸਾ ਦੀ ਵਾਰ, ਓਅੰਕਾਰ ਅਤੇ ਸਿਧ ਗੋਸਟਿ ਸਿਰਲੇਖ ਅਧੀਨ ਬਾਣੀਆਂ ਉਨ੍ਹਾਂ ਦੇ ਇਨ੍ਹਾਂ ਸਮਾਜਿਕ ਆਗੂਆਂ ਨਾਲ ਵਿਚਾਰ-ਚਰਚਾ ਤੇ ਕੇਂਦਰਿਤ ਹਨ। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਵੀ ਅਜਿਹੇ ਵਿਚਾਰ-ਵਟਾਂਦਰਿਆਂ ਦਾ ਵਿਸਤ੍ਰਿਤ ਵਰਨਨ ਕੀਤਾ ਮਿਲਦਾ ਹੈ। ਗੁਰੂ ਜੀ ਨੇ ਸਭ ਗੋਸ਼ਟੀਆਂ ਵਿਚ ਸੱਚੀ-ਸੁੱਚੀ ਕਿਰਤ ਅਤੇ ਵਿਹਾਰ ਉਤੇ ਜ਼ੋਰ ਦਿੱਤਾ, ਜਿਵੇਂ ਕਿ ਕਾਜੀਆਂ ਨਾਲ ਹੋਈ ਇਕ ਵਿਚਾਰ ਚਰਚਾ ਵਿਚ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ, ਗੁਰੂ ਜੀ ਨੇ ਸਮਝਾਇਆ ਕਿ ਸ਼ੁਭ ਕਰਮ ਸਰਵੋਤਮ ਹਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥[8]

ਗੁਰੂ ਨਾਨਕ ਦੇਵ ਜੀ ਦੀ ਇਸ ਵਿਚਾਰਧਾਰਾ ਨੂੰ ਬਾਕੀ ਗੁਰੂ ਸਾਹਿਬਾਨ ਨੇ ਪ੍ਰਫੁਲਿਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਜਿੱਥੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਮਹਾਂਪੁਰਸ਼ਾਂ ਦੀ ਬਾਣੀ ਨੂੰ ਸੰਕਿਲਤ ਕੀਤਾ ਉਥੇ ਨਾਲ ਹੀ ਵੱਖ-ਵੱਖ ਧਰਮਾਂ ਦੀ ਹੋਂਦ ਅਤੇ ਉਨ੍ਹਾਂ ਦੀ ਜੀਵਨਜਾਚ ਦਾ ਪ੍ਰਗਟਾਵਾ ਵੀ ਕੀਤਾ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥
ਕੋਈ ਪੜੈ ਬੇਦ ਕੋਈ ਕਤੇਬ॥
ਕੋਈ ਓਢੈ ਨੀਲ ਕੋਈ ਸੁਪੇਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥[9]

ਸੰਵਾਦ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਦੂਜੇ ਜਾਂ ਸਾਹਮਣੇ ਵਾਲੇ ਵਿਅਕਤੀ ਦੇ ਵਿਸ਼ਵਾਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ। ਗੁਰਬਾਣੀ ਦਾ ਇਹ ਸ਼ਬਦ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਗੁਰੂ ਸਾਹਿਬਾਨ ਦੂਜੇ ਧਰਮਾਂ ਦੇ ਵਿਸ਼ਵਾਸੀਆਂ ਦੀ ਹੋਂਦ ਅਤੇ

ਉਨ੍ਹਾਂ ਦੇ ਸੰਸਕਾਰਾਂ ਅਤੇ ਵਿਸ਼ਵਾਸਾਂ ਤੋਂ ਮੂੰਹ ਨਹੀਂ ਮੋੜਦੇ। ਗੁਰੂ ਸਾਹਿਬਾਨ ਦੂਜੇ ਧਰਮ ਦੇ ਵਿਸ਼ਵਾਸੀਆਂ ਜਾਂ ਆਗੂਆਂ ਨਾਲ ਵਿਚਾਰ ਕਰਦੇ ਹੋਏ ਕਿਤੇ ਵੀ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਨਹੀਂ ਕਹਿੰਦੇ। ਗੁਰੂ ਸਾਹਿਬਾਨ ਤਾਂ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਹਰ ਧਰਮ ਦੇ ਵਿਅਕਤੀ ਨੂੰ ਉਸਦੇ ਧਾਰਨ ਕੀਤੇ ਵਿਸ਼ਵਾਸ ਵਿਚੋਂ ਸੱਚਾਈ ਅਤੇ ਲੋਕ ਭਲਾਈ ਦਾ ਮਾਰਗ ਦ੍ਰਿੜ ਹੋਣਾ ਚਾਹੀਦਾ ਹੈ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਮੁਸਲਮਾਨ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ:

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥[8]

ਏਸੇ ਤਰ੍ਹਾਂ ਸੱਚੇ ਜੋਗੀ ਦੇ ਲੱਛਣ ਦੱਸਦੇ ਹੋਏ ਗੁਰੂ ਜੀ ਕਹਿੰਦੇ ਹਨ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥[9]

ਗੁਰੂ ਨਾਨਕ ਦੇਵ ਜੀ ਦੁਆਰਾ ਦੋਵੇਂ ਧਰਮਾਂ ਦੇ ਵਿਸ਼ਵਾਸੀਆਂ ਨੂੰ ਦ੍ਰਿੜ ਕਰਾਏ ਇਹ ਸੰਕਲਪ ਸਮਾਜ ਨੂੰ ਏਕਤਾ ਅਤੇ ਇਕਸੁਰਤਾ ਵਿਚ ਪਰੋਣ ਦਾ ਸੰਕੇਤ ਹਨ। ਮੁਸਲਮਾਨ ਰਾਜ ਭਾਗ ਦਾ ਹਿੱਸਾ ਹੁੰਦੇ ਹੋਏ ਸੱਚਾਈ ਅਤੇ ਇਮਾਨਦਾਰੀ ਦੇ ਮਾਰਗ ਤੇ ਚੱਲ ਕੇ ਲੋਕ ਭਲਾਈ ਦੇ ਕਾਰਜਾਂ ਵੱਲ ਦ੍ਰਿੜ ਹੋ ਸਕਦੇ ਹਨ ਅਤੇ ਜੋਗੀ ਇਹ ਕਾਰਜ ਸਮਾਜਿਕ ਕੀਮਤਾਂ ਨੂੰ ਧਾਰਨ ਕਰਦੇ ਹੋਏ ਸਿਰੇ ਚਾੜ੍ਹ ਸਕਦੇ ਹਨ। ਦੋਵੇਂ ਫਿਰਕਿਆਂ ਦੁਆਰਾ ਪਰਮਾਤਮਾ ਦੀ ਅਧੀਨਗੀ ਤਹਿਤ ਕੀਤੇ ਜਾਣ ਵਾਲੇ ਲੋਕ ਭਲਾਈ ਦੇ ਕਾਰਜ ਸਮਾਜ ਨੂੰ ਨਵੀਂ ਦਸ਼ਾ ਅਤੇ ਦਿਸ਼ਾ ਪ੍ਰਦਾਨ ਕਰ ਸਕਦੇ ਹਨ। ਗੁਰੂ ਜੀ ਨੇ ਹਿੰਦੂਆਂ, ਮੁਸਲਮਾਨਾਂ ਅਤੇ ਜੋਗੀਆਂ ਵਿਚ ਕੋਈ ਫਰਕ ਨਹੀਂ ਕੀਤਾ ਅਤੇ ਨਾ ਹੀ ਕਿਸੇ ਵਿਸ਼ੇਸ਼ ਫਿਰਕੇ ਨਾਲ ਸੰਬੰਧਿਤ ਹੋਣ ਤੇ ਉਸਨੂੰ ਉੱਚਾ ਮੰਨਿਆ। ਗੁਰੂ ਜੀ ਪਰਮਾਤਮਾ ਨੂੰ ਹੀ ਸਰਵਉੱਚ ਮੰਨਦੇ ਹੋਏ ਸਮੁੱਚੀ ਲੋਕਾਈ ਨੂੰ ਉਸਦਾ ਅੰਸ਼ ਸਮਝਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥[10]

ਗੁਰੂ ਜੀ ਸਭ ਮਨੁੱਖਾਂ ਨੂੰ ਪਰਮਾਤਮਾ ਦਾ ਅੰਸ਼ ਮੰਨਦੇ ਹੋਏ ਸਮਾਨ ਸਮਝਦੇ ਹਨ। ਪਰ ਅਗਿਆਨਤਾ ਵਸ ਇਕ ਮਨੁੱਖ ਆਪਣੇ ਆਪ ਨੂੰ ਦੂਜੇ ਤੋਂ ਸ੍ਰੇਸ਼ਟ ਅਤੇ ਆਪਣੇ ਧਰਮ ਨੂੰ ਦੂਜੇ ਦੇ ਧਰਮ ਤੋਂ ਵਧੀਆ ਤੇ ਉੱਚਾ ਮੰਨਦਾ ਹੈ। ਮਨੁੱਖ ਦਾ ਇਹ ਜਜ਼ਬਾ ਉਸ ਵਿਚ ਸਹਿਨਸ਼ੀਲਤਾ ਅਤੇ ਅਧਿਆਤਮਿਕ ਉੱਚਤਾ ਦੀ ਘਾਟ ਦਾ ਪ੍ਰਤੀਕ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਿਲ ਬੈਠ ਕੇ ਅਤੇ ਸੰਵਾਦ ਦੀ ਬਿਰਤੀ ਧਾਰਨ ਕਰਕੇ ਹੀ ਇਸ ਅਗਿਆਨਤਾ ਰੂਪੀ ਹਨੇਰੇ ਨੂੰ ਦੂਰ ਕੀਤਾ ਜਾ ਸਕਦਾ ਹੈ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥[11]

ਗੁਰੂ ਸਾਹਿਬਾਨ ਨੇ ਆਮ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਲਈ ਧਰਮਸਾਲਾਵਾਂ ਦਾ ਨਿਰਮਾਣ ਕੀਤਾ, ਲੰਗਰ ਅਤੇ ਸੰਗਤ ਦੀ ਪ੍ਰਥਾ ਕਾਇਮ ਕੀਤੀ। ਇਨ੍ਹਾਂ ਸੰਸਥਾਵਾਂ ਦੇ ਕਾਇਮ ਹੋਣ ਨਾਲ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਲੋਕ ਇਕ ਸਥਾਨ ਤੇ ਇਕੱਤਰ ਹੋ ਕੇ ਗੁਰੂ ਸਾਹਿਬਾਨ ਦੀ ਸਰਬੱਤ ਦੇ ਭਲੇ ਵਾਲੀ ਬਾਣੀ ਸੁਣਨ ਲੱਗੇ। ਗੁਰਬਾਣੀ ਦੀ ਵਿਆਖਿਆ ਦਾ ਕਾਰਜ ਵੀ ਇਨ੍ਹਾਂ ਧਰਮ ਅਸਥਾਨਾਂ ਉਤੇ ਸ਼ੁਰੂ ਕੀਤਾ ਗਿਆ ਅਤੇ ਸੰਗਤ ਆਪਣੇ ਸ਼ੰਕੇ ਸਿੱਧੇ ਤੌਰ 'ਤੇ ਗੁਰੂ ਜੀ ਤੋਂ ਨਵਿਰਤ ਕਰਾਉਣ ਲੱਗੀ। ਗੁਰੂ ਸਾਹਿਬਾਨ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਵੀ ਇਹ ਕਾਰਜ ਸਿੱਖ ਵਿਦਵਾਨਾਂ ਦੁਆਰਾ ਜਾਰੀ ਰੱਖਿਆ ਗਿਆ। ਇਸ ਵਿਚਾਰ-ਚਰਚਾ ਦਾ ਉਦੇਸ਼ ਗੁਣਾਂ ਦੀ ਸਾਂਝ ਅਤੇ ਔਗੁਣਾਂ ਨੂੰ ਭਾਂਜ ਦੇਣਾ ਸੀ ਜਿਸ ਦਾ ਵਰਨਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥[12]

ਵਿਚਾਰ ਚਰਚਾ ਕਰਦੇ ਹੋਏ ਹੰਸ ਵਾਂਗ ਮੋਤੀ ਚੁਣਨ ਦਾ ਮਾਰਗ ਦਰਸਾਇਆ ਹੈ ਜਿਸ ਵਿਚ ਬੁੱਧੀ ਦਾ ਇਸਤੇਮਾਲ ਕਰਦੇ ਹੋਏ ਗੁਰੂ ਸਾਹਿਬਾਨ ਨੇ ਸਦਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ ਗਈ ਹੈ। ਇਸ ਦੇ ਨਾਲ ਹੀ ਅੰਧ ਵਿਸ਼ਵਾਸ ਵਾਲੀ ਰੀਤ ਨੂੰ ਤਿਆਗਣ ਅਤੇ ਔਗੁਣਾਂ ਨੂੰ ਛੱਡਣ ਦਾ ਆਦੇਸ਼ ਕੀਤਾ ਗਿਆ ਹੈ। ਸੰਵਾਦ ਦੀ ਪਿਰਤ ਦੀ ਇਹ ਇਕ ਅਨਮੋਲ ਉਦਾਹਰਣ ਹੈ ਕਿ ਚਰਚਾ ਕਰਦੇ ਹੋਏ ਧਿਆਨ ਗੁਣਾਂ ਨੂੰ ਗ੍ਰਹਿਣ ਕਰਨ ਵੱਲ ਹੋਣਾ ਚਾਹੀਦਾ ਹੈ ਤਾਂ ਹੀ ਇਸ ਦਾ ਸੁਚਾਰੂ ਰੂਪ ਪ੍ਰਗਟ ਹੋ ਸਕੇਗਾ। ਸੰਵਾਦ ਕਰਨ ਦਾ ਇਕ ਹੋਰ ਮਾਡਲ ਸਿਧ ਗੋਸਟਿ ਬਾਣੀ ਰਾਹੀਂ ਪ੍ਰਗਟ ਹੁੰਦਾ ਹੈ ਜਿਸ ਵਿਚ ਸਮਝਦਾਰ ਕਿਸਮ ਦੇ ਯੋਗੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕਰਦੇ ਹਨ ਅਤੇ ਨਾਲ ਹੀ ਇਸ ਦਾ ਉੱਤਰ ਦੇਣ ਅਤੇ ਰੋਸ ਨਾ ਕਰਨ ਲਈ ਕਹਿੰਦੇ ਹਨ:

ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥[13]

ਸੰਵਾਦ ਕਰਨ ਦਾ ਇਹ ਸ੍ਰੇਸ਼ਟ ਮਾਡਲ ਦਰਸਾਇਆ ਗਿਆ ਹੈ ਕਿ ਕੁਝ ਵੀ ਕਹਿਣ-ਸੁਣਨ ਸਮੇਂ ਭੜਕਾਹਟ ਵਿਚ ਨਹੀਂ ਆਉਣਾ, ਸੰਜਮ ਵਿਚ ਰਹਿਣਾ ਅਤੇ ਸਹਿਜ ਨਾਲ ਪ੍ਰਸ਼ਨਾਂ ਦੇ ਉੱਤਰ ਦੇਣੇ ਜਾਂ ਵਿਚਾਰ-ਚਰਚਾ ਕਰਨੀ। ਸਿਧ ਗੋਸਟਿ ਵਿਚ ਸੰਵਾਦ ਰਚਾਉਣ ਦੀ ਇਕ ਹੋਰ ਵਿਸ਼ੇਸ਼ਤਾ ਵੀ ਵੇਖਣ ਨੂੰ ਮਿਲਦੀ ਹੈ ਜਿਸ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਕੋਈ ਵੀ ਚਰਚਾ ਪਰਮਾਤਮਾ ਦੇ ਨਾਮ ਨੂੰ ਆਧਾਰ ਮੰਨ ਕੇ ਕੀਤੀ ਜਾਣੀ ਚਾਹੀਦੀ ਹੈ। ਪਰਮਾਤਮਾ ਦੇ ਨਾਮ ਨਾਲ ਜੁੜੇ ਹੋਏ ਵਿਅਕਤੀਆਂ ਦੁਆਰਾ ਕੀਤੀ ਜਾਂਦੀ ਚਰਚਾ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ:

ਨਾਮਿ ਰਤੇ ਸਿਧ ਗੋਸਟਿ ਹੋਇ॥
ਨਾਮਿ ਰਤੇ ਸਦਾ ਤਪੁ ਹੋਇ॥
ਨਾਮਿ ਰਤੇ ਸਚੁ ਕਰਣੀ ਸਾਰੁ॥
ਨਾਮਿ ਰਤੇ ਗੁਣ ਗਿਆਨ ਬੀਚਾਰੁ॥[14]

ਭਗਤ ਕਬੀਰ ਜੀ ਵੀ ਪਰਮਾਤਮਾ ਦੇ ਨਾਮ-ਸਿਮਰਨ ਵਾਲੇ ਵਿਅਕਤੀਆਂ ਨਾਲ ਚਰਚਾ ਕਰਨ ਤੇ ਜ਼ੋਰ ਦਿੰਦੇ ਹਨ:

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥[15]

ਸੰਵਾਦ ਦੀ ਜੋ ਪ੍ਰਥਾ ਗੁਰਬਾਣੀ ਰਾਹੀਂ ਪ੍ਰਗਟ ਕੀਤੀ ਗਈ ਹੈ ਅਜੋਕੇ ਸਮੇਂ ਵਿਚ ਉਸਦੀ ਲੋੜ ਹੋਰ ਵੀ ਵਧੇਰੇ ਜਾਪਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਹਮਲਾਵਰ ਧਾੜਵੀਆਂ ਦੀ ਤਰ੍ਹਾਂ ਇਸ ਦੇਸ ਵਿਚ ਆਉਂਦੇ ਅਤੇ ਇੱਥੋਂ ਲੁੱਟੇ ਮਾਲ-ਅਸਬਾਬ ਨਾਲ ਆਪਣੇ ਦੇਸ ਵਾਪਸ ਜਾ ਕੇ ਐਸ਼ੋ-ਇਸ਼ਰਤ ਦਾ ਜੀਵਨ ਬਤੀਤ ਕਰਦੇ। ਬਾਬਰ ਦਾ ਭਾਰਤ ਉਤੇ ਹਮਲਾ ਵੀ ਇਸੇ ਤਰ੍ਹਾਂ ਦੀ ਮਨਸ਼ਾ ਨੂੰ ਪ੍ਰਗਟਾਉਂਦਾ ਹੈ। ਹਮਲਾਵਰਾਂ ਨਾਲ ਗੱਲ ਕਰਨ ਅਤੇ ਉਨ੍ਹਾਂ ਅੱਗੇ ਦਲੀਲ ਪੇਸ਼ ਕਰਨ ਨੂੰ ਆਪਣੇ ਜੀਵਨ ਦਾ ਅੰਤ ਹੀ ਸਮਝਿਆ ਜਾਂਦਾ ਸੀ। ਪਰ ਫੇਰ ਵੀ ਬਾਬਰ ਨਾਲ ਗੁਰੂ ਨਾਨਕ ਦੇਵ ਜੀ ਨੇ ਜੋ ਚਰਚਾ ਕੀਤੀ ਉਸਦੇ ਨਤੀਜੇ ਵਜੋਂ ਹੀ ਏਮਨਾਬਾਦ ਦੇ ਲੋਕਾਂ ਨੂੰ ਰਾਹਤ ਮਹਿਸੂਸ ਹੋਈ। ਗੁਰੂ ਘਰ ਵਿਚ ਹਮੇਸ਼ਾਂ ਹੀ ਵਿਚਾਰ-ਚਰਚਾ ਰਾਹੀਂ ਗੱਲ ਕਰਨ ਨੂੰ ਪਹਿਲ ਦਿੱਤੀ ਗਈ ਹੈ। ਏਸੇ ਨੀਤੀ ਦੇ ਸਿੱਟੇ ਵਜੋਂ ਪੰਜ ਪਿਆਰਿਆਂ ਦੀ ਸਿਰਜਨਾ ਕੀਤੀ ਗਈ ਤਾਂ ਕਿ ਗੁਰੂ ਘਰ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦਾ ਹੁਕਮ ਨਾ ਚੱਲੇ ਬਲਕਿ ਸਰਵਸੰਮਤੀ ਨਾਲ ਫੈਸਲੇ ਲਏ ਜਾਣ। ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਨਾਲ ਪੰਜ ਮੁਖੀ ਸਿੱਖ ਵੀ ਭੇਜੇ ਤਾਂ ਕਿ ਪੰਥ ਵਿਚ ਵਿਅਕਤੀ ਵਿਸ਼ੇਸ਼ ਦਾ ਏਕਾਧਿਕਾਰ ਨਾ ਹੋ ਕੇ ਸਰਵਸੰਮਤੀ ਬਣੀ ਰਹੇ। ਅਜੋਕੇ ਸਮੇਂ ਵਿਚ ਵੀ ਇਹ ਪ੍ਰਥਾ ਪੰਜ ਸਿੰਘ ਸਾਹਿਬਾਨ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

ਸਮਕਾਲੀ ਸਮਾਜ ਵਿਚ ਲਗਾਤਾਰ ਹੋ ਰਹੀ ਰੱਦੋ-ਬਦਲ ਨੇ ਮਨੁੱਖੀ ਸਰੋਕਾਰਾਂ ਵਿਚ ਵੀ ਤਬਦੀਲੀ ਕਰ ਦਿੱਤੀ ਹੈ। ਸੋਨੇ ਦੀ ਚਿੜੀ ਸਮਝੇ ਜਾਂਦੇ ਭਾਰਤ ਦੇ ਲੋਕ ਗਰੀਬੀ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਹਰ ਹੀਲੇ-ਵਸੀਲੇ ਦੂਜੇ ਮੁਲਕਾਂ ਵਿਚ ਜਾ ਕੇ ਰੋਜੀ-ਰੋਟੀ ਦਾ ਪ੍ਰਬੰਧ ਕਰਨ ਵਿਚ ਜੁਟੇ ਹੋਏ ਹਨ। ਬਹੁ-ਕੌਮੀ ਸਮਾਜ ਦੀ ਸਿਰਜਣਾ ਨੇ ਲੋਕਤੰਤਰ ਵੱਲ ਮੂੰਹ ਮੋੜਿਆ ਹੈ। ਧਰਮ ਨਾਲ ਸੰਬੰਧਿਤ ਸਮੱਸਿਆਵਾਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੇ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਚਾਰੂ ਅਤੇ ਅਗਾਂਹਵਧੂ ਭੂਮਿਕਾ ਨਿਭਾ ਸਕਦੀ ਹੈ। ਗੁਰੂ ਸਾਹਿਬਾਨ ਦੇ ਇਸ ਮਿਸ਼ਨ ਨੂੰ ਦ੍ਰਿੜਤਾ ਨਾਲ ਪੇਸ਼ ਕੀਤੇ ਜਾਣ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਵਾਦ ਦੀਆਂ ਵਿਸ਼ੇਸ਼ਤਾਵਾਂ

-- ਦੂਜੇ ਧਰਮਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਵਿਅਕਤੀਆਂ ਦੀ ਹੋਂਦ ਨੂੰ ਪ੍ਰਵਾਨ ਕਰਨਾ।

-- ਹਉਮੈ ਤੇ ਕਾਬੂ ਅਤੇ ਮਨ ਵਿਚ ਸਹਿਜ ਭਾਵਨਾਵਾਂ ਦਾ ਵਿਕਾਸ ਕਰਨਾ।
-- 'ਕਿਛੁ ਸੁਣੀਐ ਕਿਛੁ ਕਹੀਐ' ਦੀ ਭਾਵਨਾ ਅਨੁਸਾਰ ਦੂਜਿਆਂ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਪ੍ਰਦਾਨ ਕਰਨਾ।
-- ਵਾਦ-ਵਿਵਾਦ ਅਤੇ ਵੈਰ-ਵਿਰੋਧ ਦੀ ਭਾਵਨਾ ਨੂੰ ਘੱਟ ਕਰਨਾ।
-- ਦੂਜੇ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਉਜਾਗਰ ਕਰਨਾ।
-- ਪ੍ਰੇਮ ਅਤੇ ਭਾਈਚਾਰੇ ਨਾਲ ਸੰਬੰਧਿਤ ਸਦਗੁਣਾਂ ਦਾ ਵਿਕਾਸ ਕਰਨਾ।
-- 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ' ਦੀ ਭਾਵਨਾ ਅਨੁਸਾਰ ਸ਼ੁਭ ਗੁਣ ਗ੍ਰਹਿਣ ਕਰਨ ਦੀ ਰੁਚੀ ਪੈਦਾ ਕਰਨਾ।
-- 'ਖੋਜੀ ਉਪਜੈ ਬਾਦੀ ਬਿਨਸੈ' ਅਨੁਸਾਰ ਗਿਆਨ ਦਾ ਪ੍ਰਗਟਾਵਾ ਅਤੇ ਅਗਿਆਨਤਾ ਦਾ ਨਾਸ ਕਰਨ ਦਾ ਯਤਨ ਕਰਨਾ।
-- ਗਿਆਨ ਹਾਸਲ ਕਰਨ ਦੀ ਪ੍ਰਵਿਰਤੀ ਉਜਾਗਰ ਕਰਨਾ।
-- ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਸੰਵਾਦ ਕਿਸੇ ਵਿਸ਼ੇਸ਼ ਭਾਸ਼ਾ ਦੀ ਸਰਵਉੱਚਤਾ ਤੋਂ ਸਰਵੋਤਮ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 266.
2. *ਵਾਰਾਂ ਭਾਈ ਗੁਰਦਾਸ*, ਵਾਰ 1.21.
3. ਗੁਰੂ ਗ੍ਰੰਥ ਸਾਹਿਬ, ਪੰਨਾ 1378.
4. ਉਹੀ, ਪੰਨਾ 1384.
5. ਉਹੀ, ਪੰਨਾ 662.
6. *ਵਾਰਾਂ ਭਾਈ ਗੁਰਦਾਸ*, ਵਾਰ 1.33.
7. ਗੁਰੂ ਗ੍ਰੰਥ ਸਾਹਿਬ, ਪੰਨਾ 885.
8. ਉਹੀ, ਪੰਨਾ 141.
9. ਉਹੀ, ਪੰਨਾ 730.
10. ਉਹੀ, ਪੰਨਾ 663.
11. ਉਹੀ, ਪੰਨਾ 1185.
12. ਉਹੀ, ਪੰਨੇ 765-66.
13. ਉਹੀ, ਪੰਨਾ 938.
14. ਉਹੀ, ਪੰਨਾ 941.
15. ਉਹੀ, ਪੰਨਾ 1377.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਆਦਰਸ਼

ਸੇਵਾ ਸਿੱਖ ਧਰਮ ਦਾ ਆਧਾਰ ਹੈ। ਇਸਨੂੰ ਇਕ ਅਜਿਹਾ ਆਦਰਸ਼ ਚਿਤਰਿਆ ਗਿਆ ਹੈ ਜੋ ਕਿ ਸਮਾਜ ਦੇ ਹਰ ਖੇਤਰ ਵਿਚ ਮਨੁੱਖ ਨੂੰ ਮਨੁੱਖ ਨਾਲ ਅਤੇ ਅਧਿਆਤਮਿਕ ਤੌਰ ਤੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਦਾ ਕਾਰਜ ਕਰਦੀ ਹੈ। ਸੇਵਾ ਬਾਰੇ ਲਗਪਗ ਸਾਰੇ ਧਰਮਾਂ ਵਿਚ ਕੁਝ ਨਾ ਕੁਝ ਜ਼ਰੂਰ ਕਿਹਾ ਗਿਆ ਅਤੇ ਇਸ ਦੀ ਆਪੋ ਆਪਣੇ ਤਰੀਕੇ ਨਾਲ ਵਿਆਖਿਆ ਕੀਤੀ ਗਈ ਹੈ। ਜੈਨ ਅਤੇ ਬੁੱਧ ਧਰਮ ਨੂੰ ਸ਼੍ਰਮਣਿਕ ਪਰੰਪਰਾ ਕਿਹਾ ਜਾਂਦਾ ਹੈ। ਇਨ੍ਹਾਂ ਧਰਮਾਂ ਵਿਚ ਭਿੱਖੂ ਜੀਵਨ ਤੇ ਜ਼ੋਰ ਦਿੱਤਾ ਗਿਆ। ਭਿੱਖੂ ਨੇ ਗ੍ਰਿਹਿਸਤ ਤੋਂ ਦੂਰ ਰਹਿ ਕੇ ਮਾਨਵਤਾ ਦੀ ਸੇਵਾ ਵਿਚ ਯੋਗਦਾਨ ਪਾਉਣਾ ਹੈ। ਅਹਿੰਸਾ ਇਨ੍ਹਾਂ ਦੇ ਜੀਵਨ ਦਾ ਪ੍ਰਮੁਖ ਸਿਧਾਂਤ ਹੈ। ਸੰਸਾਰ ਲੜਾਈ-ਝਗੜੇ ਤੋਂ ਦੂਰ ਰਹੇ ਅਤੇ ਮਨ ਵਿਚ ਸਦਾਚਾਰਕ ਵਿਚਾਰ ਕਾਇਮ ਰਹਿਣ, ਇਸ ਲਈ ਅਹਿੰਸਾ ਨੂੰ 'ਪਰਮੋ ਧਰਮ' ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਮਾਨਵਤਾ ਨੂੰ ਅਹਿੰਸਾ ਅਤੇ ਸੱਚਾਈ ਦੇ ਮਾਰਗ ਤੇ ਤੋਰਨ ਲਈ ਇਹ ਦੋਵੇਂ ਪਰੰਪਰਾਵਾਂ ਯੋਗਦਾਨ ਪਾ ਰਹੀਆਂ ਹਨ। ਪੱਛਮੀ ਏਸ਼ੀਆ ਦੇ ਧਰਮਾਂ ਵਿਚ ਈਸਾਈ ਧਰਮ ਨੇ ਸੇਵਾ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ ਈਸਾਈ ਮਿਸ਼ਨਰੀਆਂ ਨੇ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਮੁਫ਼ਤ ਜਾਂ ਬਹੁਤ ਘੱਟ ਖਰਚ ਤੇ ਹਸਪਤਾਲ ਅਤੇ ਵਿਦਿਅਕ ਅਦਾਰੇ ਖੋਲ੍ਹੇ। ਦੁਨੀਆ ਦੇ ਕੋਨੇ-ਕੋਨੇ ਵਿਚ ਈਸਾਈ ਮਿਸ਼ਨਰੀ ਇਹ ਸੇਵਾ ਬਾਖ਼ੂਬੀ ਨਿਭਾ ਰਹੇ ਹਨ। ਹਿੰਦੂ ਧਰਮ ਵਿਚ ਸੇਵਾ ਦਾ ਕਾਰਜ ਸਭ ਤੋਂ ਵੱਧ ਨਿਮਨ ਵਰਗ ਸਮਝੇ ਜਾਂਦੇ ਅਖੌਤੀ ਸ਼ੂਦਰਾਂ ਨੂੰ ਸੌਂਪਿਆ ਹੋਇਆ ਸੀ। ਹਿੰਦੂ ਧਰਮ ਵਿਚ ਬ੍ਰਾਹਮਣ ਦੀ ਸੇਵਾ ਨੂੰ ਹੀ ਪ੍ਰਮੁਖ ਮੰਨਿਆ ਜਾਂਦਾ ਸੀ ਜਿਵੇਂ ਬ੍ਰਾਹਮਣ ਦੇ ਪੈਰ ਧੋਣੇ, ਉਸਨੂੰ ਗਊ ਜਾਂ ਕੋਈ ਹੋਰ ਵਸਤੂ ਦਾਨ ਵਿਚ ਦੇਣੀ, ਸ਼ਰਾਧ ਖਵਾਉਣੇ ਅਤੇ ਕਿਸੇ ਦੀ ਮ੍ਰਿਤੂ ਹੋ ਜਾਣ ਤੇ ਉਸਨੂੰ ਦਾਨ ਦੇਣ ਦਾ ਰਿਵਾਜ ਪ੍ਰਚਲਿਤ ਸੀ। ਵਰਣ ਵਿਵਸਥਾ ਦੇ ਹਿਸਾਬ ਨਾਲ ਸ਼ੂਦਰ ਸਭ ਤੋਂ ਹੇਠਲੇ ਦਰਜੇ ਨਾਲ ਸੰਬੰਧਿਤ ਸੀ ਅਤੇ ਉਸਦਾ ਇਹ ਫਰਜ਼ ਸੀ ਕਿ ਉਹ ਦਵਿਜ ਸਮਝੀਆਂ ਜਾਂਦੀਆਂ ਉਪਰਲੀਆਂ ਤਿੰਨ ਜਾਤਾਂ ਦੀ ਸੇਵਾ ਕਰੇ। ਗੀਤਾ ਦੇ ਸੰਦੇਸ਼ ਅਨੁਸਾਰ ਧਰਮ ਦੇ ਮਾਰਗ ਤੇ ਚਲਣਾ ਅਤੇ ਅਧਰਮ ਉੱਤੇ ਜਿੱਤ ਪ੍ਰਾਪਤ ਕਰਨੀ ਸੇਵਾ ਹੈ। ਇਸ ਪ੍ਰਕਾਰ ਦੀ ਸੇਵਾ ਕਰਦੇ ਹੋਏ ਭਾਵੇਂ ਆਪਣੇ ਨੇੜਲੇ ਸੰਬੰਧੀਆਂ ਨਾਲ ਸੰਘਰਸ਼ ਅਤੇ ਯੁੱਧ ਵੀ ਕਰਨਾ ਪੈ ਜਾਵੇ ਤਾਂ ਵੀ ਪਿੱਛੇ ਨਹੀਂ ਹਟਣਾ। ਮਹਾਂਭਾਰਤ ਵਿਚ ਕ੍ਰਿਸ਼ਨ ਦਾ ਅਰਜੁਨ ਨੂੰ ਦਿੱਤਾ ਗਿਆ ਸੰਦੇਸ਼ ਇਸੇ ਰੌਸ਼ਨੀ ਵਿਚ ਵੇਖਿਆ ਜਾ ਸਕਦਾ ਹੈ। ਅਜੋਕੇ ਯੁੱਗ ਦੇ ਪ੍ਰਮੁਖ ਧਰਮਾਂ ਵਿਚੋਂ ਸਿੱਖ ਧਰਮ ਸਭ ਤੋਂ ਬਾਅਦ ਵਿਚ ਪ੍ਰਗਟ ਹੋਇਆ। ਸਿੱਖ ਧਰਮ ਵਿਚ ਸੇਵਾ ਬਾਰੇ ਵਿਸਤ੍ਰਿਤ ਵਿਚਾਰ ਵੇਖਣ ਨੂੰ ਮਿਲਦੇ ਹਨ।

ਸੇਵਾ ਦੀਆਂ ਕਿਸਮਾਂ: ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦੇ ਵੱਖ-ਵੱਖ ਰੂਪ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਦੇ ਵਰਗੀਕਰਨ ਉਪਰੰਤ ਇਸਨੂੰ ਤਿੰਨ ਹਿਸਿਆਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ:

1. ਪਰਮਾਤਮਾ ਦੀ ਸੇਵਾ
2. ਗੁਰੂ ਦੀ ਸੇਵਾ
3. ਮਾਨਵਤਾ ਦੀ ਸੇਵਾ

1. **ਪਰਮਾਤਮਾ ਦੀ ਸੇਵਾ:** ਪਰਮਾਤਮਾ ਸ੍ਰਿਸ਼ਟੀ ਦਾ ਰਚਨਹਾਰ ਹੈ। ਸ੍ਰਿਸ਼ਟੀ ਦੀ ਹਰ ਵਸਤੂ ਨੇ ਪਰਮਾਤਮਾ ਵੱਲ ਮੁੜਨਾ ਹੈ। ਮਨੁੱਖ ਸ੍ਰਿਸ਼ਟੀ ਵਿਚਲੀ ਹਰ ਸ਼ੈਅ ਵਿਚੋਂ ਉੱਤਮ ਹੈ। ਮਨੁੱਖ ਦਾ ਜੀਵਨ ਉਦੇਸ਼ ਵੀ ਇਹੀ ਨਿਰਧਾਰਤ ਕੀਤਾ ਗਿਆ ਹੈ ਕਿ ਉਸਨੇ ਪਰਮਾਤਮਾ ਨਾਲ ਮਿਲਾਪ ਕਰਕੇ ਪੁਨਰ-ਜਨਮ 'ਚੋਂ ਬਾਹਰ ਨਿਕਲਣਾ ਹੈ।

ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਹੋਣ ਕਰਕੇ ਸ੍ਰਿਸ਼ਟੀ ਵਿਚਲੀ ਹਰ ਵਸਤੂ ਦੇ ਨੇੜੇ ਹੈ ਪਰ ਮਨੁੱਖ ਸ੍ਰਿਸ਼ਟੀ ਵਿਚਲੇ ਸਭ ਜੀਵਾਂ ਤੋਂ ਸਰਵੋਤਮ ਸਿਰਜਿਆ ਹੋਣ ਕਰਕੇ ਪਰਮਾਤਮਾ ਦੇ ਸਭ ਤੋਂ ਨੇੜੇ ਸਮਝਿਆ ਜਾਂਦਾ ਹੈ। ਮਨੁੱਖ ਦੀ ਪ੍ਰਭੂ ਨਾਲ ਨੇੜਤਾ ਉਸਦੇ ਮਿਲਾਪ ਦਾ ਕਾਰਨ ਬਣਦੀ ਹੈ, ਇਸ ਲਈ ਮਨੁੱਖ ਨੇ ਪ੍ਰਭੂ ਦੀ ਨੇੜਤਾ ਹਾਸਲ ਕਰਨ ਲਈ ਯਤਨ ਕਰਨੇ ਹਨ। ਗੁਰਮਤਿ ਅਨੁਸਾਰ ਇਹ ਨੇੜਤਾ ਸੇਵਾ ਰਾਹੀਂ ਹਾਸਲ ਕੀਤੀ ਜਾ ਸਕਦੀ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਵੇਂ ਸਮੂਹ ਜੀਵਾਂ ਦਾ ਕਰਤਾ ਪਰਮਾਤਮਾ ਹੈ ਪਰ ਸੇਵਾ ਤੋਂ ਬਗੈਰ ਕਿਸੇ ਨੂੰ ਵੀ ਫਲ ਪ੍ਰਾਪਤ ਨਹੀਂ ਹੁੰਦਾ - ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥[1] ਪਰਮਾਤਮਾ ਦੀ ਸੇਵਾ ਲਈ ਮਨੁੱਖ ਨੇ ਯਤਨ ਕਰਨੇ ਹਨ ਪਰ ਇਹ ਤਾਂ ਹੀ ਸਕਾਰਥ ਹੁੰਦੇ ਹਨ ਜੇਕਰ ਪਰਮਾਤਮਾ ਆਪ ਉਸ ਤੇ ਕਿਰਪਾ ਕਰੇ:

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥
ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ।[2]

ਪਰਮਾਤਮਾ ਉਸ ਮਨੁੱਖ ਤੇ ਕਿਰਪਾ ਕਰਦਾ ਹੈ ਜੋ ਪਰਮਸੱਤ ਦੇ ਮਾਰਗ ਤੇ ਚੱਲਣ ਦਾ ਯਤਨ ਕਰੇ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੋ ਮਨੁੱਖ ਪਰਮਸੱਤ ਦਾ ਮਾਰਗ ਧਾਰਨ ਕਰਦੇ ਹਨ ਪਰਮਾਤਮਾ ਆਪ ਉਨ੍ਹਾਂ ਨੂੰ ਇਸ ਉਤੇ ਦ੍ਰਿੜ ਰਹਿਣ ਦਾ ਬਲ ਬਖਸ਼ਦਾ ਹੈ, ਬਲਕਿ ਆਪ ਉਨ੍ਹਾਂ ਨੂੰ ਗਲੇ ਲਾਉਂਦਾ ਹੈ:

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੈ ਹੋਇ ਲੇਤ ਹੈ।[3]

ਪਰਮਾਤਮਾ ਦੇ ਮਾਰਗ ਦਾ ਧਾਰਨੀ ਹੁੰਦੇ ਹੋਏ ਉਸਦੀ ਸੇਵਾ ਕਰਨ ਨਾਲ ਪਰਮਪਦਿ ਦੀ ਪ੍ਰਾਪਤੀ ਅਤੇ ਮੁਕਤੀ ਦਾ ਮਾਰਗ ਖੁੱਲ੍ਹਦਾ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਜਿਹੜੇ ਸੇਵਕਾਂ ਨੇ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੈ ਉਸਨੂੰ ਕਰਮਾਂ ਦੇ ਲੇਖੇ ਤੋਂ ਛੁਟਕਾਰਾ ਮਿਲ ਜਾਂਦਾ ਹੈ:

ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ।[4]

2. **ਗੁਰੂ ਦੀ ਸੇਵਾ:** ਗੁਰੂ ਸਿੱਖੀ ਜੀਵਨਜਾਚ ਦਾ ਕੇਂਦਰੀ ਧੁਰਾ ਹੈ। ਗੁਰੂ ਸਿੱਖ ਦਾ ਜੀਵਨ ਦੇ ਹਰ ਪੜਾਉ ਤੇ ਮਾਰਗ ਦਰਸ਼ਨ ਕਰਦਾ ਹੈ। ਗੁਰੂ ਨੂੰ ਗੁਰਬਾਣੀ ਵਿਚ ਸਤਿਗੁਰੂ ਕਿਹਾ ਗਿਆ ਹੈ। ਸਤਿਗੁਰੂ ਦੀ ਸੇਵਾ ਇਕ ਸਰਵੋਤਮ ਕਾਰਜ ਹੈ ਜੋ ਕਿ ਜੀਵ ਦੇ ਹਲਤ ਤੇ ਪਲਤ ਨੂੰ ਸੁਆਰਨ ਵਿਚ ਮਹੱਤਵਪੂਰਨ ਕਾਰਜ ਕਰਦੀ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਸਤਿਗੁਰ ਦੀ ਸੇਵਾ ਕੀਤੇ ਬਗੈਰ ਜੀਵ ਜੋ ਵੀ ਕਰਮ ਕਰਦਾ ਹੈ ਉਹ ਜੀਵ ਨੂੰ ਬੰਧਨ ਵਿਚ ਪਾਉਣ ਵਾਲੇ ਹੁੰਦੇ ਹਨ – ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ॥[5] ਗੁਰੂ ਅਮਰਦਾਸ ਜੀ ਸਤਿਗੁਰੂ ਦੀ ਸੇਵਾ ਨੂੰ ਹੀ ਸਫਲ ਮੰਨਦੇ ਹੋਏ ਕਹਿੰਦੇ ਹਨ:

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥[6]

3. **ਮਾਨਵਤਾ ਦੀ ਸੇਵਾ:** ਮਨੁੱਖੀ ਜੀਵਾਂ ਦੇ ਸਮੂਹ ਨੂੰ ਸਮਾਜ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਿੱਥੇ ਦੋ ਸਿੱਖ ਇਕੱਤਰ ਹੁੰਦੇ ਹਨ ਉਹ ਸਤਿਸੰਗਤ ਸਰੂਪ ਹਨ। ਸੰਗਤ ਸਮਾਜ ਦਾ ਮੁਢਲਾ ਰੂਪ ਹੈ ਪਰ ਜੇਕਰ ਸੰਗਤ ਨੂੰ ਸਤਿਸੰਗਤ ਦੇ ਰੂਪ ਵਿਚ ਵੇਖਿਆ ਜਾਵੇ ਤਾਂ ਇਹ ਸਦਾਚਾਰਕ ਸਮਾਜ ਦਾ ਮੁਢਲਾ ਰੂਪ ਬਣ ਜਾਂਦੀ ਹੈ। ਸਮਾਜ ਨੂੰ ਸਦਾਚਾਰਕ ਰੂਪ ਵਿਚ ਚਲਾਈ ਰੱਖਣ ਲਈ ਸਤਿ, ਸੰਤੋਖ, ਦਯਾ, ਧਰਮ ਅਤੇ ਧੀਰਜ ਵਰਗੇ ਸਦਗੁਣਾਂ ਦੀ ਜ਼ਰੂਰਤ ਪੈਂਦੀ ਹੈ। ਸੇਵਾ ਦਾ ਜੋ ਸਰੂਪ ਸਿੱਖ ਧਰਮ ਵਿਚ ਚਿਤਰਿਆ ਗਿਆ ਹੈ ਉਸ ਅਨੁਸਾਰ ਇਹ ਉਪਰੋਕਤ ਪੰਜ ਸਦਗੁਣਾਂ ਨੂੰ ਸਥਾਪਤ ਕਰਨ ਵੱਲ ਰੁਚਿਤ ਹੋਣੀ ਚਾਹੀਦੀ ਹੈ। ਇਹ ਸਦਗੁਣ ਸੇਵਾ ਵਿਚੋਂ ਤਾਂ ਹੀ ਉਜਾਗਰ ਹੋਣਗੇ ਜੇਕਰ ਸੇਵਾ ਸਵਾਰਥ ਰਹਿਤ ਹੋਵੇ। ਗੁਰਬਾਣੀ ਵਿਚ ਮਾਨਵਤਾ ਦੀ ਸੇਵਾ ਨੂੰ ਹੀ ਸਰਵੋਤਮ ਮੰਨਿਆ ਗਿਆ ਹੈ। ਜੋ ਕਿ ਮਨੁੱਖ ਵਿਚੋਂ ਔਗੁਣਾਂ ਨੂੰ ਦੂਰ ਕਰਕੇ ਸਦਗੁਣਾਂ ਨੂੰ ਜਨਮ ਦਿੰਦੀ ਹੈ। ਗੁਰੂ ਦੁਆਰਾ ਦਰਸਾਏ ਮਾਰਗ ਤੇ ਚਲਦੇ ਹੋਏ ਮਾਨਵਤਾ ਦੀ ਸੇਵਾ ਕਰਨ ਨੂੰ ਹੀ ਸਹੀ ਮਾਰਗ ਮੰਨਿਆ ਗਿਆ ਹੈ। ਮਾਨਵਤਾ ਦੀ ਸੇਵਾ ਦੇ ਕਈ ਸਰੂਪ ਸਮਾਜ ਵਿਚ ਵੇਖਣ ਨੂੰ ਮਿਲਦੇ ਹਨ ਜਿਵੇਂ ਗੁਰਦੁਆਰਿਆਂ ਵਿਚ ਸੰਗਤ ਨੂੰ ਪੱਖਾ ਝੱਲਣਾ, ਦਰੀਆਂ ਝਾੜਨਾ ਅਤੇ ਵਿਛਾਉਣਾ, ਲੰਗਰ ਪਕਾਉਣਾ ਅਤੇ ਛਕਾਉਣਾ, ਬਰਤਨ ਧੋਣੇ ਆਦਿ। ਗੁਰਦੁਆਰਿਆਂ ਤੋਂ ਇਲਾਵਾ ਸਮਾਜ ਵਿਚ ਮਨੁੱਖੀ ਭਾਈਚਾਰੇ ਨੂੰ ਪ੍ਰਫੁਲਿਤ ਕਰਨ ਲਈ ਕਾਰਜ ਕਰਨੇ, ਦੁਖੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ, ਸਿੱਖਿਆ ਅਤੇ ਸਿਹਤ ਸੇਵਾਵਾਂ ਵਿਚ ਯੋਗਦਾਨ ਪਾਉਣ ਲਈ ਕਾਰਜ ਕਰਨੇ ਆਦਿ। ਗੁਰਬਾਣੀ ਵਿਚ ਮਾਨਵਤਾ ਦੀ ਸੇਵਾ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਗਿਆ ਹੈ:

ਅਨਿਕ ਭਾਂਤਿ ਕਰਿ ਸੇਵਾ ਕਰੀਐ॥
ਜੀਉ ਪ੍ਰਾਨ ਧਨੁ ਆਗੈ ਧਰੀਐ॥
ਪਾਨੀ ਪਖਾ ਕਰਉ ਤਜਿ ਅਭਿਮਾਨੁ॥
ਅਨਿਕ ਬਾਰ ਜਾਈਐ ਕੁਰਬਾਨੁ॥[7]
ਜਨ ਕੀ ਸੇਵਾ ਊਤਮ ਕਾਮਾ॥[8]

ਸੇਵਾ ਦੇ ਸਾਧਨ : ਉਪਰੋਕਤ ਤਿੰਨ ਤਰ੍ਹਾਂ ਦੀ ਸੇਵਾ ਕਰਨ ਲਈ ਸਾਧਨਾਂ ਦੀ ਲੋੜ

ਪੈਂਦੀ ਹੈ। ਪਰਮਾਤਮਾ ਨੇ ਹਰ ਮਨੁੱਖ ਨੂੰ ਸੇਵਾ ਦੇ ਸਾਧਨ ਬਖਸ਼ਿਸ਼ ਕੀਤੇ ਹਨ। ਇਨ੍ਹਾਂ ਸਾਧਨਾਂ ਵਿਚੋਂ ਤਿੰਨ ਵਿਅਕਤੀ ਨਾਲ ਸੰਬੰਧਿਤ ਹਨ ਅਤੇ ਚੌਥੇ ਦੀ ਉਤਪਤੀ ਪਹਿਲੇ ਤਿੰਨਾਂ ਦੀ ਵਰਤੋਂ ਨਾਲ ਸੰਭਵ ਮੰਨੀ ਗਈ ਹੈ। ਤਨ, ਮਨ ਅਤੇ ਸੁਰਤਿ ਵਿਅਕਤੀ ਦੇ ਅੰਦਰ ਹੀ ਉਪਜਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਰਦਾ ਹੋਇਆ ਵਿਅਕਤੀ ਧਨ ਦੀ ਪ੍ਰਾਪਤੀ ਕਰਦਾ ਹੈ। ਇਹ ਚਾਰ ਸਾਧਨ ਮਨੁੱਖ ਨੂੰ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਹਨ। ਇਨ੍ਹਾਂ ਸਾਧਨਾਂ ਰਾਹੀਂ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੋਇਆ ਪਰਉਪਕਾਰ ਦੇ ਕਾਰਜ ਕਰਦਾ ਹੈ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ।[9]
ਗੁਰਮੁਖਿ ਦੀਸੈ ਸਹਜਿ ਸੁਭਾਇ॥ ਸੇਵਾ ਸੁਰਤਿ ਏਕ ਲਿਵ ਲਾਇ॥[10]

(ੳ) ਤਨ ਦੀ ਸੇਵਾ : ਤਨ ਨੂੰ ਗੁਰਬਾਣੀ ਵਿਚ ਦੇਹ ਅਤੇ ਸਰੀਰ ਵੀ ਕਿਹਾ ਗਿਆ ਹੈ। ਇਸ ਨੂੰ ਮਾਤਾ ਪਿਤਾ ਦੇ ਬਿੰਦ ਤੋਂ ਸਿਰਜਿਆ ਹੋਇਆ ਪੰਜ ਤੱਤਾਂ ਦਾ ਪੁਤਲਾ ਕਿਹਾ ਗਿਆ ਹੈ। ਤਨ ਉਹ ਘੋੜਾ ਹੈ ਜਿਸ ਉੱਤੇ ਆਤਮਾ ਸਵਾਰ ਹੋ ਕੇ ਆਪਣੇ ਉਦੇਸ਼ ਵੱਲ ਵਧਦੀ ਹੈ। ਜੇਕਰ ਤਨ ਦੀ ਦਸ਼ਾ ਅਤੇ ਦਿਸ਼ਾ ਸਹੀ ਹੈ ਤਾਂ ਹੀ ਇਹ ਆਪਣੇ ਸਵਾਰ ਨੂੰ ਟਿਕਾਣੇ ਪਹੁੰਚਾ ਸਕਦਾ ਹੈ। ਜੇਕਰ ਤਨ ਸਮਾਜ ਵਿਚ ਅਜਿਹੇ ਕਾਰਜ ਕਰਦਾ ਹੈ ਜਿਸ ਨਾਲ ਦੂਜਿਆਂ ਦਾ ਭਲਾ ਹੋ ਸਕੇ ਤਾਂ ਹੀ ਇਸ ਦਾ ਹੋਂਦ ਵਿਚ ਆਉਣਾ ਸਕਾਰਥ ਮੰਨਿਆ ਗਿਆ ਹੈ। ਤਨ ਕਿਹੋ ਜਿਹੇ ਕਾਰਜ ਕਰੇ ਜਿਸ ਨਾਲ ਇਸਦੇ ਸਵਾਰ ਦਾ ਉਦੇਸ਼ ਸਫਲ ਹੋ ਸਕੇ, ਇਸਦਾ ਵਿਸਤਾਰ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਗੁਰ ਕੀ ਰੇਣੁ ਨਿਤ ਮਜਨੁ ਕਰਉ॥ ਜਨਮ ਜਨਮ ਕੀ ਹਉਮੈ ਮਲੁ ਹਰਉ॥
ਤਿਸੁ ਗੁਰ ਕਉ ਝੂਲਾਵਉ ਪਾਖਾ॥ ਮਹਾ ਅਗਨਿ ਤੇ ਹਾਥੁ ਦੇ ਰਾਖਾ॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ॥ ਜਿਸੁ ਗੁਰ ਤੇ ਅਕਲ ਗਤਿ ਜਾਣੀ॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ॥ ਜਿਸੁ ਪਰਸਾਦਿ ਵੈਰੀ ਸਭ ਮੀਤ॥[11]

ਤਨ ਦੀ ਸੇਵਾ ਮਨੁੱਖ ਵਿਚ ਸਦਗੁਣਾਂ ਦਾ ਸੰਚਾਰ ਕਰਦੀ ਹੈ। ਇਸ ਸੇਵਾ ਰਾਹੀਂ ਉਸ ਦੇ ਮਨ ਵਿਚ ਨਿਮਰਤਾ ਅਤੇ ਸੰਜਮ ਵਰਗੇ ਗੁਣ ਪੈਦਾ ਹੁੰਦੇ ਹਨ। ਪ੍ਰਮੁਖ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿਚ ਤਨ ਦੀ ਸੇਵਾ ਅਹਿਮ ਭੂਮਿਕਾ ਨਿਭਾਉਂਦੀ ਹੈ ਜਿਵੇਂ ਜਾਤ-ਪਾਤ, ਊਚ-ਨੀਚ ਅਤੇ ਅਮੀਰ-ਗਰੀਬ ਦੇ ਭੇਦਭਾਵ ਨੂੰ ਖਤਮ ਕਰਦੀ ਹੈ। ਮਨੁੱਖੀ ਭਾਈਚਾਰੇ ਵਿਚ ਵਾਧਾ ਹੁੰਦਾ ਹੈ ਅਤੇ ਪ੍ਰੇਮ ਭਾਵਨਾਵਾਂ ਦਾ ਵਿਕਾਸ ਵੇਖਣ ਨੂੰ ਮਿਲਦਾ ਹੈ। ਤਨ ਦੀ ਸੇਵਾ ਵਿਚ ਮਨੁੱਖ ਲੰਗਰ ਵਿਚ ਪ੍ਰਸ਼ਾਦਾ ਪਕਾਉਣ ਅਤੇ ਬਰਤਨ ਸਾਫ ਕਰਨ ਦੀ ਸੇਵਾ ਕਰ ਸਕਦਾ ਹੈ; ਸੰਗਤ ਦੀ ਸੁਵਿਧਾ ਲਈ ਦਰੀਆਂ ਝਾੜਨ ਅਤੇ ਵਿਛਾਉਣ, ਜੋੜੇ ਸਾਫ ਕਰਨ, ਪਾਣੀ ਪਿਲਾਉਣ, ਅਤੇ ਪੱਖਾ ਝੱਲਣ ਦੀ ਸੇਵਾ ਕਰ ਸਕਦਾ ਹੈ। ਸੇਵਾ ਕਰਨ ਨਾਲ ਮਨੁੱਖ ਦੇ ਮਨ ਵਿਚੋਂ ਹਉਮੈ ਅਤੇ ਦਵੈਤ ਦੀ ਭਾਵਨਾ ਖਤਮ ਹੁੰਦੀ ਹੈ ਅਤੇ ਮਨੁੱਖ ਦਾ ਮਨ ਸਹਿਜ ਅਵਸਥਾ ਵੱਲ ਮੁੜਦਾ ਹੈ। ਸੰਗਤ ਦੀ ਵੱਖ-ਵੱਖ ਤਰ੍ਹਾਂ ਨਾਲ ਸੇਵਾ ਦਾ ਵਿਸਤਾਰ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥[12]

ਤਨ ਦੀ ਸੇਵਾ ਵਿਚ ਹੱਥਾਂ ਅਤੇ ਪੈਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਤਨ ਦੀ ਸੇਵਾ ਨਾਲ ਜਿੱਥੇ ਮਨ ਦੀ ਮੈਲ ਦੂਰ ਹੁੰਦੀ ਹੈ ਉਥੇ ਨਾਲ ਹੀ ਦੇਹ ਅਰੋਗਤਾ ਵੀ ਵੇਖਣ ਨੂੰ ਮਿਲਦੀ ਹੈ। ਮਸ਼ੀਨਰੀ ਦੇ ਵਿਕਾਸ ਨੇ ਅਜੋਕੇ ਯੁੱਗ ਵਿਚ ਵਿਲਖਣ ਭੂਮਿਕਾ ਨਿਭਾਈ ਹੈ। ਜੋ ਕੰਮ ਘੰਟਿਆ ਵਿਚ ਨਹੀਂ ਸੀ ਹੋ ਸਕਦਾ ਉਹ ਹੁਣ ਮਿੰਟਾਂ-ਸਕਿੰਟਾਂ ਵਿਚ ਨੇਪਰੇ ਚੜ੍ਹ ਜਾਂਦਾ ਹੈ। ਸਾਇੰਸ ਦੀ ਇਸ ਤਰੱਕੀ ਨੇ ਮਨੁੱਖ ਨੂੰ ਵਿਕਾਸ ਦੀ ਅਜਿਹੀ ਤਰੱਕੀ ਵਾਲੇ ਪਾਸੇ ਪਾਇਆ ਹੈ ਜਿਸ ਨਾਲ ਸਰੀਰਕ ਅੰਗਾਂ ਵਿਚ ਦੁਰਬਲਤਾ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਅੱਜ-ਕੱਲ੍ਹ ਮਨੁੱਖ ਸਾਇਕਲ ਉਦੋਂ ਹੀ ਚਲਾਉਣਾ ਆਰੰਭ ਕਰਦਾ ਹੈ ਜਦੋਂ ਡਾਕਟਰ ਕਹਿ ਦਿੰਦੇ ਹਨ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਰੀਰ ਚੱਲਣਾ ਬੰਦ ਹੋ ਜਾਵੇਗਾ।

ਗੁਰੂ ਸਾਹਿਬਾਨ ਨੇ ਸਿੱਖਾਂ ਲਈ ਸੰਗਤੀ ਧਰਮ ਦੀ ਸਥਾਪਨਾ ਕੀਤੀ ਹੈ ਜਿੱਥੇ ਗੁਰਦੁਆਰੇ ਪ੍ਰਯੋਗਸ਼ਾਲਾਵਾਂ ਦਾ ਕਾਰਜ ਕਰ ਰਹੇ ਹਨ। ਸਿੱਖ ਨੇ ਜੋ ਜੀਵਨਜਾਚ ਇੱਥੇ ਆ ਕੇ ਸਿੱਖਣੀ ਹੈ ਉਸਦਾ ਅਭਿਆਸ ਸਮਾਜ ਵਿਚ ਸਮੂਹ ਲੋਕਾਂ ਦੀ ਭਲਾਈ ਲਈ ਕਰਨਾ ਹੈ। ਗੁਰਦੁਆਰਿਆਂ ਵਿਚ ਤਨ ਦੀ ਸੇਵਾ ਸਿੱਖ ਨੂੰ ਜਿੱਥੇ ਦੇਹ ਅਰੋਗਤਾ ਵਾਲੇ ਪਾਸੇ ਲੈ ਕੇ ਜਾਂਦੀ ਹੈ ਉਥੇ ਨਾਲ ਹੀ ਉਸਦੇ ਮਨ ਦੀ ਮੈਲ ਵੀ ਸਾਫ ਹੋ ਜਾਂਦੀ ਹੈ। ਇਸ ਲਈ ਸਿੱਖ ਨੇ ਜਿੱਥੇ ਵਿਗਿਆਨਕ ਖੋਜਾਂ ਦਾ ਇਸਤੇਮਾਲ ਦੁਨਿਆਵੀ ਵਿਕਾਸ ਦੀ ਦਿਸ਼ਾ ਵੱਲ ਜਾਣ ਲਈ ਕਰਨਾ ਹੈ ਉਥੇ ਸਮਾਜ ਸੇਵਾ ਰਾਹੀਂ ਸਰੀਰਕ ਅਤੇ ਮਾਨਸਿਕ ਅਰੋਗਤਾ ਵੀ ਹਾਸਲ ਕਰਨੀ ਹੈ। ਭਾਵੇਂ ਕਿ ਅਜੋਕੇ ਯੁੱਗ ਵਿਚ ਸਾਇੰਸ ਦੀ ਤਰੱਕੀ ਵੀ ਸਮਾਜ ਦੀ ਸੇਵਾ ਵਜੋਂ ਹੀ ਵੇਖੀ ਜਾਂਦੀ ਹੈ ਪਰ ਸੰਜਮ ਅਤੇ ਨਿਮਰਤਾ ਵਰਗੇ ਗੁਣ ਹੱਥੀ ਸੇਵਾਂ ਰਾਹੀਂ ਹੀ ਵਧੇਰੇ ਉਜਾਗਰ ਹੁੰਦੇ ਹਨ:

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥[13]

ਤਨ ਦੀ ਸੇਵਾ ਨੂੰ ਸਿੱਖ ਧਰਮ ਵਿਚ ਪ੍ਰਮੁਖਤਾ ਬਖਸ਼ੀ ਗਈ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੌਜਵਾਨ ਹੱਥੋਂ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਸੀ ਜਿਸਨੇ ਕਦੇ ਹੱਥੀਂ ਕੰਮ ਨਹੀਂ ਸੀ ਕੀਤਾ। ਭਾਈ ਗੁਰਦਾਸ ਜੀ ਸੇਵਾ ਤੋਂ ਬਗੈਰ ਹੱਥਾਂ ਅਤੇ ਪੈਰਾਂ ਨੂੰ ਨਿਰਾਰਥਕ ਦੱਸਦੇ ਹਨ – ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ॥[14]

(ਅ) ਮਨ ਦੀ ਸੇਵਾ : ਗੁਰਬਾਣੀ ਵਿਚ ਮਨ ਨੂੰ ਆਤਮਾ ਦੇ ਸਰੂਪ ਵਜੋਂ ਦਰਸਾਇਆ ਗਿਆ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥[15]

ਮਨ ਦੀ ਵਿਸਤ੍ਰਿਤ ਵਿਆਖਿਆ ਗੁਰਬਾਣੀ ਵਿਚ ਵੇਖਣ ਨੂੰ ਮਿਲਦੀ ਹੈ। ਸਮੁੱਚੇ ਤੌਰ ਤੇ ਮਨ ਨੂੰ ਅਸਥਾਈ ਅਤੇ ਭਟਕਣ ਵਾਲਾ ਮੰਨਿਆ ਗਿਆ ਹੈ। ਮਨ ਸਰੀਰ ਦਾ ਕੇਂਦਰ ਹੈ ਜਿਸਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੂਪੀ ਘੋੜੇ ਆਪੋ ਆਪਣੀ ਦਿਸ਼ਾ ਵੱਲ ਖਿੱਚੀ ਜਾਂਦੇ ਹਨ। ਇਸ ਕਰਕੇ ਇਹ ਕਦੇ ਵੀ ਸਹਿਜ ਅਵਸਥਾ ਵਿਚ ਨਹੀਂ ਰਹਿੰਦਾ। ਦੁਨਿਆਵੀ ਪਦਾਰਥਾਂ ਪ੍ਰਤੀ ਇਸ ਦੀ ਖਿੱਚ ਮਨੁੱਖ ਨੂੰ ਭਟਕਣੇ ਵਿਚ ਪਾਈ

ਰੱਖਦੀ ਹੈ। ਗੁਰੂ ਨਾਨਕ ਦੇਵ ਜੀ ਮਨ ਦੇ ਸਰੂਪ ਉੱਤੇ ਟਿੱਪਣੀ ਕਰਦੇ ਹੋਏ ਕਹਿੰਦੇ ਹਨ :

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥[16]

ਗੁਰਬਾਣੀ ਦੱਸਦੀ ਹੈ ਕਿ ਮਨ ਨੂੰ ਕਾਬੂ ਕਰਨ ਨਾਲ ਹੀ ਮਨੁੱਖ ਸਹਿਜ ਅਵਸਥਾ ਵਿਚ ਆ ਸਕਦਾ ਹੈ। ਸਮਾਜ ਵਿਚ ਰਹਿੰਦੇ ਹੋਏ ਸਹਿਜ ਗ੍ਰਹਿਣ ਕਰਨ ਲਈ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲਣਾ ਜ਼ਰੂਰੀ ਮੰਨਿਆ ਗਿਆ ਹੈ। ਉਸ ਸਿੱਖ ਦੇ ਸਮੂਹ ਕਾਰਜ ਰਾਸ ਆ ਜਾਂਦੇ ਹਨ, ਸਿਰੇ ਚੜ੍ਹ ਜਾਂਦੇ ਹਨ ਜੋ ਮਨ ਦੀ ਮੁਹਾਰ ਗੁਰੂ ਬਚਨਾਂ ਅਨੁਸਾਰ ਮੋੜ ਲੈਣ ਵਿਚ ਸਫਲ ਹੋ ਜਾਂਦੇ ਹਨ:

ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥[17]

ਜੋ ਵਿਅਕਤੀ ਮਨ ਲਾ ਕੇ ਸੇਵਾ ਨਹੀਂ ਕਰਦਾ, ਕੇਵਲ ਲੋੜ ਅਨੁਸਾਰ ਕਾਰਜ ਹੀ ਪੂਰਾ ਕਰਦਾ ਹੈ, ਉਸਨੂੰ ਸੇਵਾ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਉਸਨੂੰ ਕੋਈ ਫਲ ਪ੍ਰਾਪਤ ਹੁੰਦਾ ਹੈ। ਹਰ ਇਕ ਵਿਅਕਤੀ ਕਿਤੇ ਨਾ ਕਿਤੇ ਕੋਈ ਨਾ ਕੋਈ ਕੰਮ ਕਰ ਰਿਹਾ ਹੈ। ਉਹ ਆਪਣੇ ਕੰਮ ਦੌਰਾਨ ਜੇਕਰ ਖਾਨਾ ਪੂਰਤੀ ਹਿਤ ਹੀ ਯੋਗਦਾਨ ਪਾਉਂਦਾ ਹੈ ਤਾਂ ਉਸਨੂੰ ਸੇਵਾ ਨਹੀਂ ਕਿਹਾ ਜਾ ਸਕਦਾ। ਜਦੋਂ ਕੋਈ ਵਿਅਕਤੀ ਦਿੱਤੇ ਗਏ ਕਾਰਜ ਨੂੰ ਵਾਧੂ ਸਮਾਂ ਲਗਾ ਕੇ ਸੰਪੂਰਨ ਕਰਦਾ ਹੈ ਅਤੇ ਕੀਤੇ ਗਏ ਵਾਧੂ ਕੰਮ ਲਈ ਕੋਈ ਸੇਵਾ ਫਲ ਨਹੀਂ ਲੈਂਦਾ ਤਾਂ ਉਸਨੂੰ ਸੇਵਾ ਕਿਹਾ ਜਾ ਸਕਦਾ ਹੈ। ਪਰ ਦੂਜੇ ਪਾਸੇ ਮਜਬੂਰੀ ਵਸ ਕੀਤੇ ਗਏ ਕਾਰਜ ਨੂੰ ਸੇਵਾ ਨਹੀਂ ਕਿਹਾ ਜਾ ਸਕਦਾ ਹੈ। ਕਿਉਂਕਿ ਅਜਿਹੇ ਕੀਤੇ ਕੰਮ ਦਾ ਕੋਈ ਲਾਭ ਨਹੀਂ ਹੁੰਦਾ ਬਲਕਿ ਮਾਨਸਿਕ ਬੋਝ ਹੋਰ ਵੱਧ ਜਾਂਦਾ ਹੈ:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥[18]

ਸੇਵਾ ਭਾਵੇਂ ਕਿਸੇ ਵੀ ਰੂਪ ਵਿਚ ਕਰਨੀ ਹੋਵੇ, ਜੇਕਰ ਮਨ ਲਾ ਕੇ ਨਹੀਂ ਕੀਤੀ ਜਾਂਦੀ ਤਾਂ ਨਿਰਾਰਥਕ ਹੈ। ਲੋਕ ਦਿਖਾਵੇ ਲਈ ਕੀਤੀ ਗਈ ਸੇਵਾ ਵੀ ਮਨੋਰਥ ਹਾਸਲ ਕਰਨ ਵਿਚ ਕੋਈ ਯੋਗਦਾਨ ਨਹੀਂ ਪਾਉਂਦੀ। ਸਰਵੋਤਮ ਸੇਵਾ ਦਾ ਜੋ ਸਰੂਪ ਗੁਰਬਾਣੀ ਵਿਚ ਦਰਸਾਇਆ ਗਿਆ ਹੈ ਉਸ ਵਿਚ ਸਤਿਗੁਰ ਦੇ ਹੁਕਮ ਅਨੁਸਾਰ ਕੀਤੀ ਗਈ ਸੇਵਾ ਹੀ ਪ੍ਰਮੁਖ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜਿਵੇਂ ਹਾਥੀ ਅੰਕਸ ਦੇ ਇਸ਼ਾਰੇ ਤੇ ਕਾਰਜ ਕਰਦਾ ਹੈ ਉਸੇ ਤਰ੍ਹਾਂ ਹੀ ਸਿੱਖ ਗੁਰੂ ਨੂੰ ਸਭ ਕੁਝ ਅਰਪਿਤ ਕਰਦਾ ਹੋਇਆ ਸੇਵਾ ਕਰੇ:

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥[19]

ਮਨ ਮਨੁੱਖ ਦੇ ਹਰ ਕਾਰਜ ਦਾ ਕੇਂਦਰ ਬਿੰਦੂ ਹੈ ਅਤੇ ਜਿਹੋ ਜਿਹਾ ਮਨੁੱਖ ਦਾ ਮਨ ਹੋਵੇਗਾ ਉਹੋ ਜਿਹਾ ਹੀ ਉਹ ਕੰਮ ਕਰੇਗਾ। ਇਸ ਕਰਕੇ ਮਨ ਨੂੰ ਕਾਬੂ ਰੱਖਕੇ ਸੇਵਾ ਕਰਨ ਨੂੰ ਸ੍ਰੇਸ਼ਠ ਮੰਨਿਆ ਗਿਆ ਹੈ।

(ੲ) ਧਨ ਦੀ ਸੇਵਾ : ਧਨ ਸਮਾਜ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਹਿੰਦੂ

ਧਰਮ ਵਿਚ ਚਾਰ ਪੁਰਸ਼ਾਰਥਾਂ ਦੀ ਗੱਲ ਆਈ ਹੈ– ਧਰਮ, ਅਰਥ, ਕਾਮ ਅਤੇ ਮੋਕਸ਼। ਇਸ ਪੁਰਾਤਨ ਭਾਰਤੀ ਸੱਭਿਅਤਾ ਵਿਚ ਸਿਧਾਂਤਕ ਤੌਰ ਤੇ ਇਸ ਗੱਲ ਨੂੰ ਪ੍ਰਵਾਨ ਕੀਤਾ ਗਿਆ ਹੈ ਕਿ ਅਰਥ (ਧਨ) ਤੋਂ ਬਗੈਰ ਮਨੁੱਖ ਦਾ ਪਰਮ ਉਦੇਸ਼ ਹਾਸਲ ਨਹੀਂ ਹੋ ਸਕਦਾ। ਪਰ ਨਾਲ ਹੀ ਇਹ ਗੱਲ ਵੀ ਦ੍ਰਿੜ ਕਰਵਾਈ ਗਈ ਹੈ ਕਿ ਧਨ ਦਾ ਪ੍ਰਯੋਗ ਧਰਮ ਅਨੁਸਾਰ ਕੀਤਾ ਜਾਵੇ ਤਾਂ ਹੀ ਸਹੀ ਹੈ ਨਹੀਂ ਤਾਂ ਇਹ ਵੀ ਮਨੁੱਖ ਨੂੰ ਉਸਦੇ ਉਦੇਸ਼ ਤੋਂ ਭਟਕਾ ਸਕਦਾ ਹੈ। ਤਨ, ਮਨ ਅਤੇ ਸੁਰਤਿ ਤਿੰਨੇ ਹੀ ਸਹੀ ਦਿਸ਼ਾ ਵੱਲ ਹੋਣ ਤਾਂ ਮਨੁੱਖ ਧਨ ਹਾਸਲ ਕਰਕੇ ਇਸਦਾ ਸਹੀ ਇਸਤੇਮਾਲ ਕਰ ਸਕਦਾ ਹੈ। ਜੇਕਰ ਤਨ ਰੋਗੀ ਹੋਵੇ ਤਾਂ ਵੀ ਧਨ ਨਹੀਂ ਕਮਾਇਆ ਜਾ ਸਕਦਾ, ਜੇਕਰ ਮਨ ਸਾਥ ਨਾ ਦੇਵੇ ਤਾਂ ਵੀ ਧਨ ਹਾਸਲ ਕਰਨਾ ਔਖਾ ਹੋ ਜਾਂਦਾ ਹੈ ਅਤੇ ਜੇਕਰ ਸੁਰਤਿ ਸਹੀ ਨਾ ਹੋਵੇ ਤਾਂ ਵੀ ਧਨ ਪ੍ਰਾਪਤੀ ਦਾ ਮਾਰਗ ਔਖਾ ਹੋ ਜਾਂਦਾ ਹੈ। ਤਨ, ਮਨ ਅਤੇ ਸੁਰਤਿ ਦੀ ਸਹਾਇਤਾ ਨਾਲ ਕਮਾਇਆ ਗਿਆ ਧਨ ਤਾਂ ਹੀ ਸਕਾਰਥ ਹੈ ਜੇਕਰ ਪ੍ਰਭੂ ਪ੍ਰਾਪਤੀ ਦੇ ਮਾਰਗ ਵੱਲ ਲੈ ਜਾਣ ਵਾਲਾ ਹੋਵੇ:

ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ।[80]

ਗੁਰਮਤਿ ਦੇ ਤਿੰਨ ਮੁਢਲੇ ਨਿਯਮ ਹਨ– ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਇਨ੍ਹਾਂ ਤਿੰਨੇ ਨਿਯਮਾਂ ਵਿਚੋਂ ਦੋ ਧਨ ਦੀ ਕਮਾਈ ਅਤੇ ਇਸਦੀ ਵਰਤੋਂ ਨਾਲ ਸੰਬੰਧਿਤ ਹਨ। ਜੇਕਰ ਕਿਸੇ ਮਨੁੱਖ ਨੇ ਯੋਗ-ਅਯੋਗ ਤਰੀਕਿਆਂ ਨਾਲ ਬਹੁਤ ਸਾਰਾ ਧਨ ਕਮਾ ਲਿਆ ਹੈ ਪਰ ਉਸਦੀ ਇਹ ਇੱਛਾ ਹੈ ਕਿ ਉਸਦੀ ਇਹ ਮਾਇਆ ਉਸ ਤੋਂ ਖੁੱਸ ਨਾ ਜਾਵੇ, ਤਾਂ ਅਜਿਹੀ ਇਕੱਤਰ ਕੀਤੀ ਮਾਇਆ ਨੂੰ 'ਨਿਰਾਰਥਕ' ਕਿਹਾ ਗਿਆ ਹੈ। ਪਰ ਜੇਕਰ ਕਿਸੇ ਵਿਅਕਤੀ ਦੀ ਧਨ ਦੇਣ ਦੀ ਇੱਛਾ ਹੈ ਪਰ ਉਸ ਕੋਲ ਧਨ ਨਹੀਂ ਤਾਂ ਉਹ ਵੀ ਨਿਰਾਸ਼ ਹੋ ਜਾਂਦਾ ਹੈ। ਗੁਰਬਾਣੀ ਵਿਚ ਦੁਨਿਆਵੀ ਧਨ ਨੂੰ 'ਕੱਚਾ ਧਨ' ਕਿਹਾ ਗਿਆ ਹੈ। ਪਰ ਜੇਕਰ ਕੋਈ ਵਿਅਕਤੀ ਇਸ ਦੁਨਿਆਵੀ ਧਨ ਦਾ ਪ੍ਰਯੋਗ ਗੁਰੂ ਆਸ਼ੇ ਅਨੁਸਾਰ ਕਰੇ ਤਾਂ 'ਪੱਕੇ ਧਨ' ਦਾ ਅਧਿਕਾਰੀ ਹੋ ਜਾਂਦਾ ਹੈ ਜੋ ਕਿ ਕਦੇ ਵੀ ਉਸ ਕੋਲੋਂ ਖੁੱਸ ਨਹੀਂ ਸਕਦਾ ਅਤੇ ਨਾ ਹੀ ਉਸਨੂੰ ਕੋਈ ਖੋਹ ਸਕਦਾ ਹੈ। ਇਸ ਸਦੀਵੀ ਧਨ ਨੂੰ ਪ੍ਰਭੂ ਦਾ 'ਨਾਮ ਧਨ' ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਂ ਵਿਚ ਦਸਵੰਧ ਦੀ ਪ੍ਰਥਾ ਕਾਇਮ ਕੀਤੀ ਗਈ। ਇਸ ਦਸਵੰਧ ਦੀ ਰਕਮ ਨਾਲ ਗੁਰੂ ਘਰ ਵੱਲੋਂ ਪਰਉਪਕਾਰ ਦੇ ਆਰੰਭੇ ਹੋਏ ਕਾਰਜਾਂ ਨੂੰ ਗਤੀ ਪ੍ਰਦਾਨ ਕੀਤੀ। ਗੁਰੂ ਜੀ ਨੇ ਸਿੱਖਾਂ ਨੂੰ ਧਰਮ ਅਰਥ ਧਨ ਦੇਣ ਦਾ ਜੋ ਆਦੇਸ਼ ਕੀਤਾ ਉਸ ਪਿੱਛੇ ਇਕ ਭਾਵਨਾ ਇਹ ਵੀ ਸੀ ਕਿ ਸਿੱਖ ਸੰਜਮ ਦਾ ਗੁਣ ਧਾਰਨ ਕਰੇ ਅਤੇ ਉਸ ਅੰਦਰ ਪਰਉਪਕਾਰ ਅਤੇ ਵੰਡ ਛਕਣ ਦਾ ਗੁਣ ਪੈਦਾ ਹੋਵੇ। ਦਸਵੰਧ ਦੀ ਰਕਮ ਗੁਰੂ ਘਰ ਨਾ ਦੇਣ ਵਾਲੇ ਸਿੱਖ ਬਾਰੇ ਟਿੱਪਣੀ ਕਰਦੇ ਹੋਏ ਭਾਈ ਨੰਦ ਲਾਲ ਜੀ ਕਹਿੰਦੇ ਹਨ:

ਦਸਵੰਧ ਗੁਰੂ ਨਹਿ ਦੇਵੈ ਝੂਠ ਬੋਲ ਜੋ ਖਾਇ ॥
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ।[81]

ਦਸਵੰਧ ਦੀ ਮਾਇਆ ਨਾਲ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ

ਜਾਂਦੀ ਹੈ। ਪਰ ਦਸਵੰਧ ਦੀ ਰਕਮ ਦੇਣ ਦੇ ਨਾਲ-ਨਾਲ ਇਹ ਵੀ ਤਾਕੀਦ ਕੀਤੀ ਗਈ ਹੈ ਕਿ ਕਮਾਈ ਕਿਸ ਤਰ੍ਹਾਂ ਕਰਨੀ ਹੈ। ਲੋਕਾਂ ਨੂੰ ਲੁੱਟ ਕੇ ਜਾਂ ਉਨ੍ਹਾਂ ਨਾਲ ਠੱਗੀ ਮਾਰ ਕੇ ਦਿੱਤੇ ਗਏ ਦਸਵੰਧ ਨਾਲ ਮਨੁੱਖ ਅਧਿਆਤਮਿਕ ਉਦੇਸ਼ ਹਾਸਲ ਨਹੀਂ ਕਰ ਸਕਦਾ, ਬਲਕਿ ਇਸ ਤਰ੍ਹਾਂ ਦਿੱਤੇ ਹੋਏ ਧਨ ਨਾਲ ਹਉਮੈ ਦੀ ਭਾਵਨਾ ਪੈਦਾ ਹੁੰਦੀ ਹੈ। ਫਿਰ ਸਿੱਖ ਦੀ ਕਿਰਤ ਕਿਹੋ ਜਿਹੀ ਹੋਵੇ, ਇਸ ਉਤੇ ਟਿੱਪਣੀ ਕਰਦੇ ਹੋਏ ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ:

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।[22]

ਗੁਰੂ ਹਰਗੋਬਿੰਦ ਜੀ ਨੇ ਮਾਇਆ ਨੂੰ ਗੁਜ਼ਰਾਨ ਕਿਹਾ ਹੈ ਕਿਉਂਕਿ ਇਸ ਤੋਂ ਬਗੈਰ ਮਨੁੱਖ ਦਾ ਸਮਾਜਿਕ ਵਿਕਾਸ ਸੰਭਵ ਨਹੀਂ ਹੈ। ਅਜੋਕੇ ਯੁੱਗ ਵਿਚ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ ਕਿਉਂਕਿ ਮਨੁੱਖ ਨੇ ਆਧੁਨਿਕ ਚੁਣੌਤਿਆਂ ਦੇ ਸਨਮੁੱਖ ਵਿਗਿਆਨ ਦੀਆਂ ਖੋਜਾਂ ਤੋਂ ਲਾਹਾ ਲੈਣ ਲਈ ਮਹਿੰਗੇ ਯੰਤਰਾਂ ਦਾ ਇਸਤੇਮਾਲ ਕਰਨਾ ਹੈ। ਇਹ ਯੰਤਰ ਜਿੱਥੇ ਮਨੁੱਖ ਦੇ ਪਦਾਰਥਕ ਵਿਕਾਸ ਵਿਚ ਸਹਾਈ ਹੁੰਦੇ ਹਨ ਉਥੇ ਨਾਲ ਹੀ ਅਧਿਆਤਮਿਕ ਉਪਦੇਸ਼ਾਂ ਅਤੇ ਉਦੇਸ਼ਾਂ ਦਾ ਪ੍ਰਸਾਰਨ ਵੀ ਦੂਰ-ਦੂਰ ਤੱਕ ਕਰਦੇ ਹਨ। ਧਰਮ ਦੇ ਇਨ੍ਹਾਂ ਉਪਦੇਸ਼ਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਦੂਰ-ਦੁਰਾਡੇ ਸਥਾਨਾਂ ਤੇ ਬੈਠੇ ਵਿਅਕਤੀ ਵੀ ਸਦਾਚਾਰੀ ਅਤੇ ਪਰਉਪਕਾਰੀ ਬਣ ਸਕਦੇ ਹਨ। ਸਾਇੰਸ ਦੇ ਅਜਿਹੇ ਵਿਕਾਸ ਵਿਚ ਲਾਇਆ ਧਨ ਵੀ ਸਾਰਥਕ ਹੈ। ਪਰ ਜੋ ਵਿਅਕਤੀ ਬਹੁਤ ਸਾਰਾ ਧਨ ਕਮਾਉਂਦਾ ਅਤੇ ਇਕੱਤਰ ਕਰਦਾ ਹੈ ਪਰ ਉਸ ਨੂੰ ਕਿਸੇ ਭਲੇ ਕਾਰਜ ਲਈ ਨਹੀਂ ਵਰਤਦਾ, ਅਜਿਹਾ ਧਨ ਨਿਰਾਰਥਕ ਹੈ:

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ।[23]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਿਹਨਤ, ਮੁਸ਼ਕਤ ਅਤੇ ਇਮਾਨਦਾਰੀ ਨਾਲ ਇਕੱਤਰ ਕੀਤੇ ਧਨ ਵਿਚੋਂ ਪਰਉਪਕਾਰ ਹਿਤ ਕੀਤੀ ਗਈ ਸੇਵਾ ਹੀ ਪ੍ਰਵਾਨ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ।[24]

(ਸ) ਸੁਰਤਿ ਦੀ ਸੇਵਾ : ਭਾਈ ਕਾਨ੍ਹ ਸਿੰਘ ਨਾਭਾ ਨੇ ਇਸਨੂੰ ਅੰਤਹਕਰਣ ਦੀ ਇਕ ਸ਼ਕਤੀ ਮੰਨਿਆ ਹੈ ਜੋ ਕਿ ਸਰੀਰ ਦੇ ਅੰਦਰ ਹੁੰਦੀ ਹੋਈ ਭੀ ਮਨੁੱਖ ਨੂੰ ਬਾਹਰੀ ਕਾਰਜਾਂ ਪ੍ਰਤੀ ਚੇਤੰਨ ਕਰਦੀ ਹੈ। ਇਸ ਦੇ ਇਕ ਅਰਥ ਨੂੰ ਧਿਆਨ ਕਿਹਾ ਗਿਆ ਹੈ। ਚਿੱਤ ਬਿਰਤੀਆਂ ਨੂੰ ਇਕ ਖਾਸ ਦਿਸ਼ਾ ਵੱਲ ਪਰੇਰ ਕੇ ਲਿਆਉਣਾ ਅਤੇ ਫਿਰ ਉਸੇ ਵੱਲ ਟਿਕਾਈ ਰੱਖਣਾ ਧਿਆਨ ਕਹਾਉਂਦਾ ਹੈ। ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਮਨੁੱਖ ਨੇ ਆਪਣੀਆਂ ਚਿਤ ਬਿਰਤੀਆਂ ਨੂੰ ਪ੍ਰਭੂ ਦੇ ਨਾਮ ਸਿਮਰਨ ਉਤੇ ਕੇਂਦਰਿਤ ਕਰਨਾ ਹੈ ਅਤੇ ਇਸੇ ਨੂੰ ਉੱਤਮ ਸੇਵਾ ਦੇ ਸਰੂਪ ਵਜੋਂ ਵੇਖਿਆ ਜਾਂਦਾ ਹੈ:

ਸੇਵਾ ਸੁਰਤਿ ਏਕ ਲਿਵ ਲਾਇ।[25]

ਸੇਵਾ ਦੇ ਬਾਕੀ ਰੂਪਾਂ ਨਾਲੋਂ ਸੁਰਤਿ ਦੀ ਸੇਵਾ ਔਖੀ ਹੈ। ਆਮ ਜਨ ਜੀਵਨ ਵਿਚ ਵੀ ਵੇਖਣ ਨੂੰ ਮਿਲਦਾ ਹੈ ਕਿ ਲੰਗਰ ਲਾਉਣ ਜਾਂ ਕਿਸੇ ਹੋਰ ਲੋੜਵੰਦ ਦੀ ਸਹਾਇਤਾ

ਲਈ ਤਾਂ ਲੋਕ ਵਧ ਚੜ੍ਹ ਕੇ ਹਿੱਸਾ ਪਾਉਂਦੇ ਹਨ ਪਰ ਸੁਰਤਿ ਨੂੰ ਪਰਮਾਤਮਾ ਵੱਲ ਜੋੜੀ ਰੱਖਣਾ ਸੂਖਮ ਅਤੇ ਔਖਾ ਕਾਰਜ ਸਮਝਦੇ ਹਨ। ਘਰ ਵਿਚ ਨਿਤਨੇਮ ਵਜੋਂ ਗੁਰਬਾਣੀ ਦਾ ਪਾਠ ਕਰਨ ਵਾਲੇ ਸਿੱਖਾਂ ਦੀ ਕੋਈ ਕਮੀ ਨਹੀਂ ਪਰ ਕੀਤੇ ਜਾ ਰਹੇ ਪਾਠ ਵਿਚਲੇ ਅੰਸ਼ ਨੂੰ ਸਮਝਣਾ ਅਤੇ ਉਸ ਅਨੁਸਾਰ ਜੀਵਨ ਅਮਲ ਵਿਚ ਲਿਆਉਣਾ ਮੁਸ਼ਕਿਲ ਕਾਰਜ ਸਮਝਿਆ ਜਾਂਦਾ ਹੈ। ਸਿੱਖ ਸਭਾ ਸੁਸਾਇਟੀਆਂ ਅਤੇ ਹੋਰਨਾਂ ਧਾਰਮਿਕ ਜਥੇਬੰਦੀਆਂ ਵੱਲੋਂ ਗੁਰਮਤਿ ਪ੍ਰਚਾਰ ਦੇ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ ਜਿਵੇਂ ਅੰਮ੍ਰਿਤ ਛਕਾਉਣਾ, ਗੁਰਮਤਿ ਲਿਟਰੇਚਰ ਮੁਫਤ ਵੰਡਣਾ, ਲੋਕਾਂ ਦੇ ਘਰ ਜਾ ਕੇ ਨਿਸ਼ਕਾਮ ਸੇਵਾ ਰਾਹੀਂ ਪਾਠ ਕਰਨਾ ਆਦਿ, ਪਰ ਇਨ੍ਹਾਂ ਵਿਚੋਂ ਬਹੁਤੀਆਂ ਜੁਗਤਾਂ ਸ਼ਬਦ-ਗੁਰੂ ਅਨੁਸਾਰ ਲੋਕਾਂ ਦੀ ਸੁਰਤਿ ਨੂੰ ਢਾਲਣ ਵਿਚ ਅਸਮਰੱਥ ਜਾਪਦੀਆਂ ਹਨ। ਪਤਿਤਪੁਣੇ ਅਤੇ ਨਸ਼ਿਆਂ ਵਿਚ ਵਾਧੇ ਦਾ ਕਾਰਨ ਗੁਰਬਾਣੀ ਪੜ੍ਹ ਸੁਣ ਕੇ ਵੀ ਅਮਲ ਵਿਚ ਨਾ ਲਿਆਉਣਾ ਮੰਨਿਆ ਜਾ ਸਕਦਾ ਹੈ। ਭਾਵ ਗੁਰਬਾਣੀ ਪੜ੍ਹੀ ਤਾਂ ਬਹੁਤ ਪਰ ਸੁਰਤਿ ਉਸ ਪਾਸੇ ਜੋੜਨ ਵਿਚ ਅਸਫਲ ਰਹੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੇਵਕ ਸੁਰਤਿ ਦੀ ਸੇਵਾ ਵਾਲੀ ਬਿਭੂਤ ਸਰੀਰ ਨੂੰ ਲਾਵੇ – ਸੇਵਾ ਸੁਰਤਿ ਬਿਭੂਤ ਚੜਾਵੈ।।[26]

ਸੇਵਾ ਦੇ ਦੋ ਰੂਪ ਸਮਾਜ ਵਿਚ ਵੇਖਣ ਨੂੰ ਮਿਲਦੇ ਹਨ- ਸੁਆਰਥੀ ਅਤੇ ਨਿਰਸੁਆਰਥੀ। ਬਹੁਤੇ ਵਿਅਕਤੀ ਸੁਆਰਥੀ ਸੇਵਾ ਵੱਲ ਰੁਚਿਤ ਹੁੰਦੇ ਹਨ ਜੋ ਕਿ ਮਨ ਵਿਚ ਹਉਮੈ ਦੀ ਭਾਵਨਾ ਪੈਦਾ ਕਰਦੀ ਹੈ। ਕਿਉਂਕਿ ਅਜਿਹੀ ਸੇਵਾ ਕਰਨ ਵਾਲੇ ਸੇਵਕ ਦੀ ਸੁਰਤਿ ਨਿੱਜੀ ਸੁਆਰਥਾਂ ਨਾਲ ਜੁੜੀ ਹੁੰਦੀ ਹੈ। ਨਿਰਸੁਆਰਥ ਕਿਸਮ ਦੀ ਸੇਵਾ ਦਾ ਸਮਾਜਿਕ ਸਰੂਪ ਵੀ ਵੇਖਣ ਨੂੰ ਮਿਲਦਾ ਹੈ। ਇਸ ਵਿਚ ਗੁਰੂ ਦੀ ਸੇਵਾ ਨੂੰ ਉੱਤਮ ਮੰਨਿਆ ਗਿਆ ਹੈ ਅਤੇ ਇਹ ਸੇਵਾ ਸ਼ਬਦ ਦੀ ਵੀਚਾਰ ਨਾਲ ਕੀਤੀ ਜਾਂਦੀ ਹੈ:

ਸੇਵਾ ਸੁਰਤਿ ਸਬਦਿ ਵੀਚਾਰਿ।।[27]
ਗੁਰ ਕੀ ਸੇਵਾ ਸਬਦੁ ਵੀਚਾਰੁ।।
ਹਉਮੈ ਮਾਰੇ ਕਰਣੀ ਸਾਰੁ।।[28]

ਇਸ ਤਰ੍ਹਾਂ ਸੇਵਾ ਦੇ ਇਹ ਚਾਰੇ ਸਾਧਨ ਮਨੁੱਖ ਨੂੰ ਗੁਰਮੁਖ ਬਣਾਉਣ ਵਿਚ ਸਹਾਈ ਹੁੰਦੇ ਹਨ। ਮਨੁੱਖ ਦੇ ਮਨ ਵਿਚੋਂ ਦਵੈਤ ਭਾਵ ਦੂਰ ਹੁੰਦਾ ਹੈ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਹੁੰਦੀ ਹੈ ਅਤੇ ਸਦਗੁਣਾਂ ਦਾ ਵਿਕਾਸ ਹੁੰਦਾ ਹੈ। ਗੁਰਮਤਿ ਅਨੁਸਾਰ ਸੇਵਾ ਦੀਆਂ ਕੁਝ ਪ੍ਰਮੁਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਉਜਾਗਰ ਹੁੰਦੀਆਂ ਹਨ:

1. ਅਧਿਆਤਮਿਕ ਤੌਰ ਤੇ ਸੇਵਾ ਮਨੁੱਖ ਨੂੰ ਪਰਮਾਤਮਾ ਨਾਲ ਜੋੜਦੀ ਹੈ। ਇਹ ਮਨੁੱਖ ਦੀ ਸੁਰਤਿ ਨੂੰ ਪ੍ਰਚੰਡ ਕਰਕੇ ਉੱਚਾ ਚੁੱਕਣ ਦੇ ਨਾਲ-ਨਾਲ ਉਸਨੂੰ ਸਧਾਰਨ ਮਨੁੱਖਾਂ ਨਾਲੋਂ ਨਿਖੇੜ ਕੇ ਅਧਿਆਤਮਿਕਤਾ ਦੇ ਮਾਰਗ ਤੇ ਪਾਉਂਦੀ ਹੈ। ਗੁਰਮਤਿ ਵਿਚ ਸੇਵਾ ਨੂੰ ਗਾਖੜੀ ਕਿਹਾ ਗਿਆ ਹੈ ਕਿਉਂਕਿ ਇਸ ਵਿਚ ਨਿਮਰਤਾ ਦਾ ਗੁਣ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਜੋ ਕਿ ਪਰਮਪਦਿ ਦੀ ਪ੍ਰਾਪਤੀ ਲਈ ਸਹਾਇਕ ਹੈ।
2. ਸਮਾਜਿਕ ਤੌਰ ਤੇ ਸੇਵਾ ਮਨੁੱਖ ਦੇ ਮਨ ਵਿਚ ਪਰਉਪਕਾਰ ਦੀ ਭਾਵਨਾ ਪੈਦਾ ਕਰਦੀ ਹੈ। ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ ਅਤੇ ਪ੍ਰੇਮ ਅਤੇ ਭਾਈਚਾਰੇ ਦੀ

ਭਾਵਨਾ ਦਾ ਵਿਕਾਸ ਹੁੰਦਾ ਹੈ। ਸਮਾਜ ਵਿਚ ਰਹਿੰਦੇ ਹੋਏ ਮਨੁੱਖ ਜਾਤੀ ਦੀ ਭਲਾਈ ਕਰਨਾ ਹੀ ਸੇਵਾ ਦਾ ਪ੍ਰਮੁਖ ਉਦੇਸ਼ ਹੈ। ਇਹ ਭਲਾਈ ਭਾਵੇਂ ਗਰੀਬਾਂ ਅਤੇ ਭੁੱਖੇ ਮਨੁੱਖਾਂ ਨੂੰ ਪ੍ਰਸ਼ਾਦਾ ਛਕਾਉਣ ਰਾਹੀਂ ਕੀਤੀ ਜਾਵੇ ਜਾਂ ਫਿਰ ਦਬੇ-ਕੁਚਲੇ ਜਾ ਰਹੇ ਲੋਕਾਂ ਦੇ ਹੱਕ ਵਿਚ ਡਟ ਕੇ ਸੰਘਰਸ਼ ਰਾਹੀਂ ਸਾਹਮਣੇ ਆਵੇ, ਪ੍ਰਵਾਨ ਕੀਤੀ ਗਈ ਹੈ। ਸਿੱਖ ਧਰਮ ਵਿਚ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਵਰਗੇ ਆਦਰਸ਼ ਸਥਾਪਤ ਕੀਤੇ ਗਏ ਹਨ ਤਾਂ ਕਿ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਨੂੰ ਦ੍ਰਿੜ ਕੀਤਾ ਜਾਵੇ। ਇਸ ਤਰ੍ਹਾਂ ਸਿੱਖ ਧਰਮ ਵਿਚ ਸੇਵਾ ਨੂੰ ਵਾਧੂ ਅਤੇ ਬੋਝਲ ਕਾਰਜ ਨਾ ਮੰਨਦੇ ਹੋਏ ਉਤਸ਼ਾਹਜਨਕ ਅਤੇ ਪ੍ਰੇਰਣਾਮਈ ਸਰੋਤ ਸਮਝਿਆ ਗਿਆ ਹੈ।

3. ਨੈਤਿਕ ਤੌਰ ਤੇ ਸੇਵਾ ਮਨੁੱਖ ਦੇ ਮਨ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਕਾਰਾਂ ਨੂੰ ਕਾਬੂ ਕਰਨ ਅਤੇ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਵਰਗੇ ਸਦਗੁਣਾਂ ਨੂੰ ਸਥਾਪਤ ਕਰਨ ਵਿਚ ਯੋਗਦਾਨ ਪਾਉਂਦੀ ਹੈ। ਇਹ ਸਦਗੁਣ ਸੱਚਾ ਗਿਆਨ ਅਤੇ ਸੱਚਾ ਕਰਮ ਦ੍ਰਿੜ ਕਰਾਉਂਦੇ ਹੋਏ ਮਨੁੱਖ ਨੂੰ ਸੱਚੀ ਭਗਤੀ ਵਾਲੇ ਪਾਸੇ ਲਾਉਂਦੇ ਹਨ। ਨੈਤਿਕ ਆਦਰਸ਼ ਦੇ ਰੂਪ ਵਿਚ ਸੇਵਾ ਮਨੁੱਖ ਦੇ ਮਨ ਵਿਚ ਤਰਸ ਭਾਵਨਾ ਪੈਦਾ ਕਰਨ ਦੀ ਬਜਾਏ ਧਾਰਮਿਕ ਆਦਰਸ਼ ਹਾਸਲ ਕਰਨ ਵੱਲ ਰੁਚਿਤ ਕਰਦੀ ਹੈ ਜਿਸ ਨਾਲ ਹਉਮੈ ਦੂਰ ਹੁੰਦੀ ਹੈ ਅਤੇ ਨਿਮਰਤਾ ਦਾ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਸੇਵਾ ਦੀ ਭਾਵਨਾ ਦੂਜੇ ਮਨੁੱਖਾਂ ਪ੍ਰਤੀ ਸਕਾਰਾਤਮਕ ਰਵਈਆ ਧਾਰਨ ਕਰਨ ਦੀ ਪ੍ਰੇਰਣਾ ਪੈਦਾ ਕਰਦੀ ਹੈ ਅਤੇ ਆਪਣੇ ਆਪ ਤੋਂ ਉੱਪਰ ਉੱਠ ਕੇ ਜੀਵਨ ਉਦੇਸ਼ ਹਾਸਲ ਕਰਨ ਦੀ ਜਾਚ ਸਿਖਾਉਂਦੀ ਹੈ।

ਗੁਰਮਤਿ ਵਿਚ ਸੇਵਾ ਦਾ ਸਰੂਪ ਹੁਕਮ ਅਤੇ ਹਉਮੈ ਰਾਹੀਂ ਸਮਝਿਆ ਗਿਆ ਹੈ। ਹਉਮੈ ਵਸ ਕੀਤੀ ਸੇਵਾ ਮਨੁੱਖ ਨੂੰ ਉਸਦੇ ਉਦੇਸ਼ ਅਤੇ ਗੁਰੂ ਤੋਂ ਦੂਰ ਲੈ ਜਾਂਦੀ ਹੈ ਪਰ ਹੁਕਮ ਵਿਚ ਕੀਤੀ ਸੇਵਾ ਮਨੁੱਖ ਨੂੰ ਸਤਿਗੁਰ ਨਾਲ ਜੋੜ ਕੇ ਪਰਮਾਰਥ ਦੇ ਮਾਰਗ ਤੇ ਪਾਉਂਦੀ ਹੈ:

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।[9]

ਗੁਰਬਾਣੀ ਵਿਚ ਸੇਵਾ ਦਾ ਜੋ ਸਰੂਪ ਚਿਤਰਿਆ ਗਿਆ ਹੈ ਉਸ ਨੂੰ ਹਰ ਸਿੱਖ ਰੋਜ਼ਾਨਾ ਦੀ ਅਰਦਾਸ ਵਿਚ ਦੁਹਰਾਉਂਦਾ ਹੈ ਕਿ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਗੁਰਮਤਿ ਵਿਚ ਸੇਵਾ ਦੇ ਜੋ ਆਦਰਸ਼ ਸਥਾਪਤ ਕੀਤੇ ਗਏ ਹਨ ਉਨ੍ਹਾਂ ਵਿਚ ਲੂਲ੍ਹੇ-ਲੰਗੜੇ ਰੋਗੀਆਂ ਦੀ ਸੇਵਾ, ਗੁਰਦੁਆਰੇ ਵਿਚ ਸਫਾਈ ਦੀ ਸੇਵਾ, ਸ਼ਬਦ ਦੀ ਸੇਵਾ, ਲੰਗਰ ਵਿਚ ਗੈਸ ਜਾਂ ਲੱਕੜ ਆਦਿ ਬਾਲਣ ਦੀ ਦੁਰਵਰਤੋਂ ਰੋਕਣ ਦੀ ਸੇਵਾ, ਰੁੱਖ ਲਾਉਣ ਦੀ ਸੇਵਾ, ਪਾਣੀ ਪਿਆਉਣ ਅਤੇ ਸੰਭਾਲ ਦੀ ਸੇਵਾ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਅੱਜ-ਕੱਲ੍ਹ ਚਲਾਣੇ ਉਪਰੰਤ ਅੰਗਦਾਨ ਦੀ ਸੇਵਾ ਦਾ ਰੁਝਾਨ ਵੀ ਪ੍ਰਚਲਿਤ ਹੋ ਰਿਹਾ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 354.
2. ਉਹੀ, ਪੰਨਾ 660.
3. *ਕਬਿੱਤ ਭਾਈ ਗੁਰਦਾਸ*, ਕਬਿੱਤ 111.
4. ਗੁਰੂ ਗ੍ਰੰਥ ਸਾਹਿਬ, ਪੰਨਾ 668.
5. ਉਹੀ, ਪੰਨਾ 552.
6. ਉਹੀ, ਪੰਨਾ 552.
7. ਉਹੀ, ਪੰਨਾ 391.
8. ਉਹੀ, ਪੰਨਾ 164.
9. ਉਹੀ, ਪੰਨਾ 918.
10. ਉਹੀ, ਪੰਨਾ 222.
11. ਉਹੀ, ਪੰਨੇ 239-40.
12. ਉਹੀ, ਪੰਨਾ 749.
13. ਉਹੀ, ਪੰਨਾ 757.
14. *ਵਾਰਾਂ ਭਾਈ ਗੁਰਦਾਸ*, ਵਾਰ 27.10.
15. ਗੁਰੂ ਗ੍ਰੰਥ ਸਾਹਿਬ, ਪੰਨਾ 441.
16. ਉਹੀ, ਪੰਨਾ 876.
17. ਉਹੀ, ਪੰਨਾ 286.
18. ਉਹੀ, ਪੰਨਾ 787.
19. ਉਹੀ, ਪੰਨੇ 647-48.
20. ਉਹੀ, ਪੰਨਾ 1246.
21. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਤਨਖਾਹਨਾਮਾ 24.
22. *ਵਾਰਾਂ ਭਾਈ ਗੁਰਦਾਸ*, ਵਾਰ 6.12.
23. ਗੁਰੂ ਗ੍ਰੰਥ ਸਾਹਿਬ, ਪੰਨਾ 712.
24. ਉਹੀ, ਪੰਨਾ 1245.
25. ਉਹੀ, ਪੰਨਾ 222.
26. ਉਹੀ, ਪੰਨਾ 411.
27. ਉਹੀ, ਪੰਨਾ 1343.
28. ਉਹੀ, ਪੰਨਾ 223.
29. ਉਹੀ, ਪੰਨਾ 314.

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਵਿ ਰੂਪ

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ 1604 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਸੰਪਾਦਨਾ ਵਿਚ ਉਨ੍ਹਾਂ ਨੇ ਪੰਜਾਬੀ ਦੇ ਵੱਖ-ਵੱਖ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਕਾਵਿ ਰੂਪਾਂ ਵਿਚੋਂ ਕੁਝ "ਬੰਧ ਗਤ ਹਨ ਜਿਵੇਂ ਜਪੁਜੀ, ਸਿਧ ਗੋਸਟਿ, ਅਨੰਦ, ਸੁਖਮਨੀ ਆਦਿ। ਕੁਝ ਵੀਰ ਕਾਵਿ ਵਿਚਲੇ ਉਤਸ਼ਾਹ ਨਾਲ ਜਿਗਿਆਸੂ ਦੀ ਮਨੋਦਸ਼ਾ ਨੂੰ ਅਧਿਆਤਮਿਕ ਯੋਧਾ ਬਣਾਉਣ ਵਾਲੇ ਹਨ, ਜਿਵੇਂ ਵਾਰਾਂ। ਕੁਝ ਲੋਕ ਕਾਵਿ ਨੂੰ ਸਾਹਿਤਕ ਮੂੰਹ ਮੱਥਾ ਪ੍ਰਦਾਨ ਕਰਕੇ ਅਧਿਆਤਮਿਕਤਾ ਦਾ ਨਾਤਾ ਜਨ ਜੀਵਨ ਨਾਲ ਜੋੜਦੇ ਹਨ, ਜਿਵੇਂ ਅਲਾਹੁਣੀਆਂ, ਬਾਰਹਮਾਹ, ਘੋੜੀਆਂ, ਸਦ, ਕਰਹਲੇ ਆਦਿ। ਕੁਝ ਲਿਪੀ ਨੂੰ ਆਧਾਰ ਬਣਾ ਕੇ ਅੱਖਰਾਂ ਦੀ ਅਧਿਆਤਮਿਕ ਅਭਿਵਿਅਕਤੀ ਨੂੰ ਦਰਸਾਉਣ ਲਈ ਲਿਖੇ ਗਏ ਜਿਵੇਂ ਪਟੀ, ਬਾਵਨ ਅੱਖਰੀ ਆਦਿ। ਕੁਝ ਕਾਵਿ ਰੂਪ ਕਾਲ ਆਧਾਰਿਤ ਹਨ ਜਿਵੇਂ ਦਿਨ ਰੈਣ, ਵਾਰ ਸਤ, ਪਹਰੇ ਆਦਿ। ਕੁਝ ਦਾ ਸੰਬੰਧ ਰੁੱਤਾਂ ਅਤੇ ਥਿਤਾਂ ਨਾਲ ਹੈ, ਜਿਵੇਂ ਤਿੱਥਾਂ ਰੁੱਤਾਂ ਆਦਿ। ਕੁਝ ਭਾਸ਼ਾਵਾਂ ਦੀਆਂ ਵਿਲੱਖਣਤਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ ਜਿਵੇਂ ਗਾਥਾ, ਡਖਣੇ, ਚਉਬੋਲੇ ਆਦਿ। ਕੁਝ ਧਾਰਮਿਕ ਅਨੁਸ਼ਠਾਨਾਂ ਦੇ ਰੂੜ, ਰੂਪਾਂ ਨੂੰ ਵਰਤਮਾਨ ਸੰਦਰਭ ਵਿਚ ਪੇਸ਼ ਕਰਦੇ ਹਨ, ਜਿਵੇਂ ਆਰਤੀ, ਓਅੰਕਾਰ ਆਦਿ। ਕੁਝ ਕਾਵਿ ਰੂਪ ਛੰਦ ਗਤ ਹਨ ਜਿਵੇਂ ਚਉਪਦੇ, ਅਸ਼ਟਪਦੀਆਂ, ਸੋਲਹੇ, ਸ਼ਬਦ, ਛੰਤ ਆਦਿ।"[1] ਇੱਥੇ ਕੁਝ ਇਕ ਕਾਵਿ ਰੂਪਾਂ ਬਾਰੇ ਸੰਖੇਪ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1. **ਅਸਟਪਦੀਆਂ :** ਅੱਠ ਪਦਿਆਂ ਵਾਲੇ ਸ਼ਬਦ ਨੂੰ ਅਸਟਪਦੀ ਕਹਿੰਦੇ ਹਨ ਪਰ ਇਹ ਨਿਯਮ ਸਮੂਹ ਅਸਟਪਦੀਆਂ ਤੇ ਇਕੋ ਜਿਹਾ ਲਾਗੂ ਨਹੀਂ ਹੁੰਦਾ ਕਿਉਂਕਿ ਕਈ ਅਸਟਪਦੀਆਂ ਦੇ ਦੋ, ਤਿੰਨ, ਚਾਰ, ਪੰਜ ਛੇ ਤੁਕਾਂ ਦੇ ਬੰਦ ਹਨ। ਪਰ ਆਮ ਤੌਰ ਤੇ "ਸੱਤ ਜਾਂ ਸੱਤ ਤੋਂ ਵਧੇਰੇ ਪਦਾਂ ਦੇ ਸਮੂਹ ਵਾਲੀਆਂ ਕਾਵਿ ਰਚਨਾਵਾਂ ਨੂੰ ਅਸਟਪਦੀ ਦਾ ਨਾਮ ਦੇਣ ਦੀ ਪਰੰਪਰਾ ਰਹੀ ਹੈ। ਘੱਟੋ-ਘੱਟ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅਸਟਪਦੀਆਂ ਦਾ ਰੂਪ ਵਿਧਾਨ ਇਹੋ ਦ੍ਰਿੜ ਕਰਵਾਂਦਾ ਹੈ।"[2]

ਸੁਖਮਨੀ ਸਾਹਿਬ ਵਿਚ 10 ਤੁਕਾਂ ਦੇ ਬੰਦ ਵਰਤੇ ਗਏ ਹਨ। ਅਸਟਪਦੀ ਵਿਚ ਅਜਿਹੇ ਅੱਠ ਪਦ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਦੀ ਵਰਤੋਂ ਕੀਤੀ ਹੈ।

2. **ਅਲਾਹੁਣੀ :** ਮ੍ਰਿਤਕ ਪ੍ਰਾਣੀ ਦੇ ਗੁਣ ਚੇਤੇ ਕਰਨ ਲਈ ਜੋ ਸ਼ੋਕ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਅਲਾਹੁਣੀ ਕਿਹਾ ਜਾਂਦਾ ਹੈ। ਡਾ. ਸਤਿੰਦਰ ਸਿੰਘ ਦੱਸਦੇ ਹਨ ਕਿ "ਮੋਏ ਪ੍ਰਾਣੀ ਦਾ ਸਿਆਪਾ ਕਰਨ ਲਈ ਔਰਤਾਂ ਇਕੱਠੀਆਂ ਹੁੰਦੀਆਂ ਹਨ ਤਾਂ ਨਾਇਣ

ਜਾਂ ਮਰਾਸਣ ਆਦਿ ਮ੍ਰਿਤੂ ਦਾ ਵਿਰਲਾਪ ਛੇੜਦੀ ਹੈ ਅਤੇ ਕਿਸੇ ਅਲਾਹੁਣੀ ਦੀ ਤੁਕ ਬੋਲਦੀ ਹੈ, ਬਾਕੀ ਔਰਤਾਂ ਅਲਾਹੁਣੀ ਦੀ ਤਾਲ ਅਤੇ ਸੁਰ ਵਿਚ ਉਸ ਦੇ ਪਿੱਛੇ ਗਾਉਂਦੀਆਂ ਪਿੱਟਦੀਆਂ ਤੇ ਹਾਲੋਂ ਬੇਹਾਲ ਹੁੰਦੀਆਂ ਹਨ।"[3] ਡਾ. ਮਹਿੰਦਰ ਕੌਰ ਗਿੱਲ ਦੇ ਸ਼ਬਦਾਂ ਵਿਚ "ਅਲਾਹੁਣੀਆਂ ਦਾ ਸੰਬੰਧ ਮ੍ਰਿਤਕ ਦੀ ਉਮਰ ਅਤੇ ਰਿਸ਼ਤੇ ਨਾਲ ਹੁੰਦਾ ਹੈ ਅਤੇ ਸਮੇਂ ਅਨੁਸਾਰ ਨਾਇਣ ਦੀ ਅਗਵਾਈ ਹੇਠ ਗਾਈਆਂ ਜਾਂਦੀਆ ਹਨ।"[4]

ਰਾਗ ਵਡਹੰਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਇਸ ਕਾਵਿ ਰੂਪ ਨੂੰ ਬਾਣੀ ਦੇ ਸੰਚਾਰ ਦਾ ਮਾਧਿਅਮ ਬਣਾਇਆ। ਡਾ. ਕੁਲਦੀਪ ਸਿੰਘ ਧੀਰ ਕਹਿੰਦੇ ਹਨ ਕਿ ਗੁਰੂ ਕਵੀਆਂ ਨੇ "ਅਲਾਹੁਣੀ ਦੀ ਖੁੱਲ੍ਹੀ ਸੰਰਚਨਾ ਨੂੰ ਬੰਦ ਸੰਰਚਨਾ ਵਿਚ ਬਦਲਿਆ। ਚਾਰ ਬੰਦ ਅਤੇ ਹਰ ਬੰਦ ਦੀਆਂ ਛੇ ਤੁਕਾਂ ਵਾਲਾ ਸੰਗਠਨ ਦੇ ਕੇ ਇਸ ਵਿਚ ਰਤਾ ਲਚਕ ਰੱਖੀ ਕਿ ਆਪਣੀ ਲੋੜ ਅਨੁਸਾਰ ਇਸ ਸੰਗਠਨ ਵਿਚ ਰਤਾ ਮਾਸਾ ਖੁੱਲ੍ਹ ਲਈ ਜਾ ਸਕੇ। ਅਲਾਹੁਣੀ ਦੀ ਪਹਿਲੀ ਤੇ ਅੰਤਿਮ ਤੁਕ ਨੂੰ ਦੁਹਰਾਅ ਕੇ ਉਨ੍ਹਾਂ ਇਸ ਕਾਵਿ ਰੂਪ ਦੀ ਲੋਕ ਕਾਵਿ ਨਾਲ ਮੂਲ ਸਾਂਝ ਨੂੰ ਕਾਇਮ ਰੱਖਿਆ।"[5]

ਗੁਰਬਾਣੀ ਵਿਚ ਇਸ ਕਾਵਿ ਰੂਪ ਰਾਹੀਂ ਮਨੁੱਖ ਨੂੰ ਮੌਤ ਦੇ ਡਰ ਤੋਂ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ ਤਾਂ ਕਿ ਨਿਰਾਸ਼ਾਜਨਕ ਸਥਿਤੀ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ:

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ।।[6]
ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ।।[7]

ਗੁਰੂ ਸਾਹਿਬਾਨ ਇਸ ਕਾਵਿ ਰੂਪ ਰਾਹੀਂ ਮ੍ਰਿਤਕ ਦੇ ਪਰਿਵਾਰ ਵਾਲਿਆਂ ਨੂੰ ਪਰਮਾਤਮਾ ਦੀ ਰਜ਼ਾ ਵਿਚ ਰਾਜੀ ਰਹਿਣ ਤੇ ਉਸਦੀ ਸਿਫਤ ਦੀ ਸਿੱਖਿਆ ਦਿੰਦੇ ਹਨ:

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ।।[8]

3. **ਆਰਤੀ** : ਹਿੰਦੂ ਧਰਮ ਵਿਚ ਆਪਣੇ ਇਸ਼ਟ ਦੇਵ ਦੀ ਪੂਜਾ ਉਪਾਸਨਾ ਦਾ ਜੋ ਮਾਰਗ ਧਾਰਨ ਕੀਤਾ ਜਾਂਦਾ ਹੈ, ਉਸਨੂੰ ਆਰਤੀ ਕਹਿੰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ, " ਹਿੰਦੂਮਤ ਅਨੁਸਾਰ ਚਾਰ ਵਾਰ ਚਰਣਾਂ ਅੱਗੇ, ਦੋ ਵਾਰ ਨਾਭਿ ਤੇ ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉਪਰ ਦੀਵੇ ਘੁਮਾਉਣੇ ਚਾਹੀਏ, ਹਰ ਦੀਵੇ ਇਕ ਤੋਂ ਲੈ ਕੇ ਸੋ ਤੀਕ ਜਗਾਉਣੇ ਵਿਧਾਨ ਹਨ।"[9] ਗੁਰੂ ਨਾਨਕ ਦੇਵ ਜੀ ਨੇ ਜਗਨਨਾਥ ਪੁਰੀ ਦੇ ਮੰਦਰ ਵਿਚ ਪ੍ਰੋਹਿਤਾਂ ਦੁਆਰਾ ਕੀਤੀ ਜਾ ਰਹੀ ਆਰਤੀ ਨੂੰ ਕਰਮਕਾਂਡ ਰੂਪੀ ਜਾਣ ਕੇ ਇਸਦੇ ਵਿਸ਼ਾਲ ਰੂਪ ਦਾ ਜ਼ਿਕਰ ਕਰਦੇ ਹੋਏ ਕਿਹਾ:

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।।[10]

4. **ਅੰਜੁਲੀਆਂ** : ਇਹ ਸ਼ਬਦ ਅੰਜੁਲੀ ਦਾ ਬਹੁ ਵਚਨ ਹੈ ਜਿਸ ਦਾ ਅਰਥ ਹੈ ਹੱਥ ਜੋੜ ਕੇ ਪ੍ਰਾਰਥਨਾ ਕਰਨੀ। ਪਿਆਰਾ ਸਿੰਘ ਪਦਮ ਦੱਸਦੇ ਹਨ, "ਪਿਤਰੀ ਪੂਜਾ ਯਾ ਦੇਵੀ ਦੇਵਤੇ ਨਮਿਤ ਅਰਪਣ ਕੀਤੇ ਪਾਣੀ ਦੀ ਚੁਲੀ ਯਾ ਤਿਲ ਚੌਲ ਆਦਿ ਦੀ ਬੁੱਕ ਅੰਜਲੀ ਕਹੀ ਜਾਂਦੀ ਹੈ। ਇਸੇ ਅੰਤਿਮ ਸੰਸਕਾਰ ਦੀ ਕ੍ਰਿਆ ਨੂੰ ਲੈ ਕੇ ਇਸ ਕਾਵਿ ਰੂਪ ਦਾ ਨਾਮ ਸੰਸਕਾਰ ਹੋਇਆ।"[11]

ਗੁਰਬਾਣੀ ਵਿਚ ਅੰਜਲੀ ਦਾ ਅਰਥ ਬੇਨਤੀ ਹੈ। ਬੇਨਤੀ ਪਰਮਾਤਮਾ ਅੱਗੇ ਕੀਤੀ ਜਾਂਦੀ ਹੈ ਕਿਉਂਕਿ ਉਹ ਸਰਬ- ਸ਼ਕਤੀਮਾਨ ਅਤੇ ਵੱਡਾ ਹੈ - ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ। ਪਰਮਾਤਮਾ ਅੱਗੇ ਬੇਨਤੀ ਕਰਨ ਨਾਲ ਮਨੁੱਖ ਆਪਣੇ ਦੁੱਖਾਂ-ਸੁੱਖਾਂ ਤੋਂ ਉੱਪਰ ਉੱਠ ਕੇ ਜੀਵਨ ਉਦੇਸ਼ ਹਾਸਲ ਕਰ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਦੀ ਵਰਤੋਂ ਮਾਰੂ ਰਾਗ ਵਿਚ ਕੀਤੀ ਹੈ। ਇਸ ਵਿਚ ਗੁਰੂ ਜੀ ਨੇ ਮਾਇਆ ਵਿਚ ਖਚਿਤ ਅਤੇ ਮਾਇਆ ਤੋਂ ਦੂਰ ਭੱਜ ਕੇ ਜਾਣ ਵਾਲਿਆਂ ਦੀ ਮਨੋਸਥਿਤੀ ਦਾ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਦੋਵਾਂ ਹਾਲਤਾਂ ਵਿਚ ਮਨੁੱਖ ਭਟਕਦਾ ਰਹਿੰਦਾ ਹੈ। ਪਰ ਜੋ ਮਨੁੱਖ ਦੋਵਾਂ ਹਾਲਤਾਂ ਵਿਚ ਸੰਤੁਲਨ ਕਾਇਮ ਕਰ ਲੈਂਦਾ ਹੈ, ਉਹ ਸੁਖੀ ਰਹਿੰਦਾ ਹੈ।

5. **ਸਦੁ** : ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦੁ ਸ਼ਬਦ ਦੇ ਅਰਥ ਕੀਤੇ ਗਏ ਹਨ ਸ਼ਬਦ, ਸੱਦਾ, ਮਰਨ ਦਾ ਬੁਲਾਵਾ। ਬਾਬਾ ਸੁੰਦਰ ਜੀ ਨੇ ਇਸ ਕਾਵਿ ਰੂਪ ਰਾਹੀਂ ਗੁਰੂ ਅਮਰਦਾਸ ਜੀ ਦਾ ਅੰਤਮ ਉਪਦੇਸ਼ ਕਲਮਬਧ ਕਰਕੇ ਸੰਗਤ ਤੱਕ ਪਹੁੰਚਾਇਆ। ਗੁਰੂ ਸਾਹਿਬ ਦੀ 'ਅਨੰਦ' ਬਾਣੀ ਵਾਂਗ ਇਸ ਵਿਚ ਵੀ ਗਮੀ ਖੁਸ਼ੀ ਦੇ ਮੌਕੇ ਪਰਮਾਤਮਾ ਦੀ ਉਸਤਿਤ ਕਰਨ ਦਾ ਉਪਦੇਸ਼ ਕੀਤਾ ਗਿਆ ਹੈ। ਰਾਮਕਲੀ ਰਾਗ ਵਿਚ ਇਹ ਛੇ ਬੰਦਾਂ ਵਾਲੀ ਰਚਨਾ ਹੈ ਜਿਸਨੂੰ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ।

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥[12]

6. **ਸਲੋਕ** : ਸਲੋਕ ਨੂੰ ਆਮ ਤੌਰ ਤੇ ਪ੍ਰਸੰਸਾ, ਮਹਿਮਾ ਅਤੇ ਉਸਤਤ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸਲੋਕਾਂ ਦੀ ਵਰਤੋਂ ਕੀਤੀ ਮਿਲਦੀ ਹੈ ਪਰ ਇਨ੍ਹਾਂ ਦੀਆਂ ਤੁਕਾਂ ਦੀ ਕੋਈ ਪੱਕੀ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ। ਡਾ. ਕੁਲਦੀਪ ਸਿੰਘ ਧੀਰ ਦੱਸਦੇ ਹਨ, "ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਦੁਆਰਾ ਰਚੇ ਦੋ ਤੋਂ ਸੋਲਾਂ ਤੁਕਾਂ ਤੱਕ ਦੇ ਸਲੋਕ ਅੰਕਿਤ ਹਨ ਪਰ ਆਮ ਕਰਕੇ ਸਲੋਕ ਦੋ ਜਾਂ ਚਾਰ ਤੁਕਾਂ ਦੇ ਹੀ ਰਚੇ ਜਾਣ ਦੀ ਪਰੰਪਰਾ ਹੈ।"[13] ਵਾਰਾਂ ਵਿਚ ਸਲੋਕਾਂ ਦੀ ਵਧੇਰੇ ਵਰਤੋਂ ਕੀਤੀ ਗਈ ਹੈ। 'ਸਲੋਕ ਵਾਰਾਂ ਤੇ ਵਧੀਕ' ਅਤੇ 'ਸਲੋਕ ਸਹਸਕ੍ਰਿਤੀ' ਸਿਰਲੇਖ ਅਧੀਨ ਰਚਨਾਵਾਂ ਵਿਚ ਵੀ ਸਲੋਕਾਂ ਦੀ ਵਰਤੋਂ ਆਮ ਵੇਖਣ ਨੂੰ ਮਿਲਦੀ ਹੈ। ਸਲੋਕ ਲੋਕ ਮਾਨਸਿਕਤਾ ਤੇ ਸਿੱਧਾ ਅਸਰ ਪਾਉਂਦੇ ਹਨ ਇਸ ਕਰਕੇ ਗੁਰੂ ਸਾਹਿਬਾਨ ਨੇ ਇਨ੍ਹਾਂ ਰਾਹੀਂ ਧਾਰਮਿਕ ਪਾਖੰਡ, ਕਰਮਕਾਂਡ, ਭ੍ਰਿਸ਼ਟਾਚਾਰ ਆਦਿ ਤੇ ਤਿੱਖੀਆਂ ਟਿੱਪਣੀਆਂ ਕਰਦੇ ਹੋਏ ਲੋਕਾਈ ਨੂੰ ਧਰਮ ਅਤੇ ਸਦਾਚਾਰ ਦੇ ਮਾਰਗ ਤੇ ਚੱਲਣ ਦਾ ਸੰਦੇਸ਼ ਦਿੱਤਾ ਹੈ।

7. **ਸੁਚਜੀ** : ਗੁਰਬਾਣੀ ਵਿਚ ਦੋ ਤਰ੍ਹਾਂ ਦੇ ਮਨੁੱਖੀ ਜੀਵਾਂ ਦਾ ਵਰਨਨ ਮਿਲਦਾ ਹੈ - ਗੁਰਮੁਖ ਅਤੇ ਮਨਮੁਖ। ਗੁਰਮੁਖ ਨੂੰ ਸੁਚਜੀ ਅਤੇ ਮਨਮੁਖ ਨੂੰ ਕੁਚਜੀ ਜੀਵ-ਇਸਤਰੀ ਦੇ ਰੂਪ ਵਿਚ ਚਿਤਰਿਆ ਗਿਆ ਹੈ। ਸੁਚਜੀ ਸਦਾਚਾਰਕ ਗੁਣਾਂ ਨੂੰ ਧਾਰਨ ਕਰਦੀ ਹੋਈ ਪ੍ਰਭੂ-ਪਤੀ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦੀ ਹੈ।

8. **ਸੋ ਦਰੁ** : ਇਸ ਨੂੰ ਸਤੁਤੀ ਕਾਵਿ-ਰੂਪ ਕਿਹਾ ਜਾਂਦਾ ਹੈ। ਇਸ ਸਿਰਲੇਖ ਅਧੀਨ ਥੋੜ੍ਹੇ-ਥੋੜ੍ਹੇ ਫਰਕ ਨਾਲ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ - ਜਪੁ

ਬਾਣੀ ਦੀ 27ਵੀਂ ਪਉੜੀ, ਰਹਿਰਾਸ ਦੇ ਸਬਦਾਂ ਅਤੇ ਰਾਗੁ ਆਸਾ ਵਿਚ। ਰਹਿਰਾਸ ਅਤੇ ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਇਸ ਕਾਵਿ-ਰੂਪ ਵਿਚ ਦੂਜੇ ਗੁਰੂ ਸਾਹਿਬਾਨ ਦੇ ਸ਼ਬਦ ਵੀ ਸ਼ਾਮਲ ਹਨ। ਇਨ੍ਹਾਂ ਸ਼ਬਦਾਂ ਵਿਚ ਗੁਰੂ ਜੀ ਪਰਮਾਤਮਾ ਦੀ ਵਡਿਆਈ ਦਾ ਵਖਿਆਨ ਕਰਦੇ ਹੋਏ ਦੱਸਦੇ ਹਨ ਕਿ ਦੇਵੀ-ਦੇਵਤਾ ਅਤੇ ਰਿਸ਼ੀ-ਮੁਨੀ ਉਸਦੇ ਦਰ ਤੇ ਖੜ੍ਹੇ ਉਸਦੀ ਉਸਤਤਿ ਕਰ ਰਹੇ ਹਨ।

9. **ਸੋ ਪੁਰਖੁ :** ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ, ਭਰਤਾ ਅਤੇ ਹਰਤਾ ਮੰਨਿਆ ਜਾਂਦਾ ਹੈ, ਇਸ ਦ੍ਰਿਸ਼ਟੀ ਤੋਂ ਉਸਨੂੰ ਸਰਵ-ਸ਼ਕਤੀਮਾਨ, ਸਰਵ-ਵਿਆਪਕ ਅਤੇ ਸਰਵ-ਗਿਆਤਾ ਕਿਹਾ ਜਾਂਦਾ ਹੈ। ਇਸ ਨੂੰ ਵੀ ਸਤੁਤੀ ਕਾਵਿ-ਰੂਪ ਕਿਹਾ ਜਾਂਦਾ ਹੈ। ਇਸ ਕਾਵਿ-ਰੂਪ ਰਾਹੀਂ ਪਰਮਾਤਮਾ ਦੇ ਸਖਸ਼ੀ ਗੁਣਾਂ ਦਾ ਵਿਖਿਆਨ ਕਰਦੇ ਹੋਏ ਉਸਨੂੰ 'ਪੁਰਖੁ ਨਿਰੰਜਨ' ਕਿਹਾ ਗਿਆ ਹੈ ਜੋ 'ਅਗਮਾ ਅਗਮ ਅਪਾਰਾ' ਹੈ। ਸਾਰੇ ਉਸਦੀ ਉਸਤਤਿ ਕਰਦੇ ਹਨ ਕਿਉਂਕਿ ਉਹ ਸਭ ਦੇ 'ਸਭਿ ਦੂਖ ਵਿਸਾਰਣਹਾਰਾ' ਹੈ। ਬੇਅੰਤ ਗੁਣਾਂ ਦਾ ਮਾਲਕ ਪਰਮਾਤਮਾ ਸਭ ਜੀਵਾਂ ਅੰਦਰ ਸਮਾਇਆ ਹੋਇਆ ਹੈ ਜੋ ਉਸ ਦਾ ਸਿਮਰਨ ਕਰਦੇ ਹਨ ਉਹ ਸੁਖੀ ਰਹਿੰਦੇ ਹਨ, ਸਮੂਹ ਦੁਨਿਆਵੀ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ, ਮਨ ਵਿਚ ਕਿਸੇ ਦਾ ਭੈਅ ਨਹੀਂ ਰਹਿੰਦਾ ਅਤੇ ਅਖੀਰ ਉਹ 'ਹਰਿ ਹਰਿ ਰੂਪਿ ਸਮਾਸੀ' ਤੱਕ ਦਾ ਪੈਂਡਾ ਤੈਅ ਕਰ ਲੈਂਦੇ ਹਨ।

10. **ਸੋਲਹੇ :** ਸੋਲਾਂ ਪਦਾਂ ਦੇ ਛੰਦ ਨੂੰ ਸੋਲਹੇ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਸੋਲਹੇ ਦੀ ਵਰਤੋਂ ਮਾਰੂ ਰਾਗ ਵਿਚ ਕੀਤੀ ਗਈ ਹੈ। ਪ੍ਰੋ. ਸਾਹਿਬ ਸਿੰਘ ਦੱਸਦੇ ਹਨ, "ਹਰੇਕ ਸ਼ਬਦ ਵਿਚ 16 ਬੰਦਾਂ ਵਾਲੇ ਸ਼ਬਦਾਂ ਨੂੰ ਸੋਲਹੇ ਕਿਹਾ ਜਾਂਦਾ ਹੈ, ਪਰ ਘੱਟ ਵੱਧ ਭੀ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸੋਲਹੇ ਅਸਟਪਦੀਆਂ ਦੇ ਮੁੱਕਣ ਤੇ ਦਰਜ ਹਨ। ਸੋਲਹੇ ਸਿਰਫ ਮਾਰੂ ਰਾਗ ਵਿਚ ਹਨ। ਇਨ੍ਹਾਂ ਵਿਚ 'ਰਹਾਉ' ਦੀ ਤੁਕ ਨਹੀਂ ਹੈ।"[14] ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ ਸੋਲਹੇ ਮੌਜੂਦ ਹਨ।

11. **ਸ਼ਬਦ:** ਸ਼ਬਦ ਨੂੰ ਗੁਰਬਾਣੀ ਵਿਚ ਬ੍ਰਹਮ ਮੰਨਿਆ ਗਿਆ ਹੈ ਜੋ ਕਿ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਨੂੰ ਗੁਰੂ ਮੰਨਿਆ ਹੈ ਅਤੇ ਇਸ ਲੜੀ ਤਹਿਤ ਗੁਰੂ ਗੋਬਿੰਦ ਸਿੰਘ ਜੀ ਨੇ ਸਬਦ ਨੂੰ ਸਦੀਵੀ ਗੁਰੂ ਮੰਨਣ ਦਾ ਆਦੇਸ਼ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਕਹਿੰਦੇ ਹਨ, "ਜੈਸੇ ਤੁਕਾਰਾਮ, ਨਾਮਦੇਵ ਆਦਿਕ ਭਗਤਾਂ ਦੀ ਪਦ ਰਚਨਾ 'ਅਭੰਗ' ਅਤੇ ਸੂਰਦਾਸ, ਮੀਰਾਬਾਈ ਆਦਿਕ ਦੀ 'ਵਿਸਨੁਪਦ' ਹੈ ਤੈਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਯ 'ਸਬਦ' ਆਖੀਦੇ ਹਨ। ਸ਼ਬਦ ਛੰਦ ਦੀ ਖਾਸ ਜਾਤਿ ਨਹੀਂ। ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿਚ ਦੇਖਿਆ ਜਾਂਦਾ ਹੈ।"[15]

12. **ਕਰਹਲੇ :** ਕਰਹਲੇ ਕਰਹਲ ਦਾ ਬਹੁ ਵਚਨ ਹੈ। ਕਰਹਲ ਦਾ ਅਰਥ ਹੈ ਊਠ। ਊਠ ਦਾ ਜ਼ਿਆਦਾ ਸੰਬੰਧ ਰਾਜਸਥਾਨ ਨਾਲ ਹੈ ਕਿਉਂਕਿ ਉਥੇ ਰੇਤਲਾ ਇਲਾਕਾ ਹੋਣ ਕਰਕੇ ਊਠ ਨੂੰ ਚਲਣਾ ਆਸਾਨ ਰਹਿੰਦਾ ਹੈ। ਇਸ ਕਾਵਿ ਰੂਪ ਨੂੰ ਯਾਤਰਾ ਨਾਲ ਸੰਬੰਧਿਤ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦੋਂ ਵਪਾਰੀ ਊਠਾਂ ਤੇ ਸਮਾਨ ਲੱਦ ਕੇ ਦੂਰ-ਦੁਰਾਡੇ ਦੇਸਾਂ ਵਿਚ ਜਾਂਦੇ ਸਨ ਤਾਂ ਲੰਮੀ ਹੇਕ ਨਾਲ ਉਹ ਜੋ ਗਾਇਨ ਕਰਦੇ ਸਨ

ਉਨ੍ਹਾਂ ਨੂੰ ਕਰਹਲੇ ਕਿਹਾ ਜਾਣ ਲੱਗਾ। ਗੁਰਬਾਣੀ ਵਿਚ ਜਗਤ ਵਿਚ ਭਟਕਣ ਵਾਲੇ ਜੀਵ ਨੂੰ ਊਠ ਕਹਿੰਦੇ ਹੋਏ ਸਿੱਖਿਆ ਦਿੱਤੀ ਗਈ ਹੈ:

ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥[16]
ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥
ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥[17]

13. **ਕਾਫੀ** : ਕਾਫੀ ਨੂੰ ਵਿਦਵਾਨਾਂ ਨੇ ਵੱਖ-ਵੱਖ ਰੂਪ ਵਿਚ ਪੇਸ਼ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਇਹ "ਕਾਫੀ ਠਾਟ ਦੀ ਸੰਪੂਰਣ ਰਾਗਿਨੀ ਹੈ ਇਸਨੂੰ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ। ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਾਫੀ ਵੱਖਰੀ ਨਹੀਂ ਲਿਖੀ, ਕਿੰਤੂ ਆਸਾ, ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾਕੇ ਲਿਖੀ ਗਈ ਹੈ।"[18] ਇਸੇ ਤਰ੍ਹਾਂ ਭਾਈ ਵੀਰ ਸਿੰਘ ਕਹਿੰਦੇ ਹਨ ਕਿ "ਇਹ ਇਕ ਪ੍ਰਬੰਧਕ ਚਾਲ ਹੈ, ਜੋ ਕਵੀ ਲੋਕ ਰਚਦੇ ਹਨ।"[19] ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਨੌਵੇਂ ਗੁਰੂ ਜੀ ਦੀ ਬਾਣੀ ਦਰਜ ਹੈ। ਦੂਜੇ ਗੁਰੂ ਤੋਂ ਬਗੈਰ ਬਾਕੀ ਸਭ ਨੇ ਕਾਫੀ ਕਾਵਿ-ਰੂਪ ਦੀ ਵਰਤੋਂ ਕੀਤੀ ਹੈ।

14. **ਕੁਚਜੀ** : ਗੁਰਬਾਣੀ ਵਿਚ ਪਰਮੇਸੁਰ ਨੂੰ ਪਤੀ ਮੰਨਿਆ ਗਿਆ ਹੈ ਅਤੇ ਮਨੁੱਖੀ ਜੀਵਾਂ ਨੂੰ ਜੀਵ-ਇਸਤਰੀ ਦੇ ਸਰੂਪ ਵਜੋਂ ਚਿਤਰਿਆ ਗਿਆ ਹੈ। ਪਰਮੇਸੁਰ ਅਤੇ ਜੀਵ-ਇਸਤਰੀ ਦੇ ਸੰਬੰਧਾਂ ਨੂੰ ਭਾਵ-ਪੂਰਤ ਤਰੀਕੇ ਨਾਲ ਦਰਸਾਉਣ ਲਈ ਦੁਨਿਆਵੀ ਪਤੀ-ਪਤਨੀ ਦੇ ਸੰਬੰਧਾਂ ਦਾ ਸਹਾਰਾ ਲਿਆ ਗਿਆ ਹੈ। ਕੁਚਜੀ ਕਾਵਿ-ਰੂਪ ਵਿਚ ਬੁਰੇ ਆਚਾਰ ਵਾਲੀ ਇਸਤਰੀ ਦੇ ਗੁਣਾਂ ਦਾ ਵਿਖਿਆਨ ਕੀਤਾ ਗਿਆ ਹੈ ਜੋ ਕਿ ਪਤੀ ਦੇ ਉਪਕਾਰਾਂ ਨੂੰ ਭੁਲਾ ਕੇ ਆਪਣੇ ਆਪ ਵਿਚ ਹੀ ਮਸਤ ਰਹਿੰਦੀ ਹੈ ਅਤੇ ਕਦੇ ਵੀ ਪਤੀ ਦੀ ਨਦਰਿ ਦਾ ਪਾਤਰ ਨਹੀਂ ਬਣ ਸਕਦੀ।

15. **ਗਾਥਾ** : ਕਿਸੇ ਇਤਿਹਾਸਿਕ ਪ੍ਰਕਰਣ ਜਾਂ ਰਚਨਾ ਨੂੰ ਗਾਥਾ ਕਿਹਾ ਜਾਂਦਾ ਹੈ। ਗਾਥਾ ਵਿਚਲੇ ਪ੍ਰਕਰਣ ਦਾ ਉਦੇਸ਼ ਮਨੁੱਖ ਅੰਦਰ ਸਦਾਚਾਰਕ ਕੀਮਤਾਂ ਦਾ ਵਿਕਾਸ ਕਰਨਾ ਹੁੰਦਾ ਹੈ। ਗੁਰਬਾਣੀ ਵਿਚ ਗਾਥਾ ਦੇ ਇਸੇ ਉਦੇਸ਼ ਉਤੇ ਜ਼ੋਰ ਦੇਂਦੇ ਹੋਏ ਕਿਹਾ ਗਿਆ ਹੈ:

ਗਾਥਾ ਗੂੰਫ ਗੋਪਾਲ ਕਥੰ ਮਥੰ ਮਾਨ ਮਰਦਨਹ॥
ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ॥[20]

ਭਾਵ ਇਸ ਗਾਥਾ ਵਿਚ ਹਰੀ ਦੇ ਜਸ ਦੀ ਕਥਾ ਗੁੰਥਨ ਕੀਤੀ ਹੈ; ਇਸ ਨੂੰ ਵਿਚਾਰਿਆਂ ਹੰਕਾਰ ਨਾਸ ਹੁੰਦਾ ਹੈ ਅਤੇ ਪਰਮਾਤਮਾ ਦੀ ਸਿਫਤ-ਸਲਾਹ ਅਤੇ ਉਸਤਤ ਦੇ ਤੀਰ ਚਲਾਉਣ ਨਾਲ ਕਾਮਾਦਾਇਕ ਸ਼ਤਰੂਆਂ ਦਾ ਨਾਸ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗਾਥਾ ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੇ 24 ਸਲੋਕ ਹਨ। ਜਿਨ੍ਹਾਂ ਵਿਚ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਗਾਥਾ ਨੂੰ ਗੁਰੂ ਜੀ ਨੇ ਪ੍ਰਮਾਤਮਾ ਦੀ ਸਿਫਤ ਸਲਾਹ ਲਈ ਵਰਤਿਆ ਹੈ:

ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥
ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ।[21]

ਸਾਧ ਸੰਗਤ ਵਿਚ ਪਰਮਾਤਮਾ ਦਾ ਨਾਮ ਜਪਣ ਨਾਲ ਦੁਨਿਆਵੀ ਵਾਸਨਾਵਾਂ ਦਾ ਪ੍ਰਭਾਵ ਨਹੀਂ ਪੈਂਦਾ। ਪਰ ਇਸ ਤਾਕਤ ਦੀ ਕਿਸੇ ਵਿਰਲੇ ਨੂੰ ਹੀ ਸਮਝ ਪੈਂਦੀ ਹੈ।

16. **ਗੁਣਵੰਤੀ :** ਸੂਹੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕੁਚਜੀ ਅਤੇ ਸੁਚਜੀ ਸਿਰਲੇਖ ਅਧੀਨ ਗੁਰਮੁਖ ਅਤੇ ਮਨਮੁਖ ਜੀਵ-ਇਸਤਰੀ ਦਾ ਵਿਖਿਆਨ ਕੀਤਾ ਹੈ। ਇਸ ਦੇ ਨਾਲ ਹੀ ਗੁਰੂ ਅਰਜਨ ਦੇਵ ਜੀ ਨੇ ਗੁਣਵੰਤੀ ਦੀ ਰਚਨਾ ਕੀਤੀ ਹੈ ਜਿਸ ਵਿਚ ਗੁਣਵੰਤੀ ਜੀਵ-ਇਸਤਰੀ ਦੇ ਗੁਣਾਂ ਦਾ ਵਰਨਨ ਕਰਦੇ ਹੋਏ ਮਨੁੱਖ ਨੂੰ ਹਮੇਸ਼ਾਂ ਪ੍ਰਭੂ-ਪ੍ਰਾਪਤੀ ਲਈ ਆਸਵੰਦ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ:

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।[22]

17. **ਘੋੜੀਆਂ :** ਲਾੜੇ ਦੇ ਘੋੜੀ ਚੜ੍ਹਨ ਸਮੇਂ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਕਾਵਿ ਰੂਪ ਦੀ ਵਰਤੋਂ ਦੋ ਛੰਤਾਂ ਵਿਚ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਕਹਿੰਦੇ ਹਨ, "ਸ੍ਰੀ ਗੁਰੂ ਰਾਮਦਾਸ ਜੀ ਨੇ ਗੰਦੇ ਗੀਤਾਂ ਦੀ ਕੁਰੀਤੀ ਨੂੰ ਦੂਰ ਕਰਨ ਲਈ 'ਘੋੜੀਆਂ' ਸਿਰਲੇਖ ਹੇਠ ਵਡਹੰਸ ਰਾਗ ਵਿਚ ਬਾਣੀ ਰਚੀ ਹੈ।"[23] ਗੁਰੂ ਜੀ ਨੇ ਸਰੀਰ ਨੂੰ ਘੋੜੀ ਕਿਹਾ ਹੈ ਜੋ ਸਾਧ ਸੰਗਤ ਦੀ ਜੰਵ ਲੈ ਕੇ ਸੰਸਾਰ ਰੂਪੀ ਬਿਖੜੇ ਮਾਰਗ ਨੂੰ ਤੈਅ ਕਰਦੀ ਹੋਈ ਪ੍ਰਭੂ ਨਾਲ ਮਿਲਾਪ ਕਰਦੀ ਹੈ। ਗੁਰੂ ਜੀ ਮਨੁੱਖੀ ਜਾਮੇ ਵਿਚ ਸਰੀਰ ਰੂਪੀ ਘੋੜੀ ਉਤੇ ਚੜ੍ਹ ਕੇ ਪ੍ਰਭੂ ਮਿਲਾਪ ਦੇ ਮਾਰਗ ਉਤੇ ਚੱਲਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ:

ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ।[24]

18. **ਚਉਪਦੇ :** ਚਾਰ ਤੁਕਾਂ ਦੇ ਪਦੇ ਨੂੰ ਚਉਪਦਾ ਕਿਹਾ ਜਾਂਦਾ ਹੈ। ਪਰ ਡਾ. ਰਤਨ ਸਿੰਘ ਜੱਗੀ ਦੱਸਦੇ ਹਨ ਕਿ ਚਾਰ ਤੋਂ ਘੱਟ-ਵੱਧ ਪਦਿਆਂ ਵਾਲੇ ਪਦ-ਸਮੁੱਚ ਨੂੰ ਦੁਪਦਾ, ਤ੍ਰਿਪਦਾ, ਚਉਪਦਾ, ਪੰਚਪਦਾ, ਛਿਪਦਾ ਆਦਿ ਵੀ ਲਿਖਿਆ ਮਿਲਦਾ ਹੈ ਪਰ ਚੂੰਕਿ ਪ੍ਰਧਾਨਤਾ ਚਾਰ ਪਦਿਆ ਵਾਲੇ ਸਮੁੱਚਾਂ ਦੀ ਹੈ, ਇਸ ਲਈ ਸਭ ਨੂੰ 'ਚਉਪਦਾ' ਸਿਰਲੇਖ ਅਧੀਨ ਰੱਖਿਆ ਗਿਆ ਹੈ।"[25]

ਚਉਪਦਿਆਂ ਵਿਚ ਵਿਅਕਤੀ ਨੂੰ ਪ੍ਰੇਰਣਾ ਕੀਤੀ ਗਈ ਹੈ ਕਿ ਉਹ ਪਰਮਾਤਮਾ ਨੂੰ ਆਪਣਾ ਇਸ਼ਟ ਧਾਰਨ ਕਰਦੇ ਹੋਏ ਗੁਣਾਂ ਦਾ ਸੰਚਾਰ ਕਰਨ ਅਤੇ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਣ ਤੋਂ ਦੂਰ ਰਹਿਣ।

19. **ਚਉਬੋਲੇ :** ਇਸ ਨਾਉਂ ਤੋਂ ਹੀ ਸਪਸ਼ਟ ਹੈ ਕਿ ਉਹ ਰਚਨਾ ਜਿਸ ਵਿਚ ਚਾਰ ਕਿਸਮਾਂ ਦੀਆਂ ਬੋਲੀਆਂ ਦਾ ਉਲੇਖ ਮਿਲਦਾ ਹੋਵੇ। ਪਿਆਰਾ ਸਿੰਘ ਪਦਮ ਦੱਸਦੇ ਹਨ, "ਸੰਗੀਤ ਵੇਤਿਆ ਦੇ ਖਿਆਲ ਅਨੁਸਾਰ ਜਿਸ ਵਿਚ ਗੀਤ ਸਰਗਮ, ਤਰਾਨਾ ਤੇ

ਮ੍ਰਿਦੰਗ ਦੇ ਬੋਲ ਇਕੱਠੇ ਉਚਾਰੇ ਜਾਣ, ਉਹ ਚਉਬੋਲਾ ਹੈ।"[26] ਚਉਬੋਲਾ ਉਸ ਛੰਦ ਨੂੰ ਵੀ ਕਿਹਾ ਗਿਆ ਹੈ "ਜਿਸ ਵਿਚ ਚਾਰ ਆਦਮੀਆਂ (ਸੰਮਨ, ਮੂਸਨ, ਜਮਾਲ ਤੇ ਪਤੰਗ) ਪ੍ਰਤੀ ਉਚਾਰਨ ਹੋਏ ਬੋਲੇ ਜਾਂ ਬਚਨ ਹਨ।"[27] ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤੇ ਇਕ ਛੰਤ ਨੂੰ ਚਉਬੋਲਾ ਕਿਹਾ ਗਿਆ ਹੈ ਜਿਸਦੇ 11 ਬੰਦ ਹਨ।

20. ਛੰਤ : ਪੰਜਾਬੀ ਕਾਵਿ ਪ੍ਰਬੰਧ ਛੰਦ ਪ੍ਰਬੰਧ ਤੋਂ ਬਗੈਰ ਅਧੂਰਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ, "ਜਿਸ ਕਵਿਤਾ ਵਿਚ ਛੰਦ-ਭੰਗ, ਅਰਥ-ਭੰਗ, ਵਾਕ-ਭੰਗ, ਲਯ-ਭੰਗ ਜਾਂ ਰਸ-ਭੰਗ, ਸਪਸ਼ਟ ਚਿੰਤਨ ਦਾ ਦੋਸ਼ ਹੋਵੇ ਉਹ ਕਵਿਤਾ ਕਵਿਤਾ ਨਹੀਂ ਅਖਵਾ ਸਕਦੀ। ਸਾਡੇ ਕਾਵਿ ਸ਼ਾਸਤਰ ਦੀ ਇਹੋ ਸਭ ਤੋਂ ਵੱਡੀ ਪਰਖ ਕਸਵੱਟੀ ਹੈ। ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਪਰਖ ਦੇ ਇਸ ਨੁਕਤਾ ਨਿਗਾਹ ਤੋਂ ਆਪਣੇ ਆਪ ਵਿਚ ਹਰ ਤਰਾਂ ਪੂਰਣ ਹੈ।"[28]

ਗੁਰਬਾਣੀ ਵਿਚ ਛੰਤਾਂ ਦੀ ਆਮ ਵਰਤੋਂ ਵੇਖੀ ਜਾ ਸਕਦੀ ਹੈ। ਇਨ੍ਹਾਂ ਦੀ ਵਰਤੋਂ ਲੌਕਿਕ ਸੰਬੰਧਾਂ ਨੂੰ ਅਲੌਕਿਕਤਾ ਪ੍ਰਦਾਨ ਕਰਨ ਲਈ ਕੀਤੀ ਗਈ ਹੈ। ਜਿਵੇਂ ਪਤੀ-ਪਤਨੀ ਦੇ ਸਮਾਜਿਕ ਸੰਬੰਧਾਂ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਗਿਆਨ ਦੀ ਗੱਲ ਕੀਤੀ ਗਈ ਹੈ। ਇਸ ਦੀ ਪ੍ਰਕ੍ਰਿਤੀ ਸ਼ਿੰਗਾਰ ਪ੍ਰਦਾਨ ਹੈ ਪਰ ਇਸਦੇ ਅਧਿਆਤਮਿਕ ਪੱਖ ਨੂੰ ਉਜਾਗਰ ਕੀਤਾ ਗਿਆ ਹੈ। ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿਚ ਛੰਤਾਂ ਦੀ ਵਰਤੋਂ ਕੀਤੀ ਹੈ। ਡਾ. ਕੁਲਦੀਪ ਸਿੰਘ ਧੀਰ ਕਹਿੰਦੇ ਹਨ ਕਿ "ਕੁੱਝ ਇਕ ਛੰਤਾਂ ਨੂੰ ਛੱਡ ਕੇ ਸਾਰੇ ਹੀ ਚਾਰ ਬੰਦਾਂ ਵਾਲੇ ਹਨ ਅਤੇ ਹਰ ਬੰਦ ਦੀਆਂ ਛੇ ਤੁਕਾਂ ਹਨ। ਕੁਝ ਇਕ ਖੁੱਲ੍ਹਾਂ ਦੇ ਬਾਵਜੂਦ ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੇਮ ਨੂੰ ਖਾਸੀ ਕਰੜਾਈ ਨਾਲ ਨਿਭਾਇਆ ਹੈ ਜਦ ਕਿ ਗੁਰੂ ਨਾਨਕ ਤੇ ਗੁਰੂ ਰਾਮਦਾਸ ਜੀ ਨੇ ਇਸ ਪੱਖੋਂ ਵਧੇਰੇ ਲਚਕਦਾਰ ਨੀਤੀ ਧਾਰਨ ਕੀਤੀ ਹੈ।"[29]

21. ਡਖਣੇ : ਗੁਰਬਾਣੀ ਵਿਚ ਮੁਲਤਾਨ ਦੇ ਇਲਾਕੇ ਦੀ ਬੋਲੀ ਵਿਚ ਜੋ ਰਚਨਾ ਹੋਈ ਹੈ ਉਸਨੂੰ ਡਖਣੇ ਕਿਹਾ ਗਿਆ ਹੈ। ਇਸ ਬੋਲੀ ਵਿਚ ਆਮ ਤੌਰ ਤੇ 'ਦ' ਦੀ ਥਾਂ ਤੇ 'ਡ' ਅਤੇ 'ਸ' ਦੀ ਥਾਂ ਤੇ 'ਹ' ਵਰਤਿਆ ਗਿਆ ਹੈ।[30] ਕਰਹਲੇ ਵਾਂਗ ਇਸ ਕਾਵਿ ਰੂਪ ਦਾ ਸੰਬੰਧ ਵੀ ਊਠਾਂ ਵਾਲਿਆਂ ਨਾਲ ਹੈ। ਊਠਾਂ ਦੇ ਕਾਫਲੇ ਵਿਚ ਰਹਿਣ ਵਾਲੇ ਲੋਕ ਯਾਤਰਾ ਸਮੇਂ ਜੋ ਗੀਤ ਉਚਾਰਣ ਕਰਦੇ ਸਨ ਉਨ੍ਹਾਂ ਨੂੰ ਡਖਣੇ ਕਿਹਾ ਜਾਂਦਾ ਹੈ ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਡਖਣੇ ਕਾਵਿ ਰੂਪ ਦੀ ਵਰਤੋਂ ਕੀਤੀ ਗਈ ਹੈ। ਜਿਸ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਜੀਵਨ ਦੀ ਸਫਲਤਾ ਪ੍ਰਭੂ ਮਿਲਾਪ ਵਿਚ ਹੈ ਜੋ ਕਿ ਉਸ ਦੀ ਉਸਤਤਿ ਕੀਤਿਆਂ ਪ੍ਰਾਪਤ ਹੁੰਦੀ ਹੈ ਅਤੇ ਇਸ ਤਰ੍ਹਾਂ ਵਿਕਾਰਾਂ ਦੀ ਮੈਲ ਸਾਫ ਹੋ ਕੇ ਜਨਮ-ਮਰਨ ਤੋਂ ਮੁਕਤ ਹੋਇਆ ਜਾਂਦਾ ਹੈ:

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ॥[31]

22. ਥਿਤ: ਇਹ ਬਾਣੀ ਥਿਤਾਂ ਨਾਲ ਸੰਬੰਧਿਤ ਹੈ। ਥਿਤਾਂ 15 ਹਨ ਅਤੇ ਇਕ-ਇਕ ਥਿਤ ਦੇ ਹਿਸਾਬ ਨਾਲ ਇਕ-ਇਕ ਕਾਵਿ ਬੰਦ ਲਿਖਿਆ ਜਾਂਦਾ ਹੈ। ਕਿਹਾ

ਜਾਂਦਾ ਹੈ ਕਿ ਚੰਦਰਮਾ ਪੰਦਰਾਂ ਦਿਨਾਂ ਵਿਚ ਹੌਲੀ-ਹੌਲੀ ਵਧਦਾ ਹੋਇਆ ਪੂਰਨਮਾਸ਼ੀ ਦੇ ਦਿਨ ਪੂਰਨ ਪ੍ਰਕਾਸ਼ ਵਿਚ ਹੁੰਦਾ ਹੈ ਅਤੇ ਫਿਰ ਪੰਦਰਾਂ ਦਿਨਾਂ ਵਿਚ ਘਟਦਾ ਹੋਇਆ ਮੱਸਿਆ ਦੇ ਦਿਨ ਅਲੋਪ ਹੋ ਜਾਂਦਾ ਹੈ। ਮੱਸਿਆ ਵਾਲੇ ਸਮੇਂ ਨੂੰ ਕ੍ਰਿਸ਼ਨ ਜਾਂ ਹਨੇਰਾ ਜਾ ਵਦੀ ਪੱਖ ਕਿਹਾ ਜਾਂਦਾ ਹੈ ਅਤੇ ਪੂਰਨਮਾਸ਼ੀ ਦੇ ਸਮੇਂ ਨੂੰ ਸ਼ੁਕਲ ਜਾਂ ਚਾਨਣ ਜਾ ਸੁਦੀ ਪੱਖ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਅਤੇ ਕਬੀਰ ਜੀ ਨੇ ਥਿਤੀ ਕਾਵਿ ਰੂਪ ਵਿਚ ਰਚਨਾ ਕੀਤੀ ਹੈ। ਇਹ ਬਾਣੀ ਮਨੁੱਖ ਨੂੰ ਵਹਿਮਾਂ ਭਰਮਾਂ ਅਤੇ ਕਰਮਕਾਂਡਾਂ ਵਿਚੋਂ ਬਾਹਰ ਨਿਕਲਣ ਦਾ ਮਾਰਗ ਦਰਸਾਉਂਦੀ ਹੋਈ ਇਸ ਉਦੇਸ਼ ਤੇ ਕੇਂਦਰਤ ਕਰਦੀ ਹੈ ਕਿ ਚੰਦਰਮਾ ਦਾ ਕਾਲ-ਚੱਕਰ ਇਕ ਨਿਯਮਤ ਰੂਪ ਵਿਚ ਚੱਲਦਾ ਹੈ ਅਤੇ ਇਸ ਦਾ ਕਿਸੇ ਵੀ ਸ਼ੁਭ ਅਸ਼ੁਭ ਘਟਨਾ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਰਮਾਤਮਾ ਦੀ ਸਿਫਤ ਸਲਾਹ ਕੀਤਿਆਂ ਸਭ ਦੁੱਖ ਦੂਰ ਹੋ ਜਾਂਦੇ ਹਨ ਅਤੇ ਮਨਇੱਛਤ ਫਲ ਦੀ ਪ੍ਰਾਪਤੀ ਹੁੰਦੀ ਹੈ।

ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ॥
ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ॥[32]

23. **ਦਿਨ ਰੈਣ** : ਇਸ ਕਾਵਿ-ਰੂਪ ਦਾ ਪ੍ਰਯੋਗ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ। ਚਾਰ ਬੰਦਾਂ ਵਾਲੀ ਇਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਜਿਸ ਵਿਚ ਮਨੁੱਖ ਨੂੰ ਦਿਨ ਅਤੇ ਰਾਤ ਸਮੇਂ ਜੋ ਸ਼ੁਭ ਕੰਮ ਕਰਨੇ ਚਾਹੀਦੇ ਹਨ, ਉਨ੍ਹਾਂ ਦਾ ਵਰਨਨ ਕੀਤਾ ਗਿਆ ਹੈ। ਇਸ ਵਿਚ ਪ੍ਰਭੂ ਭਗਤੀ ਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਹੈ ਕਿ ਜਿਵੇਂ ਪਾਣੀ ਤੋਂ ਬਗੈਰ ਰੁੱਖ ਸੁੱਕ ਜਾਂਦੇ ਹਨ ਉਸੇ ਤਰ੍ਹਾ ਨਾਮ ਸਿਮਰਨ ਤੋਂ ਬਿਨਾਂ ਮਨੁੱਖੀ ਜੀਵਨ ਵਿਚ ਗੁਣਾਂ ਦਾ ਸੰਚਾਰ ਨਹੀਂ ਹੋ ਸਕਦਾ। ਪ੍ਰਭੂ ਭਗਤੀ ਨਾਲ ਮਨੁੱਖ ਦਿਨ ਅਤੇ ਰਾਤ ਦੋਵੇਂ ਸਮੇਂ ਹਰਿਆ-ਭਰਿਆ ਰਹਿੰਦਾ ਹੈ। ਭਾਵ ਔਗੁਣ ਉਸਦੇ ਨੇੜੇ ਨਹੀਂ ਜਾ ਸਕਦਾ।

ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ॥[33]

24. **ਪਹਰੇ** : ਪਹਰੇ ਇਕ ਅਜਿਹਾ ਕਾਵਿ ਰੂਪ ਹੈ ਜਿਸ ਰਾਹੀਂ ਜੀਵਨ ਦੇ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਮਨੁੱਖੀ ਜੀਵਨ ਨੂੰ ਚਾਰ ਪਹਰਿਆਂ ਵਿਚ ਵੰਡ ਕੇ ਹਰ ਇਕ ਪਹਰੇ ਵਿਚ ਉਸਨੂੰ ਪ੍ਰਭੂ ਭਗਤੀ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਪਹਿਲੇ ਪਹਿਰ ਵਿਚ ਮਾਤ-ਗਰਭ ਵਿਚ ਪ੍ਰਵੇਸ਼ ਕਰਨ ਦਾ ਜ਼ਿਕਰ ਹੈ। ਦੂਜਾ ਪਹਿਰ ਬਚਪਨ ਨੂੰ ਕਿਹਾ ਗਿਆ ਹੈ ਜਿਸ ਵਿਚ ਮਨੁੱਖ ਪਰਮਾਤਮਾ ਨਾਲੋਂ ਟੁੱਟ ਕੇ ਦੁਨਿਆਵੀ ਪਦਾਰਥਾਂ ਵੱਲ ਧਿਆਨ ਕਰਦਾ ਹੈ। ਤੀਜਾ ਪਹਿਰ ਜੁਆਨੀ ਨੂੰ ਕਿਹਾ ਗਿਆ ਹੈ ਜਿਸ ਵਿਚ ਮਨੁੱਖ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋ ਜਾਂਦਾ ਹੈ। ਚੌਥਾ ਪਹਿਰ ਬੁਢਾਪੇ ਨੂੰ ਕਿਹਾ ਗਿਆ ਹੈ ਜਿਸ ਵਿਚ ਵਿਅਕਤੀ ਨੇ ਪ੍ਰਾਣ ਤਿਆਗਣੇ ਹਨ।

ਗੁਰੂ ਨਾਨਕ ਦੇਵ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਦੀ ਵਰਤੋਂ ਕਰਦੇ ਹੋਏ ਮਨੁੱਖ ਨੂੰ ਨਿਰਾਸ਼ਾਜਨਕ ਸਥਿਤੀ ਵਿਚੋਂ ਬਾਹਰ ਕੱਢਣ ਦਾ ਮਾਰਗ ਦਰਸਾਇਆ ਹੈ, ਭਾਵ ਜੇਕਰ ਮਨੁੱਖ ਨੇ ਜੁਆਨੀ ਵਿਚ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕੀਤਾ ਤਾਂ ਬੁਢਾਪੇ ਵਿਚ ਵੀ ਪ੍ਰਭੂ ਪ੍ਰੀਤ ਹਾਸਲ ਕਰ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ।।[34]

ਜੀਵਨ ਨੂੰ ਹਨੇਰਾ ਕਿਹਾ ਗਿਆ ਹੈ ਅਤੇ ਪ੍ਰਭੂ ਮਿਲਾਪ ਨੂੰ ਚਾਨਣ ਦਾ ਨਾਮ ਦਿੱਤਾ ਗਿਆ ਹੈ ਇਸ ਕਰਕੇ ਕਿਹਾ ਗਿਆ ਹੈ ਕਿ ਜੀਵਨ ਰੂਪੀ ਰਾਤ ਬੀਤੀ ਜਾ ਰਹੀ ਹੈ ਭਾਵ ਬੁਢਾਪਾ ਆ ਗਿਆ ਹੈ ਹੁਣ ਵੀ ਮਨੁੱਖ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਜੀਵਨ ਵਿਚ ਚਾਨਣ ਲਿਆ ਸਕਦਾ ਹੈ।

25. **ਪਟੀ** : ਇਸ ਕਾਵਿ ਰੂਪ ਵਿਚ ਗੁਰਮੁਖੀ ਅੱਖਰਾਂ ਦੇ ਆਧਾਰ ਤੇ ਗੁਰੂ ਨਾਨਕ ਅਤੇ ਗੁਰੂ ਅਰਦਾਸ ਜੀ ਨੇ ਰਚਨਾ ਕੀਤੀ ਹੈ। ਪਟੀ ਲੱਕੜ ਦੀ ਉਸ ਤਖਤੀ ਨੂੰ ਕਿਹਾ ਜਾਂਦਾ ਹੈ ਜਿਸ ਉਤੇ ਪੁਰਾਤਨ ਸਮੇਂ ਵਿਚ ਸਕੂਲ ਜਾਂਦੇ ਬੱਚੇ ਲਿਖ-ਲਿਖ ਕੇ ਅੱਖਰ ਸਿੱਖ ਲੈਂਦੇ ਸਨ। ਜਨਮ ਸਾਖੀ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਪਾਂਧੇ ਪਾਸ ਪੜ੍ਹਨ ਗਏ ਤਾਂ ਉਸ ਨੂੰ ਉਪਦੇਸ਼ ਦੇਣ ਲਈ ਗੁਰੂ ਜੀ ਨੇ 'ਪਟੀ' ਉਚਾਰਨ ਕੀਤੀ। ਗੁਰਮੁਖੀ ਦੇ ਪੈਂਤੀ ਅੱਖਰ ਹਨ ਅਤੇ ਇਸ ਵਿਚ 'ੜ' ਅੱਖਰ ਦੀ ਵਰਤੋਂ ਵੇਖੀ ਜਾ ਸਕਦੀ ਹੈ। ਭਾਵੇਂ ਕਿ ਦੋਵੇਂ ਗੁਰੂਆਂ ਦੀ ਇਸ ਬਾਣੀ ਦਾ ਆਰੰਭ ਅਜੋਕੇ ਪੈਂਤੀ ਅੱਖਰੀਂ ਅਨੁਸਾਰ 'ੳ' ਅੱਖਰ ਤੋਂ ਨਹੀਂ ਹੁੰਦਾ ਪਰ ਅੱਖਰ ਸਮੁੱਚੇ ਤੌਰ ਤੇ ਉਹੀ ਹਨ ਜੋ ਕਿ ਅੱਜ ਵੀ ਵਰਤੇ ਜਾ ਰਹੇ ਹਨ।

ਇਸ ਬਾਣੀ ਵਿਚ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹੋਏ ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਪਰਮਾਤਮਾ ਇਕ ਹੈ, ਉਹ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਉਸ ਦਾ ਸਿਮਰਨ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ ਇਸ ਬਾਣੀ ਦੇ ਕੇਂਦਰੀ ਭਾਵ ਵਿਚ ਉਸ ਮਨੁੱਖ ਨੂੰ ਪੜ੍ਹਿਆ ਮੰਨਿਆ ਗਿਆ ਹੈ। ਜਿਸਨੇ ਸ਼ੁਭ ਅਮਲ ਧਾਰਨ ਕਰਕੇ ਪਰਮਪਦਿ ਦੀ ਪ੍ਰਾਪਤੀ ਕਰ ਲਈ ਹੈ:

ਮਨ ਕਾਹੇ ਭੂਲੇ ਮੂੜ ਮਨਾ।। ਜਬ ਲੇਖਾ ਦੇਵਹਿ ਬੀਰਾ ਤਉ ਪੜਿਆ।।[35]

26. **ਬਾਰਹਮਾਹ** : ਇਸ ਕਾਵਿ ਰੂਪ ਵਿਚ ਬਾਰਾਂ ਦੇਸੀ ਮਹੀਨਿਆਂ ਦਾ ਵਰਨਨ ਮਿਲਦਾ ਹੈ। ਇਸ ਕਾਵਿ ਪਰੰਪਰਾ ਵਿਚ ਗਿਆਰਾਂ ਮਹੀਨੇ ਪਰਦੇਸ ਗਏ ਪ੍ਰੀਤਮ ਦੀ ਇੰਤਜਾਰ ਵਿਚ ਬੀਤਦੇ ਹਨ, ਬਿਰਹਾ-ਅਗਨੀ ਉਤਪੰਨ ਹੁੰਦੀ ਹੈ। ਅੰਤ ਬਾਰਵੇਂ ਮਹੀਨੇ ਸੰਯੋਗ ਅਤੇ ਸੁਖਦ ਸਥਿਤੀ ਦਾ ਵਰਨਨ ਕੀਤਾ ਜਾਂਦਾ ਹੈ।

ਗੁਰਬਾਣੀ ਵਿਚ ਦੋ ਬਾਰਹਮਾਹੇ ਹਨ ਇਕ ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਜਿਸਦੇ 17 ਪਦੇ ਹਨ ਅਤੇ ਦੂਜਾ ਮਾਝ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਜਿਸਦੇ 14 ਪਦੇ ਹਨ।

ਗੁਰਬਾਣੀ ਵਿਚ ਦਰਜ ਦੋਵੇਂ ਬਾਰਹਮਾਹ ਜੀਵ-ਇਸਤਰੀ ਦੇ ਪ੍ਰਭੂ-ਪਤੀ ਨਾਲ ਮਿਲਾਪ ਤੇ ਕੇਂਦਰਤ ਹਨ। ਦੋਵੇਂ ਬਾਰਹਮਾਹਿਆਂ ਦਾ ਆਰੰਭ ਜੀਵ ਦੇ ਪ੍ਰਭੂ ਤੋਂ ਕਰਮਾਂ ਕਰਕੇ ਵਿਛੜੇ ਹੋਣ ਨਾਲ ਹੁੰਦਾ ਹੈ। ਜੀਵ-ਇਸਤਰੀ ਦੇ ਪਰਮਾਤਮਾ ਤੋਂ ਵਿਛੋੜੇ ਅਤੇ ਮਿਲਾਪ ਦਾ ਵਰਨਨ ਇਸ ਕਾਵਿ ਰੂਪ ਦਾ ਮੁਖ ਵਿਸ਼ਾ ਹੈ। ਦੋਵੇਂ ਬਾਰਹਮਾਹਿਆ ਦੇ ਅੰਤ ਵਿਚ ਪ੍ਰਭੂ ਮਿਲਾਪ ਦਾ ਜ਼ਿਕਰ ਕਰਨ ਦੇ ਨਾਲ-ਨਾਲ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਸਭ ਰੁੱਤਾਂ, ਥਿਤਾਂ, ਦਿਨ, ਮਹੀਨੇ, ਘੜੀਆਂ, ਪਲ, ਮਹੂਰਤ, ਆਦਿ ਸ਼ੁਭ

ਹਨ ਜਦੋਂ ਪ੍ਰਭੂ ਮਨ ਵਿਚ ਵਸ ਜਾਂਦਾ ਹੈ। ਇਸ ਤਰ੍ਹਾਂ ਇਹ ਬਾਰਹਮਾਹੇ ਜਿੱਥੇ ਆਮ ਜਨ-ਜੀਵਨ ਵਿਚ ਪ੍ਰਚਲਿਤ ਵਹਿਮਾਂ-ਭਰਮਾਂ ਸੰਬੰਧੀ ਭਰਮ-ਭੁਲੇਖੇ ਦੂਰ ਕਰਦੇ ਹਨ, ਉਥੇ ਪ੍ਰਭੂ ਦੀ ਯਾਦ ਵਿਚ ਜੁੜੇ ਰਹਿਣ ਦੀ ਪ੍ਰੇਰਣਾ ਕਰਦੇ ਹਨ।

27. **ਬਾਵਨ ਅਖਰੀ :** ਇਹ ਕਾਵਿ ਰੂਪ ਵਰਣਮਾਲਾ ਦੇ 52 ਅੱਖਰਾਂ ਤੇ ਅਧਾਰਤ ਹੈ। ਗੁਰਬਾਣੀ ਵਿਚ ਦੋ ਬਾਵਨ ਅਖਰੀਆਂ ਦਾ ਉਲੇਖ ਮਿਲਦਾ ਹੈ-ਇਕ ਗੁਰੂ ਅਰਜਨ ਦੇਵ ਜੀ ਦੀ ਅਤੇ ਦੂਜੀ ਭਗਤ ਕਬੀਰ ਜੀ ਦੀ। ਇਹ ਦੋਵੇਂ ਰਚਨਾਵਾਂ ਗਉੜੀ ਰਾਗ ਵਿਚ ਦਰਜ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਵਨ ਅਖਰੀ ਵਿਚ 55 ਬੰਦ ਹਨ ਅਤੇ ਭਗਤ ਕਬੀਰ ਜੀ ਦੀ ਬਾਵਨ ਅਖਰੀ ਦੇ 45 ਬੰਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸ੍ਰਿਸ਼ਟੀ ਵਿਚ ਪੈਦਾ ਹੋਈ ਹਰ ਇਕ ਵਸਤੂ ਅਤੇ ਹਸਤੀ ਨੂੰ ਅੱਖਰਾਂ ਰਾਹੀ ਬਿਆਨ ਕੀਤਾ ਜਾ ਸਕਦਾ ਹੈ ਪਰ ਪਰਮਾਤਮਾ ਦੇ ਵਿਖਿਆਨ ਲਈ ਇਹ ਅੱਖਰ ਕਾਫੀ ਨਹੀਂ, ਭਾਵ ਦੁਨਿਆਵੀ ਅੱਖਰਾਂ ਨਾਲ ਪਰਮਾਤਮਾ ਬਾਰੇ ਕੁਝ ਵੀ ਨਹੀਂ ਦੱਸਿਆ ਜਾ ਸਕਦਾ-ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥[36] ਇਸੇ ਤਰ੍ਹਾਂ ਭਗਤ ਕਬੀਰ ਜੀ ਦੱਸਦੇ ਹਨ:

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥[37]

ਇਸ ਤਰ੍ਹਾਂ ਬਾਵਨ ਅਖਰੀ ਗੰਭੀਰ ਦਾਰਸ਼ਨਿਕ ਵਿਚਾਰਾਂ ਵਾਲੀ ਰਚਨਾ ਹੈ ਜਿਸ ਵਿਚ ਦੁਨਿਆਵੀ ਵਰਣਮਾਲਾ ਰਾਹੀਂ ਪਰਮਾਤਮਾ ਦੀ ਭਗਤੀ ਤੇ ਜ਼ੋਰ ਦਿੱਤਾ ਗਿਆ ਹੈ।

28. **ਬਿਰਹੜੇ :** ਬਿਰਹੜਾ ਦਾ ਭਾਵ ਹੈ ਵਿਛੋੜਾ। ਬਿਰਹੜੇ ਸਿਰਲੇਖ ਅਧੀਨ ਗੁਰੂ ਅਰਜਨ ਦੇਵ ਜੀ ਦੀ ਤਿੰਨ ਸ਼ਬਦਾਂ ਵਾਲੀ ਰਚਨਾ ਹੈ ਜਿਸ ਵਿਚ ਪ੍ਰਭੂ-ਵਿਛੋੜੇ ਦਾ ਜ਼ਿਕਰ ਅਤੇ ਉਸ ਨੂੰ ਮਿਲਣ ਦੀ ਤਾਂਘ ਦਾ ਵਰਨਨ ਕੀਤਾ ਗਿਆ ਹੈ। ਇਸ ਰਚਨਾ ਵਿਚ ਦੱਸਿਆ ਗਿਆ ਹੈ ਕਿ ਵਿਕਾਰਾਂ ਨੇ ਮਨੁੱਖ ਨੂੰ ਜਕੜਿਆ ਹੋਇਆ ਹੈ। ਜਿਹੜੇ ਗੁਰਮੁਖ ਬਣ ਕੇ ਸਤਿਗੁਰ ਦੇ ਚਰਨੀਂ ਲੱਗੇ, ਉਨ੍ਹਾਂ ਅੰਮ੍ਰਿਤ ਰਸ ਚਖਿਆ ਅਤੇ ਵਿਕਾਰਾਂ ਤੋਂ ਮੁਕਤ ਹੋ ਗਏ।

29. **ਮੁੰਦਾਵਣੀ :** ਮੁੰਦਾਵਣੀ ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਗਿਆ ਹੈ – ਇਕ ਬੁਝਾਰਤ ਅਤੇ ਦੂਜਾ ਮੁਹਰ-ਛਾਪ ਦੇ ਰੂਪ ਵਿਚ। ਬੁਝਾਰਤ ਦੇ ਰੂਪ ਵਿਚ ਇਸ ਦੀ ਵਰਤੋਂ ਕਰਦੇ ਹੋਏ ਕਿਹਾ ਗਿਆ ਹੈ ਕਿ, "ਦੱਸੋਂ ਖਾਂ, ਉਹ ਕਿਹੜਾ ਥਾਲ ਹੈ? ਜਿਸ ਵਿਚ ਤਿੰਨ ਚੀਜ਼ਾਂ ਪਈਆਂ ਹੋਈਆਂ ਹਨ – ਸਤ, ਸੰਤੋਖ ਤੇ ਵਿਚਾਰ। ਉਨ੍ਹਾਂ ਨੂੰ ਰਲਾ ਕੇ ਭੋਜਨ ਬਣਾਨ ਲਈ ਪਾਣੀ ਦੀ ਥਾਂ ਅੰਮ੍ਰਿਤ ਨਾਮ ਪਿਆ ਹੋਇਆ ਹੈ। ਇਸ ਤਰ੍ਹਾਂ ਇਕ ਖੁਰਾਕ ਤਿਆਰ ਕੀਤੀ ਗਈ ਹੈ, ਜਿਸ ਨੇ ਸਾਰੇ ਜਹਾਨ ਦੀ ਭੁੱਖ ਦੂਰ ਕਰਨੀ ਹੈ। ਹੋਰਨਾਂ ਖੁਰਾਕਾਂ ਤੋਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ, ਪਰ ਇਸ ਖੁਰਾਕ ਤੋਂ ਬਿਨਾਂ ਮਨੁੱਖ ਜਾਤੀ ਜਿੰਦਾ ਨਹੀਂ ਰਹਿ ਸਕਦੀ।"[38] ਮੁਹਰ-ਛਾਪ ਦੇ ਰੂਪ ਵਿਚ ਇਸ ਕਾਵਿ-ਰੂਪ ਦੀ ਵਰਤੋਂ ਕਰਨ ਵਾਲੇ ਵਿਦਵਾਨ ਇਸ ਦਾ ਸੰਬੰਧ ਪੁਰਾਤਨ ਪਰੰਪਰਾਵਾਂ ਨਾਲ ਜੋੜਦੇ ਹੋਏ ਦੱਸਦੇ

ਹਨ, "ਭਾਰਤ ਵਿਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਨ ਪਾਨ ਦਾ ਪ੍ਰਬੰਧ ਕਰਨ ਵਾਲਾ ਸਰਦਾਰ, ਆਪਣੇ ਸਾਮ੍ਹਣੇ ਭੋਜਨ ਤਿਆਰ ਕਰਵਾ ਕੇ ਦੇਗਚੇ ਆਦਿ ਬਰਤਨਾਂ ਪੁਰ ਮੁਹਰ ਲਾ ਦਿੰਦਾ ਹੈ, ਤਾਂ ਕਿ ਕੋਈ ਅਸ਼ੁਭ ਚਿੰਤਕ ਜ਼ਹਿਰ ਆਦਿ ਭੋਜਨ ਵਿਚ ਨਾ ਮਿਲਾ ਸਕੇ, ਫੇਰ ਜਦ ਥਾਲ ਪਰੋਸਦਾ ਹੈ ਤਦ ਭੀ ਥਾਲ ਪੁਰ ਸਰਪੋਸ਼ ਦੇ ਕੇ ਮੁਹਰ ਲਾ ਦਿੰਦਾ ਹੈ, ਅਰ ਉਹ ਮੁਹਰ ਜਿੰਮੇਵਾਰ ਸਰਦਾਰ ਦੇ ਰੂਬਰੂ ਮਹਾਰਾਜਾ ਦੇ ਸੰਮੁਖ ਖੋਲੀ ਜਾਂਦੀ ਹੈ।"[39] ਇਸ ਭਾਵ ਨੂੰ ਲੈ ਕੇ ਵਿਦਵਾਨ ਇਹ ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਅਖੀਰ ਵਿਚ ਮੁੰਦਾਵਣੀ ਦੀ ਰਚਨਾ ਕੀਤੀ ਹੈ ਅਤੇ ਇਸ ਤੋਂ ਬਾਹਰ ਹੋਰ ਕੁਝ ਵੀ ਨਹੀਂ ਹੈ।

ਮੁੰਦਾਵਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਵੀ ਕਿਹਾ ਜਾ ਸਕਦਾ ਹੈ। ਗੁਰੂ ਗ੍ਰੰਥ ਸਹਿਬ ਜੀ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਮਹੱਤਵਪੂਰਨ ਰਚਨਾ 'ਜਪੁ' ਸੁਸ਼ੋਭਿਤ ਹੈ ਜਿਸ ਵਿਚ ਮਨੁੱਖ ਨੂੰ ਸਚਿਆਰਾ ਬਣਨ ਤੇ ਜ਼ੋਰ ਦਿੱਤਾ ਗਿਆ ਹੈ। ਇਸ ਰਚਨਾ ਨੂੰ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਭਾਵ ਮੰਨਿਆ ਜਾਂਦਾ ਹੈ। 'ਜਪੁ' ਬਾਣੀ ਵਿਚ ਸਚਿਆਰਾ ਮਨੁੱਖ ਬਣਨ ਲਈ 'ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥' ਦਾ ਮਾਰਗ ਦਰਸਾਇਆ ਗਿਆ ਹੈ ਜੋ ਕਿ ਸਾਧਕ ਨੂੰ ਸੱਚਖੰਡ ਤੱਕ ਲੈ ਜਾਂਦਾ ਹੈ। ਗੁਰਬਾਣੀ ਅਧਿਆਤਮ-ਸਦਾਚਾਰ ਦਾ ਸੋਮਾ ਹੈ। ਗੁਰੂ ਗ੍ਰੰਥ ਸਾਹਿਬ ਦੇ ਆਖੀਰ ਵਿਚ ਮੁੰਦਾਵਣੀ ਕਾਵਿ-ਰੂਪ ਰਾਹੀਂ ਤਿੰਨ ਮਹੱਤਵਪੂਰਨ ਨੈਤਿਕ ਨਿਯਮਾਂ ਤੇ ਜ਼ੋਰ ਦਿੱਤਾ ਗਿਆ ਹੈ - ਸਤ, ਸੰਤੋਖ ਤੇ ਵੀਚਾਰ। ਸੰਤੋਖ ਅਤੇ ਵੀਚਾਰ ਦੇ ਗੁਣਾਂ ਰਾਹੀਂ ਮਨੁੱਖ ਪਰਮਸਤਿ ਨਾਲ ਜੁੜਦਾ ਹੈ। ਅਧਿਆਤਮਿਕ ਜੀਵਨ ਪ੍ਰਫੁਲਿਤ ਕਰਨ ਵਾਲੇ ਇਨ੍ਹਾਂ ਤਿੰਨਾਂ ਗੁਣਾਂ ਦਾ ਪ੍ਰਗਟਾਵਾ ਸਾਰ-ਸੰਖੇਪ ਰੂਪ ਵਿਚ ਇਸ ਧਰਮ ਗ੍ਰੰਥ ਦੇ ਅਖੀਰ ਤੇ ਸਪਸ਼ਟ ਅਤੇ ਦ੍ਰਿੜ ਕਰਾਇਆ ਗਿਆ ਹੈ। ਮਨੁੱਖ ਦੇ ਸਦਾਚਾਰਕ ਅਤੇ ਅਧਿਆਤਮਿਕ ਵਿਕਾਸ ਲਈ ਇਹ ਤਿੰਨੇ ਗੁਣ ਇੰਨੇ ਮਹੱਤਵਪੂਰਨ ਹਨ ਕਿ ਇਨ੍ਹਾਂ ਨੂੰ 'ਏਹ ਵਸਤੁ ਤਜੀ ਨਹ ਜਾਈ॥' ਕਿਹਾ ਗਿਆ ਹੈ। ਇਨ੍ਹਾਂ ਤਿੰਨਾਂ ਗੁਣਾਂ ਨੂੰ ਧਾਰਨ ਕਰਕੇ ਦੁਨਿਆਵੀ ਭਵਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ ਜਿਸ ਨਾਲ ਸਭ ਪਾਸੇ ਬ੍ਰਹਮ ਦਾ ਪਸਾਰਾ ਦਿੱਸਦਾ ਹੈ। ਬ੍ਰਹਿਮੰਡ ਵਿਚ ਬ੍ਰਹਮ ਦੀ ਅਨੁਭੂਤੀ ਸਾਧਕ ਨੂੰ ਬੰਧਨ-ਯੁਕਤ ਪਦਾਰਥਾਂ ਤੋਂ ਮੁਕਤ ਕਰਦੀ ਹੋਈ ਉਸ ਦੀ 'ਮਨਿ ਪ੍ਰੀਤਿ ਚਰਨ ਕਮਲਾਰੇ' ਦੀ ਇੱਛਾ ਪੂਰਤੀ ਕਰਦੀ ਹੈ।

30. **ਰੁਤੀ:** ਰੁੱਤਾਂ ਦਾ ਸੰਬੰਧ ਪ੍ਰਕ੍ਰਿਤੀ ਨਾਲ ਹੈ। ਸਾਲ ਵਿਚ ਬਾਰਾਂ ਮਹੀਨੇ ਹੁੰਦੇ ਹਨ ਅਤੇ ਇਕ-ਇਕ ਰਾਤ ਦੋ-ਦੋ ਮਹੀਨਿਆਂ ਨਾਲ ਸੰਬੰਧਿਤ ਹੈ। ਭਾਰਤੀ ਕਾਵਿ ਵਿਚ ਖਟ ਰਿਤੂ ਦਾ ਵਰਨਨ ਕਰਦੇ ਹੋਏ ਅਨੇਕਾਂ ਕਾਵਿ ਰੂਪ ਰਚੇ ਗਏ ਹਨ। ਕਾਲੀਦਾਸ ਦੀ ਰਚਨਾ ਰਿਤੂ ਸੰਹਾਰ ਇਸੇ ਕਾਵਿ ਰੂਪ ਦਾ ਪ੍ਰਗਟਾਵਾ ਕਰਦੀ ਹੈ। ਇਸ ਕਾਵਿ ਰੂਪ ਰਾਹੀਂ ਰੁੱਤਾਂ ਦੇ ਬਦਲਾਉ ਕਾਰਨ ਬਦਲਦੀਆਂ ਮਾਨਸਿਕ ਪ੍ਰਸਥਿਤੀਆਂ ਦਾ ਜ਼ਿਕਰ ਕਰਦੇ ਹੋਏ ਪ੍ਰੀਤਮ ਦੇ ਵਿਛੋੜੇ ਕਾਰਨ ਪ੍ਰੇਮਿਕਾ ਦੀ ਮਨੋਸਿਥਤੀ ਦਾ ਚਿਤਰਣ ਕੀਤਾ ਜਾਂਦਾ ਹੈ।

ਗੁਰਬਾਣੀ ਵਿਚ ਇਸ ਕਾਵਿ-ਰੂਪ ਦੀ ਵਰਤੋਂ ਗੁਰੂ ਅਰਜਨ ਦੇਵ ਜੀ ਨੇ ਕੀਤੀ

ਹੈ। ਡਾ. ਕੁਲਦੀਪ ਸਿੰਘ ਧੀਰ ਦੱਸਦੇ ਹਨ ਕਿ "ਪੰਜਾਬੀ ਦੇ ਪ੍ਰਾਪਤ ਲਿਖਿਤ ਸਾਹਿਤ ਵਿਚ ਗੁਰੂ ਅਰਜਨ ਨੇ ਇਸ ਕਾਵਿ-ਰੂਪ ਦੀ ਸਰਵ-ਪ੍ਰਥਮ ਵਰਤੋਂ ਕੀਤੀ ਹੈ। ਉਨ੍ਹਾਂ ਇਸ ਕਾਵਿ ਰੂਪ ਨੂੰ ਰੁਤੀ ਦਾ ਨਾਮ ਦਿੱਤਾ।"[40] ਗੁਰੂ ਜੀ ਦੁਨਿਆਵੀ ਲੋਕ-ਵਿਸ਼ਵਾਸਾਂ ਨੂੰ ਅਧਿਆਤਮਿਕਤਾ ਨਾਲ ਜੋੜ ਕੇ ਪੇਸ਼ ਕੀਤਾ ਹੈ। ਉਨ੍ਹਾਂ ਨੇ ਰੁੱਤਾਂ ਵਿਚ ਬਦਲਾਉ ਕਾਰਨ ਬਦਲਦੀ ਮਨੋ-ਸਥਿਤੀ ਵਿਚ ਜੀਵ-ਇਸਤਰੀ ਦੇ ਪ੍ਰਭੂ-ਪ੍ਰੀਤਮ ਨਾਲ ਮਿਲਾਪ ਦਾ ਜ਼ਿਕਰ ਕੀਤਾ ਹੈ। ਪ੍ਰਭੂ-ਪ੍ਰੀਤਮ ਨਾਲ ਮਿਲਾਪ ਕਾਰਨ ਜੀਵ-ਇਸਤਰੀ ਦੇ ਸਮੂਹ ਦੁੱਖਾਂ ਦਾ ਨਿਵਾਰਨ ਹੋ ਜਾਂਦਾ ਹੈ:

ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ।।[41]

31. **ਲਾਵਾਂ**: ਲਾਵਾਂ ਸੂਹੀ ਰਾਗ ਵਿਚ ਗੁਰੂ ਰਾਮਦਾਸ ਜੀ ਦੀ ਰਚਨਾ ਹੈ। ਇਨ੍ਹਾਂ ਦੀ ਗਿਣਤੀ ਚਾਰ ਹੈ। ਇਨ੍ਹਾਂ ਦਾ ਉਚਾਰਨ ਆਮ ਤੌਰ ਤੇ ਅਨੰਦ ਕਾਰਜ ਦੀ ਰਸਮ ਵੇਲੇ ਹੁੰਦਾ ਹੈ। ਇਨ੍ਹਾਂ ਨੂੰ ਸਮਾਜਿਕ ਅਤੇ ਅਧਿਆਤਮਿਕ ਦੋਹਾਂ ਰੂਪਾਂ ਵਿਚ ਵੇਖਿਆ ਜਾਂਦਾ ਹੈ। ਸਮਾਜਿਕ ਤੌਰ ਤੇ ਇਸਨੂੰ ਇਸਤਰੀ-ਪੁਰਸ਼ ਦੁਆਰਾ ਸ੍ਰਿਸ਼ਟੀ ਦੇ ਵਾਧੇ ਦੇ ਨਿਯਮ ਦੀ ਪਾਲਣਾ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਅਧਿਆਤਮਿਕ ਤੌਰ ਤੇ ਇਹ ਜੀਵ ਦੇ ਪਰਮਾਤਮਾ ਨਾਲ ਮਿਲਾਪ ਵੱਲ ਸੰਕੇਤ ਕਰਦੀਆਂ ਹਨ। ਦੂਹਰੇ ਅਰਥ ਹੋਣ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਇਸਤਰੀ ਪੁਰਸ਼ ਨੇ ਵਿਆਹੁਤਾ ਜੀਵਨ ਆਤਮਾ ਅਤੇ ਪਰਮਾਤਮਾ ਦੇ ਸੁਮੇਲ ਦੇ ਨਮੂਨੇ ਵਾਂਗ ਬਤੀਤ ਕਰਨਾ ਹੈ।

32. **ਵਣਜਾਰਾ** : ਵਣਜ (ਵਪਾਰ) ਕਰਨ ਵਾਲੇ ਨੂੰ ਵਣਜਾਰਾ ਕਿਹਾ ਜਾਂਦਾ ਹੈ। ਇਸਨੂੰ ਇਕ ਕਬੀਲੇ ਵਿਸ਼ੇਸ਼ ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਉਦਾਸੀਆਂ ਤੇ ਗਏ ਤਾਂ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਵਿਚੋਂ ਬਹੁਤ ਸਾਰੇ ਸਿੱਖ ਬਣ ਗਏ ਸਨ। ਵਣਜਾਰੇ ਵਪਾਰੀ ਸਨ ਅਤੇ ਤੁਰ-ਫਿਰ ਕੇ ਵਪਾਰ ਕਰਨਾ ਇਨ੍ਹਾਂ ਦਾ ਪ੍ਰਮੁਖ ਕਿੱਤਾ ਸੀ। ਕਿਹਾ ਜਾਂਦਾ ਹੈ ਕਿ, "ਮੱਧ ਯੁੱਗ ਵਿਚ ਵਣਜ-ਵਪਾਰ ਵਿਚ ਇਨ੍ਹਾਂ ਦੀ ਪੂਰੀ ਸਰਦਾਰੀ ਸੀ। ਮੱਧ ਭਾਰਤ, ਦੱਖਣ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਪੰਜਾਬ ਵਿਚ ਇਹ ਥਾਂ-ਥਾਂ ਪਸਰੇ ਹੋਏ ਸਨ ਅਤੇ ਸਮਾਜ ਵਿਚ ਆਦਰ ਦਾ ਸਥਾਨ ਰੱਖਦੇ ਸਨ। ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਬਾਅਦ ਆਵਾਜਾਈ ਅਤੇ ਢੋ-ਢੁਆਈ ਦੀਆਂ ਸੁਵਿਧਾਵਾਂ ਵੱਧ ਜਾਣ ਕਾਰਣ ਇਨ੍ਹਾਂ ਦੇ ਕੰਮ-ਕਾਜ ਅਤੇ ਵਪਾਰ ਨੂੰ ਕਾਫੀ ਧੱਕਾ ਲੱਗਿਆ। ਫਲਸਰੂਪ ਇਨ੍ਹਾਂ ਦਾ ਵਪਾਰਕ ਖੇਤਰ ਸੁੰਗੜ ਗਿਆ। ਹੁਣ 'ਵਣਜਾਰਾ' ਸ਼ਬਦ ਫਿਰ ਤੁਰ ਕੇ ਅਤੇ ਘਰ-ਘਰ ਜਾ ਕੇ ਚੀਜ਼ਾਂ ਵੇਚਣ ਵਾਲਿਆਂ ਲਈ ਰੂੜ੍ਹ ਹੋ ਗਿਆ ਹੈ।"[42] ਗੁਰੂ ਗ੍ਰੰਥ ਸਾਹਿਬ ਵਿਚ 'ਵਣਜਾਰਾ' ਸਿਰਲੇਖ ਅਧੀਨ ਗੁਰੂ ਰਾਮਦਾਸ ਜੀ ਦੀ ਬਾਣੀ ਹੈ ਜਿਸ ਵਿਚ ਜਿਗਿਆਸੂ ਮਨੁੱਖ ਨੂੰ ਵਣਜਾਰਾ ਨਾਮ ਨਾਲ ਸੰਬੋਧਨ ਕੀਤਾ ਗਿਆ ਹੈ। ਇਸ ਰਚਨਾ ਵਿਚ ਇਹ ਤਾਕੀਦ ਕੀਤੀ ਗਈ ਹੈ ਕਿ ਸੱਚਾ ਵਣਜ ਪਰਮਾਤਮਾ ਦਾ ਨਾਮ ਹੈ ਅਤੇ ਜਿਸ ਮਨੁੱਖ ਦੇ ਮਨ ਵਿਚ ਉਸ ਸੱਚੇ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਗਿਆ ਹੈ, ਸਹੀ ਰੂਪ ਵਿਚ ਉਹੀ ਵਣਜਾਰਾ ਹੈ:

ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ।।
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ।।[43]

33. ਵਾਰ : ਇਹ ਕਾਵਿ ਰੂਪ ਯੁੱਧ ਅਤੇ ਵੀਰਤਾ ਨਾਲ ਜੁੜਿਆ ਹੋਇਆ ਹੈ। ਇਸ ਦੀ ਰਚਨਾ ਪਉੜੀਆਂ ਵਿਚ ਹੁੰਦੀ ਹੈ। ਪਉੜੀ "ਵਾਰ ਦਾ ਸਰੀਰ ਹੈ ਤੇ ਜੁੱਧ ਕਥਾ ਇਸ ਦੀ ਰੂਹ। ਦੋਹਾਂ ਦੇ ਸੁਮੇਲ ਨਾਲ ਹੀ ਵਾਰ ਦੀ ਸਾਜਨਾ ਹੁੰਦੀ ਹੈ।"[44] ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਵਿਚ ਨੌਂ ਵਾਰਾਂ ਲੋਕ ਪਰੰਪਰਾ ਦੀਆਂ ਪ੍ਰਾਚੀਨ ਧੁਨਾਂ ਉਤੇ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਲੋਕ ਵਾਰਾਂ ਦੇ ਦੁਨਿਆਵੀ ਕਾਵਿ-ਰੂਪ ਦੀ ਵਰਤੋਂ ਗੁਰੂ ਸਾਹਿਬਾਨ ਨੇ ਅਧਿਆਤਮਿਕ ਮਾਰਗ ਤੇ ਚੱਲਣ ਲਈ ਕੀਤੀ। ਲੋਕ-ਵਾਰਾਂ ਦਾ ਨਾਇਕ ਦੁਨਿਆਵੀ ਸੰਘਰਸ਼ ਵਿਚ ਦੁੱਖ-ਸੁੱਖ ਦਾ ਸ਼ਿਕਾਰ ਹੁੰਦਾ ਹੈ। ਪਰ ਅਧਿਆਤਮਿਕ ਵਾਰਾਂ ਵਿਚ ਮਨੁੱਖ ਆਪਣੇ ਔਗੁਣਾ ਨਾਲ ਲੜਦਾ ਹੋਇਆ ਗੁਰਮੁਖ ਪਦ ਨੂੰ ਧਾਰਨ ਕਰਨ ਦਾ ਯਤਨ ਕਰਦਾ ਹੈ, ਪਰ ਮਨਮੁਖ ਇਸ ਘੋਲ ਵਿਚ ਪਛੜ ਜਾਂਦਾ ਹੈ:

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥[45]

34. ਵਾਰ ਸਤ : ਇਸ ਕਾਵਿ ਰੂਪ ਵਿਚ ਹਫਤੇ ਦੇ ਸੱਤ ਦਿਨਾਂ ਨੂੰ ਆਧਾਰ ਬਣਾ ਕੇ ਕਵਿਤਾ ਰਚੀ ਜਾਂਦੀ ਹੈ। ਗੁਰਬਾਣੀ ਵਿਚ ਗੁਰੂ ਅਮਰਦਾਸ ਅਤੇ ਕਬੀਰ ਜੀ ਦੇ 'ਵਾਰ ਸਤ' ਦਰਜ ਹਨ। ਇਨ੍ਹਾਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਦਿਨ, ਮਹੀਨੇ, ਰੁੱਤਾਂ ਆਦਿ ਬਾਰ-ਬਾਰ ਆਉਂਦੀਆਂ ਹਨ ਅਤੇ ਇਹ ਕਦੇ ਵੀ ਸਮੇਂ ਤੇ ਸਥਾਨ ਵਿਚ ਸਥਿਰ ਨਹੀਂ ਰਹਿ ਸਕਦੇ। ਇਸ ਸ੍ਰਿਸ਼ਟੀ ਤੋਂ ਪਹਿਲਾਂ ਅਤੇ ਇਸਦੇ ਵਿਨਾਸ਼ ਹੋਣ ਤੋਂ ਬਾਅਦ ਕੇਵਲ ਪਰਮਾਤਮਾ ਹੀ ਸਥਿਰ ਰਹਿਣ ਵਾਲੀ ਹਸਤੀ ਹੈ। ਕਿਸੇ ਵੀ ਦਿਨ ਨੂੰ ਸ਼ੁਭ ਜਾਂ ਅਸ਼ੁਭ ਮੰਨ ਕੇ ਚੰਗਾ ਜਾਂ ਮੰਦਾ ਭਾਵ ਜੋੜਨਾ ਨਿਰਾਰਥਕ ਹੈ। ਪਰਮਾਤਮਾ ਨੂੰ ਯਾਦ ਕਰਨ ਅਤੇ ਮਨ ਵਿਚ ਵਸਾਉਣ ਨਾਲ ਹੀ ਸਭ ਦਿਨ ਸ਼ੁਭ ਹੋ ਜਾਂਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲਾ ਗੁਰੂ ਦੇ ਸ਼ਬਦ ਰਾਹੀਂ ਇਸ ਭੇਦ ਨੂੰ ਸਮਝ ਸਕਦਾ ਹੈ।

ਪੰਦ੍ਰਹ ਥਿਤੀ ਤੈ ਸਤ ਵਾਰ॥
ਮਾਹਾ ਰੁਤੀ ਆਵਹਿ ਵਾਰ ਵਾਰ॥
ਦਿਨਸੁ ਰੈਣਿ ਤਿਵੈ ਸੰਸਾਰੁ॥
ਆਵਾ ਗਉਣੁ ਕੀਆ ਕਰਤਾਰਿ॥
ਨਿਹਚਲੁ ਸਾਚੁ ਰਹਿਆ ਕਲ ਧਾਰਿ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥[46]

ਗੁਰੂ ਗ੍ਰੰਥ ਸਾਹਿਬ ਦੀ ਪਰਮ ਸੁਰ ਅਧਿਆਤਮਿਕ ਹੈ ਜੋ ਕਿ ਪ੍ਰਭੂ ਪ੍ਰਾਪਤੀ ਤੇ ਜ਼ੋਰ ਦਿੰਦੀ ਹੈ। ਜਿੰਨੇ ਵੀ ਕਾਵਿ ਰੂਪਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ ਉਹ ਸਾਰੇ ਅਧਿਆਤਮਿਕ ਉੱਚਤਾ ਵੱਲ ਲੈ ਕੇ ਜਾਣ ਦੀ ਪ੍ਰੇਰਣਾ ਕਰਦੇ ਹਨ। ਮਨੁੱਖ ਨੇ ਅਧਿਆਤਮਿਕ ਵਿਕਾਸ ਦੀ ਪਉੜੀ ਇਸ ਦੁਨਿਆਵੀ ਜਗਤ ਵਿਚ ਰਹਿ ਕੇ ਚੜ੍ਹਨੀ

ਹੈ, ਇਸ ਪਉੜੀ ਤੇ ਚੜ੍ਹਨ ਸਮੇਂ ਗੁਰੂ ਦੀ ਸਿੱਖਿਆ ਨੂੰ ਧਾਰਨ ਕਰਨਾ ਜ਼ਰੂਰੀ ਹੈ ਜਿਸ ਵਿਚ ਕਿਸੇ ਤਰ੍ਹਾਂ ਦੇ ਵਹਿਮ, ਭਰਮ ਅਤੇ ਪਾਖੰਡ ਨੂੰ ਕੋਈ ਥਾਂ ਨਹੀਂ ਹੈ। ਪ੍ਰਭੂ ਪ੍ਰੀਤ ਵੱਲ ਲੈ ਕੇ ਜਾਣ ਵਾਲੇ ਸਾਰੇ ਮਾਰਗ ਰੁੱਤਾਂ, ਥਿਤਾਂ, ਵਾਰਾਂ, ਮਹੀਨਿਆਂ ਆਦਿ ਦੇ ਕੁਪ੍ਰਭਾਵ ਤੋਂ ਮੁਕਤ ਹਨ।

ਹਵਾਲੇ

1. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਨਾ 335-36.
2. ਡਾ. ਕੁਲਦੀਪ ਸਿੰਘ ਧੀਰ, *ਪੰਜਾਬ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ*, ਪੰਨਾ 58.
3. ਡਾ. ਸਤਿੰਦਰ ਸਿੰਘ, ਗੁਰਮਤਿ ਕਾਵਿ ਰੂਪ, *ਖੋਜ ਪਤ੍ਰਿਕਾ*, ਸਤੰਬਰ 1985, ਪੰਨਾ 186.
4. ਡਾ. ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਲੋਕ ਰੂਪ*, ਪੰਨਾ 47.
5. ਡਾ. ਕੁਲਦੀਪ ਸਿੰਘ ਧੀਰ, *ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ*, ਪੰਨਾ 18.
6. ਗੁਰੂ ਗ੍ਰੰਥ ਸਾਹਿਬ, ਪੰਨਾ 579.
7. ਉਹੀ, ਪੰਨਾ 583.
8. ਉਹੀ, ਪੰਨਾ 581.
9. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 104.
10. ਗੁਰੂ ਗ੍ਰੰਥ ਸਾਹਿਬ, ਪੰਨਾ 663.
11. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 39.
12. ਗੁਰੂ ਗ੍ਰੰਥ ਸਾਹਿਬ, ਪੰਨਾ 923.
13. ਡਾ. ਕੁਲਦੀਪ ਸਿੰਘ ਧੀਰ, *ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ*, ਪੰਨਾ 66.
14. ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪੋਥੀ 7, ਪੰਨਾ 525.
15. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 156.
16. ਗੁਰੂ ਗ੍ਰੰਥ ਸਾਹਿਬ, ਪੰਨਾ 234.
17. ਉਹੀ, ਪੰਨਾ 235.
18. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 319.
19. ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਪੰਨਾ 169.
20. ਉਹੀ, ਪੰਨਾ 1360.
21. ਉਹੀ, ਪੰਨਾ 1360.
22. ਉਹੀ, ਪੰਨਾ 763.
23. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 447.
24. ਗੁਰੂ ਗ੍ਰੰਥ ਸਾਹਿਬ, ਪੰਨਾ 575.
25. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਨਾ 465.
26. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 125.
27. ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 1363.
28. ਸਮਸ਼ੇਰ ਸਿੰਘ ਅਸ਼ੋਕ, ਸ੍ਰੀ ਆਦਿ ਗ੍ਰੰਥ ਜੀ ਦਾ ਛੰਦ-ਪ੍ਰਬੰਧ, *ਗੁਰਮਤ ਸਾਹਿਤ*, ਸੰਪਾਦਕ ਡਾ. ਜੀਤ ਸਿੰਘ ਸੀਤਲ, ਪੰਨਾ 78.

29. ਡਾ. ਕੁਲਦੀਪ ਸਿੰਘ ਧੀਰ, *ਪੰਜਾਬੀ ਦੇ ਮੌਲਿਕ ਅਤੇ ਪਰੰਪਰਾਗਤ ਕਾਵਿ ਰੂਪਕਾਰ*, ਪੰਨਾ 77.
30. ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, 1094.
31. ਗੁਰੂ ਗ੍ਰੰਥ ਸਾਹਿਬ, ਪੰਨਾ 1099.
32. ਉਹੀ, ਪੰਨਾ 300.
33. ਉਹੀ, ਪੰਨਾ 137.
34. ਉਹੀ, ਪੰਨਾ 78.
35. ਉਹੀ, ਪੰਨਾ 432.
36. ਉਹੀ, ਪੰਨਾ 261.
37. ਉਹੀ, ਪੰਨਾ 340.
38. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429.
39. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 986.
40. ਡਾ. ਕੁਲਦੀਪ ਸਿੰਘ ਧੀਰ, *ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ*, ਪੰਨਾ 102.
41. ਗੁਰੂ ਗ੍ਰੰਥ ਸਾਹਿਬ, ਪੰਨਾ 929.
42. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 1575-76.
43. ਗੁਰੂ ਗ੍ਰੰਥ ਸਾਹਿਬ, ਪੰਨਾ 82.
44. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 249.
45. ਗੁਰੂ ਗ੍ਰੰਥ ਸਾਹਿਬ, ਪੰਨਾ 1280.
46. ਉਹੀ, ਪੰਨਾ 842.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਸਹਿਨਸ਼ੀਲਤਾ

ਧਰਮ ਮਨੁੱਖੀ ਜੀਵਨ ਦਾ ਕੇਂਦਰੀ ਧੁਰਾ ਹੈ। ਇਹ ਕਿਸੇ ਵੀ ਮਨੁੱਖ ਵਿਚ ਕਦੇ ਮਨਫੀ ਨਹੀਂ ਹੁੰਦਾ ਬਲਕਿ ਕਈ ਵਾਰ ਮਨੁੱਖ ਇਸ ਤੋਂ ਭੱਜਣ ਜਾਂ ਬਚਣ ਦਾ ਯਤਨ ਕਰਦਾ ਹੈ ਪਰ ਇਸ ਤੋਂ ਬਹੁਤ ਦੂਰ ਤੱਕ ਜਾਣ ਤੋਂ ਜਦੋਂ ਉਹ ਅਸਮਰੱਥ ਮਹਿਸੂਸ ਕਰਦਾ ਹੈ ਤਾਂ ਵਾਪਸ ਏਸੇ ਵੱਲ ਮੁੜਨ ਦਾ ਯਤਨ ਕਰਦਾ ਹੈ। ਇਸ ਦੀ ਪ੍ਰਤੱਖ ਮਿਸਾਲ ਵਿਆਹ ਦੀ ਰਸਮ ਵੇਲੇ ਵੇਖਣ ਨੂੰ ਮਿਲਦੀ ਹੈ ਜਦੋਂ ਧਰਮ ਤੋਂ ਦੂਰ ਰਹਿਣ ਵਾਲਾ ਮਨੁੱਖ ਇਸ ਦਾ ਸਹਾਰਾ ਲੈਂਦਾ ਵਿਖਾਈ ਦਿੰਦਾ ਹੈ। ਆਧੁਨਿਕ ਸਮੇਂ ਵਿਚ ਜਦੋਂ ਕੋਰਟ ਮੈਰਿਜ ਦਾ ਵਿਧਾਨ ਵੀ ਸਮਾਜ ਵਿਚ ਪ੍ਰਚਲਿਤ ਹੋ ਗਿਆ ਹੈ ਤਾਂ ਵੀ ਮਨੁੱਖ ਧਰਮ ਦੇ ਸਹਾਰੇ ਵਿਆਹ ਦੀਆਂ ਰਸਮਾਂ ਕਰਨ ਨੂੰ ਪਹਿਲ ਦਿੰਦਾ ਹੈ। ਜੀਵਨ ਦੇ ਹਰ ਮੋੜ ਜਦੋਂ ਮਨੁੱਖ ਔਖੀ ਘੜੀ ਦਾ ਸ਼ਿਕਾਰ ਹੁੰਦਾ ਹੈ ਤਾਂ ਇਸ ਵਿਚੋਂ ਬਚ ਨਿਕਲਣ ਲਈ ਧਰਮ ਦਾ ਸਹਾਰਾ ਲੱਭਦਾ ਹੈ।

ਹਰ ਧਰਮ ਦਾ ਆਪੋ-ਆਪਣਾ ਧਰਮ ਗ੍ਰੰਥ ਹੈ ਜਿਸਦੀ ਕੋਈ ਨਾ ਕੋਈ ਵਿਸ਼ੇਸ਼ਤਾ ਹੈ। ਸਿੱਖ ਧਰਮ ਦੁਨੀਆ ਦੇ ਧਰਮਾਂ ਵਿਚੋਂ ਸਭ ਤੋਂ ਨਵੀਨ ਰੂਪ ਵਿਚ ਪ੍ਰਗਟ ਹੋਇਆ ਹੈ। ਇਨ੍ਹਾਂ ਦੇ ਧਰਮ ਗ੍ਰੰਥ ਨੂੰ ਇਸ ਧਰਮ ਦੇ ਬਾਨੀਆਂ ਨੇ ਆਪ ਸੰਕਲਿਤ ਅਤੇ ਸੰਪੂਰਨ ਕਰਕੇ ਇਸਨੂੰ 'ਗੁਰੂ' ਦਾ ਦਰਜਾ ਦਿੱਤਾ ਜਿਸ ਕਾਰਨ ਇਸ ਦੀ ਰਚਨਾ ਅਤੇ ਹੋਂਦ ਸੰਦੇਹ-ਮੁਕਤ ਹੈ। ਇਸ ਧਰਮ-ਗ੍ਰੰਥ ਦੀ ਗੁਰਤਾ-ਗੱਦੀ ਦੀ ਤੀਜੀ ਸ਼ਤਾਬਦੀ ਵਜੋਂ ਇਸ ਵਰ੍ਹੇ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁਖ ਸੁਰ ਅਧਿਆਤਮਿਕ ਹੈ ਜਿਸ ਵਿਚ ਦੁਰਗੁਣਾਂ ਤੇ ਕਾਬੂ ਪਾ ਕੇ ਸਦਗੁਣਾਂ ਨੂੰ ਪ੍ਰਫੁਲਿਤ ਕਰਨ ਦਾ ਮਾਰਗ ਦਰਸਾਇਆ ਗਿਆ ਹੈ। ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਤ੍ਰਿਵੇਣੀ ਸਿਧਾਂਤ ਦੁਆਲੇ ਸੰਪੂਰਨ ਜੀਵਨਜਾਚ ਦਾ ਪ੍ਰਗਟਾਵਾ ਕਰਨ ਵਾਲਾ ਇਹ ਧਰਮ ਗ੍ਰੰਥ ਜਿੱਥੇ ਮਾਨਵਤਾ ਦੀ ਅਗਵਾਈ ਕਰਦਾ ਹੈ ਉਥੇ ਸਮੁੱਚੀ ਮਨੁੱਖਤਾ ਨੂੰ ਇਕ ਸੂਤਰ ਵਿਚ ਪਰੋਣ ਦਾ ਕਾਰਜ ਕਰਦਾ ਹੈ। ਇਸ ਧਰਮ ਗ੍ਰੰਥ ਵਿਚ ਉਹ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ ਜੋ ਕਿ ਮਨੁੱਖ ਨੂੰ ਬਹੁ-ਕੌਮੀ, ਬਹੁ-ਜਾਤੀ, ਬਹੁ-ਸੱਭਿਆਚਾਰਕ ਸਮਾਜ ਵਿਚ ਜੀਵਨ ਬਸਰ ਕਰਨ ਅਤੇ ਹਰ ਇਕ ਨਾਲ ਪ੍ਰੇਮ ਅਤੇ ਭਾਈਚਾਰੇ ਵਾਲੇ ਸੰਬੰਧ ਕਾਇਮ ਕਰਨ ਦਾ ਮਾਰਗ ਦਰਸਾਉਂਦੀਆਂ ਹਨ। ਸਮਾਜ ਵਿਚ ਰਹਿੰਦੇ ਹੋਏ ਵਿਭਿੰਨ ਵਰਗਾਂ ਨਾਲ ਰਹਿਣ ਅਤੇ ਉਨ੍ਹਾਂ ਨਾਲ ਸਾਂਝ ਕਾਇਮ ਕਰਨ ਲਈ ਸ੍ਰੇਸ਼ਟ ਗੁਣ ਧਾਰਨ ਕਰਨੇ ਪੈਂਦੇ ਹਨ ਜਿਵੇਂ ਸਤਿ, ਸੰਤੋਖ, ਦਇਆ, ਧਰਮ, ਸਹਿਜ, ਸੰਜਮ ਅਤੇ ਸਹਿਨਸ਼ੀਲਤਾ ਆਦਿ। ਇਨ੍ਹਾਂ ਵਿਚੋਂ ਸਹਿਨਸ਼ੀਲਤਾ ਇਕ ਅਜਿਹਾ ਗੁਣ ਹੈ ਜੋ ਕਿ ਵਿਚਾਰਧਾਰਕ ਵੱਖਰੇਵਾਂ ਹੁੰਦੇ ਹੋਏ ਵੀ ਦੂਜਿਆਂ ਦੀ ਹੋਂਦ ਨੂੰ ਪ੍ਰਵਾਨ ਕਰਨ

ਅਤੇ ਉਨ੍ਹਾਂ ਨਾਲ ਸਹਿਹੋਂਦ ਕਾਇਮ ਕਰਨ ਤੇ ਜ਼ੋਰ ਦਿੰਦਾ ਹੈ। ਸਹਿਨਸ਼ੀਲਤਾ ਅਸਹਿਨਸ਼ੀਲਤਾ ਦਾ ਵਿਰੋਧੀ ਸ਼ਬਦ ਹੈ। ਅਸਹਿਨਸ਼ੀਲਤਾ ਨੂੰ ਘੱਟ ਜਾਂ ਕਾਬੂ ਕਰਨ ਲਈ ਸਹਿਨਸ਼ੀਲਤਾ ਦੀ ਭਾਵਨਾ ਦਾ ਪ੍ਰਫੁਲਿਤ ਹੋਣਾ ਲਾਜ਼ਮੀ ਹੈ। ਸਹਿਨਸ਼ੀਲਤਾ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਅਸਹਿਨਸ਼ੀਲਤਾ ਦੇ ਪ੍ਰਮੁਖ ਕਾਰਨਾਂ ਬਾਰੇ ਜਾਣਨਾ ਯੋਗ ਹੋਵੇਗਾ:

1. ਜਦੋਂ ਇਕ ਧਰਮ ਦੇ ਪੈਰੋਕਾਰ ਆਪਣੇ ਧਰਮ ਨੂੰ ਦੂਜਿਆਂ ਤੋਂ ਸ੍ਰੇਸ਼ਟ ਦਰਸਾਉਣ ਦਾ ਯਤਨ ਕਰਦੇ ਹੋਏ ਦੂਜਿਆਂ ਨੂੰ ਮਾੜਾ ਜਾਂ ਘਟੀਆ ਕਹਿਣਾ ਆਰੰਭ ਕਰ ਦਿੰਦੇ ਹਨ।
2. ਰਾਜ ਧਰਮ ਨੂੰ ਫੈਲਾਉਣ ਲਈ ਜਦੋਂ ਰਾਜਾ ਸਾਮ, ਦਾਮ, ਦੰਡ, ਭੇਦ ਦੀ ਨੀਤੀ ਅਨੁਸਾਰ ਦੂਜਿਆਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕਰਦਾ ਹੈ।
3. ਧਾਰਮਿਕ ਅਨੇਕਤਾ ਵਿਚ ਏਕਤਾ ਦੇ ਸਥਾਨ ਤੇ ਜੇਕਰ ਅਨੇਕਰੂਪਤਾ ਨੂੰ ਧਾਰਮਿਕ ਏਕਰੂਪਤਾ ਵਿਚ ਬੰਨਣ ਦਾ ਯਤਨ ਕੀਤਾ ਜਾਵੇ ਤਾਂ ਅਸਹਿਨਸ਼ੀਲਤਾ ਦੀ ਭਾਵਨਾ ਪੈਦਾ ਹੁੰਦੀ ਹੈ।
4. ਕਿਸੇ ਦੂਜੇ ਧਰਮ ਦੇ ਧਰਮ-ਗ੍ਰੰਥ ਅਤੇ ਉਨ੍ਹਾਂ ਦੇ ਮਹਾਂਪੁਰਖਾਂ ਦੀ ਆਲੋਚਨਾ ਅਸਹਿਨਸ਼ੀਲਤਾ ਪੈਦਾ ਕਰਨ ਦਾ ਕਾਰਜ ਕਰਦੀ ਹੈ, ਜਿਵੇਂ ਕੁਝ ਸਮਾਂ ਪਹਿਲਾਂ ਇਸਲਾਮ ਦੇ ਪੈਗੰਬਰ ਮੁਹੰਮਦ ਸਾਹਿਬ ਦਾ ਇਕ ਕਾਰਟੂਨ ਅਖਬਾਰ ਵਿਚ ਛਪਿਆ ਜਿਸਨੇ ਸਮੁੱਚੇ ਮੁਸਲਿਮ ਭਾਈਚਾਰੇ ਵਿਚ ਅਸੰਤੋਸ਼ ਦੀ ਭਾਵਨਾ ਪੈਦਾ ਕਰ ਦਿੱਤੀ।
5. ਜਦੋਂ ਬਹੁ-ਗਿਣਤੀ ਲੋਕ ਰਾਜਸੱਤਾ ਤੇ ਕਾਬਜ਼ ਹੋ ਕੇ ਘੱਟ-ਗਿਣਤੀਆਂ ਨਾਲ ਵਿਤਕਰਾ ਆਰੰਭ ਕਰ ਦੇਣ ਅਤੇ ਘੱਟ-ਗਿਣਤੀ ਲੋਕਾਂ ਨੂੰ ਛੋਟੀਆਂ-ਛੋਟੀਆਂ ਹੱਕੀ-ਮੰਗਾਂ ਲਈ ਵੱਡੇ ਸੰਘਰਸ਼ ਕਰਨੇ ਪੈਣ ਤਾਂ ਉਨ੍ਹਾਂ ਦੇ ਮਨ ਵਿਚ ਬੇਗਾਨਗੀ ਦੀ ਭਾਵਨਾ ਦਾ ਪੈਦਾ ਹੋਣਾ ਲਾਜ਼ਮੀ ਹੈ।
6. ਭਾਰਤ ਵਰਗੇ ਬਹੁ-ਕੌਮੀ ਦੇਸ ਵਿਚ ਰਾਜਨੇਤਾ ਵੋਟ ਬੈਂਕ ਕਾਇਮ ਰੱਖਣ ਅਤੇ ਇਸ ਵਿਚ ਲਗਾਤਾਰ ਵਾਧੇ ਦਾ ਯਤਨ ਕਰਦੇ ਹਨ। ਧਰਮ ਮਨੁੱਖੀ ਜੀਵਨਜਾਚ ਦਾ ਅਟੁੱਟ ਅੰਗ ਹੈ। ਆਪਣੇ ਉਦੇਸ਼ ਦੀ ਪ੍ਰਾਪਤੀ ਅਤੇ ਪੂਰਤੀ ਲਈ ਜਦੋਂ ਰਾਜਨੇਤਾ ਧਰਮ ਦੇ ਨਾਂ ਉਤੇ ਰਾਜਨੀਤੀ ਕਰਦੇ ਹਨ ਤਾਂ ਕਈ ਤਰ੍ਹਾਂ ਦੇ ਧਾਰਮਿਕ ਅਤੇ ਖੇਤਰੀ ਮਸਲੇ ਖੜ੍ਹੇ ਹੋ ਜਾਂਦੇ ਹਨ। ਆਪਣੇ ਹੱਕਾਂ ਦੀ ਰਾਖੀ ਲਈ ਰੋਸ ਜਾਹਰ ਕਰਨਾ ਜਾਇਜ਼ ਹੈ ਪਰ ਇਸ ਨੂੰ ਫਿਰਕੂ ਹਵਾ ਦੇਣਾ ਖਤਰਨਾਕ ਸਾਬਿਤ ਹੋ ਸਕਦਾ ਹੈ।
7. ਧਰਮ ਦੇ ਪ੍ਰਚਾਰਕ ਜਾਂ ਮਿਸ਼ਨਰੀ ਆਪਣੇ ਧਰਮ ਨੂੰ ਫੈਲਾਉਣ ਲਈ ਕਈ ਢੰਗ-ਤਰੀਕੇ ਵਰਤਦੇ ਹਨ। ਕਈ ਵਾਰ ਉਹ ਤਰੀਕਾ ਉਥੇ ਹੀ ਵਸਣ ਵਾਲੇ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਯੋਗ ਨਹੀਂ ਲੱਗਦਾ ਜਿਸ ਕਾਰਨ ਦੋ ਸੰਪਰਦਾਵਾਂ ਵਿਚ ਧਾਰਮਿਕ ਅਸਹਿਨਸ਼ਲਿਤਾ ਦੀ ਭਾਵਨਾ ਉਜਾਗਰ ਹੋਣਾ ਸੁਭਾਵਕ ਹੈ।

ਅਸਹਿਨਸ਼ੀਲਤਾ ਦੀ ਭਾਵਨਾ ਮੂਲ ਰੂਪ ਵਿਚ ਹਉਂਮੈ ਕਾਰਨ ਪੈਦਾ ਹੁੰਦੀ ਹੈ

ਜਿਸ ਦੇ ਪ੍ਰਭਾਵ ਕਾਰਨ ਉਕਤ ਸਮੱਸਿਆਵਾਂ ਉਜਾਗਰ ਹੁੰਦੀਆਂ ਹਨ। ਧਰਮ ਗ੍ਰੰਥ ਦੀ ਸਿੱਖਿਆ ਤੇ ਚੱਲ ਕੇ ਹਉਮੈ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਕਰਕੇ ਸਮਾਜ ਵਿਚ ਜਦੋਂ ਅਸਹਿਨਸ਼ੀਲਤਾ ਦੀ ਭਾਵਨਾ ਉਜਾਗਰ ਹੁੰਦੀ ਹੈ ਤਾਂ ਲੋਕਾਂ ਦਾ ਧਿਆਨ ਆਪਣੇ ਧਰਮ ਗ੍ਰੰਥ ਵੱਲ ਮੁੜਦਾ ਹੈ। ਮਨੁੱਖ ਆਪਣੇ ਜੀਵਨ ਦੀ ਹਰ ਔਖ-ਸੌਖ ਸਮੇਂ ਆਪਣੇ ਧਰਮ-ਗ੍ਰੰਥ ਦਾ ਸਹਾਰਾ ਲੈਂਦਾ ਹੈ ਅਤੇ ਪੈਦਾ ਹੋਏ ਮਸਲਿਆਂ ਦਾ ਹੱਲ ਇਸ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਕ ਸਿੱਖ ਅਜਿਹੇ ਸਮੇਂ ਆਪਣੇ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਵੱਲ ਮੁੜਦਾ ਹੈ ਅਤੇ ਇਸ ਤੋਂ ਜੀਵਨ-ਦਰਸ਼ਨ ਹਾਸਲ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਭਾਵਨਾ ਹਉਮੈ ਨੂੰ ਕਾਬੂ ਕਰਕੇ ਪਰਮਾਤਮਾ ਪ੍ਰਤੀ ਖਿੱਚ ਪੈਦਾ ਕਰਨ ਦਾ ਯਤਨ ਕਰਦੀ ਹੈ ਜਿਸਨੂੰ ਸ੍ਰਿਸ਼ਟੀ ਦਾ ਕਰਤਾ, ਭਰਤਾ ਅਤੇ ਹਰਤਾ ਮੰਨਿਆ ਜਾਂਦਾ ਹੈ। ਪਰਮਾਤਮਾ ਸ੍ਰਿਸ਼ਟੀ ਦੇ ਹਰ ਤੱਤ ਅਤੇ ਜ਼ਰ੍ਹੇ-ਜ਼ਰ੍ਹੇ ਵਿਚ ਮੌਜੂਦ ਹੈ। ਪਰਮਾਤਮਾ ਤੋਂ ਪੈਦਾ ਹੋਏ ਤੱਤਾਂ ਨਾਲ ਮਨੁੱਖ ਦੀ ਸਿਰਜਣਾ ਹੋਈ ਹੈ। ਇਸ ਕਰਕੇ ਪ੍ਰਕ੍ਰਿਤੀ ਦੇ ਤੱਤਾਂ ਵਿਚ ਜੋ ਗੁਣ ਵਿਦਮਾਨ ਹਨ ਉਹ ਮਨੁੱਖੀ ਜੀਵਨ ਦਾ ਹਿੱਸਾ ਵੀ ਆਪਣੇ ਆਪ ਬਣ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਸਹਿਨਸ਼ੀਲਤਾ ਅਤੇ ਖਿਮਾ ਨੂੰ ਪ੍ਰਕ੍ਰਿਤੀ ਦੇ ਇਨ੍ਹਾਂ ਤੱਤਾਂ ਵਿਚ ਰਮਿਆ ਹੋਇਆ ਮੰਨਦੇ ਹੋਏ ਦੱਸਦੇ ਹਨ:

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ॥
ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ॥[1]

ਪ੍ਰਕ੍ਰਿਤੀ ਦੇ ਇਹ ਗੁਣ ਮਨੁੱਖ ਵਿਚ ਵੀ ਮੌਜੂਦ ਹਨ। ਬਾਬਾ ਫ਼ਰੀਦ ਜੀ ਇਨ੍ਹਾਂ ਵਿਚੋਂ ਸਹਿਨਸ਼ੀਲਤਾ ਦਾ ਗੁਣ ਉਜਾਗਰ ਕਰਨ ਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ:

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥[2]

ਦੁਨੀਆ ਵਿਚ ਜਿੰਨ੍ਹੇ ਵੀ ਧਰਮ ਪੈਦਾ ਹੋਏ ਹਨ, ਸਭ ਨੈਤਿਕ ਨਿਯਮਾਂ ਅਤੇ ਸਦਾਚਾਰਕ ਗੁਣਾਂ ਦਾ ਪ੍ਰਗਟਾਵਾ ਕਰਦੇ ਹਨ। ਜੈਨ ਧਰਮ ਵਿਚ ਧਰਮ ਦੇ ਦਸ ਲੱਛਣ ਮੰਨੇ ਗਏ ਹਨ - ਖਿਮਾ, ਮ੍ਰਿਦਤਾ (ਮਿੱਠੀ ਬਾਣੀ ਬੋਲੋ), ਰਿਜੁਤਾ (ਸਰਲਤਾ), ਸ਼ੋਚ (ਪਵਿੱਤਰਤਾ), ਲਘੁਤਾ (ਨਿਵ ਕੇ ਰਹੋ), ਸਚਿਆਰ, ਤਪ, ਬ੍ਰਹਮਚਰਯ, ਤਿਆਗ, ਅਕਿੰਚਨਯ (ਕਿਸੇ ਵੀ ਵਸਤੂ ਤੇ ਆਪਣਾ ਅਧਿਕਾਰ ਨਾ ਸਮਝੋ)। ਬੁੱਧ ਧਰਮ ਚਾਰ ਅਸੀਮ ਸਦਗੁਣਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ ਬ੍ਰਹਮ (ਅਨੰਦ) ਵਿਹਾਰ ਕਿਹਾ ਜਾਂਦਾ ਹੈ - ਮੈਤ੍ਰੀ, ਕਰੁਣਾ, ਮੁਦਿੱਤਾ, ਉਪੇਕਸ਼ਾ। ਇਹ ਸਭ ਮਨੁੱਖ ਨੂੰ ਸਹਿਨਸ਼ੀਲ ਬਣਾਉਂਦੇ ਹਨ। ਇਨ੍ਹਾਂ ਗੁਣਾਂ ਦੇ ਸੰਚਾਰ ਲਈ ਬੁੱਧ ਧਰਮ ਵਿਚ ਧਰਮ ਦੇ ਅੱਠ ਅੰਗਾਂ ਦਾ ਵਰਨਨ ਕੀਤਾ ਮਿਲਦਾ ਹੈ - ਸੱਚਾ ਵਿਸ਼ਵਾਸ, ਸੱਚਾ ਵਿਚਾਰ, ਸੱਚਾ ਕਰਮ, ਸੱਚਾ ਵਾਕ, ਸੱਚਾ ਜੀਵਨ, ਸੱਚਾ ਯਤਨ, ਸੱਚਾ ਚਿੰਤਨ ਅਤੇ ਸੱਚਾ ਧਿਆਨ। ਏਸੇ ਤਰ੍ਹਾਂ ਮਨੂ ਸਿਮ੍ਰਿਤੀ ਵਿਚ ਧਰਮ ਦੇ ਦਸ ਗੁਣਾਂ ਦਾ ਵਰਨਨ ਕੀਤਾ ਗਿਆ ਹੈ - ਸਬਰ-ਸੰਤੋਖ, ਖਿਮਾ, ਮਨ ਮਾਰਨਾ, ਚੋਰੀ ਨਾ ਕਰਨਾ, ਪਵਿੱਤਰਤਾ, ਇੰਦ੍ਰੀਆਂ ਤੇ ਕਾਬੂ, ਗਿਆਨ, ਵਿਦਿਆ, ਸੱਚ ਅਤੇ ਕ੍ਰੋਧ ਦਾ ਤਿਆਗ।[3]

ਜਦੋਂ ਗੁਰੂ ਨਾਨਕ ਦੇਵ ਜੀ ਦਾ ਇਸ ਧਰਤੀ ਤੇ ਆਗਮਨ ਹੋਇਆ ਤਾਂ ਧਰਮ ਦੇ

ਸਾਰੇ ਗੁਣ ਅਲੋਪ ਹੋ ਚੁੱਕੇ ਸਨ ਜਿਸ ਦਾ ਜ਼ਿਕਰ ਗੁਰੂ ਸਾਹਿਬ ਆਪਣੀ ਬਾਣੀ ਵਿਚ ਕਰਦੇ ਹੋਏ ਦੱਸਦੇ ਹਨ:

ਸਰਮ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।[4]
ਸਰਮ ਧਰਮ ਕਾ ਡੇਰਾ ਦੂਰਿ।। ਨਾਨਕ ਕੂੜੁ ਰਹਿਆ ਭਰਪੂਰਿ।।[5]

ਧਰਮ ਦੀ ਹਾਨੀ ਮਨੁੱਖੀ ਜੀਵਨ ਵਿਚੋਂ ਸਦਾਚਾਰ ਦੇ ਮਨਫੀ ਹੋਣ ਦੀ ਨਿਸ਼ਾਨੀ ਹੈ। ਸਮਾਜ ਸਮਾਜਿਕ ਬੁਰਾਈਆਂ ਨਾਲ ਭਾਰੂ ਹੋ ਜਾਂਦਾ ਹੈ ਅਤੇ ਆਮ ਮਨੁੱਖ ਦੇ ਜੀਵਨ ਵਿਚੋਂ ਅਣਖ ਤੇ ਸਵੈਮਾਨ ਦਾ ਖਾਤਮਾ ਹੋ ਜਾਂਦਾ ਹੈ ਜਿਸ ਕਾਰਨ ਉਸ ਦੀ ਸਥਿਤੀ ਉਨ੍ਹਾਂ ਪਸ਼ੂਆਂ ਵਾਂਗ ਹੋ ਜਾਂਦੀ ਹੈ ਜਿਨ੍ਹਾਂ ਨੂੰ ਜਿਹੜਾ ਮਰਜੀ ਜਿਧਰ ਨੂੰ ਲੈ ਜਾਵੇ, ਉਹ ਵਿਰੋਧ ਕਰਨ ਵਿਚ ਅਸਮਰੱਥ ਹੁੰਦੇ ਹਨ। ਏਸੇ ਕਰਕੇ ਇਸ ਧਰਤੀ ਤੇ ਹਮਲਾਵਰ ਆਉਂਦੇ ਰਹੇ ਅਤੇ ਸਮਾਂ ਪਾ ਕੇ ਉਨ੍ਹਾਂ ਏਥੇ ਆਪਣਾ ਰਾਜ ਸਥਾਪਤ ਕਰ ਲਿਆ। ਰਾਜ ਸਥਾਪਤ ਕਰਨ ਵਾਲੇ ਹਮਲਾਵਰਾਂ ਦਾ ਰਾਜ-ਧਰਮ ਇਸਲਾਮ ਸੀ ਇਸ ਕਰਕੇ ਜਦੋਂ ਉਹ ਏਥੇ ਰਾਜ-ਧਰਮ ਨੂੰ ਫੈਲਾਉਣ ਦਾ ਯਤਨ ਕਰਨ ਲੱਗੇ ਤਾਂ ਉਨ੍ਹਾਂ ਦੀ ਅਤੇ ਇਸਲਾਮ ਨੂੰ ਮੰਨਣ ਵਾਲੇ ਜਨ-ਸਧਾਰਨ ਦੀ ਦੂਜੇ ਧਰਮ ਦੇ ਪੈਰੋਕਾਰਾਂ ਨਾਲ ਖਿੱਚੋਤਾਣ ਵਧਣ ਲੱਗੀ ਜਿਸ ਦਾ ਵਰਨਨ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ:

ਚਾਰਿ ਵਰਨਿ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ।।
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮ੍ਣਿ ਮਉਲਾਣੇ।।[6]

ਇਨ੍ਹਾਂ ਪੰਕਤੀਆਂ ਵਿਚ ਭਾਈ ਸਾਹਿਬ ਸਮਾਜ ਦੀ ਧਾਰਮਿਕ ਅਤੇ ਸਮਾਜਿਕ ਸਥਿਤੀ ਦਾ ਵਿਖਿਆਨ ਕਰਦੇ ਹੋਏ ਦੱਸਦੇ ਹਨ ਕਿ ਸਮਾਜ ਦੀਆਂ ਪ੍ਰਮੁਖ ਧਾਰਮਿਕ ਸੰਪਰਦਾਵਾਂ ਆਪੋ-ਆਪਣੇ ਧਰਮ ਗ੍ਰੰਥ ਦੀਆਂ ਸਿੱਖਿਆਵਾਂ ਨੂੰ ਭੁਲਾ ਕੇ ਲਾਲਚ-ਮੁਖੀ ਬਿਰਤੀ ਦੀਆਂ ਧਾਰਨੀ ਹੋ ਗਈਆਂ ਸਨ ਜਿਸ ਨਾਲ ਸਮਾਜ ਵਿਚੋਂ ਸੱਚ ਦੀ ਅਣਹੋਂਦ ਅਤੇ ਅਸਹਿਨਸ਼ੀਲਤਾ ਦੀ ਭਾਵਨਾ ਸਪਸ਼ਟ ਨਜ਼ਰ ਆਉਂਦੀ ਹੈ।

ਸਮਾਜ ਦੇ ਦੋਵੇਂ ਪ੍ਰਮੁਖ ਵਰਗਾਂ ਵਿਚ ਪੈਦਾ ਹੋਏ ਟਕਰਾਉ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਜੀਵਨ ਵਿਕਾਸ ਦਾ ਜੋ ਮਾਰਗ ਦਿਖਾਇਆ ਉਸ ਵਿਚੋਂ ਪ੍ਰੇਮ, ਭਾਈਚਾਰੇ, ਸਵੈਮਾਨ, ਖਿਮਾ, ਦਇਆ, ਸਹਿਨਸ਼ੀਲਤਾ ਆਦਿ ਭਾਵਨਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਧਾਰਮਿਕ ਸਹਿਨਸ਼ੀਲਤਾ ਇਕ ਅਜਿਹਾ ਗੁਣ ਹੈ ਜੋ ਕਿ ਸਮਾਜ ਨੂੰ ਵੈਰ-ਵਿਰੋਧ, ਈਰਖਾ, ਦਵੈਖ ਆਦਿ ਤੋਂ ਬਚਾਉਂਦਾ ਹੈ।

ਧਾਰਮਿਕ ਸਹਿਨਸ਼ੀਲਤਾ ਦਾ ਭਾਵ ਹੈ ਕਿ ਉਨ੍ਹਾਂ ਨਾਲ ਭੇਦਭਾਵ ਨਾ ਕਰੋ ਜਿਨ੍ਹਾਂ ਦੇ ਧਾਰਮਿਕ ਵਿਸ਼ਵਾਸ ਨਾਲ ਤੁਸੀਂ ਸਹਿਮਤ ਨਹੀਂ ਹੋ। ਸਿੱਖ ਗੁਰੂ ਸਾਹਿਬਾਨ ਨੇ ਇਕ ਕਦਮ ਹੋਰ ਅੱਗੇ ਵਧਦੇ ਹੋਏ ਦੂਜਿਆਂ ਦੇ ਵਿਸ਼ਵਾਸ ਪ੍ਰਤੀ ਸਹਿਨਸ਼ੀਲਤਾ ਦੀ

ਭਾਵਨਾ ਹੀ ਪ੍ਰਗਟ ਕੀਤੀ ਬਲਕਿ ਉਨ੍ਹਾਂ ਦੁਆਰਾ ਪ੍ਰਗਟ ਕੀਤੇ ਸੱਚ ਨੂੰ ਪ੍ਰਵਾਨ ਕਰਨਾ ਵੀ ਕੀਤਾ ਹੈ। ਏਸੇ ਭਾਵਨਾ ਨੂੰ ਉਜਾਗਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਉਨ੍ਹਾਂ ਭਗਤਾਂ ਦੀ ਬਾਣੀ ਇਕੱਤਰ ਕੀਤੀ ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਸੱਚ ਦਾ ਪ੍ਰਗਟਾਵਾ ਕੀਤਾ ਸੀ। ਇਹ ਬਾਣੀ ਉਨ੍ਹਾਂ ਆਪਣੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ, ਜਿਨ੍ਹਾਂ ਇਸ ਵਿਚ ਆਪਣੀ ਬਾਣੀ ਸ਼ਾਮਲ ਕਰਕੇ ਇਸਨੂੰ ਆਪਣੇ ਉਤਰਾਧਿਕਾਰੀ ਦੇ ਸਪੁਰਦ ਕਰ ਦਿੱਤਾ। ਇਹ ਬਾਣੀ ਉੱਚਤਮ ਅਧਿਆਤਮਿਕ ਵਿਚਾਰਾਂ ਨਾਲ ਭਰਪੂਰ ਹੁੰਦੀ ਗਈ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਹਰ ਗੁਰੂ ਸਾਹਿਬਾਨ ਨੇ ਆਪਣੇ ਅਨਮੋਲ ਵਚਨਾਂ ਨੂੰ ਇਸ ਵਿਚ ਸ਼ਾਮਲ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਦੀ ਸੰਪਾਦਨਾ ਕਰ ਕੇ ਆਪਣੇ ਤੋਂ ਉੱਚੀ ਥਾਂ ਤੇ ਇਸ ਦਾ ਪ੍ਰਕਾਸ਼ ਕੀਤਾ ਅਤੇ ਇਸਨੂੰ ਮੱਥਾ ਟੇਕਿਆ। ਇਸ ਵਿਚ ਸ਼ਾਮਲ ਗੁਰੂ ਸਾਹਿਬਾਨ, ਸਮੂਹ ਭਗਤਾਂ, ਭੱਟਾਂ ਅਤੇ ਗੁਰੂ ਦੇ ਸਿੱਖਾਂ ਦੀ ਬਾਣੀ ਨੂੰ ਇਕੋ ਜਿਹਾ ਸਤਿਕਾਰ ਦਿੱਤਾ। ਵੱਖ-ਵੱਖ ਰੰਗਾਂ, ਨਸਲਾਂ, ਜਾਤਾਂ, ਧਾਰਮਿਕ ਅਕੀਦਿਆਂ ਅਤੇ ਭੂਗੋਲਿਕ ਖਿਤਿਆਂ ਨਾਲ ਸੰਬੰਧ ਰੱਖਣ ਵਾਲੇ ਮਹਾਂਪੁਰਖਾਂ ਦੀ ਬਾਣੀ ਨੂੰ ਸਮੂਹਿਕ ਤੌਰ 'ਤੇ 'ਧੁਰ ਕੀ ਬਾਣੀ', 'ਖਸਮ ਕੀ ਬਾਣੀ' ਦਾ ਸਾਂਝਾ ਰੁਤਬਾ ਦਿੱਤਾ ਜੋ ਕਿ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਨੇ ਸੱਚ ਨੂੰ ਕਿਸੇ ਵੀ ਭਾਸ਼ਾ ਜਾਂ ਖਿੱਤੇ ਤੱਕ ਸੀਮਿਤ ਰੱਖਣ ਦੇ ਸਥਾਨ ਤੇ ਇਸ ਨੂੰ ਸਰਬ ਸਾਂਝੇ ਰੂਪ ਵਿਚ ਮਾਨਵਤਾ ਦੇ ਕਲਿਆਣ ਹਿੱਤ ਪ੍ਰਗਟ ਕੀਤਾ ਜਿਸ ਦੀ ਮਿਸਾਲ ਦੁਨੀਆ ਵਿਚ ਹੋਰ ਕਿਧਰੇ ਵਿਖਾਈ ਨਹੀਂ ਦਿੰਦੀ।

ਡਿਕਸ਼ਨਰੀ ਵਿਚ Secularism ਦੀ ਪਰਿਭਾਸ਼ਾ ਕਰਦੇ ਹੋਏ ਦੱਸਿਆ ਗਿਆ ਹੈ ਕਿ Secularism is the secular spirit or tendency especially a system of political or social philosophy that rejects all forms of religious faith and worship.[7] Secularism ਦੀ ਇਸ ਪਰਿਭਾਸ਼ਾ ਨੇ Equal disrespect to all the religious traditions ਦੀ ਭਾਵਨਾ ਨੂੰ ਜਨਮ ਦਿੱਤਾ ਹੈ। ਏਸੇ ਪਰਿਭਾਸ਼ਾ ਅਨੁਸਾਰ ਫਰਾਂਸ ਦੀ ਸਰਕਾਰ ਨੇ ਸਭ ਧਰਮਾਂ ਦੇ ਪੈਰੋਕਾਰਾਂ ਨੂੰ ਧਾਰਮਿਕ ਚਿੰਨ੍ਹ ਪਹਿਨਣ ਦੀ ਮਨਾਹੀ ਕਰ ਦਿੱਤੀ ਜਿਸ ਨਾਲ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਵਿਸ਼ਵਾਸੀਆਂ ਨੂੰ ਧਾਰਮਿਕ ਠੇਸ ਪਹੁੰਚੀ। ਧਾਰਮਿਕ ਵਿਸ਼ਵਾਸੀਆਂ ਅਨੁਸਾਰ ਇਹ ਫਰਾਂਸ ਦੀ ਧਾਰਮਿਕ ਅਸਹਿਨਸ਼ੀਲਤਾ ਦਾ ਪ੍ਰਗਟਾਵਾ ਹੈ। ਇਸ ਦੇ ਵਿਪਰੀਤ ਭਾਰਤ ਵਿਚ Secularism ਦੀ ਪਰਿਭਾਸ਼ਾ ਕਰਦੇ ਹੋਏ ਕਿਹਾ ਗਿਆ ਹੈ ਕਿ Equal respect for all the religious traditions. 1961 ਵਿਚ ਭਾਰਤ ਦੇ ਉਪ-ਰਾਸ਼ਟਰਪਤੀ ਪਦ ਤੇ ਬਿਰਾਜਮਾਨ ਡਾ. ਰਾਧਾਕ੍ਰਿਸ਼ਨਨ ਨੇ ਭਾਰਤੀ ਧਰਮ ਨਿਰਪੇਖਤਾ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ, I want to state authoritatively that secularism does not mean irreligion. It means we respect all faiths and religions. Our state does not identify itself with any particular religion.[8] ਜੇਕਰ ਕੋਈ ਵਿਅਕਤੀ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਧਾਰਮਿਕ ਠੇਸ ਪਹੁੰਚਾਉਣ ਦਾ ਯਤਨ ਕਰੇ ਤਾਂ

ਉਹ ਭਾਰਤੀ ਕਾਨੂੰਨ ਅਨੁਸਾਰ ਸਜਾ ਦਾ ਹੱਕਦਾਰ ਹੈ। ਭਾਰਤ ਵਿਚ ਸਭ ਧਰਮਾਂ ਦੀ ਧਾਰਮਿਕ ਹੋਂਦ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਧਰਮ ਦੇ ਆਧਾਰ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸਭ ਧਰਮਾਂ ਦਾ ਬਰਾਬਰ ਦਾ ਸਤਿਕਾਰ ਸਹਿਨਸ਼ੀਲਤਾ ਦੀ ਭਾਵਨਾ ਵਿਚੋਂ ਉਜਾਗਰ ਹੁੰਦਾ ਹੈ।

ਧਾਰਮਿਕ ਸਹਿਨਸ਼ੀਲਤਾ ਅਧਿਆਤਮਿਕ ਗਿਆਨ ਦਾ ਪ੍ਰਗਟਾਵਾ ਕਰਦੀ ਹੈ ਜਿਸ ਨਾਲ ਦੂਜੇ ਧਰਮਾਂ ਦੇ ਵਿਸ਼ਵਾਸ ਨੂੰ ਨੁਕਸਾਨ ਪਹੁੰਚਾਉਣ ਦੀ ਥਾਂ ਉਨ੍ਹਾਂ ਦਾ ਬਰਾਬਰ ਸਤਿਕਾਰ ਅਤੇ ਸਵੈਮਾਨ ਕਾਇਮ ਰੱਖਿਆ ਜਾਂਦਾ ਹੈ। ਸਿੱਖ ਧਰਮ ਵਿਚ ਧਾਰਮਿਕ ਸਹਿਨਸ਼ੀਲਤਾ ਦੀ ਉਦਾਹਰਣ ਇਸ ਤੋਂ ਇਕ ਕਦਮ ਹੋਰ ਅੱਗੇ ਲੈ ਕੇ ਜਾਂਦੀ ਹੈ ਜਿੱਥੇ ਦੂਜੇ ਧਰਮ ਪ੍ਰਤੀ ਅਪਣਾਈ ਅਸਹਿਨਸ਼ੀਲਤਾ ਦੀ ਨੀਤੀ ਨੂੰ ਨਕਾਰਿਆ ਗਿਆ ਹੈ। ਗੁਰੂ ਸਾਹਿਬਾਨ ਦਾ ਸੁਭਾਉ ਸਹਿਨਸ਼ੀਲਤਾ ਅਤੇ ਬਰਾਬਰੀ ਦੇ ਨਾਲ-ਨਾਲ ਦੂਜਿਆਂ ਦੀ ਹੋਂਦ ਨੂੰ ਪ੍ਰਵਾਨ ਕਰਨ ਅਤੇ ਉਸ ਨੂੰ ਬਚਾਉਣ ਦੀ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬਾਨ ਵਿਚ ਸਹਿਨਸ਼ੀਲਤਾ ਦੇ ਗੁਣ ਦਾ ਵਿਖਿਆਨ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ:

ਜੈਸੇ ਦਰਪਨ ਸੂਧੋ ਸੁਧ ਮੁਖ ਦੇਖੀਅਤ ਉਲਟ ਕੈ ਦੇਖੈ ਮੁਖ ਦੁਖੀਐ ਭਇਆਨ ਸੋ।
ਮਧੁਰ ਬਚਨ ਤਾਹੀ ਰਸਨਾ ਮੈ ਪਯਾਰੋ ਲਾਗੈ ਕੌਰਕ ਸਬਦ ਸੁਨ ਲਾਗੈ ਉਰ ਬਾਨ ਸੋ।
ਜੈਸੇ ਦਾਨੋ ਖਾਤ ਗਾਤ ਪੁਸ਼੍ਰ ਮਿਸ਼੍ਰ ਸ੍ਵਾਦ ਮੁਖ ਪੋਸਤ ਕੈ ਪੀਏ ਦੁਖ ਬਯਾਪਤ ਮਸਾਨ ਸੋ।
ਤੈਸੇ ਭ੍ਰਿਤ ਨਿੰਦਕ ਸੁਭਾਵ ਚਕਈ ਚਕੋਰ ਸਤਿਗੁਰ ਸਮਤ ਸਹਨਸੀਲ ਭਾਨ ਸੋ।[8]

ਭਾਵ ਜਿਵੇਂ ਸ਼ੀਸ਼ਾ ਸਿੱਧਾ ਕਰਕੇ ਦੇਖੀਏ ਤਾਂ ਮੁਖ ਸਿੱਧਾ ਦਿਖਾਈ ਦਿੰਦਾ ਹੈ ਪਰ ਜੇਕਰ ਇਸਨੂੰ ਉਲਟਾ ਕੇ ਦੇਖੀਏ ਤਾਂ ਭਿਆਨਕ ਮੂੰਹ ਨਜ਼ਰ ਆਉਂਦਾ ਹੈ। ਰਸਨਾ ਤੋਂ ਬੋਲਿਆ ਮਿੱਠਾ ਬੋਲ ਪਿਆਰਾ ਲੱਗਦਾ ਹੈ ਪਰ ਉਸੇ ਰਸਨਾ ਤੋਂ ਕੌੜਾ ਬੋਲ ਹਿਰਦੇ ਵਿਚ ਤੀਰ ਸਮਾਨ ਲੱਗਦਾ ਹੈ। ਜਿਵੇਂ ਅਨਾਜ ਮਿੱਠਾ ਤੇ ਸਵਾਦ ਲੱਗਦਾ ਹੈ ਜਿਸ ਨੂੰ ਖਾ ਕੇ ਸਰੀਰ ਬਲਵਾਨ ਹੁੰਦਾ ਹੈ ਪਰ ਜੇਕਰ ਉਸੇ ਮੂੰਹ ਤੋਂ ਪੋਸਤ (ਨਸ਼ੇ) ਪੀਵੇ ਤਾਂ ਦੁਖੀ ਹੋ ਕੇ ਮਸਾਣਾਂ ਵਿਚ ਪੁੱਜਦਾ ਹੈ। ਏਸੇ ਤਰ੍ਹਾਂ 'ਦਾਸ ਸੁਭਾਅ' ਅਤੇ 'ਨਿੰਦਕ ਸੁਭਾਅ' ਦੋਵੇਂ ਚਕਵੀ ਤੇ ਚਕੋਰ ਵਾਂਗ ਹਨ (ਚਕਵੀ ਨੂੰ ਸੂਰਜ ਚੰਗਾ ਲੱਗਦਾ ਹੈ ਅਤੇ ਉਹ ਸੂਰਜ ਚੜ੍ਹਨ ਦਾ ਇੰਤਜਾਰ ਕਰਦੀ ਹੈ ਅਤੇ ਚਕੋਰ ਦੀ ਪ੍ਰੀਤ ਚੰਦਰਮਾ ਨਾਲ ਹੈ ਅਤੇ ਉਹ ਉਸ ਦੀ ਲੋਚਾ ਰੱਖਦੀ ਹੈ।) ਸੂਰਜ ਇਕ ਸਮਾਨ ਚੜ੍ਹਦਾ ਤੇ ਉਤਰਦਾ ਹੈ ਉਸਨੂੰ ਕਿਸੇ ਜੀਵ ਦੀ ਖਿੱਚ ਪ੍ਰਭਾਵਤ ਨਹੀਂ ਕਰ ਸਕਦੀ, ਏਸੇ ਤਰ੍ਹਾਂ ਸਤਿਗੁਰੂ ਜੀ ਸਹਿਨਸ਼ੀਲਤਾ ਵਿਚ ਸੂਰਜ ਸਮਾਨ ਹਨ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਮਨ ਵਿਚ ਸਹਿਨਸ਼ੀਲਤਾ ਅਤੇ ਖਿਮਾ ਦਾ ਗੁਣ ਉਜਾਗਰ ਕਰਕੇ ਲੋਕਾਈ ਨੂੰ ਉਸ ਦੀ ਕੈਦ ਵਿਚੋਂ ਰਿਹਾ ਕਰਵਾਇਆ। ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਹਮਾਯੂੰ ਲਾਹੌਰ ਨੂੰ ਭੱਜਿਆ ਜਾ ਰਿਹਾ ਸੀ ਤਾਂ ਰਾਹ ਵਿਚ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਨੂੰ ਆਇਆ। ਗੁਰੂ ਜੀ ਮੱਲ ਅਖਾੜੇ ਵਿਚ ਕੁਸ਼ਤੀਆਂ ਕਰਵਾ ਰਹੇ ਸਨ ਇਸ ਕਰਕੇ ਹਮਾਯੂੰ ਨੂੰ ਮਿਲਣ ਵਿਚ ਦੇਰੀ ਹੋ ਗਈ। ਜਦੋਂ ਗੁਰੂ ਜੀ ਉਸ ਕੋਲ ਆਏ ਤਾਂ ਕ੍ਰੋਧਿਤ ਹੋ ਕੇ ਉਸ ਨੇ ਆਪਣੀ ਤਲਵਾਰ ਕੱਢ ਲਈ। ਗੁਰੂ ਜੀ ਨੇ ਕਿਹਾ ਕਿ 'ਸ਼ੇਰ ਸ਼ਾਹ ਸੂਰੀ ਨਾਲ ਯੁੱਧ ਸਮੇਂ ਤੇਰੀ

ਤਲਵਾਰ ਕਿੱਥੇ ਸੀ ਕਿ ਹੁਣ ਇਹ ਫਕੀਰਾਂ ਨੂੰ ਵਿਖਾਉਣ ਲੱਗਾ ਹੈ।' ਗੁਰੂ ਜੀ ਦੇ ਵਚਨ ਸੁਣ ਕੇ ਹਮਾਯੂੰ ਸ਼ਰਮਿੰਦਾ ਅਤੇ ਸ਼ਾਂਤ ਹੋਇਆ; ਉਸਨੇ ਗੁਰੂ ਜੀ ਤੋਂ ਮਾਫੀ ਮੰਗੀ। ਗੁਰੂ ਅਮਰਦਾਸ ਜੀ ਨੂੰ 74 ਸਾਲ ਦੀ ਉਮਰ ਵਿਚ ਗੁਰਗੱਦੀ ਦੀ ਬਖ਼ਸ਼ਿਸ਼ ਹੋਈ ਅਤੇ ਉਹ ਗੋਇੰਦਵਾਲ ਵਿਖੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਗੁਰੂ ਅੰਗਦ ਦੇਵ ਜੀ ਦਾ ਪੁੱਤਰ ਦਾਤੂ ਕੁਝ ਸਾਥੀਆਂ ਸਮੇਤ ਗੋਇੰਦਵਾਲ ਆਇਆ ਅਤੇ ਉਸਨੇ ਈਰਖਾ ਅਤੇ ਗੁੱਸੇ ਵਿਚ ਭਰੇ-ਪੀਤੇ ਨੇ ਗੁਰੂ ਅਮਰਦਾਸ ਜੀ ਨੂੰ ਆਸਣ ਤੇ ਬੈਠਿਆਂ ਨੂੰ ਜ਼ੋਰ ਨਾਲ ਠੁੱਡ ਮਾਰ ਕੇ ਹੇਠਾਂ ਸੁੱਟ ਦਿੱਤਾ। ਇਸ ਤੋਂ ਪਹਿਲਾਂ ਕਿ ਉਥੇ ਮੌਜੂਦ ਸਿੱਖ ਕੋਈ ਪ੍ਰਤੀ-ਕਿਰਿਆ ਕਰਦੇ ਗੁਰੂ ਜੀ ਨੇ ਆਪਣੇ ਆਪ ਨੂੰ ਪਹਿਲਾਂ ਹੀ ਸੰਭਾਲਦੇ ਹੋਏ ਉਸ ਤੋਂ ਮਾਫੀ ਮੰਗਦੇ ਹੋਏ ਕਿਹਾ ਕਿ ਮੇਰੇ ਬਿਰਧ ਸਰੀਰ ਦੇ ਸਖਤ ਹੱਡਾਂ ਨਾਲ ਕਿਤੇ ਆਪ ਜੀ ਦੇ ਨਰਮ ਪੈਰਾਂ ਨੂੰ ਸੱਟ ਤਾਂ ਨਹੀਂ ਲੱਗੀ। ਸਤਿਗੁਰੂ ਜੀ ਦੇ ਮੁਖ ਤੋਂ ਅਜਿਹੇ ਨਿਮਰਤਾ ਭਰਪੂਰ ਵਚਨ ਸੁਣ ਕੇ ਕਿਸੇ ਸਿੱਖ ਦੇ ਮਨ ਵਿਚ ਕੋਈ ਪ੍ਰਤੀ-ਕਿਰਿਆ ਕਰਨ ਦੀ ਹਿੰਮਤ ਨਾ ਪਈ ਅਤੇ ਦਾਤੂ ਵੀ ਉਨ੍ਹਾਂ ਦੇ ਵਚਨ ਸੁਣ ਕੇ ਸ਼ਰਮਿੰਦਾ ਹੋ ਕੇ ਉਥੋਂ ਚਲਾ ਗਿਆ। ਗੋਇੰਦਵਾਲ ਵਿਖੇ ਸਿੱਖ ਜਦੋਂ ਸਾਂਝੇ ਖੂਹ ਤੋਂ ਪਾਣੀ ਲੈਣ ਜਾਂਦੇ ਤਾਂ ਮੁਸਲਮਾਨ ਉਨ੍ਹਾਂ ਨੂੰ ਤੰਗ ਕਰਦੇ ਅਤੇ ਪੱਥਰ ਮਾਰ ਕੇ ਉਨ੍ਹਾਂ ਦੇ ਘੜੇ ਤੋੜ ਦਿੰਦੇ। ਗੁਰੂ ਜੀ ਨੇ ਸਿੱਖਾਂ ਨੂੰ ਸਹਿਨਸ਼ੀਲਤਾ ਤੋਂ ਕੰਮ ਲੈਣ ਦਾ ਉਪਦੇਸ਼ ਦਿੱਤਾ। ਜਦੋਂ ਇਨ੍ਹਾਂ ਘਟਨਾਵਾਂ ਵਿਚ ਨਿਰੰਤਰ ਵਾਧਾ ਹੋਣ ਲੱਗਿਆ ਤਾਂ ਇਕ ਦਿਨ ਗੁਰੂ ਜੀ ਨੇ ਪਿੰਡ ਦੇ ਨੰਬਰਦਾਰ ਨੂੰ ਬੁਲਾ ਕੇ ਕਿਹਾ, 'ਪਰਮਾਤਮਾ ਸਬਰ ਵਾਲਾ ਹੈ ਅਤੇ ਸਬਰ ਦਾ ਉਹ ਮੁੱਲ ਪਾਉਂਦਾ ਹੈ। ਜੇ ਤੁਹਾਡੇ ਨਾਲ ਕੋਈ ਭੈੜਾ ਵਰਤਾਉ ਕਰੇ ਤਾਂ ਉਹ ਝੱਲ ਲਵੋ। ਜੇ ਤੁਸੀਂ ਇਸ ਨੂੰ ਤਿੰਨ ਵਾਰ ਝੱਲ ਲਵੋਗੇ ਤਾਂ ਚੌਥੀ ਵਾਰ ਰੱਬ ਖੁਦ ਤੁਹਾਡੀ ਖਾਤਿਰ ਲੜੇਗਾ ਅਤੇ ਤੁਹਾਡੇ ਵੈਰੀਆਂ ਨੂੰ ਨਸ਼ਟ ਕਰ ਦੇਵੇਗਾ।'[10] ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਅਸਹਿਨਸ਼ੀਲਤਾ ਦੀ ਭਾਵਨਾ ਅਧੀਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ। ਉਸ ਦੀ ਇਹ ਭਾਵਨਾ ਉਸ ਦੀ ਆਪਣੀ ਲਿਖਤ ਵਿਚੋਂ ਉਜਾਗਰ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਬਾਰੇ ਉਹ ਲਿਖਦਾ ਹੈ ਕਿ, "ਉਸ ਦੇ ਤੌਰ ਤਰੀਕਿਆਂ ਅਤੇ ਸਿੱਖਿਆਵਾਂ ਨਾਲ ਕਈ ਸਿੱਧੇ ਸਾਧੇ ਹਿੰਦੂ ਅਤੇ ਮੂਰਖ ਤੇ ਬੇਸਮਝ ਮੁਸਲਮਾਨ ਉਸ ਦੀ ਰਹੁ-ਰੀਤੀ ਦੇ ਜਾਲ ਵਿਚ ਫਸ ਚੁੱਕੇ ਸਨ। ਉਸ ਨੇ ਆਪਣੇ ਪੀਰ ਅਤੇ ਵਲੀ ਹੋਣ ਦਾ ਉੱਚਾ ਡੰਕਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਭੋਲੇ ਭਾਲੇ ਅਤੇ ਅਣਜਾਣ ਲੋਕ ਉਸ ਪਾਸ ਆ ਕੇ ਉਸ ਪ੍ਰਤੀ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਪਣੇ ਆਪ ਆਉਂਦਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ ਅਰਜਨ ਦੇਵ ਜੀ) ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ।"[11]

ਜਹਾਂਗੀਰ ਦੀ ਤਰ੍ਹਾਂ ਧਾਰਮਿਕ ਅਸਹਿਨਸ਼ੀਲਤਾ ਦਾ ਪ੍ਰਗਟਾਵਾ ਬਾਦਸ਼ਾਹ ਔਰੰਗਜ਼ੇਬ ਦੇ ਰਾਜ ਕਾਲ ਸਮੇਂ ਵੇਖਣ ਨੂੰ ਮਿਲਦਾ ਹੈ ਜਿਸ ਨੇ ਹਿੰਦੂਆਂ ਦੇ ਧਾਰਮਿਕ ਸਥਾਨ ਢਾਹ ਦੇਣ ਦਾ ਹੁਕਮ ਜਾਰੀ ਕੀਤਾ।[12] ਏਸੇ ਭਾਵਨਾ ਅਧੀਨ ਉਸਨੇ ਸਿੱਖਾਂ ਦੇ

ਗੁਰਦੁਆਰੇ ਵੀ ਢਾਹ ਦੇਣ ਦਾ ਹੁਕਮ ਜਾਰੀ ਕਰ ਦਿੱਤਾ।[13] ਅਸਹਿਨਸ਼ੀਲਤਾ ਦੀ ਪੈਦਾ ਹੋਈ ਇਸ ਭਾਵਨਾ ਨੂੰ ਗੁਰੂ ਤੇਗ ਬਹਾਦਰ ਜੀ ਨੇ ਸਹਿਨਸ਼ੀਲਤਾ ਨਾਲ ਰੋਕਣ ਦਾ ਯਤਨ ਕੀਤਾ। ਗੁਰੂ ਸਾਹਿਬ ਦੀ ਸ਼ਖਸੀਅਤ ਵਿਚ ਮੌਜੂਦ ਸੰਜਮ, ਸ਼ਾਂਤੀ ਅਤੇ ਸਹਿਨਸ਼ੀਲਤਾ ਦੇ ਗੁਣ ਦਾ ਪ੍ਰਗਟਾਵਾ ਕਰਦੇ ਹੋਏ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ:

ਸਮਦਰਸੀ ਸੰਤੋਸ਼ੀ ਧੀਮਤਿ ਬਿਨੁ ਮਤਸਰ ਮੁਖ ਮ੍ਰਿਦੁਲ ਉਚਾਰਿ।
ਸਹਨਸ਼ੀਲ ਅਨਕੂਲੀ ਤਪ ਕੇ ਬਿਦਯਾ ਮਹਿੰ ਅਭੱਯਾਸ ਉਦਾਰ।
ਸਤਿਬਾਦੀ ਪਰਮਾਤਮ ਜਿਨ ਕੇ ਸਦਾ ਧਰਮ ਅਪਨੇ ਅਨੁਸਾਰ।[14]

ਗੁਰੂ ਤੇਗ ਬਹਾਦਰ ਜੀ ਸਹਿਨਸ਼ੀਲਤਾ ਦੇ ਏਸੇ ਗੁਣ ਕਰਕੇ ਦੂਜਿਆਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਨੇ ਆਪਣੇ ਜੀਵਨ ਰਾਹੀਂ ਇਹ ਮਿਸਾਲ ਕਾਇਮ ਕੀਤੀ ਕਿ ਕਿਸੇ ਦੂਜੇ ਧਰਮ ਦੇ ਵਿਅਕਤੀ ਨੂੰ ਧਰਮ ਦੀ ਤੁਅਸਬੀ ਨੀਤੀ ਕਰਕੇ ਤੰਗ ਨਾ ਕੀਤਾ ਜਾਵੇ। ਦੂਜੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਕਾਇਮ ਰੱਖਣ ਦੀ ਭਾਵਨਾ ਤਹਿਤ ਉਨ੍ਹਾਂ ਨੇ ਉਨ੍ਹਾਂ ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਸ਼ਹਾਦਤ ਦੇ ਦਿੱਤੀ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਧਾਰਮਿਕ ਸਹਿਨਸ਼ੀਲਤਾ ਦੀ ਭਾਵਨਾ ਦਾ ਪ੍ਰਗਟਾਵਾ ਕਰਨ ਦੀ ਵਿਲੱਖਣ ਮਿਸਾਲ ਹੈ। ਗੁਰੂ ਸਾਹਿਬਾਨ ਤੋਂ ਬਾਅਦ ਵਿਚ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਅਨੇਕ ਸਿੰਘਾਂ-ਸਿੰਘਣੀਆਂ, ਭੁਜੰਗੀਆਂ ਨੇ ਧਾਰਮਿਕ ਅਸਹਿਨਸ਼ੀਲਤਾ ਦਾ ਮੁਕਾਬਲਾ ਆਪਣੀਆਂ ਸ਼ਹਾਦਤਾਂ ਰਾਹੀਂ ਕੀਤਾ।

ਧਾਰਮਿਕ ਸਹਿਨਸ਼ੀਲਤਾ ਅਨੇਕਤਾ ਨੂੰ ਏਕਰੂਪਤਾ ਵਿਚ ਬੰਨਣ ਦੀ ਥਾਂ ਤੇ ਅਨੇਕਤਾ ਵਿਚ ਏਕਤਾ ਨੂੰ ਪ੍ਰਫੁਲਿਤ ਕਰਨ ਦਾ ਕਾਰਜ ਕਰਦੀ ਹੈ। ਇਕ ਬਗੀਚੇ ਵਿਚ ਇਕੋ ਤਰ੍ਹਾਂ ਦੇ ਫੁੱਲ ਬਹੁਤੀ ਦੇਰ ਤੱਕ ਖਿੱਚ ਦਾ ਕਾਰਨ ਨਹੀਂ ਬਣ ਸਕਦੇ ਬਲਕਿ ਭਾਂਤ-ਭਾਂਤ ਦੇ ਫੁੱਲਾਂ ਵਾਲਾ ਬਗੀਚਾ ਹੀ ਵਧੇਰੇ ਸੋਹਣਾ ਅਤੇ ਖਿੱਚ ਦਾ ਕਾਰਨ ਬਣਦਾ ਹੈ। ਭਾਰਤ ਵਿਚ ਪਹਿਲਾਂ ਜੈਨੀਆਂ ਅਤੇ ਬੋਧੀਆਂ ਲਈ ਏਕਰੂਪਤਾ ਦੀ ਨੀਤੀ ਅਪਣਾਈ ਗਈ ਫਿਰ ਮੁਗਲ ਹਾਕਮਾਂ ਨੇ ਇਸ ਨੀਤੀ ਨੂੰ ਅਪਣਾਇਆ। ਅਜੋਕੇ ਸਮੇਂ ਵਿਚ ਕੁਝ ਹਿੰਦੂ ਜਥੇਬੰਦੀਆਂ ਇਸ ਪਾਸੇ ਝੁਕਾਅ ਰੱਖਦੀਆਂ ਹਨ। ਏਕਰੂਪਤਾ ਦੀ ਨੀਤੀ ਦੇਸ ਅਤੇ ਸਮਾਜ ਵਿਚ ਧਾਰਮਿਕ ਅਸਹਿਨਸ਼ੀਲਤਾ ਦੀ ਭਾਵਨਾ ਪ੍ਰਫੁਲਿਤ ਕਰਨ ਦਾ ਕਾਰਜ ਕਰਦੀ ਹੈ।

ਧਾਰਮਿਕ ਸਹਿਨਸ਼ੀਲਤਾ ਦੇ ਸੰਦਰਭ ਵਿਚ ਹਰ ਧਰਮ ਦੇ ਪੈਰੋਕਾਰ ਨੂੰ ਆਪਣੇ ਧਰਮ ਦੇ ਵਿਸ਼ਵਾਸ ਦਾ ਪ੍ਰਗਟਾਵਾ ਕਰਨ ਦੀ ਖੁੱਲ੍ਹ ਹੁੰਦੀ ਹੈ। ਉਹ ਆਪਣੇ ਧਰਮ ਦੇ ਮੂਲ ਸਿਧਾਂਤਾਂ ਨਾਲ ਜੁੜਿਆ ਹੁੰਦਾ ਹੈ ਅਤੇ ਉਨ੍ਹਾਂ ਦੀ ਰੌਸ਼ਨੀ ਵਿਚ ਹੀ ਆਪਣੇ ਧਰਮ ਦੀਆਂ ਰਸਮਾਂ ਅਤੇ ਹੋਰ ਕ੍ਰਿਆਵਾਂ ਕਰਦਾ ਹੈ। ਧਾਰਮਿਕ ਤੌਰ ਤੇ ਸਹਿਨਸ਼ੀਲ ਵਿਅਕਤੀ ਕਿਸੇ ਵੀ ਸਥਿਤੀ ਵਿਚ ਦੂਜੇ ਧਰਮ ਦੇ ਵਿਸ਼ਵਾਸਾਂ ਨੂੰ ਨਾ ਤਾਂ ਸੱਟ ਮਾਰਦਾ ਹੈ ਅਤੇ ਨਾ ਹੀ, ਤਾਕਤ ਵਿਚ ਹੋਣ ਸਮੇਂ, ਉਨ੍ਹਾਂ ਨਾਲ ਧਰਮ ਦੇ ਆਧਾਰ ਤੇ ਕੋਈ ਵਿਤਕਰਾ ਕਰਦਾ ਹੈ। ਬੰਦਾ ਸਿੰਘ ਬਹਾਦਰ ਸਿੱਖਾਂ ਦਾ ਪਹਿਲਾ ਹੁਕਮਰਾਨ ਮੰਨਿਆਂ ਜਾਂਦਾ ਹੈ ਜਿਸਨੇ ਮੁਗਲ ਹਕੂਮਤ ਦੇ ਜਬਰ ਅਤੇ ਜ਼ੁਲਮ ਖਿਲਾਫ ਸੰਘਰਸ਼ ਕਰਦੇ ਹੋਏ ਇਨ੍ਹਾਂ ਦੀਆਂ ਜੜ੍ਹਾਂ

ਖੋਖਲੀਆਂ ਕਰਕੇ ਸਿੱਖ ਰਾਜ ਦੀ ਸਥਾਪਨਾ ਕੀਤੀ ਸੀ। ਭਾਵੇਂ ਕਿ ਉਸਦਾ ਸੰਘਰਸ਼ ਉਸ ਹਕੂਮਤ ਨਾਲ ਸੀ ਜਿਸਨੇ ਇਸਲਾਮ ਨੂੰ ਰਾਜ-ਧਰਮ ਵਜੋਂ ਪ੍ਰਵਾਨਗੀ ਦਿੱਤੀ ਹੋਈ ਸੀ ਫਿਰ ਵੀ ਉਸਦੀ ਫ਼ੌਜ ਵਿਚ 5000 ਮੁਸਲਿਮ ਸਿਪਾਹੀ ਸਨ ਜਿਨ੍ਹਾਂ ਨੂੰ ਨਮਾਜ਼ ਪੜ੍ਹਨ ਅਤੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਰਸਮਾਂ ਕਰਨ ਦੀ ਪ੍ਰਵਾਨਗੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹਿੰਦੂ ਅਤੇ ਮੁਸਲਿਮ ਦਰਬਾਰੀਆਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਅਨੁਸਾਰ ਰਸਮਾਂ ਕਰਨ ਦੀ ਖੁੱਲ੍ਹ ਸੀ। ਉਸ ਦੀ ਸਹਿਨਸ਼ੀਲਤਾ ਦੀ ਨੀਤੀ ਦਾ ਨਤੀਜਾ ਹੀ ਸੀ ਕਿ ਉਸਦੀ ਫ਼ੌਜ ਵਿਚਲੇ ਮੁਸਲਮਾਨ ਸਿਪਾਹੀ ਵਿਰੋਧੀ ਫ਼ੌਜ ਦੇ ਮੁਸਲਮਾਨ ਸਿਪਾਹੀਆਂ ਨਾਲ ਲੜਨ ਲਈ ਤਿਆਰ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚਲੇ ਮੁਸਲਮਾਨ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਸਮਝਦੇ ਸਨ। ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਜਿਹੀ ਨੀਤੀ ਦਾ ਕਾਰਨ ਉਨ੍ਹਾਂ ਉਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦੇ ਪ੍ਰਭਾਵ ਵਜੋਂ ਸੀ।

ਧਾਰਮਿਕ ਸਹਿਨਸ਼ੀਲਤਾ ਦਾ ਭਾਵ ਨਾ ਤਾਂ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਪ੍ਰਵਾਨ ਕਰਨਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਧਰਮ ਵਿਚ ਪ੍ਰਵਰਤਿਤ ਕਰਨਾ ਹੈ। ਇਸਦਾ ਭਾਵ ਦੂਜਿਆਂ ਦੇ ਧਾਰਮਿਕ ਵਿਸ਼ਵਾਸ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੋਂ ਗੁਰੇਜ਼ ਕਰਨਾ ਹੈ।

ਹਰ ਧਰਮ ਕਿਸੇ ਨਾ ਕਿਸੇ ਸਮੇਂ ਅਤੇ ਸਥਾਨ ਦੀਆਂ ਵਿਸ਼ੇਸ਼ ਹਾਲਤਾਂ ਵਿਚ ਪ੍ਰਗਟ ਹੋਇਆ ਹੈ। ਹੁਣ ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਵਿਚ ਬਹੁਤ ਸਾਰੇ ਨਵੇਂ ਵਿਸ਼ਵਾਸਾਂ ਦਾ ਰਲਾ ਪੈ ਗਿਆ ਹੁੰਦਾ ਹੈ ਜਿਸ ਨਾਲ ਉਨ੍ਹਾਂ ਦੇ ਧਰਮ ਦੀ ਮੂਲ ਭਾਵਨਾ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਧਾਰਮਿਕ ਸਹਿਨਸ਼ੀਲਤਾ ਦਾ ਭਾਵ ਨਵੇਂ ਅਤੇ ਪੁਰਾਤਨ ਧਰਮਾਂ ਵਿਚ ਲਕੀਰ ਖਿੱਚਕੇ ਉਨ੍ਹਾਂ ਨੂੰ ਆਧੁਨਿਕ ਸਮੇਂ ਦੀਆਂ ਤਬਦੀਲੀਆਂ ਅਨੁਸਾਰ ਵੇਖਣਾ ਨਹੀਂ ਹੈ ਬਲਕਿ ਹਰ ਧਰਮ ਨੂੰ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਅਨੁਸਾਰ ਵਿਚਰਨ ਅਤੇ ਵਿਚਾਰਨ ਦੀ ਖੁੱਲ੍ਹ ਦੇਣਾ ਹੈ। ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਸਹਿਨਸ਼ੀਲਤਾ ਦੇ ਏਸੇ ਪਰਿਪੇਖ ਵਿਚ ਸਮਕਾਲੀ ਸਮਾਜ ਵਿਚ ਧਰਮਾਂ ਨੂੰ ਵੇਖਿਆ ਅਤੇ ਉਨ੍ਹਾਂ ਵਿਚ ਉਨ੍ਹਾਂ ਦੇ ਧਰਮ ਦੀਆਂ ਮੂਲ ਸਿੱਖਿਆਵਾਂ ਨੂੰ ਮਨਫੀ ਪਾਇਆ। ਉਨ੍ਹਾਂ ਕਿਸੇ ਵੀ ਦੂਜੇ ਧਰਮ ਦੇ ਪੈਰੋਕਾਰ ਨੂੰ ਧਰਮ ਪਰਿਵਰਤਨ ਲਈ ਨਹੀਂ ਕਿਹਾ ਬਲਕਿ ਗੁਰੂ ਜੀ ਨੇ ਉਨ੍ਹਾਂ ਨੂੰ ਆਪੋ-ਆਪਣੇ ਧਰਮ ਵਿਚ ਪੱਕੇ ਰਹਿਣ ਦੀ ਸਿੱਖਿਆ ਦਿੱਤੀ ।[15] ਧਰਮ ਮਨੁੱਖੀ ਜੀਵਨ ਦਾ ਅਟੁੱਟ ਅੰਗ ਹੈ ਹਰ ਇਕ ਮਨੁੱਖ ਕਿਸੇ ਨਾ ਕਿਸੇ ਧਾਰਮਿਕ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ। ਧਰਮ ਨੂੰ ਮਨੁੱਖੀ ਜੀਵਨ ਵਿਚੋਂ ਮਨਫੀ ਕਰਨਾ ਸੰਭਵ ਨਹੀਂ ਅਤੇ ਧਾਰਮਿਕ ਵਖਰੇਵੇਂ ਬਹੁ-ਕੌਮੀ ਸਮਾਜ ਦਾ ਹਿੱਸਾ ਹਨ ਇਸ ਲਈ ਧਾਰਮਿਕ ਸਹਿਨਸ਼ੀਲਤਾ ਨੂੰ ਮਨੁੱਖੀ ਅਧਿਕਾਰ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ ਤਾਂ ਕਿ ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਨੂੰ ਮੰਨਣ ਵਾਲੇ ਲੋਕ ਆਪਣੇ ਧਰਮ ਦੀਆਂ ਕ੍ਰਿਆਵਾਂ ਬਗੈਰ ਕਿਸੇ ਦਬਾਉ ਜਾਂ ਭੇਦਭਾਵ ਦੇ ਕਰ ਸਕਣ। ਧਾਰਮਿਕ ਆਜ਼ਾਦੀ ਹੀ ਧਾਰਮਿਕ ਸਹਿਨਸ਼ੀਲਤਾ ਦਾ ਮੂਲ ਰੂਪ ਹੈ।

ਧਾਰਮਿਕ ਸਹਿਨਸ਼ੀਲਤਾ ਦੂਜੇ ਧਰਮ-ਵਿਸ਼ਵਾਸੀਆਂ ਦੀ ਵਿਚਾਰਧਾਰਾ ਦਾ

ਵਿਰੋਧ ਨਹੀਂ ਹੈ ਬਲਕਿ ਉਨ੍ਹਾਂ ਨਾਲ ਸੁਹਿਰਦ ਭਾਵ ਪੈਦਾ ਕਰਨ ਵਿੱਚੋਂ ਪ੍ਰਗਟ ਹੁੰਦੀ ਹੈ। 'ਕਿਛੁ ਸੁਣੀਐ ਕਿਛੁ ਕਹੀਐ' ਦੀ ਭਾਵਨਾ ਪੈਦਾ ਕਰਕੇ ਸੁਹਿਰਦਤਾ ਵਾਲਾ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ ਜਿਸ ਵਿਚੋਂ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' ਦੀ ਪ੍ਰੇਰਣਾ ਪੈਦਾ ਹੁੰਦੀ ਹੈ। ਧਾਰਮਿਕ ਵਿਚਾਰ-ਚਰਚਾ ਅਜਿਹੇ ਮਾਹੌਲ ਵਿਚ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਸ਼ਾਂਤੀ, ਖਿਮਾ, ਪ੍ਰੇਮ ਅਤੇ ਸਹਿਨਸ਼ੀਲਤਾ ਦੇ ਗੁਣ ਭਾਰੂ ਹੋਣ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ' ਇਸ ਦੀ ਪ੍ਰਤੱਖ ਮਿਸਾਲ ਹੈ ਜਿੱਥੇ ਵਿਚਾਰ-ਚਰਚਾ ਕਰਨ ਵਾਲੇ ਯੋਗੀ ਸ੍ਰੇਸ਼ਟ ਗੁਣਾਂ ਦਾ ਵਿਖਿਆਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੂੰ ਸ਼ਾਂਤ ਸੁਭਾਉ ਦਾ ਪ੍ਰਗਟਾਵਾ ਕਰਨ ਦੀ ਬੇਨਤੀ ਕਰਦੇ ਹਨ। ਯੋਗੀ ਚਰਪਟ ਗੁਰੂ ਜੀ ਨੂੰ ਇਕ ਪ੍ਰਸ਼ਨ ਕਰਦੇ ਸਮੇਂ ਇਹ ਵੀ ਬੇਨਤੀ ਕਰਦਾ ਹੈ 'ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥' ਵਿਚਾਰ-ਚਰਚਾ ਕਰਦੇ ਸਮੇਂ ਆਪਣੇ ਨਾਲ-ਨਾਲ ਦੂਜੇ ਦੇ ਮਨ ਨੂੰ ਸ਼ਾਂਤ ਰੱਖਣਾ ਸ੍ਰੇਸ਼ਟ ਗੁਣ ਮੰਨਿਆ ਗਿਆ ਹੈ।

ਧਾਰਮਿਕ ਸਹਿਨਸ਼ੀਲਤਾ ਨਾਲ ਹੀ ਜੁੜਿਆ ਹੋਇਆ ਸ੍ਰੇਸ਼ਟ ਗੁਣ ਖਿਮਾ ਹੈ ਜੋ ਕਿ ਮਨੁੱਖੀ ਮਨ ਨੂੰ ਬਹੁਤ ਸਾਰੀਆਂ ਦੁਸ਼ਵਾਰੀਆਂ ਤੋਂ ਬਚਾ ਲੈਂਦਾ ਹੈ। ਭਗਤ ਕਬੀਰ ਜੀ ਇਸ ਗੁਣ ਦਾ ਮਹੱਤਤਾ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਜਿੱਥੇ ਅਧਿਆਤਮਿਕ ਗਿਆਨ ਪੈਦਾ ਹੁੰਦਾ ਹੈ ਉਥੇ ਧਰਮ ਵਿਕਾਸ ਕਰਦਾ ਹੈ, ਜਿੱਥੇ ਝੂਠ ਦਾ ਬੋਲਬਾਲਾ ਹੋ ਜਾਂਦਾ ਹੈ ਉਥੇ ਪਾਪ ਫੈਲ ਜਾਂਦਾ ਹੈ, ਜਿੱਥੇ ਲਾਲਚ ਜੜ੍ਹ ਫੜ ਲੈਂਦਾ ਹੈ ਉਥੇ ਆਤਮਿਕ ਮੌਤ ਤੋਂ ਨਹੀਂ ਬਚਿਆ ਜਾ ਸਕਦਾ, ਜਿੱਥੇ ਖਿਮਾ ਦੀ ਭਾਵਨਾ ਦਾ ਜ਼ੋਰ ਹੁੰਦਾ ਹੈ ਉਥੇ ਪਰਮਾਤਮਾ ਆਪ ਨਿਵਾਸ ਕਰਦਾ ਹੈ:

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥[16]

ਬਾਬਾ ਫ਼ਰੀਦ ਜੀ ਦੀ ਬਾਣੀ ਸਹਿਨਸ਼ੀਲਤਾ ਦੇ ਇਨ੍ਹਾਂ ਗੁਣਾਂ ਦਾ ਵਰਨਨ ਕਰਦੇ ਹੋਏ ਸਪਸ਼ਟ ਕਰਦੀ ਹੈ। ਬਾਬਾ ਫ਼ਰੀਦ ਖਿਮਾ ਨੂੰ ਪ੍ਰਭੂ-ਪ੍ਰਾਪਤੀ ਦੇ ਮਾਰਗ ਦਾ ਇਕ ਵਿਸ਼ੇਸ਼ ਗੁਣ ਮੰਨਦੇ ਹੋਏ ਕਹਿੰਦੇ ਹਨ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥[17]

ਧਾਰਮਿਕ ਸਹਿਨਸ਼ੀਲਤਾ ਆਦਰਸ਼ ਅਤੇ ਵਿਕਾਸਮੁਖੀ ਸਮਾਜ ਲਈ ਸੰਜੀਵਨੀ ਬੂਟੀ ਦੀ ਤਰ੍ਹਾਂ ਹੈ ਜੋ ਕਿ ਸਮਾਜ ਵਿਚ ਪ੍ਰੇਮ, ਭਾਈਚਾਰੇ, ਖਿਮਾ ਅਤੇ ਸ਼ਾਂਤੀ ਦੀ ਭਾਵਨਾ ਪੈਦਾ ਕਰਨ ਦਾ ਕਾਰਜ ਕਰਦੀ ਹੈ, ਸਿੱਖ ਲਈ ਇਸ ਦਾ ਮੂਲ ਪ੍ਰਰਨਾ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 999.
2. ਉਹੀ, ਪੰਨਾ 1381.
3. *ਮਨੂ ਸਿਮ੍ਰਿਤੀ*, ਅਧਿਆਇ 6.92.
4. ਗੁਰੂ ਗ੍ਰੰਥ ਸਾਹਿਬ, ਪੰਨਾ 722.
5. ਉਹੀ, 471.
6. *ਵਾਰਾਂ ਭਾਈ ਗੁਰਦਾਸ*, ਵਾਰ 1, ਪਉੜੀ 21.
7. *Webster's Encyclopedic Unabridged Dictionary of the English Language*, p. 1290.
8. V. K. Sinha (Ed.), *Secularism in India*, p. 127.
9. ਭਾਈ ਵੀਰ ਸਿੰਘ, *ਕਬਿੱਤ ਭਾਈ ਗੁਰਦਾਸ ਸਟੀਕ*, ਕਬਿੱਤ 644.
10. ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ*, ਅਨੁਵਾਦ ਡਾ. ਭਗਤ ਸਿੰਘ, ਪੰਨਾ 21.
11. ਉਹੀ, ਪੰਨੇ 33-34.
12. Teja Singh and Ganda Singh, *A Short History of the Sikhs*, p. 53.
13. There is a sect of infidels called Guru, more commonly known as Sikhs. Their chief, who dresses as a Fakir, has a fixed residence near Lahore. From old times he has built temples in all the towns and populous places, and has appointed one of his followers to preside in each temple as his deputy. When any one of the sect brought presents or offerings for the Guru to the temple, the deputy had to collect them, and, after deducting sufficient for his own food and expenses, his duty was to send the balance faithfully to the Guru.... When Aurangzeb got knowledge of these matters, he ordered these deputy Gurus to be removed and the temples to be pulled down. Khafi Khan, Muntakhabu-L Lubab, translation produced in *The History of India as told by its own Historians*, ed. by John Dowson and H.M. Elliot, p. 413.
14. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 11, ਅੰਸੂ 53.
15. ਇਕ ਮੁਸਲਮਾਨ ਨੂੰ ਚੰਗਾ ਮੁਸਲਮਾਨ ਬਣਨ ਦੀ ਪ੍ਰੇਰਨਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

    ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
    ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
    ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
    ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
    ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥

    ਗੁਰੂ ਗ੍ਰੰਥ ਸਾਹਿਬ, ਪੰਨਾ 141

ਹਿੰਦੂ ਧਰਮ ਦੇ ਮੁਖੀਆਂ ਨੂੰ ਸੁਚੱਜੀ ਜੀਵਨਜਾਚ ਧਾਰਨ ਕਰਨ ਦੀ ਸਿੱਖਿਆ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥
ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥

ਗੁਰੂ ਗ੍ਰੰਥ ਸਾਹਿਬ, ਪੰਨਾ 1411

ਏਸੇ ਤਰ੍ਹਾਂ ਗੁਰੂ ਰਾਮਦਾਸ ਜੀ ਇਕ ਸੱਚੇ ਸਿੱਖ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਦੱਸਦੇ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

ਗੁਰੂ ਗ੍ਰੰਥ ਸਾਹਿਬ, ਪੰਨੇ 305-06.

16. ਗੁਰੂ ਗ੍ਰੰਥ ਸਾਹਿਬ, ਪੰਨਾ 1372.
17. ਉਹੀ, ਪੰਨਾ 1384.

ਅਰਦਾਸ ਦਾ ਸਰੂਪ ਅਤੇ ਮਹੱਤਵ

ਧਰਮ ਮਨੁੱਖੀ ਜੀਵਨਜਾਚ ਦਾ ਅਟੁੱਟ ਅੰਗ ਹੈ। ਸਮਾਜ ਵਿਚ ਵੱਖੋ-ਵੱਖਰੇ ਧਾਰਮਿਕ ਵਿਸ਼ਵਾਸ ਮੌਜੂਦ ਹਨ ਇਸ ਕਰਕੇ ਹਰ ਇਕ ਮਨੁੱਖ ਕਿਸੇ ਨਾ ਕਿਸੇ ਧਾਰਮਿਕ ਅਕੀਦੇ ਵਿਚ ਵਿਸ਼ਵਾਸ ਰੱਖਦਾ ਹੈ। ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਉਹ ਆਪਣੇ ਇਸ਼ਟ ਦੀ ਪੂਜਾ ਕਰਦਾ ਹੈ ਅਤੇ ਉਸਨੂੰ ਖ਼ੁਸ਼ ਰੱਖਣ ਦੇ ਯਤਨ ਵਿਚ ਲੱਗਿਆ ਰਹਿੰਦਾ ਹੈ। ਅਜਿਹਾ ਨਹੀਂ ਕਿ ਆਧੁਨਿਕ ਮਨੁੱਖ ਨੇ ਹੀ ਆਪਣਾ ਇਸ਼ਟ ਸਿਰਜਿਆ ਹੈ ਅਤੇ ਉਹ ਹੀ ਇਸ ਦੀ ਪੂਜਾ ਕਰਦਾ ਹੈ। ਪੁਰਾਤਨ ਧਾਰਮਿਕ ਵਿਸ਼ਵਾਸਾਂ ਵਿਚ ਵੀ ਇਹੋ ਜਿਹੀਆਂ ਭਾਵਨਾਵਾਂ ਮਨੁੱਖ ਦੇ ਜੀਵਨ ਵਿਚ ਵੇਖਣ ਨੂੰ ਮਿਲਦੀਆਂ ਹਨ ਜਿੱਥੇ ਉਹ ਕਿਸੇ ਕਰੋਪੀ ਜਾਂ ਡਰ ਕਾਰਨ ਆਪਣੇ ਇਸ਼ਟ ਦੀ ਪੂਜਾ ਕਰਦਾ ਸੀ। ਕਿਸੇ ਵੀ ਪੂਜਾ-ਵਿਧੀ ਦਾ ਆਧਾਰ ਮਨੁੱਖ ਨੂੰ ਉਸ ਦੇ ਇਸ਼ਟ ਅੱਗੇ ਨਿਗੂਣਾ ਪੇਸ਼ ਕਰ ਕੇ ਉਸ ਅਸੀਮ ਹਸਤੀ ਦੀ ਸ਼ਕਤੀ ਦਾ ਅਹਿਸਾਸ ਕਰਾਉਣਾ ਹੈ।

ਸਿੱਖ ਧਰਮ ਵਿਚ ਅਕਾਲ ਪੁਰਖ ਸਰਵੋਤਮ ਹਸਤੀ ਹੈ ਜਿਸਨੂੰ ਸਰਵ-ਸ਼ਕਤੀਮਾਨ ਹੋਣ ਕਰਕੇ ਸ੍ਰਿਸ਼ਟੀ ਦਾ ਕਰਤਾ, ਭਰਤਾ ਅਤੇ ਹਰਤਾ ਮੰਨਿਆ ਗਿਆ ਹੈ। ਹਰ ਇਕ ਸਿੱਖ ਨੂੰ ਉਸ ਅੱਗੇ ਸਿਰ ਝੁਕਾਉਣ ਅਤੇ ਉਸ ਦੀ ਪੂਜਾ ਕਰਨ ਦਾ ਆਦੇਸ਼ ਹੈ। ਪਰਮਾਤਮਾ ਦੀ ਪੂਜਾ ਕਰਨ ਅਤੇ ਉਸ ਨਾਲ ਸੰਬੰਧ ਸਥਾਪਤ ਕਰਨ ਦਾ ਜੋ ਮਾਰਗ ਦਰਸਾਇਆ ਗਿਆ ਹੈ ਉਸਨੂੰ ਅਰਦਾਸ ਕਿਹਾ ਗਿਆ ਹੈ। ਸੰਸਕ੍ਰਿਤ ਭਾਸ਼ਾ ਵਿਚ ਇਸ ਸ਼ਬਦ ਦਾ ਅਰਥ 'ਮੁਰਾਦ ਮੰਗਣ ਦੀ ਕ੍ਰਿਯਾ' ਅਤੇ ਫ਼ਾਰਸੀ ਭਾਸ਼ਾ ਵਿਚ ਇਸ ਦਾ ਭਾਵ ਹੈ ਪ੍ਰਾਰਥਨਾ, ਬੇਨਤੀ, ਵਿਨਯ ਆਦਿ।[1] ਅਰਦਾਸ ਸਿੱਖ ਨੂੰ ਪਰਮਾਤਮਾ ਨਾਲ ਜੋੜਦੀ ਹੈ, ਉਸ ਨੂੰ ਦਵੈਤ-ਭਾਵ ਤੋਂ ਮੁਕਤ ਕਰਕੇ ਉਸ ਦੇ ਮਨ ਵਿਚ ਪ੍ਰਭੂ ਪ੍ਰਤੀ ਇਕਾਗਰਤਾ ਪੈਦਾ ਕਰਦੀ ਹੈ।

ਅਜੋਕੇ ਸਮੇਂ ਵਿਚ ਪੜ੍ਹੀ ਜਾਂਦੀ ਅਰਦਾਸ ਕਦੋਂ ਸ਼ੁਰੂ ਹੋਈ? ਇਸ ਬਾਰੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਅਰਦਾਸ ਦੇ ਅਜੋਕੇ ਸਰੂਪ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਵੇਲੇ ਤੋਂ ਵੇਖਿਆ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਅਰਦਾਸ ਦੀ ਪਰੰਪਰਾ ਦਸਵੇਂ ਗੁਰੂ ਜੀ ਤੋਂ ਪਿੱਛੋਂ ਆਰੰਭ ਹੋਈ। ਅਰਦਾਸ ਦੀ ਪਰੰਪਰਾ ਦਾ ਮੁੱਢ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਵੇਖਿਆ ਜਾ ਸਕਦਾ ਹੈ। ਗੁਰੂ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹੋਏ ਕਹਿੰਦੇ ਹਨ:

ਸਚਾ ਅਰਜੁ ਸਚੀ ਅਰਦਾਸਿ॥ ਮਹਲੀ ਖਸਮੁ ਸੁਣੇ ਸਾਬਾਸਿ॥[2]

ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਬਾਣੀ ਦੀ ਰਚਨਾ ਕੀਤੀ ਜੋ ਕਿ ਸਮੂਹ ਸਿੱਖ ਸੰਗਤ ਵਿਚ ਬਹੁਤ ਹੀ ਹਰਮਨ ਪਿਆਰੀ ਹੈ। ਇਸ ਬਾਣੀ ਦੀ ਲੋਕ-ਪ੍ਰਿਯਤਾ

ਇਸ ਦੇ ਨਾਮ ਤੇ ਗਲੀਆਂ-ਮੁਹਲਿਆਂ ਵਿਚ ਬਣੀਆਂ ਸਿੱਖ ਸੰਸਥਾਵਾਂ ਤੋਂ ਹੋ ਜਾਂਦੀ ਹੈ। ਇਸ ਬਾਣੀ ਵਿਚ ਇਕ ਅਜਿਹੀ ਪਉੜੀ ਹੈ ਜੋ ਹਰ ਸਿੱਖ ਦੀ ਜੁਬਾਨ ਤੇ ਆਪਣੇ ਆਪ ਆ ਜਾਂਦੀ ਹੈ ਜਦੋਂ ਉਹ ਅਰਦਾਸ ਕਰਨ ਲਈ ਖੜਾ ਹੋਣ ਸਮੇਂ ਇਕਾਗਰ-ਚਿਤ ਹੋਣ ਦਾ ਯਤਨ ਕਰਦਾ ਹੈ:

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥[3]

ਮੁਹਸਿਨ ਫਾਨੀ 'ਦਬਿਸਤਾਨਿ ਮਜ਼ਾਹਿਬ' ਵਿਚ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦਾ ਜ਼ਿਕਰ ਕਰਦਾ ਹੋਇਆ ਦੱਸਦਾ ਹੈ ਕਿ ਉਨ੍ਹਾਂ ਦੇ ਸਮੇਂ ਸਿੱਖਾਂ ਵਿਚ ਅਰਦਾਸ ਦਾ ਰਿਵਾਜ਼ ਪ੍ਰਚਲਿਤ ਸੀ ਅਤੇ ਉਹ ਜਦੋਂ ਵੀ ਇਕੱਠੇ ਹੁੰਦੇ ਸਨ ਤਾਂ ਕਿਸੇ ਸਿੱਖ ਜਾਂ ਮਸੰਦ ਪਾਸੋਂ ਗੁਰੂ ਅੱਗੇ ਅਰਦਾਸ ਕਰਦੇ ਸਨ।[4]

ਗੁਰੂ ਤੇਗ ਬਹਾਦਰ ਜੀ ਅਕਾਲ ਪੁਰਖ ਅੱਗੇ ਅਭੈ ਦਾਨ ਲਈ ਅਰਦਾਸ ਕਰਦੇ ਹਨ:

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ॥
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥[5]

ਗੁਰੂ ਗੋਬਿੰਦ ਸਿੰਘ ਜੀ ਪਰਮਾਤਮਾ ਨੂੰ ਸਮੂਹ ਜੀਵਾਂ ਦਾ ਰੱਖਿਅਕ ਅਤੇ ਪ੍ਰਤਿਪਾਲਕ ਮੰਨਦੇ ਹੋਏ ਉਸ ਅੱਗੇ ਅਰਦਾਸ ਕਰਦੇ ਹੋਏ ਕਹਿੰਦੇ ਹਨ:

ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥
ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥[6]

ਅਰਦਾਸ ਕਿਵੇਂ ਕੀਤੀ ਜਾ ਸਕਦੀ ਹੈ? ਇਸਦੇ ਨਿਮਨ ਲਿਖਤ ਰੂਪ ਵੇਖੇ ਜਾਂਦੇ ਹਨ:

1. ਨਿਜੀ ਤੌਰ
2. ਸੰਗਤੀ ਰੂਪ ਵਿਚ

ਅਕਾਲ ਪੁਰਖ ਅੱਗੇ ਦੋਵੇਂ ਹੱਥ ਜੋੜ ਕੇ ਅਤੇ ਖੜੇ ਹੋ ਕੇ ਅਰਦਾਸ ਕਰਨ ਦੀ ਪਰੰਪਰਾ ਸਿੱਖਾਂ ਵਿਚ ਪ੍ਰਚਲਿਤ ਹੈ। ਘਰਾਂ ਵਿਚ ਨਿਜੀ ਤੌਰ ਤੇ ਨਿਤਨੇਮ ਕਰਦੇ ਸਮੇਂ ਸਿੱਖ ਬੈਠ ਕੇ ਵੀ ਅਰਦਾਸ ਕਰ ਲੈਂਦੇ ਹਨ ਇਸਦੇ ਨਾਲ ਹੀ ਜੇਕਰ ਕੋਈ ਬੀਮਾਰ ਹੈ ਤਾਂ ਉਸਦੇ ਲੰਮੇ ਪੈ ਕੇ ਕੀਤੀ ਅਰਦਾਸ ਤੇ ਕੋਈ ਸ਼ੰਕਾ ਨਹੀਂ ਕਰਨੀ ਚਾਹੀਦੀ। ਸੰਗਤ ਵਿਚ ਖੜ੍ਹੇ ਹੋ ਕੇ ਅਰਦਾਸ ਕਰਨ ਦੀ ਪਰੰਪਰਾ ਅੱਜ ਤੱਕ ਪ੍ਰਚਲਿਤ ਹੈ। ਅਰਦਾਸ ਕਰਨ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਇਸ ਤੇ ਟਿੱਪਣੀ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ, "ਅਰਦਾਸ ਕਰਨ ਵੇਲੇ ਨੰਗੇ ਸਿਰ ਨਹੀਂ

ਹੋਣਾ ਚਾਹੀਏ, ਅਰ ਜੁੱਤੀ ਉਤਾਰਨੀ ਯੋਗਯ ਹੈ। ਜੇ ਸਫਰ ਅਥਵਾ ਹਵਾ-ਖੋਰੀ ਕਰਦੇ ਜਾਂ ਘੋੜੇ ਤੇ ਚੜ੍ਹੇ ਅਰਦਾਸ ਕਰਨ ਦਾ ਮੌਕਾ ਬਣੇ, ਤਦ ਜੁੱਤੀ ਉਤਾਰਨ ਦੀ ਜ਼ਰੂਰਤ ਨਹੀਂ। ਅਰਦਾਸ ਕਰਨ ਵੇਲੇ ਤਲਵਾਰ ਸੂਤ ਕੇ ਦੀਵਾਨ ਵਿਚ ਖਲੋਣਾ ਨਿਮਰਤਾ ਸੂਚਕ ਨਹੀਂ। ਫ਼ੌਜ ਦੇ ਕੂਚ ਵੇਲੇ ਅਰਦਾਸ ਕਰਨ ਪਿੱਛੋਂ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਣ ਵੇਲੇ ਤਲਵਾਰ ਮਿਆਨੋਂ ਕੱਢਣੀ ਵਿਧਾਨ ਹੈ"[7] 'ਸਾਵਧਾਨ ਏਕਾਗਰ ਚੀਤ' ਹੋ ਕੇ ਅਰਦਾਸ ਕੀਤੀ ਜਾਣੀ ਚਾਹੀਦੀ ਹੈ, ਇਸਦੇ ਵੱਖ-ਵੱਖ ਰੂਪ ਇਸ ਤਰ੍ਹਾਂ ਵੇਖੇ ਜਾ ਸਕਦੇ ਹਨ:

1. ਅਰਦਾਸ ਬੋਲ ਕੇ ਕੀਤੀ ਜਾਂਦੀ ਹੈ।

ਨਾਨਕੁ ਏਕ ਕਹੈ ਅਰਦਾਸਿ॥
ਜੀਉ ਪਿੰਡੁ ਸਭੁ ਤੇਰੈ ਪਾਸਿ॥[8]

2. ਅਰਦਾਸ ਚੁਪ ਰਹਿ ਕੇ ਮਨ ਵਿਚ ਕੀਤੀ ਜਾਂਦੀ ਹੈ।

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥[9]

3. ਅਰਦਾਸ ਖੜੇ ਹੋ ਕੇ ਕੀਤੀ ਜਾਂਦੀ ਹੈ। ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਅਰਦਾਸ ਕੇਵਲ ਇਕ ਅਕਾਲ ਪੁਰਖ ਅੱਗੇ ਖੜੇ ਹੋ ਕੇ ਕੀਤੀ ਜਾਣੀ ਚਾਹੀਦੀ ਹੈ।

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥[10]

4. ਅਰਦਾਸ ਦੋਵੇਂ ਹੱਥ ਜੋੜ ਕੇ ਕੀਤੀ ਜਾਂਦੀ ਹੈ।

ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥[11]

ਉਕਤ ਪੰਕਤੀਆਂ ਅਰਦਾਸ ਕਰਨ ਦੀ ਵਿਧੀ ਦੱਸਦੀਆਂ ਹਨ, ਅਰਦਾਸ ਦਾ ਅੰਗ ਨਹੀਂ ਹਨ। ਇਹ ਪੰਕਤੀਆਂ ਅਰਾਧਨਾ ਕਰਨ ਸਮੇਂ ਪੰਥ ਨੂੰ ਇਕ ਸੂਤਰ ਵਿਚ ਪਰੋਣ ਦਾ ਕਾਰਜ ਕਰਦੀਆਂ ਹਨ। ਮਨੁੱਖ ਅਰਦਾਸ ਕਿਉਂ ਕਰਦਾ ਹੈ? ਅਰਦਾਸ ਕਰਨ ਵੇਲੇ ਕਿਹੜੀਆਂ ਦੁਨਿਆਵੀ ਅਤੇ ਅਧਿਆਤਮਿਕ ਭਾਵਨਾਵਾਂ ਦਾ ਪ੍ਰਗਟਾਵਾ ਪ੍ਰਮੁਖ ਤੌਰ ਤੇ ਵੇਖਣ ਨੂੰ ਮਿਲਦਾ ਹੈ, ਉਨ੍ਹਾਂ ਨੂੰ ਸੰਖੇਪ ਰੂਪ ਵਿਚ ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ:

1. ਪਰਮਾਤਮਾ ਨਾਲ ਜੁੜਨ ਅਤੇ ਉਸਦਾ ਜਸ ਗਾਉਣ ਲਈ ਅਰਦਾਸ ਕੀਤੀ ਜਾਂਦੀ ਹੈ।

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥
ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥[12]

2. ਅਰਦਾਸ ਪ੍ਰਭੂ-ਪ੍ਰੇਮ ਪੈਦਾ ਕਰਦੀ ਹੈ ਅਤੇ ਇਹ ਪ੍ਰਭੂ-ਮਾਰਗ ਨੂੰ ਧਾਰਨ ਕਰਨ ਦਾ ਸੌਖਾ ਸਾਧਨ ਹੈ। ਗੁਰੂ ਗੋਬਿੰਦ ਸਿੰਘ ਜੀ ਦੱਸਦੇ ਹਨ ਕਿ ਪ੍ਰਭੂ ਪ੍ਰੇਮ ਰੂਪ ਵਿਚ ਹਰ

ਸਥਾਨ ਤੇ ਮੌਜੂਦ ਹੈ[13] ਅਤੇ ਪ੍ਰੇਮ ਰਾਹੀਂ ਹੀ ਉਸ ਨੂੰ ਹਾਸਲ ਕੀਤਾ ਜਾ ਸਕਦਾ ਹੈ।[14] ਪ੍ਰੇਮ ਕਿਵੇਂ ਉਪਜਦਾ ਹੈ? ਜਦੋਂ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਆਪਣੇ ਮੂਲ ਨਾਲੋਂ ਟੁੱਟਿਆ ਹੋਇਆ ਹੈ ਤਾਂ ਮੂਲ ਵੱਲ ਮੁੜਨ ਦੀ ਇੱਛਾ ਉਸ ਦੇ ਮਨ ਵਿਚ ਪ੍ਰਭੂ-ਪ੍ਰੇਮ ਪੈਦਾ ਕਰਦੀ ਹੈ। ਬਾਬਾ ਫ਼ਰੀਦ ਜੀ ਏਸੇ ਤਰ੍ਹਾਂ ਦੀਆਂ ਭਾਵਨਾਵਾਂ ਦੇ ਮਨ ਵਿਚ ਵਿਕਸਿਤ ਹੋ ਜਾਣ ਨੂੰ 'ਬਿਰਹਾ' ਦਾ ਨਾਮ ਦਿੰਦੇ ਹਨ। ਉਹ ਕਹਿੰਦੇ ਹਨ ਕਿ ਪ੍ਰੇਮ ਬਿਰਹਾ ਦੇ ਉਤਪੰਨ ਹੋ ਜਾਣ ਕਾਰਨ ਪੈਦਾ ਹੁੰਦਾ ਹੈ। ਉਹ ਬਿਰਹਾ ਨੂੰ ਸਕਾਰਾਤਮਕ ਮੰਨਦੇ ਹਨ।[15] ਜਦੋਂ ਮਨੁੱਖ ਪ੍ਰੇਮ ਅਧੀਨ ਪਰਮਾਤਮਾ ਨਾਲ ਜੁੜਦਾ ਹੈ ਤਾਂ ਦੁਨਿਆਵੀ ਵਸਤਾਂ ਅਤੇ ਪਦਾਰਥਾਂ ਪ੍ਰਤੀ ਭਟਕਣ ਦੀ ਥਾਂ ਤੇ ਕੇਵਲ ਉਸੇ ਦਾ ਅਹਿਸਾਸ ਮਨ ਵਿਚ ਬਾਕੀ ਰਹਿ ਜਾਂਦਾ ਹੈ।

3. ਰੋਜ਼ਾਨਾ ਜੀਵਨ ਦੀਆਂ ਪਦਾਰਥਕ ਲੋੜਾਂ ਦੀ ਪੂਰਤੀ ਕਰਨ ਹਿਤ ਅਰਦਾਸ ਕੀਤੀ ਜਾਂਦੀ ਹੈ।

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥[16]

4. ਕਿਸੇ ਵਸਤੂ ਦੀ ਪ੍ਰਾਪਤੀ ਹੋ ਜਾਣ ਤੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਅਰਦਾਸ ਕੀਤੀ ਜਾਂਦੀ ਹੈ।

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥[17]

5. ਅਰਦਾਸ ਦੁੱਖਾਂ ਦੀ ਨਵਿਰਤੀ ਅਤੇ ਭੁੱਲਾਂ ਬਖ਼ਸ਼ਾਉਣ ਦਾ ਕਾਰਜ ਕਰਦੀ ਹੈ।

ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ ਨਿਰਗੁਨ ਦਾਤਾਰੇ॥[18]
ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥[19]

6. ਅਰਦਾਸ ਮਨ ਵਿਚ ਉੱਦਮ ਅਤੇ ਦ੍ਰਿੜਤਾ ਪੈਦਾ ਕਰਦੀ ਹੈ।

7. ਸਰਬੱਤ ਦੇ ਭਲੇ ਹਿਤ ਅਰਦਾਸ ਕੀਤੀ ਜਾਂਦੀ ਹੈ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥[20]

ਅਰਦਾਸ ਕਰਨ ਨਾਲ ਕਿਹੜੀਆਂ ਪ੍ਰਾਪਤੀਆਂ ਸੰਭਵ ਮੰਨੀਆਂ ਜਾ ਸਕਦੀਆਂ ਹਨ ਉਨ੍ਹਾਂ ਦਾ ਸੰਖੇਪ ਵਰਨਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

1. ਮਨ ਇਕ ਅਕਾਲ ਪੁਰਖ ਵੱਲ ਮੁੜਦਾ ਹੈ ਅਤੇ ਉਸੇ ਪ੍ਰਤੀ ਦ੍ਰਿੜ ਵਿਸ਼ਵਾਸੀ ਰਹਿਣ ਦੀ ਲੋਚਾ ਰੱਖਦਾ ਹੈ। ਇਸ ਦੀ ਪ੍ਰਤੱਖ ਮਿਸਾਲ ਸਾਨੂੰ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚੋਂ ਵੇਖਣ ਨੂੰ ਮਿਲਦੀ ਹੈ ਜਿਨ੍ਹਾਂ ਨੇ ਸੁਲਹੀ ਖ਼ਾਨ ਦੁਆਰਾ ਗੁਰੂ ਘਰ ਤੇ ਹਮਲਾ ਕਰਨ ਸਮੇਂ ਕੇਵਲ ਅਕਾਲ ਪੁਰਖ ਵਿਚ ਵਿਸ਼ਵਾਸ ਪ੍ਰਗਟਾਉਂਦੇ ਹੋਏ ਕਿਹਾ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭੁ ਤੁਹੀ ਧਿਆਇਆ॥[21]

2. ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੋਵੇ ਤਾਂ ਅਰਦਾਸ ਕਿਸੇ ਪਾਸੇ ਵੀ ਮੂੰਹ ਕਰਕੇ ਕੀਤੀ ਜਾ ਸਕਦੀ ਹੈ। ਇਸ ਨਾਲ ਅਕਾਲ ਪੁਰਖ ਦੀ ਹੋਂਦ ਦੀ ਸਰਵ-ਵਿਆਪਕਤਾ ਦਾ ਅਹਿਸਾਸ ਹੁੰਦਾ ਹੈ:

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ।[22]

3. ਮਨ ਵਿਚ ਸਮਰਪਣ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਨਾਲ ਹਉਮੈ ਦੀ ਭਾਵਨਾ ਉਜਾਗਰ ਨਹੀਂ ਹੁੰਦੀ:

ਨਾਨਕੁ ਏਕ ਕਹੈ ਅਰਦਾਸਿ॥
ਜੀਉ ਪਿੰਡੁ ਸਭੁ ਤੇਰੈ ਪਾਸਿ।[23]

4. ਅਰਦਾਸ ਮਨੁੱਖ ਦੇ ਮਨ ਵਿਚੋਂ ਹਉਮੈ ਭਾਵ ਨੂੰ ਘਟਾ ਕੇ ਨਿਮਰਤਾ ਦੀ ਭਾਵਨਾ ਪੈਦਾ ਕਰਦੀ ਹੈ। ਨਿਮਰਤਾ ਦੀ ਭਾਵਨਾ ਪੈਦਾ ਹੋਣ ਨਾਲ ਮਨੁੱਖ ਨੂੰ ਉਸਦੇ ਔਗੁਣਾਂ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਸਦਗੁਣ ਗ੍ਰਹਿਣ ਕਰਨ ਲਈ ਸਦਗੁਣ ਭਰਪੂਰ ਪਰਮਾਤਮਾ ਅੱਗੇ ਝੁਕਦਾ ਹੈ।

5. ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ - ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥[24] ਅਰਦਾਸ ਪ੍ਰਵਾਨ ਹੋਣ ਤੇ ਮਨੁੱਖ ਪ੍ਰਭੂ-ਕਿਰਪਾ ਦਾ ਪਾਤਰ ਬਣਦਾ ਹੈ ਜਿਸ ਨਾਲ ਉਸਦੀਆਂ ਉਹ ਅੱਖਾਂ ਖੁੱਲ੍ਹਦੀਆਂ ਹਨ ਜਿਨ੍ਹਾਂ ਨਾਲ ਤਿੰਨਾਂ ਲੋਕਾਂ ਦਾ ਗਿਆਨ ਸੰਭਵ ਹੁੰਦਾ ਹੈ। ਅਰਦਾਸ ਦੁਆਰਾ ਪ੍ਰਾਪਤ ਹੋਏ ਗਿਆਨ 'ਤੇ ਟਿੱਪਣੀ ਕਰਦੇ ਹੋਏ ਪ੍ਰੋ. ਗੁਲਵੰਤ ਸਿੰਘ ਕਹਿੰਦੇ ਹਨ, "ਦੁਆ ਜਾਂ ਪ੍ਰਾਰਥਨਾ ਨਾਲ ਜੋ ਸੋਝੀ ਜਾਂ ਸੂਝ ਜਾਂ ਗਿਆਨ ਪ੍ਰਾਪਤ ਹੁੰਦਾ ਹੈ ਦਾਰਸ਼ਨਿਕ ਤਰਕ-ਵਿਤਰਕ ਦੀ ਸਹਾਇਤਾ ਨਾਲ ਉਸ ਦੀ ਸਾਰਥਕਤਾ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ।"[25]

ਜੋ ਅਰਦਾਸ ਅਜੋਕੇ ਸਮੇਂ ਵਿਚ ਪੜ੍ਹੀ ਜਾਂਦੀ ਹੈ ਉਸ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਤਾਰਵੀਂ ਸਦੀ ਵਿਚ ਹੋਇਆ। ਇਸ ਅਰਦਾਸ ਦਾ ਮੁਢਲਾ ਬੰਦ ਗੁਰੂ ਜੀ ਦੁਆਰਾ ਰਚਿਆ ਗਿਆ ਹੈ ਜੋ ਕਿ ਗੁਰੂ ਤੇਗ ਬਹਾਦਰ ਜੀ ਤੱਕ ਹੈ। ਅਰਦਾਸ ਵਿਚ ਲਗਾਤਾਰ ਵਾਧਾ ਹੁੰਦਾ ਗਿਆ ਅਤੇ ਇਸ ਵਿਚ ਭਾਰਤ-ਪਾਕ ਵੰਡ ਸਮੇਂ ਵਿਛੜੇ ਗੁਰਧਾਮਾਂ ਦਾ ਜ਼ਿਕਰ ਅਤੇ 1966 ਈਸਵੀ ਵਿਚ ਦਮਦਮਾ ਸਾਹਿਬ ਦੀ ਤਖ਼ਤ ਵਜੋਂ ਮਾਨਤਾ[26] ਇਹ ਸਿੱਧ ਕਰਦੀ ਹੈ ਕਿ ਅਰਦਾਸ ਦਾ ਇਹ ਰੂਪ ਵੀਹਵੀਂ ਸਦੀ ਵਿਚ ਸੰਪੂਰਨ ਹੋਇਆ ਹੈ। ਇਸ ਤੋਂ ਪਹਿਲਾਂ ਅਰਦਾਸ ਦਾ ਕਿਹੜਾ ਰੂਪ ਪ੍ਰਚਲਿਤ ਸੀ, ਪੱਕੇ ਤੌਰ ਤੇ ਕੁੱਝ ਨਹੀਂ ਕਿਹਾ ਜਾ ਸਕਦਾ।[27] ਅਰਦਾਸ ਦਾ ਜਿਹੜਾ ਰੂਪ ਵੀ ਪ੍ਰਚਲਿਤ ਸੀ ਉਸ ਦੇ ਆਧਾਰ ਤੇ ਹੀ ਅਰਦਾਸ ਦਾ ਅਜੋਕਾ ਰੂਪ ਤਿਆਰ ਕੀਤਾ ਗਿਆ ਹੈ ਜਿਸ ਵਿਚ ਸਤਾਰਵੀਂ ਤੋਂ ਵੀਹਵੀਂ ਸਦੀ ਤੱਕ ਚਾਰ ਸਦੀਆਂ ਦਾ ਇਤਿਹਾਸ ਆਪਣੇ ਅੰਦਰ ਸਮੋਈ ਬੈਠਾ ਹੈ। ਸਿੱਖ ਵੀ ਅਰਦਾਸ ਕਰਦੇ ਸਮੇਂ ਆਪਣੇ ਇਤਿਹਾਸ ਦੇ ਅਹਿਮ ਪੰਨਿਆਂ ਨੂੰ ਕੇਵਲ ਚਾਰ-ਪੰਜ ਮਿੰਟ ਵਿਚ ਦੁਹਰਾ ਲੈਂਦੇ ਹਨ। ਸਿੱਖ ਰਹਿਤ ਮਰਯਾਦਾ ਵਿਚ 'ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ' ਜ਼ਰੂਰੀ ਮੰਨੀ ਗਈ ਹੈ।[28] ਯੋਗ ਹੈ ਜੇਕਰ ਨਿਤਨੇਮ ਉਪਰੰਤ ਸੰਪੂਰਨ ਅਰਦਾਸ ਕੀਤੀ ਜਾਵੇ ਤਾਂ

ਜੋ ਅਰਦਾਸ ਦਾ ਅਭਿਆਸ ਨਿਰੰਤਰ ਜਾਰੀ ਰਹੇ ਅਤੇ ਕਿਸੇ ਮੌਕੇ ਸੰਗਤ ਵਿਚ ਅਰਦਾਸ ਕਰਨ ਦਾ ਮੌਕਾ ਮਿਲੇ ਤਾਂ ਕਿਸੇ ਤਰ੍ਹਾਂ ਦਾ ਝਾਕਾ ਨਾ ਰਹੇ। ਇਸ ਤੋਂ ਇਲਾਵਾ ਕਿਸੇ ਵੀ ਰਸਮ ਜਾਂ ਕਿਸੇ ਹੋਰ ਵਿਸ਼ੇਸ਼ ਮੌਕੇ ਤੇ ਸਮਾਗਮ ਦੀ ਸਮਾਪਤੀ ਸਮੇਂ ਅਰਦਾਸ ਕਰਨ ਦਾ ਆਦੇਸ਼ ਹੈ ਜਿਸ ਨਾਲ ਮਨੁੱਖ ਇਕ ਪਾਸੇ ਪਰਮਾਤਮਾ ਨਾਲ ਜੁੜਦਾ ਹੈ ਅਤੇ ਦੂਜੇ ਪਾਸੇ ਇਤਿਹਾਸ ਦੇ ਵਰਕੇ ਫੋਲ ਲੈਂਦਾ ਹੈ। ਅਰਦਾਸ ਵਿਚ ਆਇਆ ਇਤਿਹਾਸ ਅਤੇ ਅਧਿਆਤਮ ਸਿੱਖ ਨੂੰ ਜੀਵਨ ਵਿਚ ਉਤਸ਼ਾਹ-ਜਨਕ ਕਾਰਜ ਕਰਨ ਲਈ ਪ੍ਰੇਰਿਤ ਕਰਦਾ ਹੈ, ਔਖੇ ਤੋਂ ਔਖਾ ਕਾਰਜ ਨੇਪਰੇ ਚਾੜ੍ਹਨ ਪ੍ਰਤੀ ਦ੍ਰਿੜਤਾ ਪ੍ਰਦਾਨ ਕਰਦਾ ਹੈ।

ਅਰਦਾਸ ਦੇ ਆਰੰਭਕ ਪਦੇ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਵਰਨਨ ਕਰਦੇ ਹੋਏ ਆਖਰੀ ਪੰਕਤੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤਿ ਮੰਨਦੇ ਹੋਏ ਅਕਾਲ ਪੁਰਖ ਦਾ ਨਾਮ ਚਿਤਵਨ ਦਾ ਆਦੇਸ਼ ਕੀਤਾ ਗਿਆ ਹੈ। ਅਰਦਾਸ ਦੇ ਦੂਜੇ ਪਦੇ ਵਿਚ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ ਅਤੇ ਚਾਲੀ ਮੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਪਦੇ ਵਿਚ ਗੁਰੂ ਜੀ ਦੇ ਪਿਆਰਿਆਂ, ਸਾਹਿਬਜ਼ਾਦਿਆਂ ਅਤੇ ਸਿੱਖਾਂ ਦੀਆਂ ਜੁਝਾਰੂ ਬਿਰਤੀਆਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਜਬਰ ਅਤੇ ਜ਼ੁਲਮ ਖਿਲਾਫ ਛੇੜੀ ਜੰਗ ਨੂੰ ਜਿੱਤਣ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ ਪਰ ਸਮੇਂ ਦੀ ਹਕੂਮਤ ਦੀ ਈਨ ਨਹੀਂ ਮੰਨੀ।

ਇਸ ਤੋਂ ਅਗਲੇ ਪਦੇ ਵਿਚ ਗੁਰੂ ਸਾਹਿਬਾਨ ਦੇ ਸਿੱਖਾਂ ਤੇ ਪਏ ਪ੍ਰਭਾਵ ਦਾ ਵਰਨਨ ਕੀਤਾ ਗਿਆ ਹੈ। ਇਸ ਪਦੇ ਵਿਚ ਉਨ੍ਹਾਂ ਸਿੰਘਾਂ-ਸਿੰਘਣੀਆਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਗੁਰੂ ਜੀ ਦੁਆਰਾ ਦਰਸਾਏ ਮਾਰਗ ਤੇ ਚੱਲਦੇ ਹੋਏ ਅਨੇਕਾਂ ਤਸੀਹੇ ਝੱਲੇ, ਕੁਰਬਾਨੀਆਂ ਦਿੱਤੀਆਂ, ਪਰ ਗੁਰੂ ਸਾਹਿਬਾਨ ਦੁਆਰਾ ਦਰਸਾਏ ਮਾਰਗ ਤੋਂ ਪਿੱਛੇ ਨਹੀਂ ਹਟੇ। ਇਹ ਪਦਾ ਅਠਾਰਵੀਂ ਸਦੀ ਵਿਚ ਸਿੱਖਾਂ ਤੇ ਹੋਏ ਜ਼ੁਲਮਾਂ ਨੂੰ ਯਾਦ ਕਰਾਉਂਦਾ ਹੈ ਜਦੋਂ ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਅਤੇ ਉਹ ਘਰ-ਘਾਟ ਛੱਡ ਕੇ ਜੰਗਲਾਂ ਅਤੇ ਪਹਾੜਾਂ ਦੀਆਂ ਕੁੰਦਰਾਂ ਵਿਚ ਲੁਕਣ ਲਈ ਮਜਬੂਰ ਸਨ। ਇਸ ਘੋਰ ਸੰਕਟ ਦੇ ਸਮੇਂ ਕੇਵਲ ਗੁਰੂ ਦੀ ਸਿੱਖਿਆ ਅਤੇ ਪ੍ਰੇਰਣਾ ਹੀ ਸਿੱਖਾਂ ਦੇ ਸੰਘਰਸ਼ ਦੀ ਜਿੰਦ-ਜਾਨ ਸੀ। ਏਸੇ ਸਮੇਂ ਹੀ ਸਿੱਖਾਂ ਨੇ ਸਿੱਖੀ ਕੇਸਾਂ-ਸਵਾਸਾਂ ਸਮੇਤ ਨਿਭਾ ਕੇ 'ਕੇਸ ਗੁਰੂ ਦੀ ਮੋਹਰ' ਹੋਣ ਦਾ ਪ੍ਰਪੱਕ ਪ੍ਰਮਾਣ ਦਿੱਤਾ। ਇਹ ਪਦਾ ਸਿੱਖਾਂ ਦੀ ਗੁਰੂ ਪ੍ਰਤੀ ਦ੍ਰਿੜਤਾ ਅਤੇ ਨਿਸ਼ਠਾ ਦੀ ਯਾਦ ਦਿਵਾਉਂਦਾ ਹੈ।

ਪੰਜ ਪਿਆਰਿਆਂ ਤੋਂ ਲੈ ਕੇ ਪੰਜ ਤਖ਼ਤਾਂ ਦੀ ਅਰਦਾਸ ਚਾਰ ਸਦੀਆਂ ਦੇ ਇਤਿਹਾਸ ਦੀ ਯਾਦ ਦਿਵਾਉਂਦੀ ਹੈ ਜਿਸ ਵਿਚ ਸਿੱਖਾਂ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਤ ਗੁਰਧਾਮਾਂ ਦੀ ਦੇਖਭਾਲ ਦਾ ਕਾਰਜ ਆਰੰਭਿਆ। ਗੁਰਧਾਮ ਰੂਹ ਦੀ ਖ਼ੁਰਾਕ ਨੂੰ ਪੂਰਾ ਕਰਨ ਦਾ ਕਾਰਜ ਕਰਦੇ ਹਨ ਅਤੇ ਗੁਰਮਤਿ ਸਿਧਾਂਤਾਂ ਪ੍ਰਤੀ ਦ੍ਰਿੜਤਾ ਪੂਰਵਕ ਪਹਿਰਾ ਦੇਣ ਦਾ ਮਾਰਗ ਦਰਸਾਉਂਦੇ ਹਨ।

'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ' ਵਾਲਾ ਪਦਾ ਸਿੱਖਾਂ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰਦਾ ਹੈ। ਇਸ ਪਦੇ ਵਿਚ ਦੱਸਿਆ ਗਿਆ ਹੈ ਕਿ ਦੇਗ ਤੇਗ ਫ਼ਤਹ,

ਪੰਥ ਕੀ ਜੀਤ ਅਤੇ ਖ਼ਾਲਸੇ ਦੇ ਬੋਲਬਾਲੇ ਸੰਭਵ ਹਨ ਜੇਕਰ ਬਿਰਦ ਕੀ ਪੈਜ ਅਤੇ ਸ੍ਰੀ ਸਾਹਿਬ ਜੀ ਸਹਾਈ ਹੋਣ।

ਅਗਲਾ ਪਦਾ ਸਿੱਖਾਂ ਦੇ ਮਨ ਵਿਚ ਨਿਮਰਤਾ ਅਤੇ ਹਲੀਮੀ ਪੈਦਾ ਕਰਨ ਦਾ ਕਾਰਜ ਕਰਦਾ ਹੈ। ਇਸ ਵਿਚ ਅਕਾਲ ਪੁਰਖ ਨੂੰ ਸਰਬ-ਸਮਰੱਥ ਮੰਨਦੇ ਹੋਏ ਉਸ ਤੋਂ ਸਿੱਖੀ ਵਿਚ ਪ੍ਰਪੱਕ ਰਹਿਣ, ਕੇਸਾਂ ਪ੍ਰਤੀ ਦ੍ਰਿੜਤਾ ਪੈਦਾ ਕਰਨ ਅਤੇ ਉਸਦੇ ਨਾਮ ਸਿਮਰਨ ਵਿਚ ਲੀਨ ਰਹਿਣ ਦਾ ਦਾਨ ਮੰਗਿਆ ਗਿਆ ਹੈ। ਇਸ ਪਦੇ ਵਿਚ ਹੀ ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਵਰਨਨ ਕੀਤਾ ਮਿਲਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦੀ ਸ਼ਕਤੀ ਦਾ ਪ੍ਰੇਰਣਾ ਸਰੋਤ ਰਿਹਾ ਹੈ ਅਤੇ ਇਸ ਨੂੰ ਹਮਲਾਵਰਾਂ ਨੇ ਤਿੰਨ ਵਾਰ ਢਾਹ ਦਿੱਤਾ ਸੀ ਪਰ ਹਰ ਵਾਰ ਇਸ ਧਰਮ ਅਸਥਾਨ ਪ੍ਰਤੀ ਸਿੱਖਾਂ ਦੇ ਮਨ ਵਿਚ ਸਤਿਕਾਰ ਅਤੇ ਸ਼ਰਧਾ ਦੀ ਭਾਵਨਾ ਵਧਦੀ ਗਈ। ਇਸ ਧਰਮ ਅਸਥਾਨ ਦੀਆਂ ਇੱਟਾਂ ਵੀ ਸਿੱਖਾਂ ਨੂੰ ਜਾਨ ਤੋਂ ਵਧੇਰੇ ਪਿਆਰੀਆਂ ਹਨ ਕਿਉਂਕਿ ਇਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਅਤੇ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਸਥਾਨ ਤੇ ਇਸ਼ਨਾਨ ਕਰਨਾ ਸਿੱਖ ਆਪਣਾ ਵੱਡਭਾਗ ਸਮਝਦੇ ਹਨ ਅਤੇ ਅਠਾਰਵੀਂ ਸਦੀ ਵਿਚ ਇਸ ਤੇ ਮੁਗ਼ਲ ਹਾਕਮਾਂ ਦਾ ਕਬਜ਼ਾ ਹੋ ਜਾਣ ਤੇ ਵੀ ਸਿੱਖ ਗਾਹੇ-ਬਗਾਹੇ ਇੱਥੇ ਇਸ਼ਨਾਨ ਕਰਕੇ ਉਨ੍ਹਾਂ ਦੀ ਅਣਖ ਨੂੰ ਵੰਗਾਰ ਦਿੰਦੇ ਰਹੇ ਹਨ। ਇਸ ਸਥਾਨ ਤੇ ਇਸ਼ਨਾਨ ਕਰਕੇ ਸਿੱਖ ਦੁਸ਼ਮਨਾਂ ਵਿਰੁੱਧ ਸ਼ਕਤੀ ਅਤੇ ਸਵੈਮਾਨ ਦੀ ਭਾਵਨਾ ਵਿਕਸਿਤ ਕਰਦੇ ਰਹੇ ਹਨ। ਇਸ ਸਥਾਨ ਤੋਂ ਧਰਮ ਦੀ ਭਾਵਨਾ ਦਾ ਬੋਲਬਾਲਾ ਹੋਣ ਕਰਕੇ ਸਿੱਖ ਅਰਦਾਸ ਵਿਚ ਇਸ ਅਸਥਾਨ ਦੇ ਜੁਗੋ-ਜੁਗ ਅਟੱਲ ਹੋਣ ਦੀ ਭਾਵਨਾ ਰੱਖਦੇ ਹਨ।

'ਸਿੱਖਾਂ ਦਾ ਮਨ ਨੀਵਾਂ ਮਤ ਉਚੀ' ਦੀ ਬੇਨਤੀ ਕਰਦੇ ਹੋਏ ਅਰਦਾਸ ਵਿਚ ਉਨ੍ਹਾਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਮੰਗ ਕਰਦੇ ਹਨ ਜੋ ਕਿ ਭਾਰਤ-ਪਾਕ ਵੰਡ ਸਮੇਂ ਪਾਕਿਸਤਾਨ ਵਿਚ ਰਹਿ ਗਏ ਸਨ। ਉਧਰ ਰਹਿ ਗਏ ਗੁਰਧਾਮਾਂ ਵਿਚ ਸਿੱਖਾਂ ਦੇ ਇਤਿਹਾਸਕ ਸਥਾਨ ਹਨ ਜਿਨ੍ਹਾਂ ਵਿਚੋਂ ਸਭ ਤੋਂ ਪ੍ਰਮੁਖ ਨਨਕਾਣਾ ਸਾਹਿਬ ਹੈ ਜਿੱਥੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਇਸ ਧਰਮ ਅਸਥਾਨ ਨੂੰ ਸਿੱਖਾਂ ਨੇ ਅਨੇਕਾਂ ਸ਼ਹੀਦੀਆਂ ਦੇ ਕੇ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਇਆ ਸੀ। ਨਨਕਾਣਾ ਸਾਹਿਬ ਤੋਂ ਇਲਾਵਾ ਹੋਰ ਅਨੇਕਾਂ ਗੁਰਧਾਮ ਉਸ ਪਾਸੇ ਹਨ ਜਿਨ੍ਹਾਂ ਵਿਚ ਸਿੱਖ ਇਤਿਹਾਸ ਦੇ ਮਹੱਤਵਪੂਰਨ ਪਹਿਲੂ ਛੁਪੇ ਹੋਏ ਹਨ। ਇਸ ਤੋਂ ਇਲਾਵਾ ਇਹ ਗੁਰਧਾਮ ਸਿੱਖਾਂ ਦੀ ਸ਼ਰਧਾ ਭਾਵਨਾ ਦੇ ਪ੍ਰਤੀਕ ਹਨ।

ਅਰਦਾਸ ਦਾ ਅਗਲਾ ਪਦਾ ਅਕਾਲ ਪੁਰਖ ਨੂੰ ਸ੍ਰਿਸ਼ਟੀ ਵਿਚ ਸਰਵ-ਸ਼ਕਤੀਮਾਨ ਮੰਨ ਕੇ 'ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਉਟਿਆਂ ਦੀ ਓਟ' ਵਜੋਂ ਉਸ ਦੇ ਗੁਣਾਂ ਦਾ ਵਿਖਿਆਨ ਕੀਤਾ ਗਿਆ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਕਾਲ ਪੁਰਖ ਅੱਗੇ ਅਰਦਾਸ ਕਰਨ ਨਾਲ ਸਭ ਕਾਰਜ ਨਿਰਵਿਘਨ ਸੰਪੂਰਨ ਹੁੰਦੇ ਹਨ।[29] ਏਸੇ ਕਰਕੇ ਅਰਦਾਸ ਦੇ ਇਸ ਪਦੇ ਵਿਚ 'ਕੀਤੇ ਜਾਣ ਵਾਲਾ ਕਾਰਜ' ਦੱਸਦੇ ਹੋਏ ਪਰਮਾਤਮਾ ਅੱਗੇ ਅਰਦਾਸ ਕਰਨ ਦਾ ਵਿਧਾਨ ਪ੍ਰਚਲਿਤ ਹੈ। ਕਿਸੇ ਕਾਰਜ ਨੂੰ ਆਰੰਭ ਕਰਨ ਸਮੇਂ ਅਤੇ ਕਾਰਜ ਸੰਪੂਰਨ ਹੋਣ ਤੇ ਸ਼ੁਕਰਾਨੇ ਦੀ ਅਰਦਾਸ ਕਰਨ ਦਾ

ਰਿਵਾਜ ਸਿੱਖਾਂ ਵਿਚ ਆਮ ਵੇਖਿਆ ਜਾਂਦਾ ਹੈ। ਅਰਦਾਸ ਦੇ ਇਸ ਪੜਾਅ ਤੇ ਪਰਮਾਤਮਾ ਨੂੰ ਦਿਆਲੂ ਅਤੇ ਕ੍ਰਿਪਾਲੂ ਮੰਨਦੇ ਹੋਏ ਕਾਰਜ ਦੌਰਾਨ ਹੋਈਆਂ ਭੁੱਲਾਂ ਦੀ ਮਾਫੀ ਮੰਗਣ ਦੇ ਨਾਲ-ਨਾਲ ਉਨ੍ਹਾਂ ਦੇ ਪੁਨਰ-ਦੁਹਰਾਉ ਤੋਂ ਬਚਣ ਲਈ ਬਲ-ਬੁੱਧੀ ਪ੍ਰਦਾਨ ਕਰਨ ਦੀ ਜਾਚਨਾ ਕੀਤੀ ਜਾਂਦੀ ਹੈ।

ਅਰਦਾਸ ਦਾ ਆਖਰੀ ਪਦਾ ਉਨ੍ਹਾਂ ਸੱਜਣ-ਪੁਰਖਾਂ ਦੇ ਮਿਲਾਪ ਦੀ ਕਾਮਨਾ ਵਜੋਂ ਉਚਾਰਿਆ ਜਾਂਦਾ ਹੈ ਜਿਨ੍ਹਾਂ ਨਾਲ ਮਿਲਣ ਸਮੇਂ ਪਰਮਾਤਮਾ ਦਾ ਨਾਮ ਚੇਤੇ ਆਵੇ ਤਾਂ ਕਿ ਮਨ ਉਸ ਸ੍ਰੇਸ਼ਟ ਹਸਤੀ ਦੀ ਅਰਾਧਨਾ ਵਿਚ ਲੱਗਿਆ ਰਹੇ। ਇਸ ਦੇ ਨਾਲ ਹੀ ਚੜ੍ਹਦੀ ਕਲਾ ਵਿਚ ਰਹਿਣ ਅਤੇ ਸ੍ਰਿਸ਼ਟੀ ਦੇ ਸਮੂਹ ਜੀਵਾਂ ਦੇ ਭਲੇ ਦੀ ਕਾਮਨਾ ਵੀ ਕੀਤੀ ਜਾਂਦੀ ਹੈ। ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਕੇ ਕੜਾਹ ਪ੍ਰਸ਼ਾਦ ਵਰਤਾਉਣ ਦੀ ਪਰੰਪਰਾ ਹੈ ਪਰ ਕਈ ਥਾਂਈ "ਅਰਦਾਸ ਅਤੇ ਵਾਕ ਪਿੱਛੋਂ ਵਯਾਖਯਾਨ, ਚਰਚਾ ਅਥਵਾ ਹੋਰ ਕਾਰਜ ਆਰੰਭ ਕਰ ਦਿੰਦੇ ਹਨ, ਜੋ ਮਰਯਾਦਾ ਵਿਰੁੱਧ ਹੈ।"[30]

ਕਿਸੇ ਵੀ ਸ਼ੁਭ ਕਾਰਜ ਦੇ ਆਰੰਭ ਵਿਚ, ਕਿਸੇ ਵਿਸ਼ੇਸ਼ ਕਾਰਜ ਤੇ ਜਾਣ ਤੋਂ ਪਹਿਲਾਂ ਅਤੇ ਕਾਰਜ ਸੰਪੂਰਨ ਹੋ ਜਾਣ 'ਤੇ ਅਰਦਾਸ ਕੀਤੀ ਜਾਂਦੀ ਹੈ। ਭਾਈ ਸੰਤੋਖ ਸਿੰਘ ਜੀ ਨੇ 101 ਅਰਦਾਸਾਂ ਦਾ ਜ਼ਿਕਰ ਕੀਤਾ ਹੈ।[31] ਅਰਦਾਸ ਸਿੱਖ ਦੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਸਾਧਕ ਦੀਆਂ ਸ਼ੁਭ ਮਨੋ-ਕਾਮਨਾਵਾਂ ਸੰਪੂਰਨ ਕਰਦੀ ਹੈ, ਉਸਦੇ ਮਨ ਵਿਚ ਪ੍ਰਭੂ-ਪ੍ਰੀਤ ਉਜਾਗਰ ਕਰਦੀ ਹੈ, ਉਸ ਨੂੰ ਪਰਮਾਤਮਾ ਦੇ ਨੇੜੇ ਲੈ ਕੇ ਜਾਂਦੀ ਹੈ। ਅਰਦਾਸ ਕਰਨ ਨਾਲ ਧਰਮ ਦੇ ਉਨ੍ਹਾਂ ਨਿਯਮਾਂ ਤੇ ਚਲਣ ਦੀ ਦ੍ਰਿੜਤਾ ਪੈਦਾ ਹੁੰਦੀ ਹੈ ਜੋ ਕਿ ਸਿੱਖ ਨੂੰ ਅਧਿਆਤਮਿਕ ਤੌਰ ਤੇ ਉੱਚਾ ਚੁੱਕਣ ਅਤੇ ਸਮਾਜ ਵਿਚ ਉਸਨੂੰ ਸ੍ਰੇਸ਼ਟ ਬਣਾਉਣ ਦਾ ਕਾਰਜ ਕਰਦੇ ਹਨ।

ਹਵਾਲੇ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 81.
2. ਗੁਰੂ ਗ੍ਰੰਥ ਸਾਹਿਬ, ਪੰਨਾ 355.
3. ਉਹੀ, ਪੰਨਾ 268.
4. ਡਾ. ਹਰਚੰਦ ਸਿੰਘ ਬੇਦੀ, *ਡਾਕਟਰ ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 164.
5. ਗੁਰੂ ਗ੍ਰੰਥ ਸਾਹਿਬ, ਪੰਨਾ 703.
6. *ਦਸਮ ਗ੍ਰੰਥ*, ਚੌਪਈ ਸਾਹਿਬ, ਬੰਦ 1-2.
7. ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਪੰਨਾ 38.
8. ਗੁਰੂ ਗ੍ਰੰਥ ਸਾਹਿਬ, ਪੰਨਾ 25.
9. ਉਹੀ, ਪੰਨਾ 817.
10. ਉਹੀ, ਪੰਨਾ 1093.
11. ਉਹੀ, ਪੰਨਾ 737.
12. ਉਹੀ, ਪੰਨਾ 383.
13. ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। *ਜਾਪੁ ਸਾਹਿਬ*, ਬੰਦ 80.

14. ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। *ਤ੍ਵ ਪ੍ਰਸਾਦਿ ਸਵੱਯੇ*, ਬੰਦ 9.
15. ਗੁਰੂ ਗ੍ਰੰਥ ਸਾਹਿਬ, ਪੰਨਾ 1379.

    ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
    ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

16. ਗੁਰੂ ਗ੍ਰੰਥ ਸਾਹਿਬ, ਪੰਨਾ 1308.
17. ਉਹੀ, 474.
18. ਉਹੀ, ਪੰਨਾ 809.
19. ਉਹੀ, ਪੰਨਾ 714.
20. ਉਹੀ, ਪੰਨਾ 853.
21. ਉਹੀ, ਪੰਨਾ 371.
22. ਉਹੀ, ਪੰਨਾ 677.
23. ਉਹੀ, ਪੰਨਾ 25.
24. ਉਹੀ, ਪੰਨਾ 1100.
25. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਨਾ 26.
26. 18 ਨਵੰਬਰ 1966 ਈਸਵੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਜਨਰਲ ਸਮਾਗਮ ਵਿਚ ਮਤਾ ਨੰਬਰ 498 ਰਾਹੀਂ "ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਨੂੰ ਗੁਰੂ-ਖ਼ਾਲਸੇ ਦਾ ਪੰਜਵਾਂ ਤਖ਼ਤ ਕਰਾਰ ਦੇਣ ਬਾਰੇ ਮਤਾ ਪਾਸ ਕੀਤਾ ਗਿਆ।" ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 365.
27. ਰਣਧੀਰ ਸਿੰਘ ਨੇ '*ਪ੍ਰੇਮ ਸੁਮਾਰਗ ਗ੍ਰੰਥ*' ਦੀ ਸੰਪਾਦਨਾ ਸਮੇਂ ਭੂਮਿਕਾ ਵਿਚ ਅਰਦਾਸ ਦਾ ਇਕ ਪੁਰਾਤਨ ਨਮੂਨਾ ਦਿੱਤਾ ਹੈ , ਪਾਠਕਾਂ ਦੀ ਜਾਣਕਾਰੀ ਹਿਤ ਇਥੇ ਦਿੱਤਾ ਜਾ ਰਿਹਾ ਹੈ:

    ਵਾਹਗੁਰੂ ਜੀ ਕੀ ਫਤਿਹ!
    ਸ੍ਰੀ ਭਗਉਤੀ ਜੀ ਸਹਾਇ!!
    ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਿਸ਼ਾਹੀ ੧੦
    ਪ੍ਰਿਥਮੈ ਭਗਉਤੀ ਸਿਮਰਕੈ ਗੁਰ ਨਾਨਕ ਲਈ ਧਿਆਇ।
    ਫਿਰਿ ਅੰਗਦ ਗੁਰੁ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।
    ਅਰਜਨ ਹਰਿਗੋਬਿੰਦ ਨੂ ਸਿਮਰੋ ਸ੍ਰੀ ਹਰਿਰਾਇ।
    ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ।
    ਤੇਗ ਬਹਾਦੁਰ ਸਿਮਰੀਐ ਘਰਿ ਨਉਂ ਨਿਧਿ ਆਵੈ ਧਾਇ।
    ਸਭ ਥਾਈਂ ਹੋਇ ਸਹਾਇ॥

ਸਤਿ ਸ੍ਰੀ ਅਕਾਲ ਪੁਰਖੁ ਜੀ ਕਾ ਖਾਲਸਾ ਜੀ ਸਾਹਿਬ। ਬੋਲੋ ਜੀ ਵਾਹਿਗੁਰੂ!! ਖਾਲਸੇ ਜੀ ਕੋ ਨਾਮ-ਦਾਨ, ਸੀਲੁ ਦਾਨੁ, ਸੰਤੋਖ ਦਾਨੁ, ਬੁਧਿ-ਦਾਨੁ, ਬਿਬੇਕ-ਦਾਨੁ। ਕੇਸਾਂ ਸ੍ਵਾਸਾਂ ਕਾ ਸਹਾਈ ਵਾਹਗੁਰੂ!! ਖ਼ਾਲਸੇ ਜੀ ਕੀ ਦੇਗ਼-ਤੇਗ਼ ਫਤਿਹ! ਚਉਕੀਆਂ, ਬੁੰਗੇ ਜੁਗੋ ਜੁਗਿ ਅਟੱਲ! ਧਰਮ ਕਾ ਜੈਕਰੁ! ਜਹਾਂ ਜਹਾਂ ਖਾਲਸਾ ਜੀ ਸਾਹਿਬੁ, ਤਹਾਂ ਤਹਾਂ ਰੱਛਿਆ ਰਿਆਇਤ! ਪੰਥ ਕੀ ਜੀਤ! ਸ੍ਰੀ ਸਾਹਿਬ ਜੀ ਸਹਾਇ! ਖਾਲਸਾ ਜੀ ਕਾ ਬੋਲ ਬਾਲਾ!! ਪ੍ਰਿਥਮੈ ਸਮੂਹ ਖਾਲਸੇ ਜੀ ਕੀ ਅਰਦਾਸਿ:- ਸਮੂਹ ਖਾਲਸੇ ਜੀ ਕੋ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਇਸ਼ਨਾਨ, ਨਨਕਾਣੇ, ਡੇਹਰੇ ਸਾਹਿਬ ਜੀ ਕੇ ਦੀਦਾਰ! ਤਰਨਤਾਰਨ, ਖਡੂਰ ਸਾਹਿਬ,

ਬਾਵਲੀ ਜੀ ਕੇ ਇਸ਼ਨਾਨ, ਕੀਰਤਪੁਰ, ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਜੀ ਕੇ ਦੀਦਾਰ, ਪਟਣੇ, ਪਾਉਂਟੇ ਸਾਹਿਬ ਜੀ ਕੇ ਦੀਦਾਰ, ਮੁਕਤਸਰਿ, ਦਮਦਮੇ ਸਾਹਿਬ ਜੀ ਕੇ ਦੀਦਾਰ, ਇਸ਼ਨਾਨ, ਸਮੂਹ ਖਾਲਸੇ ਜੀ ਕੋ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆ ਸ੍ਰੀ ਅਬਚਲਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ! ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ, ਸੰਤਾਂ, ਭਗਤਾਂ, ਸਿਦਕਵਾਨਾਂ ਕੀ ਕਮਾਈ ਕਾ ਸਦਕਾ, ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਬੋਲੋ ਜੀ ਵਾਹਗੁਰੂ!!

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ, ਦੀਦਾਰ, ਸੰਬੂਹ ਸਾਧ ਸੰਗਤਿ ਜੀ ਕਾ ਸਦਕਾ! ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਗੁਰੂ!!

ਜੀ ਗੁਰੂ ਗਰੀਬ ਨਿਵਾਜ! ਸ਼ਬਦ ਚਉਕੀ, ਸੋ ਦਰੁ-ਰਹਰਾਸਿ ਜੀ ਕੀ ਅਰਦਾਸਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਚਰਨ ਕਵਲਾਂ ਪਾਸਿ, ਸਿੱਖ ਪੜ੍ਹਦੇ ਸੁਣਦੇ, ਸਮੂਹ ਕੇ ਕਾਰਜ ਰਾਸਿ!!

28. *ਸਿੱਖ ਰਹਿਤ ਮਰਯਾਦਾ*, ਪੰਨਾ 10.
29. ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
    ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥ *ਗੁਰੂ ਗ੍ਰੰਥ ਸਾਹਿਬ*, ਪੰਨਾ 91.
30. ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਪੰਨਾ 291.
31. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਿਤੁ 5, ਅੰਸੂ 14-15, ਪੰਨੇ 5481-5499.

ਪੁਸਤਕ ਸੂਚੀ

ਪ੍ਰਮੁਖ ਸਰੋਤ

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਸੈਂਚੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

ਪੰਜਾਬੀ ਗੌਣ ਸਰੋਤ

ੳਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਦਸ ਭਾਗ, ਰਾਜ ਪਬਲਿਸ਼ਰਜ਼, ਜਲੰਧਰ.

ਸਿੱਖ ਰਹਿਤ ਮਰਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.

ਸੰਤੋਖ ਸਿੰਘ (ਭਾਈ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਚੌਦਾਂ ਭਾਗ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

ਸ਼ੇਰ ਸਿੰਘ ਗਿਆਨੀ, *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, *1986*

ਹਰਚੰਦ ਸਿੰਘ ਬੇਦੀ (ਸੰਪਾ.), ਡਾਕਟਰ ਗੰਡਾ ਸਿੰਘ ਦੀ *ਸਿੱਖ ਇਤਿਹਾਸ* ਸਰੋਤ ਪੁਸਤਕ, ਖਾਲਸਾ ਕਾਲਜ, ਅੰਮ੍ਰਿਤਸਰ, 2000.

ਕਾਨ੍ਹ ਸਿੰਘ ਨਾਭਾ (ਭਾਈ), *ਗੁਰੁਸ਼ਬਦ ਰਤਨਾਕਰ ਮਹਾਨਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999.

———, *ਗੁਰੁਮਤ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਕੁਰਆਨ ਮਜੀਦ, ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 1998.

ਕੁਲਦੀਪ ਸਿੰਘ ਧੀਰ, *ਪੰਜਾਬ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਕੇਸਰ ਸਿੰਘ ਛਿੱਬਰ (ਭਾਈ), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਗੋਬਿੰਦ ਸਿੰਘ ਮਨਸੁਖਾਨੀ, *ਗੁਰਸਿੱਖੀ ਕੀ ਹੈ?*, ਸਿੰਘ ਬ੍ਰਦਰਜ਼, ਅੰਮ੍ਰਿਤਸਰ,1999.

ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਜਸਵੰਤ ਸਿੰਘ ਨੇਕੀ, *ਵਿਸ਼ਵ ਅਰਦਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਜੀ. ਐਸ. ਭਟਨਾਗਰ ਅਤੇ ਬਲਦੇਵ ਸਿੰਘ ਰਹਿਲ, *ਭਾਰਤੀ ਸਮਾਜ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਜੀਤ ਸਿੰਘ ਸੀਤਲ (ਸੰਪਾ.), *ਗੁਰਮਤ ਸਾਹਿਤ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

ਜੈ ਚੰਦਰ ਵਿਦਿਆਲੰਕਾਰ, *ਭਾਰਤੀ ਸਭਿਆਚਾਰ ਦੀ ਰੂਪ ਰੇਖਾ*, ਅਨੁਵਾਦ ਤ੍ਰਿਲੋਚਨ ਸਿੰਘ ਗਿੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978.

ਜੋਧ ਸਿੰਘ (ਭਾਈ), *ਗੁਰਮਤਿ ਨਿਰਣਯ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

ਤਰਲੋਚਨ ਸਿੰਘ ਬੇਦੀ (ਸੰਪਾ.), ਸਿੱਖਾਂ ਦੀ ਭਗਤਮਾਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਤੇਜਾ ਸਿੰਘ (ਪ੍ਰਿੰ.) ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ*, ਅਨੁਵਾਦ ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਗ੍ਰੰਥ ਵਿਚਾਰ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

———(ਸੰਪਾ.), *ਰਹਿਤਨਾਮੇ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.

ਪੀਤਾਂਬਰ ਦੱਤ ਬੜਥਵਾਲ, *ਗੋਰਖਬਾਣੀ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਬਲਵੰਤ ਸਿੰਘ ਕੋਠਾਗੁਰੂ (ਗਿਆਨੀ), *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ, ਕੋਠਾਗੁਰੂ, 2007.

ਬਾਈਬਲ (ਪੰਜਾਬੀ), ਬਾਈਬਲ ਸੋਸਾਇਟੀ ਆਫ਼ ਇੰਡੀਆ, ਬੰਗਲੌਰ, ਮਿਤੀ ਨਹੀਂ

ਭਗਤ ਸਿੰਘ, *ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਭਗਵੰਤ ਸਿੰਘ ਹਰੀ ਜੀ (ਸੰਪਾ.), *ਦਸਮ ਗ੍ਰੰਥ ਤੁਕ-ਤਤਕਰਾ*, ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ, ਚੰਡੀਗੜ੍ਹ, 1967.

ਮਨੂ ਸਿਮ੍ਰਿਤੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਲੋਕ ਰੂਪ*, ਐਮ. ਪੀ. ਪ੍ਰਕਾਸ਼ਨ, ਦਿੱਲੀ, 2002.

ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ ਗ੍ਰੰਥ*, ਨਿਊ ਬੁੱਕ ਕੰਪਨੀ, ਜਲੰਧਰ, 2000.

ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ*, ਦੋ ਭਾਗ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਰਤਨ ਸਿੰਘ ਭੰਗੂ (ਭਾਈ), *ਸ੍ਰੀ ਗੁਰ ਪੰਥ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,1994.

ਵੀਰ ਸਿੰਘ, ਭਾਈ, (ਸੰਪਾ.), *ਕਬਿੱਤ ਭਾਈ ਗੁਰਦਾਸ ਸਟੀਕ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2000.

———, (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2006.

ਅੰਗਰੇਜ਼ੀ

Harbans Singh (ed.), *The Encyclopaedia of Sikhism*, Punjabi University, Patiala, 2002.

John Dowson and H.M. Elliot (eds.), *The History of India as told by its own Historians*, Kitab Mahal Pvt. Ltd, Delhi, n.d.

Radhakrishnan, *The Hindu View of Life*, Harper Collins Publishers India Pvt Ltd, 1996.

S.C. Dube, *Indian Society*, National Book Trust, India, New Delhi, 1992.

V. K. Sinha (ed.), *Secularism in India*, Lalvani Publishing House, Delhi, 1968.

Webster's Encyclopaedic Unabridged Dictionary of the English Language, Portland House, New York, 1989.

ਹੋਰ ਪੁਸਤਕਾਂ

Bhikkhu J. Kashyap, *The Cullavagga*, in Pali with introduction in English, Pali Publication Board, Bihar Government, 1956.

Muni Punyavajaya, Pt. Dalsukh Malvania, Pt. Amritlal Mohanlal Bhojak (eds.), *Pannavanasuttam*, in Prakrit, Shri Mahavira Jaina Vidyalaya, Bombay, 1969.

Sripad Damodar Satvalekar, (Pt.), *Mahabharat*, edited with Hindi Commentry, Svadhyay Mandal, Gujarat, 1979.

ਪੱਤ੍ਰਿਕਾਵਾਂ ਤੇ ਅਖ਼ਬਾਰ

ਖੋਜ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985, ਸਤੰਬਰ 2003

ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1980

ਰੋਜ਼ਾਨਾ ਅਜੀਤ, ਜਲੰਧਰ, 30.8.2001.

ਦ ਟ੍ਰਿਬਿਊਨ, ਚੰਡੀਗੜ੍ਹ, 22.11.2004.